*Published in Punjabi & English*
**Distributed in Toronto, Calgary, Vancouver, Winnipeg and Edmonton and Online Worldwide.**

Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-12, ਦਸੰਬਰ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਜੇ ਗਲੋਬਲ ਵਾਰਮਿੰਗ ਤੇ ਕਲਾਈਮੇਟ ਚੇਂਜ਼ ਨੂੰ ਨਾ ਰੋਕਿਆ ਗਿਆ ਤਾਂ ਧਰਤੀ ਦੀ ਤਬਾਹੀ ਨੂੰ ਰੋਕਣਾ ਅਸੰਭਵ ?





ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਪਿਛਲੇ ਦਿਨੀਂ 'ਯੂਨਾਈਟਡ ਨੇਸ਼ਨ' ਦੀ ਗਲੋਬਲ ਵਾਰਮਿੰਗ ਨਾਲ ਸਾਡੀ ਧਰਤੀ ਤੇ ਮਨੁੱਖੀ ਜਨ-ਜੀਵਨ ਅਤੇ ਵਾਤਾਵਰਣ ਤੇ ਪੈ ਰਹੇ ਪ੍ਰਭਾਵਾਂ ਤੇ ਕੰਮ ਕਰ ਰਹੀ ਅੰਤਰਰਾਸ਼ਟਰੀ ਸੰਸਥਾ 'IPCC' (Intergovernmental Panel on Climate Change) ਵਲੋਂ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਰਿਪੋਰਟ ਜਾਰੀ ਕੀਤੀ ਹੈ। ਅੰਤਰਰਾਸ਼ਟਰੀ ਪੱਧਰ ਦੀ ਵਾਤਵਰਣ ਸਬੰਧੀ ਕੰਮ ਕਰਨ ਵਾਲੀ ਇਸ ਵੱਕਾਰੀ ਸੰਸਥਾ ਵਿੱਚ 120 ਤੋਂ ਵੱਧ ਦੇਸ਼ਾਂ ਦੇ ਸਰਕਾਰੀ ਨੁਮਾਇੰਦਿਆਂ ਤੋਂ ਇਲਾਵਾ ਦੁਨੀਆਂ ਭਰ ਦੇ ਹਜ਼ਾਰਾਂ ਸਾਇੰਸਦਾਨ ਕੰਮ ਕਰਦੇ ਹਨ। ਇਹ ਸੰਸਥਾ 1988 ਵਿੱਚ ਗਲੋਬਲ ਵਾਰਮਿੰਗ ਨਾਲ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ World Meteorological Organization (WMO) and United Nations Environment Programme (UNEP) ਵਲੋਂ ਹੋਂਦ ਵਿੱਚ ਲਿਆਂਦੀ ਗਈ ਸੀ। ਯਾਦ ਰਹੇ ਯੂਨਾਈਟਡ ਨੇਸ਼ਨ ਦੀਆਂ ਇਨ੍ਹਾਂ ਦੋਨਾਂ ਸੰਸਥਾਵਾਂ ਦੇ 191 ਦੇਸ਼ ਮੈਂਬਰ ਹਨ। IPCC ਸਮੇਤ ਇਹ ਸਾਰੀਆਂ ਸੰਸਥਾਵਾਂ ਪਿਛਲ਼ੇ 50 ਸਾਲ ਤੋਂ ਯੁਨਾਈਟਡ ਨੇਸ਼ਨ ਦੀ ਅਗਵਾਈ ਵਿੱਚ ਗਲੋਬਲ ਵਾਰਮਿੰਗ ਦੇ ਖਤਰਿਆਂ ਤੋਂ ਮਨੁੱਖਤਾ ਦੀ ਹੋ ਰਹੀ ਜਾਂ ਹੋਣ ਜਾ ਰਹੀ ਤਬਾਹੀ ਸਬੰਧੀ ਰਿਸਰਚ ਵਰਕ ਅਤੇ ਸੁਝਾਵਾਂ ਤੇ ਕੰਮ ਕਰ ਰਹੀਆਂ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਜੇ ਗਲੋਬਲ ਵਾਰਮਿੰਗ ਨੂੰ ਹੁਣ ਗੰਭੀਰਤਾ ਨਾਲ ਨਾ ਰੋਕਿਆ ਗਿਆ ਤਾਂ ਅਗਲੇ ਕੁਝ ਦਹਾਕਿਆਂ ਵਿੱਚ ਹੋਣ ਵਾਲੀ ਤਬਾਹੀ ਤੋਂ ਸਾਨੂੰ ਕੋਈ ਬਚਾ ਨਹੀਂ ਸਕੇਗਾ। ਵਾਤਾਵਰਣ ਸਾਇੰਸਦਾਨਾਂ ਅਨੁਸਾਰ ਗਲੋਬਲ ਵਾਰਮਿੰਗ ਸਿਰਫ ਥੋੜਾ ਜਿਹਾ ਹੀ ਖਤਰਾ ਨਹੀਂ ਹੈ, ਇਹ ਮਨੁੱਖੀ ਹੋਂਦ ਦਾ ਸਵਾਲ ਹੈ। ਇਸ ਰਿਪੋਰਟ ਵਿੱਚ ਬੜੇ ਚੌਂਕਾ ਦੇਣ ਵਾਲੇ ਤੱਥ ਸਾਹਮਣੇ ਆਏ ਹਨ ਤੇ ਯੂਨਾਈਟਡ ਨੇਸ਼ਨ ਦੇ ਸੈਕਟਰੀ ਜਨਰਲ ਐਨਟੋਨੀਉ ਗੁਟਰੇਸ ਵਲੋਂ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਇਹ ਰਿਪੋਰਟ ਚੀਕ ਚੀਕ ਕੇ ਕਹਿ ਰਹੀ ਹੈ ਕਿ ਜੇ ਅਸੀਂ ਅਜੇ ਵੀ ਨਾ ਜਾਗੇ ਤਾਂ ਮਨੁੱਖਤਾ ਦੀ ਤਬਾਹੀ ਨੂੰ ਰੋਕਿਆ ਨਹੀਂ ਜਾ ਸਕੇਗਾ। ਇਥੇ ਇਹ ਵੀ ਵਰਨਣਯੋਗ ਹੈ ਕਿ ਦਸੰਬਰ 2015 ਵਿੱਚ ਫਰਾਂਸ ਵਿੱਚ ਪੈਰਿਸ ਦੇ ਕੋਲ ਲੇ ਬੌਰਗਿਟ ਟਾਊਨ ਵਿੱਚ 195 ਦੇਸ਼ਾਂ ਦੇ ਨੁਮਾਇੰਦਿਆਂ ਨੇ ਯੁਨਾਈਟਡ ਨੇਸ਼ਨ ਦੀ ਗਲੋਬਲ ਵਾਰਮਿੰਗ ਸਬੰਧੀ 21ਵੀਂ ਕਾਨਫਰੰਸ ਵਿੱਚ ਵਾਤਾਵਰਣ ਤੇ ਗਲੋਬਲ ਵਾਰਮਿੰਗ ਦੇ ਮੁੱਦੇ ਤੇ ਰਲ਼ ਕੇ ਕੰਮ ਕਰਨ ਦਾ ਅਹਿਦ ਲਿਆ ਸੀ। ਜਿਸਦੇ ਨਤੀਜੇ ਵਜੋਂ ਅਪਰੈਲ 2016 ਵਿੱਚ ਹੋਏ ਸਮਝੌਤੇ ਤੇ 195 ਦੇਸ਼ਾਂ ਨੇ ਸਾਈਨ ਕੀਤੇ ਸਨ। ਬਾਅਦ ਵਿੱਚ ਜੂਨ 2017 ਵਿੱਚ ਅਮਰੀਕਨ ਰਾਸ਼ਟਰਪਤੀ ਡੌਨਲਡ ਟਰੰਪ ਨੇ ਸਮਝੌਤੇ ਵਿਚੋਂ ਬਾਹਰ ਨਿਕਲਣ ਦੀ ਧਮਕੀ ਦਿੱਤੀ ਸੀ। ਇਸ ਸਮਝੌਤੇ ਤਹਿਤ ਸਾਈਨ ਕਰਨ ਵਾਲੇ ਦੇਸ਼ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ 2020 ਤੋਂ ਰਲ਼ ਕੇ ਧਰਤੀ ਦਾ ਤਾਪਮਾਨ 2 ਡਿਗਰੀ ਤੱਕ ਘਟਾਉਣ ਲਈ ਯਤਨ

(ਬਾਕੀ ਸਫ਼ਾ 4 'ਤੇ)

CONGRATULATIONS
TEAM OVER 425 REALTORS
HomeLife Silvercity Realty Inc. Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

Call for your home BUYING & SELLING needs
BALJINDER SANGHA B.Com
Real Estate Associate
403-680-3212
baljindersangha@urban-realty.ca
REALTOR MLS urban Real Estate Services Ltd.

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096


ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans
SAVE UPTO 35%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਐਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010


SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate
needs in Alberta, Motels/Hotels, Gas Station,
Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.liangcommercial.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਜੇ ਗਲੋਬਲ ਵਾਰਮਿੰਗ ਤੇ ਕਲਾਈਮੇਟ ਚੇਂਜ਼ ਨੂੰ ਨਾ ਰੋਕਿਆ ਗਿਆ ਤਾਂ ਧਰਤੀ ਦੀ ਤਬਾਹੀ ਨੂੰ ਰੋਕਣਾ ਅਸੰਭਵ ?

ਕਰਨਗੇ। ਯਾਦ ਰਹੇ ਯੂਰਪ ਦੀ ਉਦਯੋਗਿਕ ਕ੍ਰਾਂਤੀ (Revolution) ਤੋਂ ਪਹਿਲਾਂ ਧਰਤੀ ਦਾ ਜੋ ਤਾਪਮਾਨ ਸੀ, ਪਹਿਲਾਂ ਮੁੜ ਉਥੇ ਲਿਜਾਣ ਲਈ ਹਰ ਸੰਭਵ ਯਤਨ ਹੋਣਗੇ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਫੈਕਟਰੀਆਂ ਤੇ ਹੋਰ ਜਨ-ਜੀਵਨ ਦੇ ਵੱਖ-ਵੱਖ ਸਾਧਨਾਂ ਲਈ ਕੋਲਾ, ਤੇਲ (ਪੈਟਰੋਲ, ਡੀਜ਼ਲ, ਨੈਚਰਲ ਗੈਸਾਂ ਆਦਿ), ਗਰੀਨ ਗੈਸਾਂ ਤੇ ਜੰਗਲਾਂ ਦੀ ਕਟਾਈ ਆਦਿ ਨਾਲ ਹੁਣ ਤੱਕ 1 ਡਿਗਰੀ ਤਾਪਮਨ ਵਧ ਚੁੱਕਾ ਹੈ। ਸਾਇੰਸਦਾਨਾਂ ਦਾ ਫਿਕਰ ਹੈ ਕਿ ਜੇ ਇਸੇ ਸਪੀਡ ਨਾਲ ਤਾਪਮਾਨ ਵਧਦਾ ਰਿਹਾ ਤਾਂ ਆਉਣ ਵਾਲੇ ਕੁਝ ਦਹਾਕਿਆਂ ਵਿੱਚ ਸਿਰਫ ਅੱਧਾ ਡਿਗਰੀ ਤਾਪਮਾਨ ਹੋਰ ਵਧਣ ਨਾਲ ਧਰਤੀ ਤੇ ਰਹਿਣਾ ਮੁਸ਼ਕਿਲ ਹੋ ਜਾਵੇਗਾ, ਕਿਤੇ ਹੜ੍ਹ, ਸੁਨਾਮੀਆਂ, ਵੱਧ ਬਰਫ ਹੋਵੇਗੀ ਅਤੇ ਕਿਤੇ ਅੱਤ ਦੀ ਗਰਮੀ ਤੇ ਸੋਕੇ ਪੈਣੇ ਸ਼ੁਰੂ ਹੋ ਜਾਣਗੇ। ਧਰਤੀ ਹੇਠਲਾ ਤੇ ਦਰਿਆਵਾਂ ਦਾ ਬਰਫ ਜਾਂ ਮੀਂਹ ਨਾਲ ਬਣਿਆ, ਪੀਣ ਯੋਗ ਪਾਣੀ ਪਹਿਲਾਂ ਹੀ ਘਟਦਾ ਜਾ ਰਿਹਾ ਹੈ। ਪੰਜਾਬ ਸਮੇਤ ਇੰਡੀਆ ਕਈ ਹੋਰ ਸੂਬੇ ਤੇ ਅਫਰੀਕਨ ਦੇਸ਼ ਇਸਦੀ ਪ੍ਰਤੱਖ ਉਦਾਹਰਣ ਹਨ। ਬੇਸ਼ੱਕ ਪਿਛਲੀਆਂ ਸਦੀਆਂ ਵਿੱਚ ਹੋਈ ਉਦਯੋਗਿਕ, ਖੇਤੀ ਤੇ ਇਲੈਕਟਰੌਨਿਕ ਕ੍ਰਾਂਤੀ ਨੇ ਮਨੁੱਖੀ ਜੀਵਨ ਨੂੰ ਸੌਖਾ ਕੀਤਾ ਹੈ ਅਤੇ ਵੱਡੇ ਪੱਧਰ 'ਤੇ ਮਨੁੱਖ ਨੇ ਤਰੱਕੀ ਕੀਤੀ ਹੈ। ਪਰ ਵੱਡੀ ਸਰਮਾਏਦਾਰੀ ਵਲੋਂ ਮੁਨਾਫੇ ਦੀ ਹਵਸ ਤਹਿਤ ਵੱਡੀ ਪੱਧਰ ਤੇ ਕੋਲਾ ਤੇ ਪੈਟਰੋਲ ਆਦਿ ਦੀ ਵਰਤੋਂ ਅਤੇ ਲੋੜ ਤੋਂ ਵੱਧ ਪ੍ਰੋਡੱਕਸ਼ਨ ਆਦਿ ਨੇ ਧਰਤੀ ਦੇ ਕੁਦਰਤੀ ਤਾਪਮਾਨ ਦਾ ਤਵਾਜਨ ਵਿਗਾੜ ਦਿੱਤਾ ਹੈ। ਇਸੇ ਚਿੰਤਾ ਤਹਿਤ ਪੈਰਿਸ ਐਗਰੀਮੈਂਟ ਤਹਿਤ ਧਰਤੀ ਦਾ ਤਾਪਮਾਨ 2 ਡਿਗਰੀ ਤੱਕ ਘਟਾਉਣ ਲਈ ਪੂਰੀ ਇਮਾਨਦਾਰੀ ਤੇ ਸਖਤੀ ਨਾਲ ਕੰਮ ਕਰਨ ਦੀ ਵਚਨਬੱਧਤਾ ਦੁਹਰਾਈ ਗਈ ਹੈ। ਪਹਿਲਾਂ ਬਹੁਤ ਸਾਰੇ ਦੇਸ਼ ਜਾਂ ਸਾਇੰਸਦਾਨ ਗਲੋਬਲ ਵਾਰਮਿੰਗ ਨੂੰ ਕੁਦਰਤੀ ਵਰਤਾਰਾ ਕਹਿ ਕੇ ਨਕਾਰਦੇ ਸਨ, ਪਰ ਲੰਬੇ ਸਮੇਂ ਤੋਂ ਚੱਲਦੀਆਂ ਰਹੀਆਂ ਖੋਜਾਂ ਤੋਂ ਬਾਅਦ IPCC ਦੀ 2013 ਦੀ ਰਿਪੋਰਟ ਨੇ ਇਹ ਸਪੱਸ਼ਟ ਕਰ ਦਿਤਾ ਸੀ ਕਿ ਇਹ ਕੁਦਰਤੀ ਨਹੀਂ ਸਗੋਂ ਸਾਡੇ ਵਲੋਂ ਫੌਸਿਲ ਫਿਊਲ (ਧਰਤੀ ਵਿਚੋਂ ਕੱਢਿਆ ਜਾਂਦਾ ਤੇਲ, ਪੈਟਰੌਲ, ਡੀਜਲ, ਕੋਲਾ, ਗੈਸਾਂ ਆਦਿ) ਤੇ ਹੋਰ ਵਰਤੇ ਜਾ ਰਹੀ ਮਸ਼ੀਨਰੀ, ਗੱਡੀਆਂ, ਲੜਾਈਆਂ ਦੇ ਹਥਿਆਰ (ਮਿਜਾਈਲਾਂ, ਬੰਬ ਆਦਿ), ਜੰਗਲਾਂ ਦੀ ਕਟਾਈ ਆਦਿ ਹੀ ਗਲੋਬਲ ਵਾਰਮਿੰਗ ਦੇ ਕਾਰਨ ਹਨ। ਜਿਸ ਤੋਂ ਬਾਅਦ ਹੀ ਹੁਣ ਯੁਨਾਈਟਡ ਨੇਸ਼ਨ ਸਮੇਤ ਵੱਖ-ਵੱਖ ਦੇਸ਼ਾਂ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ। ਹੁਣ ਜਿਥੇ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਗਰੀਨ ਗੈਸਾਂ ਨੂੰ ਪੈਦਾ ਕਰਨ ਵਾਲੇ ਸਭ ਤੋਂ ਵੱਡੇ ਦੋ ਦੇਸ਼ ਚੀਨ ਤੇ ਅਮਰੀਕਾ ਇਸ ਖਤਰੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ, ਉਥੇ ਫਰਾਂਸ ਨੇ ਪੈਰਿਸ ਸਮਝੌਤੇ ਤੋਂ ਬਾਅਦ ਐਲਾਨ ਕੀਤਾ ਸੀ ਕਿ 2040 ਤੱਕ ਉਹ ਫਰਾਂਸ ਵਿੱਚ ਡੀਜ਼ਲ ਤੇ ਪੈਟਰੋਲ ਤੇ ਚੱਲਣ ਵਾਲੀਆਂ ਗੱਡੀਆਂ ਅਤੇ ਕੋਲੇ ਦੇ ਪਲਾਂਟ ਆਦਿ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਨਾਰਵੇ ਨੇ ਤਾਂ ਪੈਟਰੋਲ, ਡੀਜ਼ਲ ਤੇ ਕੋਲੇ ਨਾਲ ਸਬੰਧਤ ਸਭ ਕੁਝ 2025 ਤੱਕ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸੇ ਤਰ੍ਹਾਂ ਨੀਦਰਲੈਂਡ ਨੇ 2030 ਤੱਕ ਅਜਿਹਾ ਕਰਨ ਦਾ ਟੀਚਾ ਰੱਖਿਆ ਹੈ। ਹੋਰ ਵੀ ਬਹੁਤ ਸਾਰੇ ਦੇਸ਼ ਇਸ ਖਤਰੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਆਪਣੇ ਤੌਰ ਤੇ ਯਤਨਸ਼ੀਲ ਹਨ।ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ 200 ਦੇ ਕਰੀਬ ਦੇਸ਼ਾਂ ਵਿੱਚ ਵੰਡੀ ਹੋਈ ਸਾਡੀ ਧਰਤੀ ਤੇ 5 ਦੇਸ਼ (ਚੀਨ, ਅਮਰੀਕਾ, ਇੰਡੀਆ, ਰਸ਼ੀਆ ਤੇ ਜਪਾਨ) ਹਨ, ਜੋ 60% ਤੋਂ ਵੱਧ ਗਰੀਨ ਗੈਸਾਂ ਪੈਦਾ ਕਰਕੇ ਗਲੋਬਲ ਵਾਰਮਿੰਗ ਵਧਾ ਰਹੇ ਹਨ। ਜਦੋਂ ਤੱਕ ਇਹ ਪੰਜ ਦੇਸ਼ ਇਸ ਖਤਰੇ ਦੀ ਗੰਭੀਰਤਾ ਨੂੰ ਨਹੀਂ ਸਮਝਦੇ ਜਾਂ ਗਰੀਨ ਗੈਸਾਂ ਘਟਾਉਣ ਲਈ ਸੁਹਿਰਦ ਨਹੀਂ ਹੁੰਦੇ, ਬਾਕੀ ਦੇਸ਼ਾਂ ਦੇ ਯਤਨ ਸਾਰਥਿਕ ਨਹੀਂ ਹੋ ਸਕਦੇ।

ਪਾਠਕਾਂ ਦੀ ਜਾਣਕਾਰੀ ਲਈ ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਅਸਲ ਵਿੱਚ ਗਲੋਬਲ ਵਾਰਮਿੰਗ ਜਾਂ ਕਲਾਈਮੇਟ ਚੇਂਜ਼ ਕੀ ਹੈ? ਇੰਡੋ ਕਨੇਡੀਅਨ ਭਾਈਚਾਰੇ ਤੇ ਖਾਸਕਰ ਪੰਜਾਬੀ ਕਮਿਉਨਿਟੀ ਵਿੱਚ ਇਸ ਸਬੰਧੀ ਨਾ ਮਾਤਰ ਹੀ ਜਾਣਕਾਰੀ ਹੈ।ਸਾਡੇ ਕੋਲ ਬਹੁਤ ਘੱਟ ਅਜਿਹੇ ਲੇਖਕ ਜਾਂ ਵਿਦਵਾਨ ਹਨ, ਜੋ ਅਜਿਹੇ ਅੰਤਰ ਰਾਸ਼ਟਰੀ ਮੁੱਦਿਆਂ ਤੇ ਲਿਖ ਸਕਣ ਜਾਂ ਗੱਲ ਕਰ ਸਕਣ।ਇਸ ਲਈ ਸਾਨੂੰ ਅਜਿਹੇ ਮਸਲੇ, ਜਿਸ ਨਾਲ ਇਸ ਵੇਲੇ ਮਨੁੱਖ ਦੀ ਹੀ ਨਹੀਂ, ਇਸ ਧਰਤੀ ਦੀ ਹੋਂਦ ਵੀ ਖਤਰੇ ਵਿੱਚ ਹੈ, ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਆਪਣੇ ਤੌਰ 'ਤੇ ਜਾਂ ਕਮਿਉਨਿਟੀ ਦੇ ਤੌਰ ਤੇ ਇਸ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। 17-18 ਵੀਂ ਸਦੀ ਵਿੱਚ ਹੋਈਆਂ ਸਾਇੰਸ ਦੀਆਂ ਖੋਜਾਂ ਨਾਲ 18ਵੀਂ ਸਦੀ ਦੇ ਅਖੀਰ ਵਿੱਚ ਉਦਯੋਗਿਕ ਕ੍ਰਾਂਤੀ ਦਾ ਦੌਰ ਸ਼ੁਰੂ ਹੋਇਆ, ਜਦੋਂ ਮਨੁੱਖ ਨੇ ਆਪਣਾ ਜੀਵਨ ਸੌਖਾ ਕਰਨ ਲਈ ਜੀਵਨ ਦੇ ਹਰ ਖੇਤਰ ਵਿੱਚ ਮਸ਼ੀਨਰੀ ਨੂੰ ਵਰਤਣਾ ਸ਼ੁਰੂ ਕੀਤਾ।ਸ਼ੁਰੂ ਵਿੱਚ ਤਾਂ ਇਹ ਮਸ਼ੀਨਰੀ ਮਨੁੱਖ ਵਲੋਂ ਹੀ ਚਲਾਈ ਜਾਂਦੀ ਸੀ, ਪਰ ਹੌਲੀ ਹੌਲੀ ਕੋਲੇ ਤੋਂ ਪੈਦਾ ਕੀਤੀ ਊਰਜਾ ਨਾਲ ਮਸ਼ੀਨਰੀ ਚੱਲਣੀ ਸ਼ੁਰੂ ਹੋਈ, ਫਿਰ 19ਵੀਂ ਸਦੀ ਵਿੱਚ ਤੇਲ (ਡੀਜ਼ਲ, ਪੈਟਰੌਲ ਜਾਂ ਗੈਸਾਂ ਆਦਿ) ਨਾਲ ਚੱਲਣ ਵਾਲੀ ਮਸ਼ੀਨਰੀ ਪੈਦਾ ਹੋਈ।ਹੌਲੀ ਹੌਲੀ ਇਸਦੀ ਖਪਤ ਬਹੁਤ ਵਧੀ ਤੇ ਇਸਦੇ ਨਾਲ ਹੀ ਪਿਛਲੀਆਂ ਦੋ ਸਦੀਆਂ ਵਿੱਚ ਦੁਨੀਆਂ ਵਿੱਚ ਆਬਾਦੀ ਵੀ ਵੱਡੇ ਪੱਧਰ ਤੇ ਵਧੀ, ਜਿਸ ਨਾਲ ਮਨੁੱਖ ਨੇ ਜੰਗਲ ਕੱਟ ਕੇ ਖੇਤੀ ਸ਼ੁਰੂ ਕੀਤੀ, ਉਥੇ ਘਰ ਬਣਨੇ ਸ਼ੁਰੂ ਹੋਏ ਤੇ ਲਕੜੀ ਦੀ ਵੱਡੀ ਪੱਧਰ ਤੇ ਵਰਤੋਂ ਸ਼ੁਰੂ ਹੋਈ।ਜਿਸਦੇ ਨਤੀਜੇ ਵਾਤਾਵਰਣ ਵਿੱਚ ਤਬਦੀਲੀ ਦਾ ਦੌਰ ਸ਼ੁਰੂ ਹੋ ਗਿਆ।ਜਿਥੇ ਇੱਕ ਪਾਸੇ ਅਸੀਂ ਉਹ ਮਸ਼ੀਨਰੀ ਜਾਂ ਚੀਜਾਂ ਵਰਤਣ ਲੱਗੇ, ਜੋ ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਵੱਧ ਛੱਡਦੀਆਂ ਹਨ, ਜਿਸ ਨਾਲ ਵਾਤਾਵਰਣ ਗੰਦਾ ਹੁੰਦਾ ਹੈ, ਜੋ ਬਾਅਦ ਵਿੱਚ ਧਰਤੀ ਤੇ ਤਾਪਮਾਨ ਵਧਾਉਣ ਦਾ ਕਾਰਨ ਬਣਦਾ ਹੈ, ਉਥੇ ਦੂਜੇ ਪਾਸੇ ਦਰਖਤ ਜੋ ਕਾਰਬਨ ਡਾਇਆਕਸਾਈਡ ਲੈ ਕੇ ਵਾਤਾਵਰਣ ਨੂੰ ਸਾਫ ਕਰਦੇ ਹਨ, ਉਨ੍ਹਾਂ ਨੂੰ ਵੱਡੇ ਪੱਧਰ ਤੇ ਕੱਟਣਾ ਸ਼ੁਰੂ ਕਰ ਦਿੱਤਾ।ਜਿਸ ਨਾਲ ਹੁਣ ਤੱਕ ਧਰਤੀ ਦਾ ਕੁਦਰਤੀ ਤਾਪਮਾਨ 1 ਡਿਗਰੀ ਤੱਕ ਵਧ ਚੁੱਕਾ ਹੈ, ਸਾਇੰਸਦਾਨਾਂ ਅਨੁਸਾਰ ਅਗਰ ਧਰਤੀ ਤੇ 1 ਡਿਗਰੀ ਹੋਰ ਤਾਪਮਾਨ ਵਧ ਗਿਆ, ਤਾਂ ਇਥੇ ਜੀਵਨ ਸੁਰੱਖਿਅਤ ਨਹੀਂ ਹੈ। ਬੇਸ਼ਕ ਆਮ ਵਿਅਕਤੀ ਨੂੰ ਲਗਦਾ ਹੈ ਕਿ 1 ਡਿਗਰੀ ਜਾਂ 2 ਡਿਗਰੀ ਤਾਪਮਾਨ ਵਧਣ ਨਾਲ ਫਰਕ ਪੈਂਦਾ, ਸ਼ਾਇਦ ਸਾਇੰਸਦਾਨਾਂ ਜਾਂ ਵਾਤਾਵਰਣ ਪ੍ਰੇਮੀਆਂ ਨੇ ਐਵੇਂ ਹੀ ਰੌਲ਼ਾ ਪਾਇਆ ਹੋਇਆ ਹੈ, ਪਰ ਅਜਿਹਾ ਨਹੀਂ ਹੈ, ਸਿਰਫ ਇਤਨਾ ਸਮਝਣਾ ਹੀ ਕਾਫੀ ਹੈ ਕਿ ਪਾਣੀ ਨੂੰ ਭਾਫ ਬਣਨ ਜਾਂ ਬਰਫ ਬਣਨ ਲਈ ਇੱਕ ਡਿਗਰੀ ਦਾ ਹੀ ਫਰਕ ਹੁੰਦਾ ਹੈ।ਪਾਣੀ ਦਾ ਪਾਣੀ ਬਣੇ ਰਹਿਣ ਤੋਂ ਬਰਫ ਬਣਨ ਜਾਂ ਭਾਫ ਬਣਨ ਵਿੱਚ ਸਿਰਫ ਇੱਕ ਡਿਗਰੀ ਦਾ ਹੀ ਫਰਕ ਹੁੰਦਾ ਹੈ।ਇਸ ਲਈ ਧਰਤੀ ਦਾ ਤਾਪਮਾਨ ਕੁਦਰਤ ਵਲੋਂ ਨਿਰਧਾਰਤ ਤਾਪਮਾਨ ਤੇ ਰਹਿਣਾ ਹੀ ਮਨੁੱਖਤਾ ਦੇ ਭਲੇ ਵਿੱਚ ਹੈ, ਜਿਸਦੇ ਤਵਾਜਨ ਨੂੰ ਅਸੀਂ ਆਪਣੀਆਂ ਗਲਤੀਆਂ ਨਾਲ ਵਿਗਾੜ ਦਿੱਤਾ ਹੈ। ਇਸ ਵਧਦੇ ਤਾਪਮਾਨ ਨਾਲ ਕੁਦਰਤ ਵਲੋਂ ਪਾਣੀ ਦੀ ਲੋੜ ਲਈ ਰਿਜ਼ਰਵ ਬਣੇ ਹੋਏ ਗਲੇਸ਼ੀਅਰ ਮੈਲਟ ਹੋਣੇ ਸ਼ੁਰੂ ਹੋ ਜਾਣਗੇ, ਜਿਸ ਨਾਲ ਜਿਥੇ ਇੱਕ ਪਾਸੇ ਹੜ੍ਹ, ਤੂਫਾਨ, ਸੁਨਾਮੀਆਂ ਆਉਣਗੀਆਂ, ਉਥੇ ਦੂਜੇ ਪਾਸੇ ਵੱਧ ਤਾਪਮਾਨ ਨਾਲ ਸੋਕੇ, ਅੱਗਾਂ, ਪਾਣੀ ਦੀ ਥੋੜ, ਖੇਤੀਬਾੜੀ ਆਦਿ ਤਬਾਹ ਹੋ ਜਾਵੇਗੀ। ਹੁਣ ਹੀ ਧਰਤੀ ਦੀ ਤਹਿ ਤੇ 1 ਡਿਗਰੀ ਤਾਮਪਾਨ ਵਧਣ ਨਾਲ ਗਲੇਸ਼ੀਅਰ ਪਿੱਘਲਣ ਨਾਲ ਸਮੁੰਦਰ ਦੇ ਪਾਣੀ ਦਾ ਪੱਧਰ ਉਚਾ ਹੋ ਰਿਹਾ ਹੈ। ਜਿਸ ਤਰ੍ਹਾਂ ਸਾਨੂੰ ਪਤਾ ਹੀ ਹੈ ਕਿ ਧਰਤੀ ਦਾ ਹਿੱਸਾ ਪਾਣੀ ਜਾਂ ਗਲੇਸ਼ੀਅਰਾਂ ਹੇਠ ਹੈ, ਅਗਰ ਸਮੁੰਦਰ ਪਾਣੀ ਸਾਂਭਣ ਦੇ ਸਮਰੱਥ ਨਹੀਂ ਰਹਿੰਦੇ ਤਾਂ ਧਰਤੀ ਦਾ ਵੱਡਾ ਹਿੱਸਾ ਪਾਣੀ ਦੀ ਮਾਰ ਹੇਠ ਆ ਜਾਵੇਗਾ। ਜਿਸ ਨਾਲ ਸਮੁੰਦਰਾਂ ਦੇ ਨਾਲ ਲਗਦੇ ਦੇਸ਼ ਤੇ ਟਾਪੂ ਪੂਰੀ ਤਰ੍ਹਾਂ ਤਬਾਹ ਹੋ

ਸਫ਼ਾ 1 ਦੀ ਬਾਕੀ

ਜਾਣਗੇ ਅਤੇ ਬਹੁਤ ਦੇਸ਼ ਤਾਪਮਾਨ ਵਧਣ ਨਾਲ ਸੋਕੇ ਤੇ ਪਾਣੀ ਦੀ ਥੁੜ ਦੀ ਲਪੇਟ ਵਿੱਚ ਆ ਜਾਣਗੇ। ਲੇਖਕ ਹਰਲਡ ਵੈਲਜ਼ੇਰ ਦੀ ਕਿਤਾਬ 'ਕਲਾਈਮੇਟ ਵਾਰਜ਼' ਅਨੁਸਾਰ ਜਿਸ ਤਰ੍ਹਾਂ ਪਿਛਲੀ ਸਦੀ ਦੀਆਂ ਲੜਾਈਆਂ ਤੇਲ ਤੇ ਕਬਜ਼ੇ ਦੀਆਂ ਸਨ, 21ਵੀਂ ਸਦੀ ਦੀਆਂ ਲੜਾਈਆਂ ਪਾਣੀ ਦੇ ਭੰਡਾਰਾਂ ਤੇ ਕਬਜ਼ੇ ਦੀਆਂ ਹੋਣਗੀਆਂ। ਇਸੇ ਲਈ ਵੱਡੇ ਸਰਮਾਏਦਾਰ ਦੇਸ਼ਾਂ ਵਲੋਂ ਅੰਡਰ ਡਿਵੈਲਪ ਜਾਂ ਡਿਵੈਲਪਿੰਗ ਦੇਸ਼ਾਂ ਦੀਆਂ ਕੁਰਪਟ ਜਾਂ ਲੋਕ ਵਿਰੋਧੀ ਸਰਕਾਰਾਂ ਨਾਲ ਰਲ਼ ਕੇ ਗਲੋਬਲਾਈਜ਼ੇਸ਼ਨ ਦੇ ਨਾਮ ਹੇਠ ਕੁਦਰਤੀ ਸਾਧਨਾਂ ਤੇ ਕਬਜ਼ੇ ਕਰਨੇ ਸ਼ੁਰੂ ਕੀਤੇ ਹੋਏ ਹਨ।ਇਸੇ ਤਰ੍ਹਾਂ ਪੱਤਰਕਾਰ ਸਟੀਵਨ ਸੋਲੋਮੋਨ ਦੀ ਕਿਤਾਬ Water: The Epic S truggle for Wealth, Power and Civilization ਅਨੁਸਾਰ 21ਵੀਂ ਸਦੀ ਦੀਆਂ ਜੰਗਾਂ ਪਾਣੀਆਂ ਦੇ ਕਬਜ਼ੇ ਲਈ ਹੋਣਗੀਆਂ। ਪੰਜਾਬੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਭਾਰਤ ਦੇ ਹਾਕਮ ਪੰਜਾਬ ਦਾ ਪਾਣੀ ਆਪਣੇ ਕਬਜੇ ਹੇਠ ਕਿਉਂ ਕਰਨਾ ਚਾਹੁੰਦੇ ਹਨ?

ਇਸ ਧਰਤੀ ਤੇ ਤਿੰਨ ਤਰ੍ਹਾਂ ਦਾ ਜੀਵਨ ਹੈ, ਬਨਸਪਤੀ (Vegetation), ਜੀਵ-ਜੰਤੂ ਤੇ ਮਨੁੱਖ। ਇਹ ਜੀਵਨ ਧਰਤੀ ਅਤੇ ਪਾਣੀ ਵਿੱਚ ਵੀ ਹੈ। ਸਾਇੰਸਦਾਨਾਂ ਅਨੁਸਾਰ ਗਲੋਬਲ ਵਾਰਮਿੰਗ ਤੇ ਵਾਤਾਵਰਣ ਬਦਲਣ ਨਾਲ ਸਿਰਫ ਮਨੁੱਖ ਹੀ ਨਹੀਂ ਜੰਗਲ (ਬਨਸਪਤੀ), ਪਸ਼ੂ-ਪੰਛੀ ਤੇ ਪਾਣੀ ਦੇ ਜੀਵ ਵੀ ਪ੍ਰਭਾਵਤ ਹੋਣਗੇ ਕਿਉਂਕਿ ਇਥੇ ਕੁਝ ਵੀ ਇੱਕ ਦੂਜੇ ਤੋਂ ਵੱਖ ਨਹੀਂ ਹੈ, ਸਭ ਕੁਝ ਇੱਕ ਦੂਜੇ ਨਾਲ ਜੁੜਿਆ ਹੋਇਆ ਹੈ। ਸਾਡਾ ਜੀਵਨ ਦਰਖਤਾਂ ਨਾਲ ਤੇ ਦਰਖਤਾਂ ਦਾ ਸਾਡੇ ਨਾਲ ਜੁੜਿਆ ਹੋਇਆ ਹੈ, ਇਸੇ ਤਰ੍ਹਾਂ ਸਾਡਾ ਸਭ ਦਾ ਜੀਵਨ ਪਾਣੀ ਨਾਲ ਜੁੜਿਆ ਹੋਇਆ ਹੈ। ਜਿਸ ਤਰ੍ਹਾਂ ਸ਼ੇਅਰ ਹੈ: ਡੂਬੇਂਗੇ ਹਮ ਤੋ ਡੂਬੇਂਗੇ ਸਾਰੇ, ਨਾ ਹਮ ਹੀ ਬਚੇਂਗੇ, ਨਾ ਸਾਥੀ ਹਮਾਰੇ। ਇਸ ਲਈ ਇਹ ਮਸਲਾ ਕਿਸੇ ਇੱਕ ਦੇਸ਼ ਜਾਂ ਕੌਮ ਦਾ ਨਹੀਂ ਹੈ, ਇਹ ਸਾਡੇ ਪਲੈਨਿਟ (ਧਰਤੀ) ਦੀ ਹੋਂਦ ਦਾ ਮਸਲਾ ਹੈ? ਜੇ ਅਸੀਂ ਇਹ ਮਸਲਾ ਪੈਦਾ ਕੀਤਾ ਹੈ ਤਾਂ ਇਸਨੂੰ ਠੀਕ ਵੀ ਸਾਨੂੰ ਆਪ ਹੀ ਕਰਨਾ ਪੈਣਾ ਹੈ। ਬੇਸ਼ਕ ਸਾਇੰਸਦਾਨ ਪਿਛਲੇ 50 ਸਾਲ ਤੋਂ ਇਹ ਰੌਲ਼ਾ ਪਾ ਰਹੇ ਸਨ ਕਿ ਸਾਨੂੰ ਵਾਤਾਵਰਣ ਵਿੱਚ ਜਾ ਰਹੀਆਂ ਗਰੀਨ ਗੈਸਾਂ ਨੂੰ ਘਟਾਉਣ ਲਈ ਧਰਤੀ ਹੇਠੋਂ ਤੇਲ ਤੇ ਕੋਲੇ ਦੇ ਅਧਾਰ ਤੇ ਚੱਲ ਰਹੀ ਇੰਡਸਟਰੀ ਤੋਂ ਨਿਰਭਰਤਾ ਘਟਾ ਕੇ ਬਦਲਵੇਂ ਊਰਜਾ ਦੇ ਸਾਧਨ (Alternate Energy Sources) ਖੋਜਣੇ ਪੈਣਗੇ। ਪਰ ਵੱਡੇ ਸਰਮਾਏਦਾਰ, ਜੋ ਸਰਕਾਰਾਂ ਨਾਲ ਰਲ਼ ਕੇ ਧਰਤੀ ਹੇਠਲੇ ਕੁਦਰਤੀ ਸਾਧਨਾਂ ਦੀ ਲੁੱਟ ਵਿੱਚ ਕਿਸੇ ਤਰ੍ਹਾਂ ਦੀ ਦਖਲ ਅੰਦਾਜੀ ਬਰਦਾਸ਼ਤ ਨਹੀਂ ਕਰਦੇ ਉਨ੍ਹਾਂ ਨੇ ਪੈਸੇ ਦੇ ਜ਼ੋਰ ਨਾਲ ਲੰਬਾ ਸਮਾਂ ਦੁਨੀਆਂ ਨੂੰ ਗੁੰਮਰਾਹ ਕਰੀ ਰੱਖਿਆ ਕਿ ਕੋਈ ਗਲੋਬਲ ਵਾਰਮਿੰਗ ਨਹੀਂ ਹੋ ਰਹੀ, ਇਹ ਸਭ ਕੁਦਰਤੀ ਵਰਤਾਰਾ ਹੈ, ਪਰ ਹੁਣ ਸਭ ਖੋਜਾਂ ਤੇ ਰਿਪੋਰਟਾਂ ਚੀਕ ਚੀਕ ਕੇ ਕਹਿ ਰਹੀਆਂ ਹਨ ਕਿ ਇਹ ਕੁਦਰਤੀ ਨਹੀਂ, ਗੈਰ ਕੁਦਰਤੀ ਵਰਤਾਰਾ ਸੀ, ਜਿਸਨੂੰ ਲੰਬਾ ਸਮਾਂ ਮੁਨਾਫੇ ਦੀ ਹਵਸ ਲਈ ਜਾਰੀ ਰੱਖਿਆ ਗਿਆ ਤੇ ਰੱਖਿਆ ਜਾ ਰਿਹਾ ਹੈ। ਇਸਦੀ ਪ੍ਰੱਤਖ ਉਦਾਹਰਣ ਸਾਡਾ ਅਲਬਰਟਾ ਸੂਬਾ ਹੈ, ਜਿਥੇ ਤੇਲ ਦੇ ਵੱਡੇ ਭੰਡਾਰ ਹਨ, ਅਲਬਰਟਾ ਸਰਕਾਰ ਪਿਛਲੇ 50 ਸਾਲ ਤੋਂ ਤੇਲ ਤੋਂ ਮਣਾਂ ਮੂੰਹੀ ਦੌਲਤ ਕਮਾ ਰਹੀ ਹੈ, ਪਰ ਕਦੇ ਵੀ ਅਲਟਰਨੇਟ ਅਨਰਜੀ ਲਈ ਕੋਈ ਯਤਨ ਨਹੀਂ ਕੀਤਾ ਗਿਆ।ਅਜੇ ਵੀ ਅਲਬਰਟਾ ਦੀ ਆਪੋਜ਼ੀਸ਼ਨ ਪਾਰਟੀ ਦਾ ਲੀਡਰ ਜੇਸਨ ਕੈਨੀ ਗਲੋਬਲ ਵਾਰਮਿੰਗ ਨੂੰ ਮੁੱਦਾ ਨਹੀਂ ਮੰਨ ਰਿਹਾ ਤੇ ਮੌਜੂਦਾ ਐਨ ਡੀ ਪੀ ਸਰਕਾਰ ਵਲੋਂ ਗਰੀਨ ਗੈਸਾਂ ਘਟਾਉਣ ਦੇ ਪ੍ਰੋਗਰਾਮ ਤਹਿਤ ਕਾਰਬਨ ਟੈਕਸ ਲਗਾਇਆ ਗਿਆ, ਜਿਸਨੂੰ ਜੇਸਨ ਕੈਨੀ ਵਲੋਂ ਆਪਣੀ ਸਰਕਾਰ ਆਉਣ ਤੇ ਬੰਦ ਕਰਨ ਦਾ ਐਲਾਨ ਕੀਤਾ ਜਾ ਰਿਹਾ ਹੈ।ਜਿਸ ਤੋਂ ਪਤਾ ਲਗਦਾ ਹੈ ਕਿ ਸਰਮਾਏਦਾਰਾਂ ਦੀਆਂ ਪਿਛਲੱਗ ਪਾਰਟੀਆਂ, ਅਜੇ ਵੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀਆਂ।ਇਸੇ ਤਰ੍ਹਾਂ ਅਨੇਕਾਂ ਨਿਰਪੱਖ ਰਿਪੋਰਟਾਂ ਸਾਬਿਤ ਕਰ ਰਹੀਆਂ ਹਨ ਕਿ ਚੀਨ ਤੇ ਅਮਰੀਕਾ ਸਭ ਤੋਂ ਵੱਧ ਗਰੀਨ ਗੈਸਾਂ ਰਾਹੀਂ ਗਲੋਬਲ ਵਾਰਮਿੰਗ ਵਿੱਚ ਯੋਗਦਾਨ ਪਾ ਰਹੇ ਹਨ, ਪਰ ਇਸਦੇ ਬਾਵਜੂਦ ਵੀ ਟਰੰਪ ਵਲੋਂ ਪੈਰਿਸ ਸਮਝੌਤੇ ਤੋਂ ਬਾਹਰ ਨਿਕਲਣ ਦੀ ਧਮਕੀ ਦੱਸਦੀ ਹੈ ਕਿ ਉਨ੍ਹਾਂ ਨੂੰ ਅਮਰੀਕਨਾਂ ਜਾਂ ਮਨੁੱਖਤਾ ਨਾਲ ਕੋਈ ਸਰੋਕਾਰ ਨਹੀਂ ਹੈ। ਅਸੀਂ ਪਿਛਲੇ ਮਹੀਨਿਆਂ ਵਿੱਚ ਦੇਖਿਆ ਹੈ ਕਿ ਕਿਵੇਂ ਇੱਕ ਪਾਸੇ ਮਨੁੱਖਤਾ ਗਲੋਬਲ ਵਾਰਮਿੰਗ ਨਾਲ ਹੋ ਰਹੀ ਤੇ ਹੋਣ ਜਾ ਰਹੀ ਤਬਾਹੀ ਲਈ ਫਿਕਰਮੰਦ ਹੈ ਤੇ ਦੂਜੇ ਪਾਸੇ ਸਾਡੀਆਂ ਵੱਖ-ਵੱਖ ਰੰਗਾਂ ਦੀਆਂ ਸਰਮਾਏਦਾਰ ਪਾਰਟੀਆਂ ਹੋਰ ਤੇਲ ਕੱਢਣ ਲਈ ਵੱਡੀਆਂ ਪਾਈਪਲਾਈਨਾਂ ਵਿਛਾਉਣ ਲਈ ਇੱਕ ਦੂਜੇ ਤੋਂ ਮੂਹਰੇ ਹੋ ਕੇ ਕੁਝ ਸੈਂਕੜੇ ਜੌਬਾਂ ਕਰੀਏਟ ਕਰਨ ਦੇ ਨਾਮ ਤੇ ਲੋਕ ਪੱਖੀ ਹੋਣ ਦੇ ਖੇਖਣ ਕਰ ਰਹੀਆਂ ਹਨ। ਇਸ ਸਾਰੇ ਵਰਤਾਰੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਵੇਂ ਲੋਕਤੰਤਰੀ ਸਰਕਾਰਾਂ ਹੋਣ ਜਾਂ ਕਿਸੇ ਹੋਰ ਤੰਤਰ ਵਾਲੀਆਂ ਤੇ ਉਨ੍ਹਾਂ ਦੇ ਰੰਗ ਵੀ ਭਾਵੇਂ ਨੀਲੇ (ਕੰਜਰਵੇਟਿਵ), ਲਾਲ (ਲਿਬਰਲ) ਜਾਂ ਸੰਤਰੀ (ਐਨ ਡੀ ਪੀ) ਹੋਣ, ਸਭ ਸਰਮਾਏਦਾਰੀ ਦੇ ਪੱਖ ਤੇ ਲੋਕ ਹਿੱਤਾਂ ਦੇ ਵਿਰੋਧ ਵਿੱਚ ਹੀ ਭੁਗਤ ਰਹੀਆਂ ਹਨ। ਚਾਹੀਦਾ ਤਾਂ ਇਹ ਹੈ ਕਿ ਫੌਸਿਲ ਫਿਊਲ ਤੇ ਕੋਲੇ ਤੋਂ ਨਿਰਭਰਤਾ ਘਟਾਈ ਜਾਵੇ ਅਤੇ ਹੋਰ ਅਲਟਰਨੇਟ ਅਨਰਜੀ ਦੀ ਇੰਡਸਟਰੀ ਵਿੱਚ ਪੈਸਾ ਲਾਇਆ ਜਾਵੇ।ਇਸਦੇ ਨਾਲ ਲੋਕਾਂ ਨੂੰ ਵੀ ਗਲੋਬਲ ਵਾਰਮਿੰਗ ਲਈ ਐਜੂਕੇਟ ਕੀਤਾ ਜਾਵੇ ਤਾਂ ਕਿ ਉਹ ਵੀ ਆਪਣਾ ਯੋਗਦਾਨ ਪਾ ਸਕਣ। ਜਿਥੇ ਸਰਕਾਰਾਂ ਨੂੰ ਗਲੋਬਲ ਵਾਰਮਿੰਗ ਨੂੰ ਘੱਟ ਕਰਨ ਲਈ ਆਪਣੇ ਤੌਰ ਤੇ ਜਾਂ ਯੂ ਐਨ ਦੇ ਪੈਰਿਸ ਸਮਝੌਤੇ ਤਹਿਤ ਗੰਭੀਰਤਾ ਨਾਲ ਯਤਨ ਕਰਨ ਦੀ ਲੋੜ ਹੈ, ਉਥੇ ਇਸ ਧਰਤੀ ਦੇ ਬਸ਼ਿੰਦੇ ਹੋਣ ਦੇ ਨਾਤੇ ਸਾਨੂੰ ਵੀ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ, ਅਸੀਂ ਆਉਣ ਵਾਲੀਆਂ ਨਸਲਾਂ ਲਈ ਇਹ ਧਰਤੀ ਹੋਰ ਵਧੀਆ ਰਹਿਣ ਯੋਗ ਬਣਾਉਣ ਲਈ ਕੁਝ ਕਰਕੇ ਜਾਈਏ ਨਾ ਕਿ ਉਨ੍ਹਾਂ ਲਈ ਹੜ੍ਹ, ਤੂਫਾਨ, ਸੁਨਾਮੀਆਂ, ਸੋਕੇ, ਭੁੱਖਮਰੀ, ਅੱਗਾਂ ਆਦਿ ਛੱਡ ਕੇ ਜਾਈਏ। ਇਸ ਲਈ ਅਸੀਂ ਕਾਰਾਂ (ਡੀਜ਼ਲ, ਪੈਟਰੋਲ ਆਦਿ) ਨੂੰ ਘੱਟ-ਘੱਟ ਵਰਤਣ ਦੀ ਕੋਸ਼ਿਸ਼ ਕਰੀਏ, ਜਿਤਨਾ ਹੋ ਸਕੇ ਪਬਲਿਕ ਟਰਾਂਸਪੋਰਟੇਸ਼ਨ ਵਰਤੀਏ, ਸਰਮਾਏਦਾਰੀ ਵਲੋਂ ਆਪਣੇ ਮੁਨਾਫਿਆਂ ਲਈ ਖਪਤਕਾਰੀ (Consumerism) ਕਲਚਰ ਨੂੰ ਬੜੀ ਪਲਾਨਿੰਗ ਨਾਲ ਪ੍ਰਮੋਟ ਕੀਤਾ ਗਿਆ ਤਾਂ ਕਿ ਲੋਕ ਵੱਧ ਤੋਂ ਵੱਧ ਬੇਲੋੜੀਆਂ ਵਸਤਾਂ ਖਰੀਦ ਸਕਣ, ਪਰ ਅਸੀਂ ਇਸ ਟਰੈਪ ਵਿੱਚ ਆ ਕੇ ਅਜਿਹੀਆਂ ਵਸਤਾਂ ਨਾ ਖਰੀਦੀਏ, ਜੋ ਗਲੋਬਲ ਵਾਰਮਿੰਗ ਵਿੱਚ ਯੋਗਦਾਨ ਪਾ ਰਹੀਆਂ ਹਨ, ਫੂਡ ਦੀ ਵੇਸਟਜ਼ ਨੂੰ ਘਟਾਈਏ, ਘਰਾਂ ਵਿੱਚ ਘੱਟ ਤੋਂ ਘੱਟ ਬਿਜਲੀ ਤੇ ਗੈਸ ਆਦਿ ਵਰਤੀਏ, ਹੀਟ ਦੀ ਵਰਤੋਂ ਘਟਾਉਣ ਦੀ ਕੋਸ਼ਿਸ਼ ਕਰੀਏ, ਆਉਣ ਵਾਲੇ ਸਮੇਂ ਵਿੱਚ ਬਿਜਲੀ ਵਾਲੀਆਂ ਕਾਰਾਂ ਆ ਰਹੀਆਂ ਹਨ, ਇਸਨੂੰ ਵਰਤਣ ਬਾਰੇ ਪਲੈਨ ਕਰੀਏ, ਮੀਟ ਇੰਡਸਟਰੀ ਵੀ ਗਲੋਬਲ ਵਾਰਮਿੰਗ ਵਿੱਚ ਵੱਡਾ ਰੋਲ ਅਦਾ ਕਰ ਰਹੀ ਹੈ, ਇਸ ਲਈ ਮੀਟ ਦੀ ਥਾਂ ਵੈਜੀਟੇਸ਼ਨ ਵੱਲ ਨੂੰ ਆਈਏ, ਆਪਣੇ ਲੋਕਲ ਤੋਂ ਲੈ ਕੈ ਫੈਡਰਲ ਤੱਕ ਦੇ ਰਾਜਨੀਤਕ ਨੁਮਇੰਦਿਆਂ ਤੇ ਜ਼ੋਰ ਪਾਈਏ ਕਿ ਉਹ ਗਲੋਬਲ ਵਾਰਮਿੰਗ ਘਟਾਉਣ ਲਈ ਪਾਲਸੀਆਂ ਬਣਾਉਣ ਤੇ ਡੀਜ਼ਲ, ਪੈਟਰੋਲ, ਕੋਲੇ ਦੀ ਥਾਂ ਹੋਰ ਅਨਰਜ਼ੀ ਨੂੰ ਪ੍ਰਮੋਟ ਕਰਨ ਲਈ ਇਨਵੈਸਟ ਕਰਨ, ਲੋਕਾਂ ਨੂੰ ਐਜੂਕੇਟ ਕਰਨ ਲਈ ਬਜਟ ਰੱਖਣ, ਆਪਣੇ ਘਰਾਂ ਵਿੱਚ ਵੱਧ ਤੋਂ ਵੱਧ ਦਰੱਖਤ ਲਗਾਈਏ, ਜੇ ਨੇੜੇ ਜਾਣਾ ਹੋਵੇ ਤਾਂ ਕਾਰ ਦੀ ਥਾਂ ਤੁਰ ਕੇ ਜਾਂ ਸਾਈਕਲ ਆਦਿ ਤੇ ਜਾਣ ਦੀ ਆਦਤ ਪਾਈਏ।

## "ਭਗਵਾਨ ਤੇ ਮੋਬਾਈਲ"

ਉਦੇਪੁਰ (ਰਾਜਸਥਾਨ) ਤੋਂ 50 ਕਿਲੋਮੀਟਰ ਦੂਰ ਇਕ ਨਾਥਦੁਆਰ ਸਥਾਨ ਹੈ। ਉਥੇ ਬਹੁਤ ਹੀ ਪ੍ਰਸਿੱਧ ਹਿੰਦੂ ਨਾਥਦੁਆਰ ਨਾਮ ਦਾ ਮੰਦਰ ਹੈ। ਜੋ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਸਿਫਰ 15 ਮਿੰਟ ਹੀ ਸ਼ਾਮ ਨੂੰ ਖੁੱਲਦਾ ਹੈ।

ਅਸੀਂ ਇਕ ਟੂਰ ਤੇ ਹਲਦੀ ਘਾਟੀ ਤੋਂ ਹੁੰਦੇ ਹੋਏ ਰੂਟ ਮੁਤਾਬਕ ਇਸ ਸਥਾਨ 'ਤੇ ਪਹੁੰਚਣਾ ਸੀ। ਭਾਵੇਂ ਸਾਡੇ ਮੁਤਾਬਕ ਮੰਦਰ ਵਿਚਲੇ ਭਗਵਾਨ ਦੇ ਦਰਸ਼ਨਾਂ ਦੀ ਸਾਨੂੰ ਕੋਈ ਭੁੱਖ ਨਹੀਂ ਸੀ।

ਪਰ ਜਦੋਂ ਉਥੇ ਪਹੁੰਚ ਤਾਂ ਹੈਰਾਨੀ ਹੋਈ ਕਿ ਸ਼ਰਧਾਲੂਆਂ ਦੇ ਮੋਬਾਈਲ ਫੋਨ ਜਮਾਂ ਕਰਾਉਣ ਲਈ ਅਨਾਊਂਸਮੈਂਟ ਹੋ ਰਹੀ ਸੀ। ਜਿਸ ਤਰ੍ਹਾਂ ਜੁੱਤੇ ਜਮ੍ਹਾਂ ਕਰਾਉਣ ਲਈ ਕਾਊਂਟਰ ਬਣੇ ਹੁੰਦੇ ਹਨ। ਉਥੇ ਮੋਬਾਈਲ ਜਮ੍ਹਾਂ ਕਰਾਉਣ ਲਈ ਕਾਊਂਟਰ ਬਣੇ ਹੋਏ ਸਨ। ਕੂਪਨ ਦਿੱਤੇ ਜਾਂਦੇ ਹਨ।

ਉਥੇ ਬਾਕਾਇਦਾ ਪੁਲਿਸ ਸਕਿਉਰਟੀ ਲੱਗੀ ਹੋਈ ਹੈ। ਸ਼ਰਧਾਲੂਆਂ 'ਤੇ ਨਜਰ ਰੱਖਣ ਲਈ ਕੈਮਰੇ 'ਤੇ ਕੈਮਰੇ ਲੱਗੇ ਹੋਏ ਹਨ।

ਮੰਦਰ ਕਰਕੇ ਬਜ਼ਾਰ ਮੰਦਰ ਵਿੱਚ ਚੜ੍ਹਾਵੇ ਵਾਲੀ ਸਮੱਗਰੀ ਦਾ ਪੂਰਾ



ਕਾਰੋਬਾਰੀ ਬਜ਼ਾਰ ਦੋ ਕਿਲੋਮੀਟਰ ਭਰਿਆ ਹੋਇਆ ਸੀ।

ਭਗਵਾਨ ਦੇ ਦਰਸ਼ਨ ਕਰਨ ਲਈ ਸੈਲਾਨੀ ਦੇ ਟੂਰ ਨਾਲ ਜੁੜਿਆ ਧੰਦੇ ਦਾ ਕਾਰੋਬਾਰ ਟਰਾਂਸਪੋਰਟ ਹੋਟਲ ਢਾਬੇ ਮੂਰਤੀਆਂ ਬੁੱਤ ਆਦਿ ਵੇਚਣ ਵਾਲੇ ਕਾਰੋਬਾਰੀ ਲੋਕ ਭਗਵਾਨ ਦੇ ਹੀ ਪ੍ਰਚਾਰਕ ਹਨ।

ਮੰਦਰ ਭਾਵੇਂ ਭੀੜ ਭੜੱਕੇ ਵਾਲੇ ਬਾਜ਼ਾਰਾਂ ਵਿੱਚ ਹੈ। ਨਜ਼ਦੀਕ ਪਹੁੰਚੇ ਤਾਂ ਕਦਮ ਕਦਮ ਤੇ ਪੁਜਾਰੀ ਘੇਰ ਘੇਰ ਕੇ ਕਹਿੰਦੇ ਸਨ ਕਿ "50 ਰੁਪੈ ਵਿੱਚ ਦੂਸਰੇ ਰਸਤੇ ਰਾਹੀਂ ਭਗਵਾਨ ਜੀ ਦੇ ਦਰਸ਼ਨ ਕਰਾ ਦੇਤੇ ਹੈਅ।"

ਅਸੀਂ ਇਹ ਸੁਣ ਕੇ ਅੱਕ ਗਏ ਤਾਂ ਇੱਕ ਨੂੰ ਤਾਂ ਕਹਿਣਾ ਪੈ ਗਿਆ ਕਿ "50 ਰੁਪੈ ਨਹੀਂ 500 ਰੁਪਏ ਲੈ ਲੈਣਾ ਭਗਵਾਨ ਜੀ ਕੋ ਬਾਹਰ ਹੀ ਬਲਾ ਕੇ ਲੈ ਆਉ"। ਦਰਸ਼ਨ ਕਰ ਲੇ ਗੇ।

"ਯੇ ਕੈਸੇ ਹੋ ਸਕਤਾ ਹੈ।"

ਪੀ ਕੇ ਫਿਲਮ ਦਾ ਡਾਇਲਾਗ ਯਾਦ ਆ ਰਿਹਾ ਸੀ "ਭਗਵਾਨ ਵਗਵਾਨ ਕੁਸ ਨਹੀਂ ਹੈ ਸਭ ਫਰਾਡ ਹੈ ਫਰਾਡ"।

ਵਿਗਿਆਨ ਦੀ ਹਰ ਤਕਨੀਕ ਨੂੰ ਪੁਜਾਰੀ ਵਰਗ ਧਰਮ ਦੇ ਧੰਦੇ ਵਿੱਚ ਹੱਥ ਰੰਗਣ ਲਈ ਹੀ ਵਰਤ ਰਹੇ ਹਨ।

ਪਰ ਮੋਬਾਈਲ ਫੋਨ ਮੰਦਰ ਵਿੱਚ ਲੈ ਕੇ ਜਾਣਾ ਉਹਨਾਂ ਦੇ ਭਗਵਾਨ ਨੂੰ ਤੇ ਉਹਨਾਂ ਨੂੰ ਵਾਰਾਂ ਨਹੀਂ ਖਾਂਦਾ?

ਧਰਮ ਇਕ ਸਰਕਾਰੀ ਸਰਪ੍ਰਸਤੀ ਹੇਠ ਪਲ ਰਿਹਾ ਇਕ ਕਾਰੋਬਾਰੀ ਸਫਲ ਧੰਦਾ ਹੈ ਪਿਆਰੇ ਵੀਰ।

**ਜਗਸੀਰ ਜੀਦਾ**
9417333203

ਸੁਖਦੇਵ ਹੁੰਦਲ

ਸਬਰੀਮਾਲਾ ਵਿਵਾਦ

# ਲੋਕਾਂ ਦੀ ਧਾਰਮਕ ਆਸਥਾ ਦਾ ਸਵਾਲ ਅਤੇ ਫਾਸੀਵਾਦ ਦੇ ਦੌਰ ਵਿੱਚ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ ਧਰਮ ਦੀ ਵਰਤੋਂ



ਪਿਛਲੇ ਦਿਨੀਂ ਹੜ੍ਹਾਂ ਦੀ ਮਾਰ ਦੇ ਝੰਬੇ ਕੇਰਲਾ ਵਿੱਚ ਫਿਰਕਾਪ੍ਰਸਤੀ ਅਤੇ ਜਾਤੀਵਾਦੀ ਸਿਆਸਤ ਦੇ ਨਾਗ ਆਪਣਾ ਫਨ ਫੈਲਾਇਆ ਹੈ। ਇੱਕ ਐਸਾ ਸੂਬਾ ਜਿੱਥੋਂ ਦਾ ਜਮਹੂਰੀ ਲਹਿਰਾਂ ਦਾ ਇੱਕ ਸ਼ਾਨਦਾਰ ਇਤਿਹਾਸ ਰਿਹਾ ਹੈ ਅਤੇ ਜਿੱਥੋਂ ਦੀ ਲੋਕਾਈ ਨੇ ਆਜ਼ਾਦ ਭਾਰਤ ਦੀ ਪਹਿਲੀ ਕਮਿਊਨਿਸਟ ਸਰਕਾਰ ਬਣਾਉਣ ਦੇ ਹੱਕ ਵਿੱਚ ਫਤਵਾ ਦਿੱਤਾ ਸੀ। ਔਰਤ ਵਿਰੋਧੀ ਅਤੇ ਛੂਆਛੂਤ ਦੇ ਹੱਕ ਵਿੱਚ ਲਾਮਬੰਦੀ ਅਤੇ ਫਿਰਕਾਪ੍ਰਸਤ ਤਾਕਤਾਂ ਦੇ ਉਭਾਰ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਵੱਖਰੀ ਗੱਲ ਹੈ ਕਿ ਉਦੋਂ ਤੱਕ (1957) ਸੀਪੀਆਈ ਮਜ਼ਦੂਰ ਇਨਕਲਾਬ ਦਾ ਰਾਹ ਛੱਡ ਕੇ ਸੋਧਵਾਦ ਦੇ ਰਾਹ ਪੈ ਚੁੱਕੀ ਸੀ। ਫਿਰ ਵੀ ਸਰਮਾਏਦਾਰਾ ਚੋਣਤੰਤਰ ਵਿੱਚ ਉਨ੍ਹਾਂ ਦੀ ਜਿੱਤ, ਕੇਰਲਾ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ ਵਿਕਸਤ ਰਾਜਨੀਤਕ ਚੇਤਨਾ ਦਾ ਪ੍ਰਤੀਕ ਸੀ। ਸ਼ਾਨਦਾਰ ਭੂ ਦ੍ਰਿਸ਼ਾਂ ਦੀ ਇਸ ਧਰਤੀ ਤੇ, ਫਿਰਕਾਪ੍ਰਸਤੀ ਦਾ ਕੁਲਹਿਣਾ ਪ੍ਰਛਾਵਾਂ ਦੇਸ਼ ਭਰ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਵਾਸਤੇ ਚਿੰਤਾ ਦਾ ਵਿਸ਼ਾ ਹੈ।

**ਕੀ ਹੈ ਸਬਰੀਮਾਲਾ ਵਿਵਾਦ ? :** ਸਬਰੀਮਾਲਾ ਮੰਦਰ, ਕੇਰਲਾ ਦੇ ਪਾਥਨਮਥਿਤਾ ਜ਼ਿਲ੍ਹੇ ਵਿੱਚ ਪਹਾੜੀ ਤੇ ਸਮੁੰਦਰ ਤਲ ਤੋਂ ਤਿੰਨ ਹਜ਼ਾਰ ਫੁੱਟ ਦੀ ਉੱਚਾਈ ਤੇ ਬਣਿਆ, ਵਿਕਾਸ ਦੇ ਦੇਵਤਾ ਭਗਵਾਨ ਅਯੱਪਾ ਦਾ ਮੰਦਰ ਹੈ। ਹੋਰ ਹਿੰਦੂ ਮੰਦਰਾਂ ਵਾਂਗ ਇਹ ਸਾਰਾ ਸਾਲ ਨਹੀਂ ਖੁੱਲ੍ਹਦਾ। ਮਲਿਆਲਮ ਕੈਲੰਡਰ ਅਨੁਸਾਰ ਕੁੱਝ ਨਿਸ਼ਚਿਤ ਦਿਨਾਂ ਵਿੱਚ ਇਹ ਪੂਜਾ ਲਈ ਖੁੱਲ੍ਹਦਾ ਹੈ। ਵਰਤਮਾਨ ਵਿਵਾਦ 10 ਤੋਂ 50 ਸਾਲ ਦੀ ਉਮਰ ਵਰਗ ਦੀਆਂ ਔਰਤਾਂ ਦੇ ਮੰਦਰ ਵਿੱਚ ਦਾਖ਼ਲੇ ਦੀ ਮਨਾਹੀ ਦੇ ਸੁਆਲ ’ਤੇ ਖੜ੍ਹਾ ਹੋਇਆ ਹੈ। ਧਾਰਮਕ ਕੱਟੜਪੰਥੀਆਂ ਦਾ ਦਾਅਵਾ ਹੈ ਕਿ ਔਰਤਾਂ ਦੇ ਮੰਦਰ ਵਿੱਚ ਦਾਖਲੇ ਨਾਲ਼, ਭਗਵਾਨ ਅਯੱਪਾ ਦਾ ਬ੍ਰਹਮਚਾਰੀਪੁਣਾ ਭੰਗ ਹੋ ਸਕਦਾ ਹੈ। ਦੂਜੀ ਦਲੀਲ ਇਹ ਹੈ ਕਿ 10 ਤੋਂ 50 ਸਾਲ ਦੀ ਉਮਰ ਔਰਤਾਂ ਦੀ ਮਹਾਂਵਾਰੀ ਦੀ ਉਮਰ ਹੈ ਅਤੇ ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਅਸ਼ੁੱਧ ਅਤੇ ਅਛੂਤ ਹੁੰਦੀ ਹੈ। ਕਿਉਂਕਿ ਅਛੂਤਾਂ ਵਾਸਤੇ ਮੰਦਰ ਵਿੱਚ ਦਾਖ਼ਲੇ ਦੀ ਮਨਾਹੀ ਹੈ ਇਸ ਲਈ ਇਸ ਉਮਰ ਵਰਗ ਦੀਆਂ ਔਰਤਾਂ ਲਈ ਵੀ ਮੰਦਿਰ ਵਿੱਚ ਦਾਖਲਾ ਵਰਜਿਤ ਹੈ। ਕੇਸ ਸੁਪਰੀਮ ਕੋਰਟ ਵਿੱਚ ਗਿਆ, ਲਿੰਗਕ ਵਿਤਕਰੇ ਦੇ ਖਿਲਾਫ਼ ਫ਼ੈਸਲਾ ਦਿੰਦਿਆਂ ਸੁਪਰੀਮ ਕੋਰਟ ਨੇ ਮੰਦਰ ਵਿੱਚ ਔਰਤਾਂ ਦੇ ਦਾਖਲੇ ਦੀ ਮਨਾਹੀ ਦੇ ਮੰਦਰ-ਅਧਿਕਾਰੀਆਂ ਦੇ ਫਰਮਾਨ ਨੂੰ ਰੱਦ ਕਰ ਦਿੱਤਾ। 17 ਅਕਤੂਬਰ 2018, ਬੁੱਧਵਾਰ ਦੇ ਦਿਨ ਇਸ ਫ਼ੈਸਲੇ ਤੋਂ ਬਾਅਦ ਮੰਦਰ ਖੁੱਲ੍ਹਣ ’ਤੇ ਇਹ ਵਿਵਾਦ ਸ਼ੁਰੂ ਹੋਇਆ। ਫਿਰਕਾਪ੍ਰਸਤ ਤੇ ਫਾਸੀਵਾਦੀ ਤਾਕਤਾਂ ਇਹ ਮੌਕਾ ਹੱਥੋਂ ਨਹੀਂ ਗੁਆਉਣਾ ਚਹੁੰਦੀਆਂ ਸਨ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਬਾਵਜੂਦ ਮੰਦਰ ਅਧਿਕਾਰੀਆਂ ਨੇ ਔਰਤਾਂ ਨੂੰ ਮੰਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ। ਅਦਾਲਤੀ ਫੈਸਲੇ ਦੇ ਖਿਲਾਫ ਹਿੰਦੂ ਜਥੇਬੰਦੀਆਂ ਨੇ ਜਲਸੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ। ਭਾਜਪਾ ਅਤੇ ਕਾਂਗਰਸ ਦੇ ਮੁਕਾਮੀ ਲੀਡਰਾਂ ਨੇ ਵੀ ਇਸਦੀ ਹਮਾਇਤ ਕੀਤੀ। ਮਾਕਪਾ ਦੀ ਅਗਵਾਈ ਵਾਲੀ ਖੱਬੇ ਪੱਖੀ ਸਰਕਾਰ ਬੇਵਸ ਅਤੇ ਡੌਰਭੌਰ ਹੋਈ ਪਈ ਹੈ, ਆਪਣੀ ਸੋਧਵਾਦੀ ਸੰਸਦਵਾਦੀ ਸਿਆਸਤ ਦੇ ਚੱਕਰਵਿਊ ਵਿੱਚੋਂ ਬਾਹਰ ਨਿਕਲਣ ਦਾ ਰਸਤਾ ਕਦੋਂ ਦਾ ਭੁੱਲ ਚੁੱਕੀ ਹੈ। ਇਹ ਆਪਣੇ ਸਮਾਜਕ ਜਮੂਹਰੀ ਰਸਤੇ ’ਤੇ ਵੀ ਟਿਕੀ ਨਾ ਰਹਿ ਕੇ ਪੂਰੀ ਤਰ੍ਹਾਂ ਨਵ-ਉਦਾਰਵਾਦੀ ਅਜੰਡੇ ਨੂੰ ਲਾਗੂ ਕਰ ਰਹੀ ਹੈ। ਇਹ ਕੇਰਲਾ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਨੂੰ ਸਹੀ ਦਿਸ਼ਾ ਦੇ ਸਕਣ ਦੀ ਹਾਲਤ ਵਿੱਚ ਨਹੀਂ ਰਹੀ। ਨਤੀਜੇ ਵਜੋਂ ਸੂਬੇ ਦੀ ਕਿਰਤੀ ਅਬਾਦੀ ਦਾ ਇੱਕ ਹਿੱਸਾ ਫਾਸੀਵਾਦ ਦੇ ਉਭਾਰ ਦੀ ਸਿਆਸਤ ਦਾ ਸ਼ਿਕਾਰ ਹੋਣ ਦੀ ਹਾਲਤ ਵਿੱਚ ਹੈ।

**ਸਬਰੀਮਾਲਾ ਦੇ ਹਿੰਦੂਕਰਨ ਦਾ ਇਤਿਹਾਸ :** ਸਬਰੀਮਾਲਾ ਮੰਦਰ ਦੇ ਦੇਵਤਾ ਭਗਵਾਨ ਅਯੱਪਾ ਦਾ ਪੁਰਾਤਨ ਹਿੰਦੂ ਪੁਰਾਣਾਂ ਵਿੱਚ ਕੋਈ ਜ਼ਿਕਰ ਨਹੀਂ ਮਿਲਦਾ। ਇਹ ਦੇਵਤਾ ਰਖਵਾਲੀ ਅਤੇ ਸੁਰੱਖਿਆ ਦੇ ਤਮਿਲ ਦੇਵਤਾ ਆਈਨਾਰ ਨਾਲ਼ ਮਿਲ਼ਦਾ-ਜੁਲਦਾ ਹੈ। ਆਈਨਾਰ ਪੇਂਡੂ ਅਛੂਤ ਲੋਕਾਂ ਦਾ ਦੇਵਤਾ ਸੀ। ਇੱਥੋਂ ਤੱਕ ਕਿ ਬੋਧੀ, ਇਸਾਈ ਅਤੇ ਮੁਸਲਮਾਨਾਂ ਦੇ ਸੰਬੰਧਾਂ ਤੱਕ ਦਾ ਜ਼ਿਕਰ ਇਸ ਨਾਲ਼ ਮਿਲ਼ਦਾ ਹੈ। ਇਸ ਤਰੀਕੇ ਨਾਲ਼ ਪੁਰਾਣੇ ਸਮੇਂ ਵਿੱਚ ਇਹ ਦੇਵਤਾ’ ਧਾਰਮਿਕ ਕੱਟੜਪੰਥ ਦਾ ਪ੍ਰਤੀਕ ਨਹੀਂ ਸੀ। ਨਾ ਹੀ ਇਸ ਮੰਦਿਰ ਵਿੱਚ ਔਰਤਾਂ ਦੇ ਦਾਖਲੇ ਦੀ ਮਨਾਹੀ ਦਾ ਕੋਈ ਪੁਰਾਣਾ ਹਵਾਲਾ ਮਿਲਦਾ ਹੈ। ਭਗਵਾਨ ਆਯੱਪਾ ਅਤੇ ਇਸ ਮੰਦਿਰ ਦਾ ਹਿੰਦੂਕਰਨ ਅੱਠਵੀਂ ਸਦੀ ਵਿੱਚ ਸ਼ੁਰੂ ਹੁੰਦਾ ਹੈ ਜਦੋਂ ਉੱਤਰ ਭਾਰਤ ਦੇ ਹਿੰਦੂ ਬ੍ਰਾਹਮਣਵਾਦੀ ਵਿਸ਼ਵਾਸਾਂ ਦਾ, ਦੱਖਣ ਵਿੱਚ ਆਗਮਨ ਹੁੰਦਾ ਹੈ। ਹਾਲਾਂਕਿ ਇਸ ਦਾ ਇਤਿਹਾਸ ਵਿਵਾਦ ਗ੍ਰਸਤ ਹੈ, ਇਥੇ ਇਸ ਮਸਲੇ ਦੀ ਵਿਆਖਿਆ ਵਿੱਚ ਜਾਣਾ ਵੀ ਸੰਭਵ ਨਹੀਂ। ਪਰ ਜੋ ਚੀਜ਼ ਵਿਵਾਦ ਰਹਿਤ ਹੈ, ਉਹ ਇਹ ਹੈ ਕਿ ਲੰਬੇ ਸਮੇਂ ਵਿੱਚ ਇਸ ਦਾ ਹਿੰਦੂਕਰਨ ਕੀਤਾ ਗਿਆ ਹੈ। ਜੁਲਾਈ 1950 ਨੂੰ ਮੰਦਰ ਵਿੱਚ ਅਗਜਨੀ ਨਾਲ ਮੂਰਤੀ ਦੇ ਨੁਕਸਾਨ ਦੇ ਬਹਾਨੇ ਮੰਦਰ ਵਿੱਚ ਮੂਰਤੀ ਦੀ ਮੁੜ ਸਥਾਪਨਾ ਦੀ ਕਾਰਵਾਈ ਨਾਲ ਇਸ ਮੰਦਰ ਦੇ ਨਾਂ ’ਤੇ ਹਿੰਦੂਕਰਨ ਦੀ ਫਿਰਕੂ ਸਿਆਸਤ ਦੀ ਸ਼ੁਰੂਆਤ ਹੁੰਦੀ ਹੈ। 1 ਜੁਲਾਈ 1950 ਨੂੰ ਹਿੰਦੂ ਏਕਤਾ ਦੇ ਨਾਅਰੇ ਹੇਠ ਹਿੰਦੂ ਮਹਾਂਮੰਡਲ ਨੇ ਤਿਰੂਅਨੰਤਪੁਰਮ ਵਿੱਚ ਹੜਤਾਲ ਦਾ ਸੱਦਾ ਦਿੱਤਾ। 25 ਜੂਨ 1950 ਨੂੰ ਮੂਰਤੀ ਦੀ ਮੁੜ ਸਥਾਪਨਾ ਅਤੇ ਮੰਦਰ ਦਾ ਸ਼ੁੱਧੀਕਰਨ ਕੀਤਾ ਗਿਆ ਸੀ। ਇਹ ਕਾਰਵਾਈ ‘ਅਖ਼ਿਲ ਭਾਰਤ ਅਯੱਪਾ ਸੇਵਾ ਸੰਗਮ’ ਦੀ ਅਗਵਾਈ ਵਿੱਚ ਕੀਤੀ ਗਈ ਸੀ। ਕੇਰਲਾ ਅਤੇ ਤਾਮਿਲਨਾਡੂ ਵਿੱਚ ‘ਅਯੱਪਾ ਜੋਤੀ’ ਘੁੰਮਾਈ ਗਈ। ਬੇਸ਼ੱਕ ਹਿੰਦੂਕਰਨ ਦੀ ਮੁਹਿੰਮ ਜਥੇਬੰਦਕ ਢੰਗ ਨਾਲ਼ ਉਦੋਂ ਤੋਂ ਹੀ ਚੱਲ ਰਹੀ ਹੈ, ਪਰ ਇਸ ਨੂੰ ਬੂਰ 80’ਵਿਆਂ ਵਿੱਚ ਆ ਕੇ ਹੀ ਪੈਣ ਲੱਗਾ। ਇਹ ਉਹੋ ਸਮਾਂ ਹੈ ਜਦੋਂ ਭਾਰਤ ਸਮੇਤ ਸੰਸਾਰ ਭਰ ਵਿੱਚ ਨਵ ਉਦਾਰਵਾਦੀ ਆਰਥਕ ਨੀਤੀਆਂ ਕਾਰਨ ਜਨਤਕ ਬੇਚੈਨੀ ਵੱਧ ਰਹੀ ਸੀ ਅਤੇ ਤੇ ਸਮਾਜਵਾਦ ਦਾ ਸੁਪਨਾ ਖਾਸ ਇਤਿਹਾਸਕ ਕਾਰਨਾਂ ਕਰਕੇ ਤਿੜਕ ਰਿਹਾ ਸੀ। 1983 ਵਿੱਚ ਹੀ ਇਸਾਈ ਮਿਸ਼ਨਰੀਆਂ ਵੱਲੋਂ ਦਾਅਵਾ ਕੀਤਾ ਗਿਆ ਕਿ ਸਬਰੀਮਾਲਾ ਤੋਂ 21 ਕਿਲੋਮੀਟਰ ਦੀ ਦੂਰੀ ਤੇ ਉਨ੍ਹਾਂ ਨੂੰ ਇੱਕ ਪਵਿੱਤਰ ਕਰਾਸ (ਈਸਾਈ ਧਾਰਮਿਕ ਪ੍ਰਤੀਕ) ਮਿਲਿਆ ਹੈ। ਪਵਿੱਤਰ ਕਰਾਸ ਦੇ ਨਾਂ ’ਤੇ ਇਸਾਈਆਂ ਵੱਲੋਂ ਗਿਰਜ਼ਾ ਬਣਾਉਣ ਦੀ ਮੁਹਿੰਮ ਦੇ ਵਿਰੁੱਧ ਹਿੰਦੂ ਸੰਗਠਨਾਂ ਦੀ ਲਾਮਬੰਦੀ ਸ਼ੁਰੂ ਹੋ ਗਈ। ਨੀਲਾਕੱਲ ਨਾਂ ਦੀ ਇਸ ਜਗ੍ਹਾ ’ਤੇ ਗਿਰਜ਼ਾ ਬਣਾਉਣ ਦੀ ਕਾਰਵਾਈ ਨੇ ਫਿਰਕੂ ਧਰੁਵੀਕਰਨ ਨੂੰ ਤੇਜ਼ ਕਰ ਦਿੱਤਾ। ਫ਼ਿਰਕੂ ਲੀਹਾਂ ਤੇ ਹਿੰਦੂ ਅਬਾਦੀ ਦੀ ਲਾਮਬੰਦੀ ਨੂੰ ਸਿਰਫ ਗਿਰਜ਼ਾ ਬਣਾਉਣ ਦੇ ਵਿਰੋਧ ਤੱਕ ਹੀ ਸੀਮਤ ਨਹੀਂ ਰੱਖਿਆ ਗਿਆ, ਸਗੋਂ ਕਿਹਾ ਗਿਆ ਕਿ ਇਹ ਸਬਰੀਮਾਲਾ ਮੰਦਰ ਲਈ ਖ਼ਤਰਾ ਹੈ। ਨੀਲਾਕੱਲ ਅਭਿਆਨ ਦੇ ਨਾਂ ’ਤੇ ਇਸ ਮੁਹਿੰਮ ਨੇ ਫ਼ਿਰਕਾਪ੍ਰਸਤ ਸਿਆਸਤ ਨੂੰ ਬਹੁਤ ਤਾਕਤ ਦਿੱਤੀ। ਵਰਤਮਾਨ ਮੋਦੀ ਦੇ ਫਾਸੀਵਾਦੀ ਦੌਰ ਵਿੱਚ ਬਹੁਤ ਪਹਿਲਾਂ ਬੀਜੇ ਗਏ ਫਿਰਕਾਪ੍ਰਸਤੀ ਦੇ ਪੌਦੇ ਨੂੰ ਭਰਪੂਰ ਖਾਦ ਪਾਣੀ ਮਿਲ਼ ਰਿਹਾ ਹੈ ਜਿਸ ਨਾਲ਼ ਹਾਕਮ ਜਮਾਤਾਂ ਨੂੰ ਸਾਰੇ ਦੇਸ਼ ਵਿੱਚ ਫ਼ਿਰਕੂ ਲੀਹਾਂ ’ਤੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਵਿੱਚ ਫੁੱਟ ਪਾਉਣ ਵਿੱਚ ਕਾਮਯਾਬੀ ਮਿਲ ਰਹੀ ਹੈ। ਕੇਰਲਾ ਕੋਈ ਅਪਵਾਦ ਨਹੀਂ ਹੈ। ਕੇਰਲਾ ਵਿੱਚ ਸੰਸਦੀ ਖੱਬੇਪੱਖੀ ਇਤਿਹਾਸਕ ਤੌਰ ’ਤੇ ਮਜ਼ਬੂਤ ਸਥਿਤੀ ਹੋਣ ਦੇ ਬਾਵਜੂਦ ਵਿਚਾਰਧਾਰਕ ਭਟਕਾਅ ਕਾਰਨ ਫਿਰਕਾਪ੍ਰਸਤੀ ਅਤੇ ਵਧ ਰਹੇ ਫਾਸੀਵਾਦ ਦਾ ਮੁਕਾਬਲਾ ਕਰਨ ਲਈ ਕੋਈ ਠੋਸ ਰਣਨੀਤੀ ਨਹੀਂ ਬਣਾ ਸਕੇ।

**ਲੋਕਾਂ ਦੀ ਧਾਰਮਕ ਸ਼ਰਧਾ ਦਾ ਸਵਾਲ :** ਜਿੱਥੋਂ ਤੱਕ ਲੋਕਾਂ ਦੀ ਧਾਰਮਕ ਸ਼ਰਧਾ ਦਾ ਸਵਾਲ ਹੈ ਅਸੀਂ ਲੋਕਾਂ ਦੇ ਜਮਹੂਰੀ ਹੱਕ ਦੇ ਰੂਪ ਵਿੱਚ ਇਸ ਦਾ ਸਤਿਕਾਰ ਕਰਦੇ ਹਾਂ। ਸਰਮਾਏਦਾਰਾ ਇਨਕਲਾਬਾਂ ਦੇ ਦੌਰਾਨ ਸ਼ਰਧਾ ਦੇ ਸਵਾਲ ’ਤੇ ਲੋਕਾਂ ਦੇ ਇਸ ਜਮਹੂਰੀ ਹੱਕ ਦੀ ਰਾਖੀ ਲਈ ਇਹ ਨਾਅਰਾ ਉੱਭਰਿਆ ਸੀ ਕਿ ਧਰਮ ਨੂੰ ਰਾਜ ਤੋਂ ਵੱਖ ਕਰਨ ਨਾਲ਼ ਹੀ ਇਸ ਦੀ ਰਾਖੀ ਸੰਭਵ ਹੈ। ਰਾਜ ਨੂੰ ਨਿੱਜੀ ਸ਼ਰਧਾ ਦੇ ਤੌਰ ’ਤੇ ਕਿਸੇ ਵੀ ਨਾਗਰਿਕ ਦੇ ਹੱਕ ’ਤੇ ਛਾਪਾ ਨਹੀਂ ਮਾਰਨਾ ਚਾਹੀਦਾ। ਦੂਜੇ ਪਾਸੇ ਰਾਜ ਦੀਆਂ ਸਰਗਰਮੀਆਂ ਵਿੱਚ ਕਿਸੇ ਵੀ ਧਰਮ ਵਿਸ਼ੇਸ਼ ਦਾ ਦਖ਼ਲ ਬੰਦ ਹੋਣਾ ਚਾਹੀਦਾ ਹੈ। ਭਾਰਤੀ ਸੰਵਿਧਾਨ ਵਿੱਚ ਵੀ ਇਸ ਸਿਧਾਂਤ ਨੂੰ ਪ੍ਰਵਾਨ ਕਰਦੇ ਹੋਏ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਪ੍ਰਵਾਨ ਕੀਤਾ ਗਿਆ ਸੀ। ਪਰ ਭਾਰਤ ਵਿੱਚ ਸ਼ੁਰੂ ਤੋਂ ਹੀ ਇਸ ਸਿਧਾਂਤ ਤੇ ਠੀਕ ਤਰ੍ਹਾਂ ਅਮਲ ਨਹੀਂ ਹੋਇਆ। ਰਾਜ ਨੂੰ ਧਰਮ ਤੋਂ ਵੱਖ ਰੱਖਣ ਦੀ ਬਜਾਏ, ਸਾਰੇ ਧਰਮਾਂ ਨੂੰ ਸਤਿਕਾਰ ਦੇਣ ਦੇ ਨਾਂ ’ਤੇ ਰਾਜ ਦੇ ਮਾਮਲਿਆਂ ਵਿੱਚ ਧਾਰਮਿਕ ਦਖਲਅੰਦਾਜ਼ੀ ਨੂੰ ਹਮੇਸ਼ਾ ਹੀ ਖੁੱਲ੍ਹ ਰਹੀ ਹੈ। ਇਹੋ ਨੀਤੀ ਹੀ ਫਿਰਕੂ ਰਾਜਨੀਤੀ ਦੇ ਵਧਣ ਫੁੱਲਣ ਦਾ ਅਧਾਰ ਰਹੀ ਹੈ। ਭਾਵੇਂ ਕੌਮਾਂਤਰੀ ਪੱਧਰ ’ਤੇ ਸਰਮਾਏਦਾਰੀ ਦੇ ਸਾਮਰਾਜ ਵਿੱਚ ਬਦਲ ਜਾਣ ਦੇ ਦੌਰ ਵਿੱਚ ਸੱਤ੍ਹਾ ਵਿੱਚ ਆਈ ਕਮਜ਼ੋਰ ਭਾਰਤੀ ਸਰਮਾਏਦਾਰੀ ਕੋਲ਼ ਇੰਨਾਂ ਨੈਤਿਕ ਬਲ ਨਹੀਂ ਸੀ ਕਿ ਇਹ ਭਾਰਤੀ ਸਮਾਜ ਵਿੱਚ ਜੜ੍ਹਾਂ ਜਮਾਈ ਬੈਠੀਆਂ ਪਿਛਾਖੜੀ ਕਦਰਾਂ ਕੀਮਤਾਂ ਨੂੰ ਹੂੰਝਾ ਫੇਰ ਸਕੇ। ਉਲਟਾ ਇਸ ਨੇ ਹਰ ਤਰ੍ਹਾਂ ਦੀਆਂ ਪਿਛਾਖੜੀ ਕਦਰਾਂ ਕੀਮਤਾਂ ਅਤੇ ਸੰਸਥਾਵਾਂ ਨੂੰ ਆਪਣੇ ਵਿਚਾਰਧਾਰਕ ਦਬਦਬੇ ਨੂੰ ਕਾਇਮ ਰੱਖਣ ਲਈ ਆਪਣੀਆਂ ਲੋੜਾਂ ਦੇ ਅਨੁਸਾਰ ਅਨੁਸਾਰ ਢਾਲ ਲਿਆ ਅਤੇ ਹਮੇਸ਼ਾ ਹੀ ਇਸ ਨੂੰ ਇੱਕ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ ਵਰਤਿਆ ਹੈ। ਇਹ ਆਪਣੇ ਹੀ ਸੰਵਿਧਾਨ ਵਿੱਚ ਦਿੱਤੇ ਗਏ ਅਧਿਕਾਰਾਂ ਨੂੰ ਅਮਲ ਵਿੱਚ ਲਿਆ ਸਕਣ ਦੇ ਅਸਮਰੱਥ ਹੈ। ਇਹੋ ਹਾਲ ਹੀ ਸੁਪਰੀਮ ਕੋਰਟ ਦੇ ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖ਼ਲੇ ਦੇ ਅਧਿਕਾਰ ਸਬੰਧੀ ਫੈਸਲੇ ਦੇ ਅਮਲ ਨਾਲ਼ ਹੋਇਆ ਹੈ। ਫਿਰਕਾਪ੍ਰਸਤ ਤੇ ਫਾਸੀਵਾਦੀ ਤਾਕਤਾਂ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣਾ ਚਹੁੰਦੀਆਂ ਹਨ। ਥੋੜ੍ਹਾ ਕੇਰਲਾ ਦੇ ਇਤਿਹਾਸ ਵਿੱਚ ਪਿੱਛੇ ਜਾਈਏ ਤਾਂ ਰਿਆਸਤੀ ਦੌਰ ਵਿੱਚ ਵੀ ਇੱਥੋਂ ਦੀ ਕਿਰਤੀ ਅਬਾਦੀ ਅਤੇ ਖ਼ਾਸ ਕਰਕੇ ਅਛੂਤ ਕਹੀ ਜਾਣ ਵਾਲੀ ਅਬਾਦੀ ਦਾ ਬ੍ਰਾਹਮਣਵਾਦੀ, ਜਾਤੀਵਾਦ ਵਿਰੋਧੀ ਘੋਲ਼ਾਂ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ। ਇੱਥੇ ਅਛੂਤਾਂ ਨੂੰ ਮੁੱਖ ਸੜਕਾਂ ’ਤੇ ਚੱਲਣ ਤੱਕ ਦਾ ਹੱਕ ਵੀ ਨਹੀਂ ਸੀ। ਇੱਥੋਂ ਤੱਕ ਕਿ ਟਰਾਵਨਕੋਰ ਰਿਆਸਤ ਵਿੱਚ ਅਛੂਤ ਔਰਤਾਂ ਨੂੰ ਛਾਤੀਆਂ ਢੱਕਣ ਦੀ ਮਨਾਹੀ ਸੀ। 19ਵੀਂ ਸਦੀ ਦੇ ਸ਼ੁਰੂ ਵਿੱਚ ਔਰਤਾਂ ਨੇ ‘ਚਨਾਰ ਵਿਦਰੋਹ’ ਦੇ ਨਾਂ ਤੋਂ ਮਸ਼ਹੂਰ ਸਰੀਰ ਦਾ ਉਪਰਲਾ ਹਿੱਸਾ ਢੱਕਣ ਦਾ ਸ਼ਾਨਦਾਰ ਘੋਲ਼ ਲੜਿਆ। ਇਸ ਘੋਲ਼ ਵਿੱਚ ਇੱਕ ਬਹਾਦਰ ਔਰਤ ਨੇ ਆਪਣੀਆਂ ਛਾਤੀਆਂ ਕੱਟ ਕੇ ਅਧਿਕਾਰੀਆਂ ਨੂੰ ਪੇਸ਼ ਕੀਤੀਆਂ ਸਨ। ਉਸ ਔਰਤ ਦੀ ਮੌਤ ਹੋ ਗਈ ਸੀ। ਇਹ ਔਰਤਾਂ ਦੇ ਗੁੱਸੇ ਅਤੇ ਰੋਸ ਦਾ ਸਿਖ਼ਰ ਸੀ। ਖਾਸ ਕਰਕੇ ਚਿਨਾਰ ਜਾਤੀ, ਜਿਸ ਨੂੰ ਬਾਅਦ ਵਿੱਚ ਨਦਾਰ ਕਿਹਾ ਜਾਣ ਲੱਗਾ, ਉਸ ਦੀਆਂ ਔਰਤਾਂ ਛਾਤੀ ਨਹੀਂ ਢੱਕ ਸਕਦੀਆਂ ਸਨ। ਔਰਤਾਂ ਦੀ ਇਸ ਮੰਗ ਨੂੰ ਮਨਜ਼ੂਰ ਕਰਦਿਆਂ ਟਰਾਵਨਕੋਰ ਰਿਆਸਤ ਦੇ ਦੀਵਾਨ ਨੂੰ ਇੱਕ ਫ਼ਰਮਾਨ ਜਾਰੀ ਕਰਨਾ ਪਿਆ। ਪਰ ਸਵਰਨ ਜਾਤੀਆਂ ਵਾਲੀ ਜਗੀਰੂ ਮਾਨਸਿਕਤਾ ਵਾਲੀ ਨੌਕਰਸ਼ਾਹੀ ਨੇ, ਇਸ ਹੁਕਮ ਦੇ ਅਮਲ ਵਿੱਚ ਰੁਕਾਵਟਾਂ ਜਾਰੀ ਰੱਖੀਆਂ। ਬਾਅਦ ਵਿੱਚ ਫਰਮਾਨ ਵਿੱਚ ਸੋਧ ਕਰਕੇ ਇਹ ਕਿਹਾ ਗਿਆ ਕਿ ਨਦਾਰਜਾਂ ਚਨਾਰ ਜਾਤੀ ਦੀਆਂ ਔਰਤਾਂ ਜੋ ਧਰਮ ਬਦਲੀ ਕਰਕੇ ਇਸਾਈ ਬਣ ਚੁੱਕੀਆਂ ਹਨ, ਉਹ ਬਲਾਊਜ਼ ਨਾਲ ਆਪਣੀਆਂ ਛਾਤੀਆਂ ਢੱਕ ਸਕਦੀਆਂ ਹਨ ਪਰ ਉਨ੍ਹਾਂ ਦੇ ਬਲਾਊਜ਼ ਦੀ ਬਣਤਰ ਹਿੰਦੂ ਸਵਰਨ ਜਾਤੀ ਦੀਆਂ ਔਰਤਾਂ ਦੇ ਬਲਾਊਜ਼ ਵਰਗੀ ਨਹੀਂ ਹੋਣੀ ਚਾਹੀਦੀ। ਇਸ ਦੇ ਬਾਵਜੂਦ 1822 ਵਿੱਚ ਦੱਖਣੀ ਟਰਾਵਨਕੋਰ ਵਿੱਚ ਦੰਗੇ ਭੜਕ ਪਏ ਸਵਰਨ ਜਾਤੀਆਂ ਦੇ ਫਿਰਕਾਪ੍ਰਸਤਾਂ ਵੱਲੋਂ ਛਾਤੀਆਂ ਢਕ ਕੇ ਰੱਖਣ ਵਾਲੀਆਂ ਇਸਾਈ ਨਦਾਰ ਔਰਤਾਂ ’ਤੇ ਹਮਲੇ ਸ਼ੁਰੂ ਹੋ ਗਏ। ਥੋੜ੍ਹੇ-ਥੋੜ੍ਹੇ ਸਾਲਾਂ ਦੇ ਵਕਫ਼ੇ ਬਾਅਦ ਫਿਰਕਾਪ੍ਰਸਤਾਂ ਵੱਲੋਂ ਔਰਤਾਂ ’ਤੇ ਇਹਨਾਂ ਹਮਲਿਆਂ ਦਾ ਸਿਲਸਿਲਾ ਜਾਰੀ ਰਿਹਾ। ਦਿਲਚਸਪ ਹੈ ਕਿ ਬਸਤੀਵਾਦੀ ਹਾਕਮਾਂ ਦੇ ਉਸ ਦੌਰ ਵਿੱਚ ਫਿਰਕਾਪ੍ਰਸਤਾਂ ਨੂੰ ਅਛੂਤ ਔਰਤਾਂ ਦੇ ਇਸਾਈ ਬਣਨ ਤੇ ਕੋਈ ਖਾਸ ਇਤਰਾਜ਼ ਨਹੀਂ ਸੀ ਪਰ ਉਹ ਛਾਤੀਆਂ ਢੱਕ ਕੇ ਚੱਲਣ, ਇਹ ਉਹਨਾਂ ਨੂੰ ਬਰਦਾਸ਼ਤ ਨਹੀਂ ਸੀ। ਦਲਿਤਾਂ ਅਤੇ ਔਰਤਾਂ ਨੂੰ ਬਰਾਬਰੀ ਦਾ ਦਰਜਾ ਉਨ੍ਹਾਂ ਨੂੰ ਮਨਜੂਰ ਨਹੀਂ ਸੀ। ਇਹ ਹੈ ਉਹ ਸ਼ਰਮਨਾਕ ਪ੍ਰੰਪਰਾ ਅਤੇ ਵਿਰਾਸਤ ਜਿਸ ਦੀ ਫਾਸੀਵਾਦੀ ਦੁਹਾਈ ਦਿੰਦੇ ਹਨ।

**ਭਾਜਪਾ ਹਕੂਮਤ ਦਾ ਦੋਹਰਾ ਕਿਰਦਾਰ :** ਤਿੰਨ ਤਲਾਕ ਦੇ ਨਾਂ ’ਤੇ ਮੁਸਲਮਾਨ ਔਰਤਾਂ ਲਈ ਮਗਰਮੱਛੀ ਹੰਝੂ ਵਹਾਉਣ ਵਾਲਿਆਂ ਨੂੰ ਹਿੰਦੂ ਔਰਤਾਂ ਦੀ ਆਜ਼ਾਦੀ ਵੱਲ ਜਾਂਦਾ ਇਹ ਹੱਕ ਮਨਜ਼ੂਰ ਨਹੀਂ। ਕੇਰਲਾ ਵਿੱਚ ਵਰਤਮਾਨ ਟਕਰਾਅ ਲਈ ਮੋਹਨ ਭਾਗਵਤ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਹੀ ਦੋਸ਼ੀ ਕਰਾਰ ਦਿੱਤਾ ਹੈ। ਸੰਵਿਧਾਨ ਦੇ ਨਾਂ ’ਤੇ ਅੰਨ੍ਹੇ ਕੌਮਵਾਦ ਦਾ ਪ੍ਰਚਾਰ ਕਰਨ ਵਾਲੀ ਭਾਜਪਾ ਸੁਪਰੀਮ ਕੋਰਟ ਦੇ ਸੰਵਿਧਾਨ ਸੰਮਤ ਫ਼ੈਸਲੇ ਦੀਆਂ ਧੱਜੀਆਂ ਉਡਾ ਰਹੀ ਹੈ। ਸੁਰੂ ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਨ ਦੇ ਬਾਵਜੂਦ ਸੂਬੇ ਵਿੱਚ ਤਣਾਅ ਵਾਲੇ ਮਹੌਲ ਨੂੰ ਵੇਖਦਿਆਂ ਹੀ ਸੰਘ ਪਰਿਵਾਰ ਨੇ ਪਲਟੀ ਮਾਰਦੇ ਹੋਏ ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਕਿਉਂਕਿ ਸੂਬੇ ਦੀਆਂ ਹਾਲਤਾਂ ਦਾ ਵੱਤਰ ਫਿਰਕਾਪ੍ਰਸਤੀ ਦਾ ਬੀਜ ਬੀਜਣ ਦੇ ਅਨਕੂਲ ਹੋ ਚੱਕਾ ਸੀ। ਰਾਸ਼ਟਰੀ ਸਵੈਸੇਵਕ ਸੰਘ ਦੇ ’ਜਨਮ ਭੂਮੀ’ ਪਰਚੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਦਾ ਲਿਖ਼ਤੀ ਰੂਪ ਵਿੱਚ ਸਵਾਗਤ ਕੀਤਾ ਗਿਆ ਸੀ। ਫਿਰ ਤੇਜ਼ੀ ਨਾਲ ਬਦਲੇ ਹਾਲਾਤਾਂ ਨੂੰ ਭਾਂਪਦਿਆਂ ਇਹਨਾਂ ਨੇ ਸਮਝ ਲਿਆ ਕਿ ਸਬਰੀਮਾਲਾ ਵਿਵਾਦ ਵੀ ਅਯੁੱਧਿਆ ਦੇ ਰਾਮ ਮੰਦਰ ਵਿਵਾਦ ਵਾਂਗ ਇਨ੍ਹਾਂ ਦੀ ਸਿਆਸਤ ਲਈ ਵਧੀਆ ਮੁੱਦਾ ਰਹੇਗਾ। ਬਿੱਲੀ ਭਾਣੇ ਛਿੱਕਾ ਟੁੱਟਾ, ਬੇਸ਼ੱਕ ਲੋਕਾਂ ਦਾ ਕਿੰਨਾਂ ਵੀ ਨੁਕਸਾਨ ਹੋ ਜਾਏ, ਕਿੰਨਾ ਵੀ ਮਨੁੱਖੀ ਖ਼ੂਨ ਬਹਿ ਜਾਏ, ਇਨ੍ਹਾਂ ਨੂੰ ਮੁੱਦਾ ਮਿਲ ਗਿਆ ਜੋ ਇਨ੍ਹਾਂ ਦੀ ਸਿਆਸਤ ਲਈ ਬਹੁਤ ਫਾਇਦੇਮੰਦ ਸਮਝਿਆ ਗਿਆ। ਹੁਣ ਮੋਹਨ ਭਾਗਵਤ ਕਹਿ ਰਿਹਾ ਹੈ ਕਿ ਸੁਪਰੀਮ ਕੋਰਟ ਪ੍ਰੰਪਰਾ ਨੂੰ ਨਹੀਂ ਸਮਝ ਰਹੀ। ਪ੍ਰੰਪਰਾ ਅਤੇ ਧਰਮ ਦੇ ਨਾਂ ’ਤੇ ਇਨ੍ਹਾਂ ਲਈ ਸਭ ਕੁਝ ਜਾਇਜ਼ ਹੈ ਜੋ ਇਨ੍ਹਾਂ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਫਿੱਟ ਬੈਠਣਾ ਹੈ।

**ਹਾਕਮ ਜਮਾਤਾਂ ਦੇ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ ਧਰਮ :** ਨਵ-ਉਦਾਰਵਾਦ ਦੇ ਇਸ ਢਾਂਚਾਗਤ ਆਰਥਿਕ ਮੰਦੀ ਦੇ ਦੌਰ ਵਿੱਚ ਸਰਮਾਏਦਾਰੀ ਆਪਣੇ ਹੀ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਨੂੰ ਲਾਗੂ ਕਰਨ ਵਿੱਚ ਅਸਫ਼ਲ ਹੈ। ਧਰਮ ਨੂੰ ਰਾਜ ਨਾਲੋਂ ਵੱਖ ਤਾਂ ਕੀ ਕਰਨਾ ਸੀ ਉਲਟਾ ਧਰਮ ਨੂੰ ਇੱਕ ਸਿਆਸੀ ਹਥਿਆਰ ਦੇ ਰੂਪ ਵਿੱਚ ਹੀ ਵਰਤਣਾ ਸ਼ੁਰੂ ਕਰ ਦਿੱਤਾ ਹੈ। ਨਿਸ਼ਾਨੇ ’ਤੇ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਂ ਦੀ ਏਕਤਾ ਹੈ। ਮਕਸਦ ਸਰਮਾਏਦਾਰ ਜਮਾਤਾਂ ਦੀ ਸੇਵਾ ਹੈ। ਲੋਕਾਂ ਲਈ ਧਰਮ ਸ਼ਰਧਾ ਦਾ ਸਵਾਲ ਹੈ ਜਿਸ ਦਾ ਲਾਜ਼ਮੀ ਹੀ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਪੁਰਾਣੇ ਮੱਧਯੁਗੀ ਧਰਮ ਦੀ ਥਾਂ, ਸਾਮਰਾਜ ਦੇ ਦੌਰ ਵਿਚ ਧਰਮ ਫਰਿਕਾਪ੍ਰਸਤੀ ਬਣ ਗਿਆ ਹੈ। ਵਿਸ਼ਵਾਸ ਦੇ ਰੂਪ ਵਿੱਚ ਲੋਕਾਂ ਦੀ ਧਾਰਮਿਕ ਆਸਥਾ ਅਤੇ ਫਿਰਕਾਪ੍ਰਸਤੀ ਦੇ ਰੂਪ ਵਿੱਚ ਸਰਮਾਏਦਾਰੀ ਲਈ ਇੱਕ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ ਧਰਮ ਦੀ ਭੂਮਿਕਾ ਵਿੱਚ ਫ਼ਰਕ ਕਰਨਾ ਪਏਗਾ। ਹਰ ਉਹ ਵਿਚਾਰਧਾਰਕ ਅਤੇ ਸਿਆਸੀ ਸਰਗਰਮੀ ਜੋ ਮਜ਼ਦੂਰਾਂ ਅਤੇ ਕਿਰਤੀ ਆਬਾਦੀ ਦੀ ਏਕਤਾ ਨੂੰ ਤੋੜਦੀ ਹੈ, ਉਸ ਨੂੰ ਨੰਗਿਆਂ ਕਰਨਾ ਅਤੇ ਉਸ ਦਾ ਮੁਕਾਬਲਾ ਕਰਨਾ, ਫਾਸੀਵਾਦ ਵਿਰੁੱਧ ਮਜ਼ਬੂਤ ਜਨਤਕ ਮੋਰਚੇ ਦੀ ਸ਼ਰਤ ਬਣ ਗਿਆ ਹੈ।

**ਲਲਕਾਰ ’ਚੋਂ ਧੰਨਵਾਦ ਸਹਿਤ**

# ਕੀ ਮਹੱਤਵ ਹੈ ਕਰਤਾਰਪੁਰ ਤੇ ਕਰਤਾਰਪੁਰ ਦੇ ਲਾਂਘੇ ਦਾ ?

ਸਤਨਾਮ ਸਿੰਘ ਮਾਣਕ

ਭਾਰਤ ਅਤੇ ਪਾਕਿਸਤਾਨ ਦਰਮਿਆਨ ਬੜੇ ਹੀ ਨਾਟਕੀ ਢੰਗ ਨਾਲ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ (ਪਾਕਿਸਤਾਨ) ਗੁਰਦੁਆਰਾ ਦਰਬਾਰ ਸਾਹਿਬ ਤੱਕ ਲਾਂਘਾ ਉਸਾਰਨ ਸਬੰਧੀ ਹੋਈ ਸਹਿਮਤੀ ਨਾਲ ਦੇਸ਼-ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਸ਼ਰਧਾਲੂਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਿਛਲੇ ਲੰਮੇ ਸਮੇਂ ਤੋਂ ਸਿੱਖ ਸੰਗਤਾਂ ਇਸ ਦੀ ਮੰਗ ਕਰਦੀਆਂ ਆ ਰਹੀਆਂ ਸਨ ਪਰ ਦੋਵਾਂ ਦੇਸ਼ਾਂ ਦਰਮਿਆਨ ਦੁਸ਼ਮਣੀ ਵਾਲੇ ਚੱਲ ਰਹੇ ਸਬੰਧ ਇਸ ਦੇ ਰਾਹ ਵਿਚ ਵੱਡੀ ਰੁਕਾਵਟ ਸਨ। ਪਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਆਮਦ ਅਤੇ ਸਿੱਖ ਸੰਗਤਾਂ ਦੀਆਂ ਅਰਦਾਸਾਂ ਨੇ ਆਖਰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣਾ ਰਵੱਈਆ ਬਦਲਣ ਲਈ ਮਜਬੂਰ ਕਰ ਦਿੱਤਾ। ਦੁਨੀਆ ਭਰ 'ਚੋਂ ਜਿਹੜੇ ਲੋਕ ਭਾਰਤ ਅਤੇ ਪਾਕਿਸਤਾਨ ਦਰਮਿਆਨ ਅਮਨ ਅਤੇ ਭਾਈਚਾਰੇ ਵਾਲਾ ਵਾਤਾਵਰਨ ਦੇਖਣਾ ਚਾਹੁੰਦੇ ਹਨ, ਉਨ੍ਹਾਂ ਨੇ ਵੀ ਇਸ ਘਟਨਾਕ੍ਰਮ ਦਾ ਭਰਪੂਰ ਸਵਾਗਤ ਕੀਤਾ ਹੈ। ਪਾਕਿਸਤਾਨ ਨੇ ਇਸ ਸਬੰਧੀ ਕਿਹਾ ਹੈ ਕਿ ਕਰਤਾਰਪੁਰ ਲਾਂਘਾ ਦੁਸ਼ਮਣੀ ਤੋਂ ਸ਼ਾਂਤੀ ਅਤੇ ਦੁਸ਼ਮਣੀ ਤੋਂ ਦੋਸਤੀ ਵੱਲ ਇਕ ਵੱਡਾ ਕਦਮ ਹੋ ਸਕਦਾ ਹੈ। ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਫ਼ਵਾਦ ਚੌਧਰੀ ਨੇ ਇਸ ਨੂੰ ਖਿੱਤੇ ਵਿਚ ਅਮਨ ਤੇ ਸਦਭਾਵਨਾ ਲਈ ਯਤਨਸ਼ੀਲ ਲੋਕਾਂ ਦੀ ਜਿੱਤ ਦੱਸਿਆ ਹੈ। ਇਸੇ ਤਰ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਕਰਤਾਰਪੁਰ ਦਾ ਲਾਂਘਾ ਸਿਰਫ ਲਾਂਘਾ ਹੀ ਨਹੀਂ, ਬਲਕਿ ਦੋਵਾਂ ਮੁਲਕਾਂ ਦੇ ਲੋਕਾਂ ਨੂੰ ਜੋੜਨ ਦਾ ਇਕ ਵੱਡਾ ਕਾਰਨ ਬਣ ਸਕਦਾ ਹੈ। ਭਾਰਤ ਅਤੇ ਪਾਕਿਸਤਾਨ ਦੇ ਨੇਤਾਵਾਂ ਦੇ ਉਪਰੋਕਤ ਬਿਆਨਾਂ ਤੋਂ ਜਾਪਦਾ ਹੈ ਕਿ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਨਾਲ ਸਿਰਫ ਇਸ ਖਿੱਤੇ ਦੇ ਆਮ ਲੋਕਾਂ ਦੀਆਂ ਹੀ ਨਹੀਂ, ਬਲਕਿ ਸਿਆਸੀ ਨੇਤਾਵਾਂ ਦੀਆਂ ਵੀ ਵੱਡੀਆਂ ਆਸਾਂ ਜੁੜੀਆਂ ਹੋਈਆਂ ਹਨ। ਇਹ ਵੀ ਖ਼ਬਰਾਂ ਆਈਆਂ ਹਨ ਕਿ ਡੇਰਾ ਬਾਬਾ ਨਾਨਕ ਅਤੇ ਦੂਜੇ ਪਾਸੇ ਕਰਤਾਰਪੁਰ (ਪਾਕਿਸਤਾਨ) ਦੇ ਲੋਕਾਂ ਵਿਚ ਇਸ ਖ਼ਬਰ ਨਾਲ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਆਸ ਹੈ ਕਿ ਇਹ ਰਸਤਾ ਖੁੱਲ੍ਹਣ ਨਾਲ ਇਸ ਖਿੱਤੇ ਵਿਚ ਆਰਥਿਕ ਖੁਸ਼ਹਾਲੀ ਆਏਗੀ ਅਤੇ ਵਪਾਰ ਨੂੰ ਵੀ ਵੱਡਾ ਉਤਸ਼ਾਹ ਮਿਲੇਗਾ।

ਕਰਤਾਰਪੁਰ ਦੇ ਲਾਂਘੇ ਸਬੰਧੀ ਚਰਚਾ ਛਿੜਨ ਨਾਲ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿਚ ਕਰਤਾਰਪੁਰ ਅਤੇ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਇਤਿਹਾਸ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਵੀ ਉਤਸੁਕਤਾ ਵਧ ਗਈ ਹੈ। ਇਸ ਲੇਖ ਵਿਚ ਇਸ ਸਬੰਧੀ ਪਾਠਕਾਂ ਨੂੰ ਕੁਝ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਾਠਕ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਪਟਵਾਰੀ ਮਹਿਤਾ ਕਾਲੂ ਜੀ ਦੇ ਘਰ ਰਾਏਭੋਇੰ ਦੀ ਤਲਵੰਡੀ ਵਿਚ ਹੋਇਆ ਸੀ, ਜਿਸ ਨੂੰ ਬਾਅਦ ਵਿਚ ਨਨਕਾਣਾ ਸਾਹਿਬ ਦੇ ਨਾਂਅ ਨਾਲ ਜਾਣਿਆ ਗਿਆ। ਬਚਪਨ ਦੇ 15 ਸਾਲ ਉਨ੍ਹਾਂ ਨੇ ਇਸ ਧਰਤੀ 'ਤੇ ਬਿਤਾਏ ਅਤੇ ਇਸ ਤੋਂ ਬਾਅਦ ਉਹ ਆਪਣੀ ਭੈਣ ਨਾਨਕੀ ਕੋਲ ਸੁਲਤਾਨਪੁਰ ਲੋਧੀ ਚਲੇ ਗਏ, ਜਿਥੇ ਲਗਪਗ ਉਹ 14-15 ਸਾਲ ਰਹੇ। ਇਸ ਤੋਂ ਬਾਅਦ 22 ਸਾਲਾਂ ਤੱਕ ਉਨ੍ਹਾਂ ਨੇ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੇ ਦੇਸ਼ਾਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਅਮਨ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਨੂੰ ਚਾਰ ਉਦਾਸੀਆਂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਹੁਰਾ ਪਿੰਡ ਪੱਖੋਕੇ ਸੀ ਅਤੇ ਉਨ੍ਹਾਂ ਦੇ ਸਹੁਰਾ ਸਾਹਿਬ ਦਾ ਨਾਂਅ ਮੂਲ ਚੰਦ ਸੀ। ਉਹ ਵੀ ਕਿੱਤੇ ਵਜੋਂ ਪਟਵਾਰੀ ਹੀ ਸਨ (ਬਾਅਦ ਵਿਚ ਉਹ ਬਟਾਲੇ ਰਹਿਣ ਲੱਗ ਪਏ ਸਨ)। ਆਪਣੀ ਸੁਪਤਨੀ ਮਾਤਾ ਸੁਲੱਖਣੀ ਅਤੇ ਬੱਚਿਆਂ ਕਰਕੇ ਗੁਰੂ ਜੀ ਦਾ ਪੱਖੋਕੇ ਆਉਣਾ-ਜਾਣਾ ਸੀ। ਕਿਹਾ ਜਾਂਦਾ ਹੈ ਕਿ ਇਸ ਪਿੰਡ ਦੇ ਵਸਨੀਕ ਅਜਿੱਤੇ ਰੰਧਾਵੇ ਨੇ ਰਾਵੀ ਦਰਿਆ ਨਾਲ ਲਗਦੀ ਕੁਝ ਜ਼ਮੀਨ ਉਨ੍ਹਾਂ ਨੂੰ ਦਾਨ ਵਿਚ ਦਿੱਤੀ ਸੀ ਅਤੇ ਇਸ ਕਾਰਨ ਉਸ ਪਾਸੇ ਗੁਰੂ ਨਾਨਕ ਦੇਵ ਜੀ ਦਾ ਅਤੇ ਭਾਈ ਮਰਦਾਨਾ ਦਾ ਆਉਣਾ-ਜਾਣਾ ਵਧ ਗਿਆ ਸੀ ਅਤੇ ਉਥੇ ਉਨ੍ਹਾਂ ਨੇ ਇਕ ਛੋਟੀ ਜਿਹੀ ਰਿਹਾਇਸ਼ ਵੀ ਬਣਾ ਲਈ ਸੀ। ਇਕ ਵਾਰ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਉਥੇ ਕੀਰਤਨ ਕਰਨ ਵਿਚ ਮਗਨ ਸਨ ਅਤੇ ਇਹ ਕੀਰਤਨ ਸੁਣ ਕੇ ਉਸ ਸਥਾਨ 'ਤੇ ਦੁਨੀ ਚੰਦ ਨਾਂਅ ਦੇ ਵਿਅਕਤੀ ਦੀ ਪਤਨੀ ਮੀਤੋ ਆਈ ਤੇ ਉਹ ਗੁਰੂ ਨਾਨਕ ਦੇਵ ਜੀ ਤੋਂ ਬੇਹੱਦ ਪ੍ਰਭਾਵਿਤ ਹੋਈ। ਉਸ ਨੇ ਇਸ ਸਬੰਧੀ ਆਪਣੇ ਪਤੀ ਦੁਨੀ ਚੰਦ ਨਾਲ ਗੁਰੂ ਨਾਨਕ ਦੇਵ ਜੀ ਦੀ ਇਸ ਇਲਾਕੇ ਵਿਚ ਆਮਦ ਬਾਰੇ ਗੱਲ ਕੀਤੀ ਅਤੇ ਬਾਅਦ ਵਿਚ ਦੁਨੀ ਚੰਦ ਦਾ ਵੀ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਹੋਇਆ ਅਤੇ ਉਨ੍ਹਾਂ ਨੇ ਵੀ ਗੁਰੂ ਨਾਨਕ ਦੇਵ ਜੀ ਨੂੰ ਇਸ ਇਲਾਕੇ ਵਿਚ 100 ਏਕੜ ਦੇ ਲਗਪਗ ਜ਼ਮੀਨ ਦਾਨ ਕਰ ਦਿੱਤੀ। ਇਤਿਹਾਸ ਵਿਚ ਕੁਝ ਥਾਵਾਂ 'ਤੇ ਦੁਨੀ ਚੰਦ ਦਾ ਨਾਂਅ ਕਰੋੜੀ ਮੱਲ ਵੀ ਲਿਖਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦੋਂ ਇਸ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਬੇਹੱਦ ਹਰਮਨ-ਪਿਆਰੇ ਹੋ ਗਏ ਅਤੇ ਵੱਡੀ ਗਿਣਤੀ ਵਿਚ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਦੇ ਦਰਸ਼ਨਾਂ ਲਈ ਆਉਣ ਲੱਗ ਪਏ ਤਾਂ ਦੁਨੀ ਚੰਦ ਉਰਫ ਕਰੋੜੀ ਮੱਲ ਉਨ੍ਹਾਂ ਨਾਲ ਈਰਖਾ ਕਰਨ ਲੱਗ ਪਿਆ ਅਤੇ ਉਨ੍ਹਾਂ ਨੂੰ ਇਸ ਸਥਾਨ ਤੋਂ ਉਜਾੜਨ ਲਈ ਵੀ ਉਸ ਨੇ ਕਾਫੀ ਕੋਸ਼ਿਸ਼ਾਂ ਕੀਤੀਆਂ, ਜੋ ਸਫ਼ਲ ਨਾ ਹੋ ਸਕੀਆਂ ਅਤੇ ਅਖੀਰ ਵਿਚ ਭੁੱਲ ਬਖਸ਼ਾ ਕੇ ਦੁਨੀ ਚੰਦ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਬਣ ਗਿਆ। ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ 1515 ਈ: ਵਿਚ ਰੱਖੀ ਸੀ ਅਤੇ 1522 ਵਿਚ ਉਨ੍ਹਾਂ ਨੇ ਇਸ ਥਾਂ 'ਤੇ ਆਪਣੇ ਮਾਤਾ-ਪਿਤਾ ਅਤੇ ਬੱਚਿਆਂ ਨੂੰ ਵੀ ਲੈ ਆਂਦਾ ਸੀ। (ਪ੍ਰਸਿੱਧ ਸਿੱਖ ਵਿਦਵਾਨ ਡਾ: ਰਤਨ ਸਿੰਘ ਜੱਗੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਸ ਨਗਰ ਦੀ ਨੀਂਹ 1504 ਈ: ਵਿਚ ਰੱਖੀ ਸੀ)। ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਬਾਰੇ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਦੀਆਂ ਦੋ ਪਉੜੀਆਂ 38 ਅਤੇ 45 ਵਿਚ ਕੁਝ ਰੌਸ਼ਨੀ ਪਾਈ ਹੈ :

**-ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।**
**ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ। ...**
**ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।**
**ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।**
**ਗੁਰਮੁਖਿ ਭਾਰਿ ਅਥਰਬਣਿ ਤਾਰਾ॥ 38 ॥**
**-ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿਪੁਰੇ ਨੋ ਆਇਆ।**
**ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮ ਧਿਆਇਆ। ...**
**ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।**
**ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕ ਰੂਪੁ ਵਟਾਇਆ। ...**

ਭਾਈ ਗੁਰਦਾਸ ਦੇ ਅਨੁਸਾਰ ਇਥੇ ਆ ਕੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਉਦਾਸੀਆਂ ਵਾਲਾ ਭਾਵ ਸਾਧੂ-ਸੰਤਾਂ ਵਾਲਾ ਪਹਿਰਾਵਾ ਉਤਾਰ ਦਿੱਤਾ ਅਤੇ ਆਮ ਸੰਸਾਰੀ ਲੋਕਾਂ ਵਾਲੇ ਕੱਪੜੇ ਪਹਿਨ ਲਏ ਅਤੇ ਇਸ ਸਥਾਨ 'ਤੇ ਹੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਦੀ ਪਰਖ-ਪੜਚੋਲ ਕਰਕੇ ਉਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਆਪਣਾ ਵਾਰਿਸ ਨਿਯੁਕਤ ਕੀਤਾ ਤੇ ਉਸ ਨੂੰ ਅੰਗਦ ਦਾ ਨਾਂਅ ਦਿੱਤਾ ਅਤੇ ਜੋ ਸਿੱਖ ਪੰਥ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ।

ਇਤਿਹਾਸ ਅਨੁਸਾਰ ਕਰਤਾਰਪੁਰ ਦੇ ਇਸੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਖੇਤੀਬਾੜੀ ਕਰਨੀ ਆਰੰਭ ਦਿੱਤੀ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਦੂਰੋਂ-ਨੇੜਿਓਂ ਇਥੇ ਆਉਣ ਲੱਗ ਪਈਆਂ। ਸੁਬਹ-ਸਵੇਰੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਣੀ ਦਾ ਕੀਰਤਨ ਕਰਦੇ ਸਨ ਅਤੇ ਉਸ ਤੋਂ ਬਾਅਦ ਖੇਤੀਬਾੜੀ ਦੇ ਕੰਮ ਵਿਚ ਰੁਝ ਜਾਂਦੇ ਸਨ। ਹੌਲੀ-ਹੌਲੀ ਇਸ ਨਗਰ ਦੀ ਆਬਾਦੀ ਵਧਣ ਲੱਗ ਪਈ ਅਤੇ ਕੁਝ ਸੰਗਤਾਂ ਪੱਕੇ ਤੌਰ 'ਤੇ ਗੁਰੂ ਸਾਹਿਬ ਨਾਲ ਇਸ ਸਥਾਨ 'ਤੇ ਰਹਿਣ ਲੱਗ ਪਈਆਂ। ਉਨ੍ਹਾਂ ਦੇ ਰਹਿਣ ਲਈ ਉਸ ਸਮੇਂ ਦੀਆਂ ਸਥਿਤੀਆਂ ਮੁਤਾਬਿਕ ਕਮਰੇ ਬਣਵਾਏ ਗਏ ਅਤੇ ਕੀਰਤਨ ਲਈ ਵੀ ਇਕ ਵਿਸ਼ੇਸ਼ ਸਥਾਨ ਬਣਾਇਆ ਗਿਆ। ਹਰ ਸ਼ਾਮ ਨੂੰ ਵੀ ਸਵੇਰ ਦੀ ਤਰ੍ਹਾਂ ਹੀ ਭਾਈ ਮਰਦਾਨਾ ਅਤੇ ਗੁਰੂ ਨਾਨਕ ਦੇਵ ਜੀ ਬਾਣੀ ਪੜ੍ਹਦੇ ਅਤੇ ਕੀਰਤਨ ਕਰਦੇ, ਜਿਸ ਨੂੰ ਸੰਗਤਾਂ ਬੇਹੱਦ ਸ਼ਰਧਾ ਨਾਲ ਸਰਵਣ ਕਰਦੀਆਂ। ਇਥੇ ਰਹਿਣ ਵਾਲੇ ਸਾਰੇ ਸ਼ਰਧਾਲੂ ਇਕੱਠਿਆਂ ਖੇਤੀਬਾੜੀ ਦਾ ਕੰਮ ਕਰਦੇ, ਭੋਜਨ ਤਿਆਰ ਕਰਦੇ ਅਤੇ ਇਕੱਠੇ ਹੀ ਰਲ ਮਿਲ ਕੇ ਛਕਦੇ। ਕਿਹਾ ਜਾਂਦਾ ਹੈ ਕਿ ਸਿੱਖ ਪੰਥ ਵਿਚ ਲੰਗਰ ਦੀ ਪਰੰਪਰਾ ਇਸ ਸਥਾਨ ਤੋਂ ਹੀ ਵਿਕਸਤ ਹੋਈ। ਉਸ ਸਮੇਂ ਦਾ ਸਮਾਜ ਜੋ ਕਿ ਜਾਤਾਂ, ਧਰਮਾਂ ਦੇ ਆਧਾਰ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਸਾਰੇ ਲੋਕਾਂ ਨੂੰ ਮਿਲ ਕੇ ਲੰਗਰ ਤਿਆਰ ਕਰਨ ਅਤੇ ਸੰਗਤ ਵਿਚ ਬਰਾਬਰ ਬੈਠ ਕੇ ਲੰਗਰ ਛਕਣ ਦੇ ਇਕ ਅਜਿਹੇ ਅਮਲ ਵਿਚ ਢਾਲਿਆ, ਜਿਸ ਨਾਲ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨ ਟੁੱਟਣੇ ਸ਼ੁਰੂ ਹੋ ਗਏ। ਮਨੁੱਖੀ ਬਰਾਬਰੀ ਅਤੇ ਮਨੁੱਖੀ ਸਨਮਾਨ ਦਾ ਸੰਕਲਪ ਉੱਭਰਿਆ। ਇਸ ਸਥਾਨ ਤੋਂ ਗੁਰੂ ਨਾਨਕ ਦੇਵ ਜੀ ਨੇ ਖੇਤੀਬਾੜੀ ਦਾ ਕਿੱਤਾ ਆਰੰਭ ਕਰਕੇ ਅਤੇ ਇਸ ਕਿਰਤ ਦੇ ਅਮਲ ਵਿਚ ਉਥੇ ਰਹਿਣ ਵਾਲੇ ਸਾਰੇ ਲੋਕਾਂ ਨੂੰ ਸ਼ਾਮਿਲ ਕਰਕੇ ਦੁਨੀਆ ਅੱਗੇ ਕਿਰਤ ਦੇ ਮਹੱਤਵ ਨੂੰ ਵੀ ਪੇਸ਼ ਕੀਤਾ। ਕਿਹਾ ਜਾ ਸਕਦਾ ਹੈ ਕਿ ਇਸ ਅਮਲ ਵਿਚੋਂ ਹੀ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਉਨ੍ਹਾਂ ਦਾ ਸ਼੍ਰੋਮਣੀ ਸਿਧਾਂਤ ਉੱਭਰ ਕੇ ਸਾਹਮਣੇ ਆਇਆ। ਬਿਨਾਂ ਸ਼ੱਕ ਗੁਰੂ ਨਾਨਕ ਦੇਵ ਜੀ ਦੀਆਂ ਇਹ ਸਰਗਰਮੀਆਂ ਉਸ ਸਮੇਂ ਦੇ ਪੁਰਾਤਨ, ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਹੋਏ ਭਾਰਤੀ ਸਮਾਜ ਵਿਚ ਕ੍ਰਾਂਤੀਕਾਰੀ ਸਿਧਾਂਤਾਂ ਦੀ ਇਕ ਵੱਡੀ ਸ਼ੁਰੂਆਤ ਸੀ।

7 ਸਤੰਬਰ, 1539 ਨੂੰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਆਪਣਾ ਵਾਰਿਸ ਨਿਯੁਕਤ ਕਰਕੇ ਸਿੱਖੀ ਦੇ ਪ੍ਰਚਾਰ, ਪ੍ਰਸਾਰ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੰਭਾਲ ਦਿੱਤੀ ਅਤੇ 22 ਸਤੰਬਰ, 1539 ਨੂੰ ਇਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਅਕਾਲ ਚਲਾਣਾ ਕਰ ਗਏ। ਇਸ ਤੋਂ ਬਾਅਦ ਉਨ੍ਹਾਂ ਦੇ ਹਿੰਦੂ ਅਤੇ ਮੁਸਲਮਾਨ ਸ਼ਰਧਾਲੂਆਂ ਵਿਚ ਉਨ੍ਹਾਂ ਦੇ ਅੰਤਿਮ ਸੰਸਕਾਰ ਸਬੰਧੀ ਵਿਵਾਦ ਪੈਦਾ ਹੋ ਗਿਆ। ਹਿੰਦੂ ਉਨ੍ਹਾਂ ਦੀ ਦੇਹ ਦਾ ਆਪਣੇ ਰੀਤੀ-ਰਿਵਾਜਾਂ ਅਨੁਸਾਰ ਸਸਕਾਰ ਕਰਨਾ ਚਾਹੁੰਦੇ ਸਨ ਜਦੋਂ ਕਿ ਮੁਸਲਮਾਨ ਸ਼ਰਧਾਲੂ ਉਨ੍ਹਾਂ ਨੂੰ ਇਸਲਾਮਿਕ ਢੰਗ-ਤਰੀਕੇ ਅਨੁਸਾਰ ਦਫ਼ਨਾਉਣਾ ਚਾਹੁੰਦੇ ਸਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਦੇਹ ਉੱਪਰ ਜੋ ਚਾਦਰ ਪਾਈ ਗਈ ਸੀ, ਜਦੋਂ ਉਸ ਨੂੰ ਉਠਾਇਆ ਗਿਆ ਤਾਂ ਉਸ ਦੇ ਹੇਠਾਂ ਫੁੱਲ ਹੀ ਮਿਲੇ। ਉਨ੍ਹਾਂ ਦੇ ਹਿੰਦੂ ਅਤੇ ਮੁਸਲਮਾਨ ਸ਼ਰਧਾਲੂਆਂ ਨੇ ਅੱਧੇ-ਅੱਧੇ ਫੁੱਲ ਅਤੇ ਅੱਧੀ-ਅੱਧੀ ਚਾਦਰ ਵੰਡ ਲਈ ਅਤੇ ਉਨ੍ਹਾਂ ਨੇ ਕਰਤਾਰਪੁਰ ਦੇ ਇਸ ਸਥਾਨ 'ਤੇ ਆਪੋ-ਆਪਣੇ ਢੰਗ ਨਾਲ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ। ਮੁਸਲਮਾਨ ਸ਼ਰਧਾਲੂਆਂ ਨੇ ਉਨ੍ਹਾਂ ਦੇ ਫੁੱਲਾਂ ਅਤੇ ਚਾਦਰ ਨੂੰ ਦਫ਼ਨਾ ਕੇ ਦਰਗਾਹ ਦੀ ਉਸਾਰੀ ਕਰ ਲਈ ਅਤੇ ਹਿੰਦੂ ਸ਼ਰਧਾਲੂਆਂ ਨੇ ਇਸੇ ਤਰ੍ਹਾਂ ਉਨ੍ਹਾਂ ਦਾ ਸਸਕਾਰ ਕਰਕੇ ਉਸ ਸਥਾਨ 'ਤੇ ਸਮਾਧੀ ਦੀ ਉਸਾਰੀ ਕਰ ਲਈ। ਇਹ ਦੋਵੇਂ ਸਥਾਨ ਹੁਣ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿਚ ਸਥਿਤ ਹਨ।

ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਕੀਤੀਆਂ ਗਈਆਂ ਉਸਾਰੀਆਂ ਬਾਰੇ ਕਿਹਾ ਜਾਂਦਾ ਹੈ ਕਿ ਰਾਵੀ ਵਿਚ ਹੜ੍ਹ ਆਉਣ ਕਾਰਨ ਇਹ ਉਸਾਰੀਆਂ ਦਰਿਆਬੁਰਦ ਹੋ ਗਈਆਂ ਸਨ। ਪ੍ਰਸਿੱਧ ਸਿੱਖ ਵਿਦਵਾਨ ਡਾ: ਰਤਨ ਸਿੰਘ ਜੱਗੀ ਨੇ ਸਿੱਖ ਪੰਥ ਵਿਸ਼ਵ ਕੋਸ਼



(ਭਾਗ ਪਹਿਲਾ) ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਪੁੱਤਰਾਂ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਨੇ ਰਾਵੀ ਦੇ ਖੱਬੇ ਕੰਢੇ ਜ਼ਿਲ੍ਹਾ ਗੁਰਦਾਸਪੁਰ ਵਿਚ ਗੁਰੂ ਜੀ ਦਾ ਨਵਾਂ ਦੇਹਰਾ ਆਬਾਦ ਕੀਤਾ, ਜੋ ਕਿ ਡੇਰਾ ਬਾਬਾ ਨਾਨਕ ਨਾਲ ਪ੍ਰਸਿੱਧ ਹੋਇਆ। ਬਾਅਦ ਵਿਚ ਕੁਝ ਪ੍ਰੇਮੀਆਂ ਅਤੇ ਉਦਮੀ ਸਿੱਖਾਂ ਨੇ ਰਾਵੀ ਦੇ ਪਰਲੇ ਕੰਢੇ ਪੁਰਾਤਨ ਕਰਤਾਰਪੁਰ ਨਗਰ ਦੀ ਨਿਸ਼ਾਨਦੇਹੀ ਕਰਕੇ ਫਿਰ ਤੋਂ ਕਰਤਾਰਪੁਰ ਨਗਰ ਵਸਾ ਲਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਥੇ ਗੁਰੂਧਾਮ ਉਸਾਰ ਲਿਆ। ਕਿਹਾ ਜਾਂਦਾ ਹੈ ਕਿ ਗੁਰਦੁਆਰਾ ਕਰਤਾਰਪੁਰ ਦਰਬਾਰ ਸਾਹਿਬ ਦੀ ਇਮਾਰਤ ਦੀ ਹੁਣ ਵਾਲੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਕਰਵਾਈ ਗਈ ਸੀ। ਬਾਅਦ ਵਿਚ ਪਟਿਆਲੇ ਦੇ ਮਹਾਰਾਜਾ ਸ: ਭੁਪਿੰਦਰ ਸਿੰਘ ਨੇ 1,35,600 ਰੁਪਏ ਦੀ ਲਾਗਤ ਨਾਲ ਇਸ ਇਮਾਰਤ ਦਾ ਨਵੀਨੀਕਰਨ ਕਰਵਾਇਆ। 1995 ਵਿਚ ਪਾਕਿਸਤਾਨ ਦੀ ਸਰਕਾਰ ਨੇ ਵੀ ਇਸ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਜੋ 2004 ਵਿਚ ਪੂਰਾ ਹੋਇਆ ਸੀ। ਇਹ ਗੁਰਦੁਅਰਾ ਸਾਹਿਬ ਡੇਰਾ ਬਾਬਾ ਨਾਨਕ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਹੁਣ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਪੈਂਦਾ ਹੈ ਅਤੇ ਜੇਕਰ ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ 'ਤੇ ਦੋਵਾਂ ਦੇਸ਼ਾਂ ਵਲੋਂ ਰਾਵੀ ਦਰਿਆ ਦੇ ਉੱਪਰ ਦੀ ਲਾਂਘੇ ਦੀ ਉਸਾਰੀ ਕਰ ਦਿੱਤੀ ਜਾਂਦੀ ਹੈ ਤਾਂ ਡੇਰਾ ਬਾਬਾ ਨਾਨਕ ਤੋਂ 20 ਮਿੰਟਾਂ ਵਿਚ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਪਹੁੰਚ ਕੇ ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰ ਸਕਣਗੇ।

ਜਿਸ ਤਰ੍ਹਾਂ ਦੋਵਾਂ ਪਾਸਿਆਂ ਦੇ ਸਿਆਸਤਦਾਨਾਂ ਅਤੇ ਆਮ ਲੋਕਾਂ ਵਲੋਂ ਆਸਾਂ ਪ੍ਰਗਟ ਕੀਤੀਆਂ ਗਈਆਂ ਹਨ, ਜੇਕਰ ਉਸੇ ਭਾਵਨਾ ਨਾਲ ਇਹ ਸਾਰੇ ਅਮਲ ਨੂੰ ਨੇਪਰੇ ਚਾੜ੍ਹਿਆ ਗਿਆ ਤਾਂ ਬਿਨਾਂ ਸ਼ੱਕ ਦੋਵਾਂ ਦੇਸ਼ਾਂ ਦਰਮਿਆਨ ਦੁਸ਼ਮਣੀ ਭਰੇ ਸਬੰਧਾਂ ਦਾ ਖ਼ਾਤਮਾ ਕਰਕੇ ਪਿਆਰ ਅਤੇ ਮੁਹੱਬਤ 'ਤੇ ਆਧਾਰਿਤ ਨਵੇਂ ਰਿਸ਼ਤਿਆਂ ਦੀ ਸਿਰਜਣਾ ਦਾ ਇਸ ਲਾਂਘੇ ਨਾਲ ਰਸਤਾ ਖੁੱਲ੍ਹ ਸਕਦਾ ਹੈ। ਪਰ ਜਿਸ ਤਰ੍ਹਾਂ ਦੇ ਇਸ ਸਮੇਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧ ਚੱਲ ਰਹੇ ਹਨ, ਉਨ੍ਹਾਂ ਨੂੰ ਮੁੱਖ ਰੱਖਦਿਆਂ ਅਜੇ ਸਿਰਫ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦੀਆਂ ਸਾਰੀਆਂ ਸੰਭਾਵਨਾਵਾਂ ਅਜੇ ਭਵਿੱਖ ਦੀ ਬੁੱਕਲ ਵਿਚ ਹਨ। ਫਿਰ ਵੀ ਅਸੀਂ ਦੋਵਾਂ ਦੇਸ਼ਾਂ ਦਰਮਿਆਨ ਕਰਤਾਰਪੁਰ ਲਾਂਘੇ ਦੀ ਨਵੀਂ ਪਹਿਲ ਨੂੰ ਇਕ ਵੱਡੀ ਸ਼ੁਰੂਆਤ ਸਮਝਦੇ ਹਾਂ।




# ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਦਾ ਮਾਮਲਾ








ਬਰਨਾਲਾ: 27 ਨਵੰਬਰ ਮਹਿਲਕਲਾਂ ਲੋਕ ਸੰਘਰਸ਼ (ਕਿਰਨਜੀਤ ਕੌਰ ਕਤਲ ਕਾਂਡ) ਨੂੰ ਭਾਵੇਂ 21 ਸਾਲ ਦਾ ਦੋ ਦਹਾਕਿਆਂ ਤੋਂ ਵੀ ਵੱਧ ਦਾ ਸਮਾਂ ਬੀਤ ਚੱਲਿਆ ਹੈ ਪਰ ਇਸ ਸੰਘਰਸ਼ ਦੀ ਚੀਸ ਹਾਲੇ ਵੀ ਲੋਕ ਮਨਾਂ 'ਚ ਬਰਕਰਾਰ ਹੈ। ਇਸ ਗੱਲ ਦਾ ਪ੍ਰਗਟਾਵਾ ਐਕਸ਼ਨ ਕਮੇਟੀ ਮਹਿਲਕਲਾਂ ਦੇ ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਨੇ ਉਸ ਵਕਤ ਕੀਤਾ ਜਦ ਤਰਕਸ਼ੀਲ ਭਵਨ ਬਰਨਾਲਾ ਦੇ ਵਿਹੜੇ ਦੋ ਸੰਘਰਸ਼ਸ਼ੀਲ ਸਾਥੀਆਂ 'ਸਰੋਕਾਰਾਂ ਦੀ ਅਵਾਜ' ਦੇ ਸਹਾਇਕ ਸੰਪਾਦਕ ਮਾ. ਭਜਨ ਸਿੰਘ ਕੈਨੇਡਾ ਅਤੇ ਸਾਥੀ ਜਸਵੰਤ ਜੀਰਖ ਆਸਟਰੇਲੀਆ ਤੋਂ ਆਰਥਿਕ ਸਹਿਯੋਗ ਦੀ ਪੰਡ (ਤਕਰੀਬਨ 76 ਹਜ਼ਾਰ ਰੁ.) ਲੈਕੇ ਪੁੱਜੇ। ਇਸ ਬਹੁਤ ਸੰਖੇਪ ਸਾਦਾ ਸਮਾਗਮ ਸਮੇਂ ਬੋਲਦਿਆਂ ਸਾਥੀ ਜਸਵੰਤ ਜੀਰਖ ਅਤੇ ਮਾ.ਭਜਨ ਸਿੰਘ ਨੇ ਕਿਹਾ ਕਿ ਅਸੀਂ ਅੱਜ ਭਾਵੇਂ ਕੈਨੇਡਾ, ਆਸਟਰੇਲੀਆਂ ਚਲੇ ਗਏ ਹਾਂ ਪਰ ਇਸ ਲੋਕ ਸੰਘਰਸ਼ ਦੇ ਪਹਿਲੇ ਦਹਾਕੇ ਦੌਰਾਨ ਅਸੀਂ ਇਸ ਲੋਕ ਸੰਘਰਸ਼ ਦਾ ਸਰਗਰਮ ਹਿੱਸਾ ਹੀ ਨਹੀਂ ਆਪਣੇ ਸੈਂਕੜੇ ਸਾਥੀਆਂ ਸਮੇਤ ਹਰ ਸੰਘਰਸ਼ ਸਰਗਰਮੀ ਸਮੇਤ ਸ਼ਾਮਲ ਹੁੰਦੇ ਰਹੇ ਹਾਂ। ਅਸੀਂ ਸੰਘਰਸ਼ ਦੇ ਹਰ ਪੜਾਅ ਨੂੰ ਬਹੁਤ ਨੇੜਿਉਂ ਹੋਕੇ ਤੱਕਿਆ ਹੈ। ਤੁਹਾਡੇ ਨਾਲ ਰਲਕੇ ਹੀ ਹਰ ਕਿਸਮ ਦੀਆਂ ਚੁਣੌਤੀਆਂ ਦਾ ਟਾਕਰਾ ਕੀਤਾ ਹੈ। ਇਹ ਚੁਣੌਤੀ ਮਨਜੀਤ ਧਨੇਰ ਦੀ ਨਿਹੱਕੀ ਉਮਰ ਕੈਦ ਸਜ਼ਾ ਦੇ ਰੂਪ 'ਚ ਹਾਲੇ ਵੀ ਬਰਕਰਾਰ ਹੈ। ਸਾਨੂੰ ਇਹ ਵੀ ਪਤਾ ਹੈ ਕਿ ਲੋਕ ਆਗੂ ਮਨਜੀਤ ਧਨੇਰ ਨੂੰ ਸਜ਼ਾ ਨਹੀਂ ਸਗੋਂ ਲੋਕ ਪੱਖੀ ਵਿਚਾਰ ਨੂੰ ਸਜ਼ਾ ਹੈ। ਇਸ ਲਈ ਜਦ ਪੰਜਾਬ ਦੀ ਅਣਖੀਲੀ ਮਿਟੀ ਦੇ ਵਾਰਸ 'ਔਰਤ ਮੁਕਤੀ ਦਾ ਚਿੰਨ' ਸ਼ਹੀਦ ਕਿਰਨਜੀਤ ਕੌਰ ਦੀ ਸਹਾਦਤ ਨੂੰ ਯਾਦ ਕਰਕੇ ਔਰਤ ਹੱਕਾਂ ਲਈ ਸੰਘਰਸ਼ ਜਾਰੀ ਰੱਖਣ ਦਾ ਹਜਾਰਾਂ ਦੀ ਤਾਦਾਦ'ਚ ਦਹਿ ਹਜਾਰਾਂ ਜੁਝਾਰੂ ਮਰਦ ਔਰਤਾਂ ਦੇ ਕਾਫਲੇ ਅਹਿਦ ਕਰਦੇ ਹਨ ਤਾਂ ਵਿਦੇਸ਼ਾਂ 'ਚ ਬੈਠੇ ਅਸੀਂ ਲੋਕ ਵੀ ਸੰਘਰਸ਼ 'ਚ ਬਣਦਾ ਹਿੱਸਾ ਪਾਉਣ ਲਈ ਯਤਨਸ਼ੀਲ ਰਹਿੰਦੇ ਹਾਂ। ਹੱਕ, ਸੱਚ, ਇਨਸਾਫ ਲਈ ਜੂਝਦੇ ਲੋਕਪੱਖੀ ਵਿਚਾਰ ਨੂੰ ਗੁੰਡਾ-ਪੁਲਿਸ-ਸਿਆਸੀ ਅਤੇ ਅਦਾਲਤੀ ਗੱਠਜੋੜ ਵੱਲੋਂ ਲੋਕ ਆਗੂ ਮਨਜੀਤ ਧਨੇਰ ਨੂੰ ਸੁਣਾਈ/ਬਰਕਰਾਰ ਰੱਖੀ ਉਮਰਕੈਦ ਸਜਾ ਰੱਦ ਕਰਾਉਣ ਲਈ ਜਦ 1 ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਅਤੇ 2 ਅਕਤੂਬਰ ਨੂੰ ਬਰਨਾਲਾ ਦੀ ਦਾਣਾ ਮੰਡੀ 'ਚ ਬਰਨਾਲਾ ਦਹਿ ਹਜਾਰਾਂ ਜੁਝਾਰੂ ਮਰਦ ਔਰਤਾਂ ਦਾ ਕਾਫਲਾ ਜੁੜਿਆ ਸੀ ਤਾਂ ਅਸੀਂ ਵੀ

## ਵਿਦੇਸ਼ੀ ਬੈਠੇ ਪੰਜਾਬੀ ਵੀ ਸੰਘਰਸ਼ 'ਚ ਹਿੱਸਾ ਪਾਉਣ ਲੱਗੇ

ਕੈਨੇਡਾ, ਆਸਟਰੇਲੀਆ ਰਹਿੰਦੇ ਹੋਏ ਨਿਹੱਕੀ ਸਜ਼ਾ ਰੱਦ ਕਰਨ ਲਈ ਅਵਾਜ਼ ਬੁਲੰਦ ਕਰ ਰਹੇ ਸੀ। ਉਸੇ ਸਮੇਂ ਭਾਵੇਂ ਅਸੀਂ ਇਸ ਸੰਘਰਸ਼ ਲਈ ਵਿਸ਼ੇਸ਼ ਅਪੀਲ ਨਹੀਂ ਕੀਤੀ ਪਰ ਬਹੁਤ ਸਾਰੇ ਸਾਥੀਆਂ ਨੇ ਆਪ ਮੁਹਾਰੇ ਹੀ ਇਸ ਲੋਕ ਸੰਘਰਸ਼ ਲਈ ਛੋਟਾ ਜਿਹਾ ਸਹਿਯੋਗ ਦਿੱਤਾ ਹੈ ਜੋ ਅਸੀਂ ਅੱਜ ਐਕਸ਼ਨ ਕਮੇਟੀ ਦੀ ਝੋਲੀ ਪਾ ਚੱਲੇ ਹਾਂ। ਭਵਿੱਖ 'ਚ ਇਸ ਲੋਕ ਸੰਘਰਸ਼ ਨੂੰ ਫੰਡ ਪੱਖੋਂ ਜਿੰਨੀ ਵੀ ਲੋੜ ਹੋਈ, ਅਵਾਜ ਮਾਰਿਉਂ ਅਸੀਂ ਸੰਘਰਸ਼ਸ਼ੀਲ ਕਾਫਲੇ ਲਈ ਫੰਡ ਪੱਖੋਂ ਕੋਈ ਕਮੀ ਨਹੀਂ ਆਉਣ ਨਹੀਂ ਦੇਵਾਂਗੇ। ਇਸ ਸਮੇਂ ਦੋਵੇਂ ਸਾਥੀਆਂ ਦੇ ਨਾਲ ਆਸਰੇਲੀਆ ਤੋਂ ਪਹੁੰਚੇ ਨੌਜਵਾਨ ਤਿਰਲੋਚਨ ਸਿੰਘ (ਰਾਜੂ) ਜੀਰਖ ਨੇ ਵੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਨੌਜਵਾਨ ਭਾਵੇਂ ਅੱਜ ਕੱਲ ਆਸਟਰੇਲ਼ੀਆ, ਕੈਨੇਡਾ ਰਹਿ ਰਹੇ ਹਾਂ ਪਰ ਆਪਣੀ ਜੰਮਣ ਭੋਇੰ ਉੱਪਰ ਵਾਪਰਦੇ ਵਰਤਾਰਿਆਂ ਨਾਲ ਗੰਭੀਰ ਸਰੋਕਾਰ ਰੱਖਣ ਲਈ ਯਤਨਸ਼ੀਲ ਰਹਿੰਦੇ ਹਾਂ। ਜਦ ਸਾਡੇ ਨਾਲ ਸਾਡੇ ਆਪਣੇ ਕਿਸੇ ਢੰਗ ਰਾਹੀਂ ਭਵਿੱਖ 'ਚ ਰਾਬਤਾ ਕਾਇਮ ਕਰਨਗੇ ਤਾਂ ਅਸੀਂ ਵੀ ਵਿੱਤ ਮੁਤਾਬਕ ਬਣਾ ਯੋਗਦਾਨ ਪਾਉਂਦੇ ਰਹਾਂਗੇ। ਸਾਡੇ ਲਈ ਇਹ ਮਾਣ ਵਾਲੀ ਗੱਲ ਹੋਵੇਗੀ। ਲੋਕ ਆਗੂ ਮਨਜੀਤ ਧਨੇਰ ਨੇ ਕਿਹਾ ਨੇਕੀ ਅਤੇ ਬਦੀ ਦੀ ਜੰਗ ਵਿਚ ਬਦੀ ਦੀਆਂ ਤਾਕਤਾਂ ਕਦੇ ਵੀ ਸੱਚ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ ਉਹ ਲੋਕ ਸੰਘਰਸ਼ਾਂ ਨੂੰ ਆਗੂ ਰਹਿਤ ਕਰਨ ਲਈ ਅਜਿਹੇ ਹੱਥਕੰਡੇ ਵਰਤਦੀਆਂ ਰਹਿੰਦੀਆਂ ਹਨ, ਪਰ ਇਹ ਹੱਥ ਕੰਡੇ ਸੱਚ ਦੇ ਮਾਰਗ ਉੱਪਰ ਤੁਰੇ ਕਾਫਲਿਆਂ ਦੇ ਰਾਹ 'ਚ ਰੋੜਾ ਨਹੀਂ ਬਣ ਸਕਦੇ। ਕਿਉਂਕਿ ਮਹਿਲਕਲਾਂ ਦੇ ਲੋਕ ਸੰਘਰਸ਼ ਨੂੰ ਕੋਈ ਇਕ ਵਿਅਕਤੀ ਨਹੀਂ ਸਗੋਂ ਲੋਕ ਪੱਖੀ ਲਹਿਰਾਂ ਦੀ ਅਗਵਾਈ ਕਰਨ ਵਾਲਾ ਸਾਂਝਾ ਵਿਚਾਰ ਚਲਾ ਰਿਹਾ ਹੈ। ਇਹ ਹਮਲਾ ਵੀ ਵਿਚਾਰ ਉਪਰ ਹਮਲਾ ਹੈ। ਥੋੜ੍ਹੇ ਸਮੇਂ ਦੇ ਨੋਟਿਸ ਤੇ ਇਕੱਤਰ ਹੋਏ ਸਾਥੀਆਂ ਲਈ ਧੰਨਵਾਦੀ ਸ਼ਬਦ ਸਾਥੀ ਕਰਮਜੀਤ ਬੀਹਲਾ ਨੇ ਕਹੇ। ਜਾਣ ਪਛਾਣ/ਸਟੇਜ ਦੇ ਫਰਜ਼ ਸਾਥੀ ਨਰਾਇਣ ਦੱਤ ਨੇ ਨਿਭਾਏ। ਇਸ ਸਮੇਂ ਐਕਸ਼ਨ ਕਮੇਟੀ ਮੈਂਬਰਾਨ ਪ੍ਰੇਮ ਕੁਮਾਰ, ਜਰਨੈਲ ਸਿੰਘ, ਮਾ.ਦਰਸ਼ਨ ਸਿੰਘ ਤੋਂ ਇਲਾਵਾ ਹੇਮ ਰਾਜ ਸਟੈਨੋ, ਗੁਰਦੇਵ ਸਿੰਘ ਮਾਂਗੇਵਾਲ, ਸਾਹਿਬ ਸਿੰਘ ਬਡਬਰ, ਜਗਰਾਜ ਹਰਦਾਸਪੁਰਾ, ਸੰਦੀਪ ਚੀਮਾ, ਸੋਹਣ ਸਿੰਘ ਮਾਝੀ, ਹਰਚਰਨ ਚਹਿਲ, ਅਮਰਜੀਤ ਕੌਰ, ਪਰਮਜੀਤ ਕੌਰ, ਨੀਲਮ ਰਾਣੀ, ਕੁਲਵੀਰ ਸਿੰਘ ਔਲਖ, ਖੁਸ਼ਮੰਦਰਪਾਲ, ਰਜਿੰਦਰ ਪਾਲ ਬਲਵੰਤ ਉੱਪਲੀ, ਗੁਲਵੰਤ ਬਰਨਾਲਾ, ਰਮੇਸ਼ ਹਮਦਰਦ, ਗੁਰਪਰੀਤ ਰੂੜੇਕੇ, ਰਾਜੀਵ ਕੁਮਾਰ, ਜਗਜੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ। ਇਸ ਤਰ੍ਹਾਂ ਅਕਾਰ ਪੱਖੋਂ ਛੋਟਾ ਵਿਚਾਰ ਪੱਖੋਂ ਅਮੀਰ ਸਮਾਗਮ ਯਾਦਗਾਰੀ/ਪਰੇਰਨਾਸ੍ਰੋਤ ਹੋ ਨਿਬੜਿਆ।

**ਨਰਾਇਣ ਦੱਤ** 84275-11770

# ਯੂ.ਕੇ. ਦੇ ਪਰਵਾਸੀ ਮਜ਼ਦੂਰ



ਰਿੰਪੀ ਗਿੱਲ




ਬੇਰੋਜ਼ਗਾਰੀ ਤੋਂ ਛੁਟਕਾਰਾ ਪਾਉਣ ਲਈ ਨੌਜਵਾਨ ਬਾਹਰਲੇ ਮੁਲਕਾਂ ਨੂੰ ਮੂੰਹ ਕਰਦੇ ਨੇ। ਕੋਈ ਸਟੱਡੀ ਬੇਸ ਤੇ ਕੋਈ ਵਿਜ਼ਿਟਰ, ਕੋਈ ਵਿਆਹ ਕਰਾਕੇ ਤੇ ਕਈ ਤਾਂ ਆਪਣੀਆਂ ਜਾਨਾਂ ਤੱਕ ਜੋਖਮ 'ਚ ਪਾ ਦਿੰਦੇ ਨੇ ਕਿਸੇ ਤਰ੍ਹਾਂ ਵੀ ਭਾਰਤ ਤੋਂ ਬਾਹਰ ਨਿਕਲ ਜਾਣ ਲਈ। ਸਭ ਦਾ ਇਕੋ ਇਕ ਸਾਂਝਾ ਮਿਸ਼ਨ ਹੁੰਦਾ ਹੈ ਕਿਸੇ ਤਰਾਂ ਭਵਿੱਖ ਵਿਚ ਰੋਜੀ-ਰੋਟੀ ਦਾ ਪ੍ਰਬੰਧ ਕਰਨਾ ਪਰ ਇਥੇ ਪਹੁੰਚ ਕੇ ਪਤਾ ਚਲਦਾ ਹੈ ਕਿ ਮੁਸੀਬਤਾਂ ਤਾਂ ਅਜੇ ਹੁਣ ਸ਼ੁਰੂ ਹੋਈਆਂ ਨੇ ਪਿੱਛੇ ਜੋ ਝੱਲ ਆਏ ਹਾਂ ਓ ਤਾਂ ਬਸ ਇਕ ਟਰੇਲਰ ਸੀ। ਯੂ.ਕੇ ਵਿਚ ਪਰਵਾਸੀ ਕਾਮਿਆਂ ਦੀ ਲੁੱਟ ਦੇ ਨਿੱਤ ਨਵੇਂ ਕਿਰਤੀਮਾਨ ਸਥਾਪਤ ਹੁੰਦੇ ਹਨ ਤੇ ਲੁਟੇਰੇ ਜਿਆਦਾਤਰ ਹਮਵਤਨੀ ਹੁੰਦੇ ਨੇ ਜੋ ਇੰਨਾ ਕਾਮਿਆਂ ਦੇ ਔਖੇ ਹਲਾਤਾਂ ਦਾ ਰੱਜ ਕੇ ਫਾਇਦਾ ਚੁਕਦੇ ਨੇ। ਜੋ ਵੀ ਵਿਅਕਤੀ ਇਸ ਦੇਸ਼ ਵਿਚ ਸਰਕਾਰਾਂ ਦੀ ਅੱਖ ਵਿਚ ਗੈਰਕਾਨੂੰਨੀ ਹੈ ਭਾਵ ਜਿਸ ਕੋਲ ਇਥੇ ਰਹਿਣ ਦੀ ਅਨੁਮਤੀ ਨਹੀਂ ਹੈ ਉਹ ਇਨਸਾਨ ਹੈ ਹੀ ਨਹੀਂ ਉਹ ਇਕ ਮਸ਼ੀਨ ਹੈ ਜਿਸ ਨੂੰ ਆਪਣੀ ਲੋੜ ਅਨੁਸਾਰ ਜਦੋਂ ਚਾਹੋ ਜਿਵੇਂ ਚਾਹੋ ਵਰਤ ਸਕਦੇ ਹੋ ਜਿਸ ਦੀਆਂ ਭਾਵਨਾਵਾਂ ਨਹੀਂ ਹੁਦੀਆਂ । ਪਰਵਾਸੀ ਕਾਮਿਆਂ ਲਈ ਬਿੰਨਾ ਪੇਪਰਾਂ ਤੋਂ ਇਥੇ ਰਹਿਣਾ ਬਿਨਾ ਬੇੜੀਆਂ ਦੇ ਇਕ ਗੁਲਾਮ ਦੀ ਤਰਾਂ ਵਿਚਰਨਾ ਹੈ।

ਪਹਿਲਾਂ ਤਾਂ ਇਹਨਾਂ ਕਾਮਿਆਂ ਨੂੰ ਕੰਮ ਹੀ ਨਹੀਂ ਮਿਲਦਾ ਜੇਕਰ ਕਿਤੇ ਕੋਈ ਹਮਵਤਨੀ ਹੋਣ ਕਰਕੇ ਤਰਸ ਕਰ ਕੇ ਕੰਮ ਦੇ ਵੀ ਦਿੰਦਾ ਹੈ ਤਾਂ ਉਸ ਦਾ ਰੱਜ ਕੇ ਸ਼ੋਸ਼ਣ ਕਰਦਾ ਹੈ ਉਸ ਦੇ ਖ਼ੂਨ ਦੀ ਆਖਰੀ ਬੂੰਦ ਤੱਕ ਆਪਣੇ ਫਾਇਦੇ ਲਈ ਚੂਸ ਲੈਣਾ ਚਾਹੁੰਦਾ ਹੈ। ਬਾਕੀ ਵਰਕਰਾਂ ਦੇ ਮੁਕਾਬਲੇ ਉਸ ਨੂੰ ਅੱਧ ਜਾਂ ਅੱਧ ਤੋਂ ਵੀ ਘੱਟ ਪ੍ਰਤੀ ਘੰਟੇ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਨੇ ਉਸ ਨਾਲ ਹਰ ਕਦਮ ਤੇ ਵਿਤਕਰਾ ਕੀਤਾ ਜਾਂਦਾ ਹੈ। ਉਸ ਦੇ ਨਾਲ ਕੰਮ ਕਰਦੇ ਹੋਰਨਾ ਕੰਮ ਕਰਨ ਵਾਲਿਆਂ ਨੂੰ ਜਿੰਨਾ ਕੋਲ ਕੰਮ ਕਰਨ ਦਾ ਅਧਿਕਾਰ ਹੈ ਨੂੰ ਵੀ ਮਾਨਸਿਕ ਤੌਰ ਤੇ ਇਸ ਤਰਾਂ ਆਪਣੇ ਪੱਖ ਵਿਚ ਕਰ ਲਿਆ ਜਾਂਦਾ ਹੈ ਕਿ ਉਹ ਇੰਨਾ ਔਕੜਾਂ ਮਾਰੇ ਮਜ਼ਦੂਰਾਂ ਨਾਲ ਭੇਦਭਾਵ ਕਰਨ ਲਗ ਜਾਂਦੇ ਨੇ ਤੇ ਇਸ ਤਰਾਂ ਓਹ ਵੀ ਮਾਲਕਾਂ ਦੇ ਪੱਖ ਵਿਚ ਭੁਗਤਦੇ ਨੇ। ਇਸ ਵੇਲੇ ਯੂ ਕੇ ਵਿਚ ਘੱਟੋ ਘੱਟ ਮੇਹਨਤ ਮੁੱਲ 7.83 ਪ੍ਰਤੀ ਘੰਟਾ ਹੈ ਪਰ ਇਹਨਾਂ ਕਾਮਿਆਂ ਨੂੰ ਕੇਵਲ £ 3 ਪ੍ਰਤੀ ਘੰਟੇ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਨੇ। ਜੇਕਰ ਕੰਮ ਦਾ ਤਜਰਬਾ ਹੈ ਤਾਂ ਵੱਧ ਤੋਂ ਵੱਧ £5 ਦੇ ਦਿੱਤੇ ਜਾਂਦੇ ਹਨ। ਜਦਕਿ ਉਹਨਾ ਤੋਂ ਕੰਮ ਵੀ ਤਿੰਨ ਗੁਣਾ ਜਿਆਦਾ ਲਿਆ ਜਾਂਦਾ ਹੈ। ਇੰਨੇ ਘੱਟ ਪੈਸਿਆਂ ਵਿਚ ਗੁਜਾਰਾ ਕਰਨਾ ਬਹੁਤ ਹੀ ਔਖਾ ਹੁੰਦਾ ਹੈ। ਘਰਾਂ ਦੇ ਕਿਰਾਏ, ਬਿਜ਼ਲੀ ਪਾਣੀ ਮੋਬਾਇਲਾਂ ਦੇ ਬਿੱਲ, ਖਾਣ ਪਾਉਣ ਦੀਆਂ ਵਸਤਾਂ ਦੀਆਂ ਆਸਮਾਨ ਛੂਹੰਦੀਆਂ ਕੀਮਤਾਂ ਤੇ ਪਿੱਛੇ ਇਥੇ ਆਉਣ ਲਈ ਲਏ ਹੋਏ ਕਰਜ਼ੇ ਦੇ ਵਿਆਜ਼ ਦੇ ਫਿਕਰਾਂ ਵਿਚ ਪਿਸਦਾ ਇਹਨਾਂ ਕਾਮਿਆਂ ਦਾ ਇੱਕ ਬਹੁਤ ਵੱਡਾ ਹਿੱਸਾ ਜਿਉਂਦੇ ਰਹਿਣ ਦੀ ਜੱਦੋ ਜਹਿਦ ਵਿਚ ਨਿੱਤ ਮਰਦਾ ਹੈ। ਸਰਦੀਆਂ ਵਿਚ ਜਦੋਂ ਇੱਥੇ ਕੜਾਕੇ ਦੀ ਠੰਡ ਪੈਂਦੀ ਹੈ ਤੇ ਤਾਪਮਾਨ 10 ਡਿਗਰੀ ਸੈਲਸੀਅਸ ਤੋਂ ਵੀ ਹੇਠਾਂ ਚਲਾ ਜਾਂਦਾ ਹੈ ਤਾਂ ਬਿਲਡਿੰਗ ਲਾਇਨ, ਖੇਤਾਂ, ਫਲਾਂ ਦੇ ਬਾਗਾਂ ਆਦਿ ਵਿਚ ਕੰਮ ਕਰਦੇ ਇਨਾਂ ਮਜ਼ਦੂਰਾਂ ਨੂੰ ਨਿਗੁਣੀਆਂ ਤਨਖਾਹਾਂ ਤੇ ਬਾਹਰ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਮੈਨੂੰ ਇੱਕ ਪੁਰਾਣੀ ਦੋਸਤ ਯਾਦ ਹੈ ਜੋ ਬਰਫ਼ ਪੈਣ ਤੇ ਵੀ 3 ਕਿਲੋਮੀਟਰ ਪੈਦਲ ਤੁਰ ਕੇ ਕੰਮ ਤੇ ਜਾਂਦੀ ਆਉਂਦੀ ਸੀ ਜਿਸਦੇ ਬੁੱਟਾਂ ਵਿਚ ਅਕਸਰ ਹੀ ਪਾਣੀ ਪੈ ਜਾਂਦਾ ਸੀ। ਉਸ ਨੂੰ ਕੰਮ ਤੋਂ ਇੰਨੇ ਪੈਸੇ ਨਹੀਂ ਸਨ ਮਿਲਦੇ ਕਿ ਉਹ ਹਰ ਰੋਜ਼ ਬਸ ਦਾ ਕਿਰਾਇਆ ਦੇ ਸਕੇ। ਇਕ ਹੋਰ ਦੋਸਤ ਜੋ ਲਾਂਡਰੀ ਤੇ ਡਰਾਈਕਲੀਨ ਦੀ ਦੁਕਾਨ ਤੇ ਕੰਮ ਕਰਦੀ ਸੀ ਨੂੰ ਗਰਭਵਤੀ ਹੋਣ ਦੇ ਬਾਵਜੂਦ ਭਾਰੇ ਸਟੀਮਰ ਚੁੱਕ ਕੇ ਪੌੜੀਆਂ ਤੋਂ ਉੱਪਰ ਥੱਲੇ ਜਾਣਾ ਪੈਂਦਾ ਸੀ। ਇਕ ਹੋਰ ਬਹੁਤ ਹੀ ਕਰੀਬੀ ਦੋਸਤ ਜਿਸ ਨੇ ਇਕ ਹੋਟਲ ਦੀ ਉਸਾਰੀ ਵਿਚ ਇੱਕ ਹੈਲਪਰ ਵੱਜੋਂ ਕੋਈ ਇੱਕ ਕੁ ਮਹੀਨੇ ਕੰਮ ਕੀਤਾ ਸੀ । ਉਹ 50, 60 ਕਿਲੋ ਵਜ਼ਨੀ ਭਾਰੇ ਪਲਾਸਟਰ ਬੋਰਡ ਇਕੱਲਾ ਹੀ ਉਪਰਲੀ ਮੰਜਿਲ ਤਕ ਲੈ ਕੇ ਜਾਂਦਾ ਸੀ ਤੇ ਦਿਨ ਵਿਚ ਉਸਦੇ ਅਣਗਿਣਤ ਗੇੜੇ ਲਗਦੇ ਸਨ। ਜਦੋਂ ਉਸ ਨੇ ਕੰਮ ਕਰਨ ਮਗਰੋਂ ਪੈਸੇ ਮੰਗੇ ਤਾਂ ਮਾਲਕ ਪੈਸੇ ਦੇਣੋ ਮੁਕੱਰ ਗਿਆ। ਉਸ ਨੇ ਉਹ ਸੀਸੀਟੀਵੀ ਵੀਡੀਓ ਵੀ ਡਲੀਟ ਕਰ ਦਿੱਤੇ ਜਿਸ ਵਿਚ ਉਸ ਦੇ ਕੰਮ ਕਰਨ ਦੇ ਸਬੂਤ ਸਨ। ਇਕ ਹੋਰ ਜਾਣਕਾਰ ਜੋ ਇਕ ਬਿਲਡਰ ਨਾਲ ਕੰਮ ਕਰਦਾ ਸੀ ਨੂੰ ਉਸਦੇ ਮਾਲਕ ਨੇ ਛੱਤ ਉੱਤੇ ਬਾਲੇ ਅੱਧ ਬਣੀਆਂ ਪਾਉੜੀਆਂ ਰਾਹੀਂ ਚੜ੍ਹ ਕੇ ਪਾਉਣ ਲਈ ਮਜਬੂਰ ਕੀਤਾ ਉਸਨੇ ਸਕੈਫਫੋਲਡਿੰਗ ਦੇ ਪੈਸੇ ਬਚਾਉਣ ਲਈ ਇਕ ਮਜ਼ਦੂਰ ਦੀ ਜਾਨ ਦੀ ਵੀ ਪ੍ਰਵਾਹ ਨਾ ਕੀਤੀ ਤੇ ਪਰ ਉਸਦੇ ਇਸ ਗੈਰਮਨੁੱਖੀ ਵਰਤਾਰੇ ਦੀ ਇੱਕ ਗੋਰੀ ਗਵਾਂਢਣ ਨੇ ਸ਼ਕਾਇਤ ਕਰ ਦਿੱਤੀ ਸੀ। ਇਥੇ ਹਰ ਮਜ਼ਦੂਰ ਦੀ ਆਪਣੀ ਕਹਾਣੀ ਹੈ। ਫੜੇ ਜਾਣ ਦੇ ਡਰੋਂ ਇਹ ਮਜ਼ਦੂਰ ਆਪਣਾ ਮੂੰਹ ਬੰਦ ਹੀ ਰਖਦੇ ਨੇ ਤੇ ਕਿਸੇ ਨਾਲ ਵੀ ਆਪਣਾ ਦੁੱਖ ਸਾਂਝਾ ਕਰਨ ਤੋ ਡਰਦੇ ਨੇ। ਪਰਵਾਸੀ ਮਜ਼ਦੂਰਾਂ ਦੇ ਜਾਨਵਰਾਂ ਤੋਂ ਵੀ ਭੈੜੇ ਹਲਾਤਾਂ ਤੋਂ ਸਰਕਾਰਾਂ ਵੀ ਚੰਗੀ ਤਰਾਂ ਵਾਕਫ਼ ਹਨ ਪਰ ਉਹ ਉਹਨਾ ਦੇ ਸੁਧਾਰ ਲਈ ਕੁਝ ਨਹੀਂ ਕਰਨਗੀਆਂ ਕਿਉਂਕਿ ਉਹ ਤਾਂ ਆਪ ਇਸ ਲੁਟੇਰੇ ਨਜ਼ਾਮ ਦਾ ਅਹਿਮ ਹਿੱਸਾ ਹਨ ਜੋ ਸਿਰਫ ਤੇ ਸਿਰਫ ਮਜ਼ਦੂਰਾਂ ਦੀ ਲੁੱਟ ਤੇ ਟਿਕਿਆ ਹੈ।


GALAXY Frightline inc.
Hiring Drivers/Owners/Operators
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



# ਤਰਕਸ਼ੀਲ ਸੁਸਾਇਟੀ ਦਾ ਐਜੂਕੇਟਿਵ ਅਤੇ ਅਵੇਅਰਨੈੱਸ ਸੈਮੀਨਾਰ ਸਫਲਤਾ-ਪੂਰਬਕ ਸੰਪਨ







- ਹਰਜੀਤ ਬੇਦੀ -

ਆਪਣੇ ਮੈਂਬਰਾਂ ਨੂੰ ਵੱਖ ਵੱਖ ਵਿਸ਼ਿਆਂ ਬਾਰੇ ਜਾਗਰੂਕ ਕਰਨ ਦੀ ਨੀਤੀ ਤਹਿਤ ਨੌਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਦਾ ਐਜੂਕੇਟਿਵ ਅਤੇ ਅਵੇਅਰਨੈੱਸ ਸੈਮੀਨਾਰ 25 ਨਵੰਬਰ ਨੂੰ ਮਰੋਕ ਲਾਅ ਆਫਿਸ ਬਰੈਂਪਟਨ ਵਿਖੇ ਪੂਰੀ ਸਫਲਤਾ ਨਾਲ ਨੇਪਰੇ ਚੜ੍ਹਿਆ। ਇਸ ਵਿੱਚ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਲੋਕ ਪੱਖੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ।

ਇਸ ਸੈਮੀਨਾਰ ਵਿੱਚ ਤਰਕਸ਼ੀਲ ਲਹਿਰ ਦੇ ਕੌਮਾਂਤਰੀ ਆਗੂ ਬਲਵਿੰਦਰ ਬਰਨਾਲਾ ਨੇ ਤਰਕਸ਼ੀਲਤਾ ਅਤੇ ਧਰਮ ਵਿਸ਼ੇ 'ਤੇ ਆਪਣਾ ਪੇਪਰ ਪੜ੍ਹਿਆ। ਇਸ ਵਿੱਚ ਉਹਨਾਂ ਨੇ ਤਰਕਸੀਲਤਾ ਅਤੇ ਧਰਮ ਦੀ ਮਨੁੱਖੀ ਜੀਵਨ ਵਿੱਚ ਸਾਰਥਕਤਾ ਬਾਰੇ ਵਿਚਾਰ ਪੇਸ਼ ਕੀਤੇ। ਇਸੇ ਤਰ੍ਹਾ ਡਾ: ਬਲਜਿੰਦਰ ਸੇਖੋਂ ਨੇ ਸਮਾਜਵਾਦ ਦਾ ਸੰਕਟ ਬਾਰੇ ਆਪਣਾ ਪੇਪਰ ਸਰੋਤਿਆਂ ਦੇ ਰੂਬਰੂ ਪੇਸ਼ ਕੀਤਾ। ਇਸ ਉਪਰੰਤ ਇਹਨਾਂ ਵਿਸ਼ਿਆਂ ਤੇ ਸਰੋਤਿਆਂ ਵਲੋਂ ਸਵਾਲ ਅਤੇ ਉਪਰੋਕਤ ਬੁਲਾਰਿਆਂ ਵਲੋਂ ਉਹਨਾਂ ਦੇ ਜਵਾਬਾਂ ਦਾ ਸਿਲਸਿਲਾ ਚੱਲਿਆ। ਇਸ ਸਾਰੀ ਬਹਿਸ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਧਰਮ ਮਨੁੱਖ ਦੇ ਪਰਿਵਾਰਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦਾ। ਧਾਰਮਿਕ ਆਦਰਸ਼ਵਾਦ ਇਹਨਾਂ ਮਸਲਿਆਂ ਦਾ ਕਤਈ ਹੱਲ ਨਹੀਂ ਹੋ ਸਕਦਾ।

ਮਨੁੱਖੀ ਜੀਵਨ ਨਾਲ ਸਬੰਧਤ ਇਹ ਮਸਲੇ ਸਿਰਫ ਤਰਕਸ਼ੀਲ ਸੋਚ ਅਪਣਾ ਕੇ ਹੀ ਹੱਲ ਹੋ ਸਕਦੇ ਹਨ। ਇਸੇ ਤਰ੍ਹਾਂ ਸਮਾਜਵਾਦ ਦੇ ਸੰਕਟ ਬਾਰੇ ਵਿਚਾਰ ਵਟਾਂਦਰੇ ਵਿੱਚ ਇਹ ਗੱਲ ਸਾਹਮਣੇ ਆਈ ਕਿ ਰੂਸ ਵਿੱਚ ਸਟਾਲਿਨ ਤੱਕ ਅਤੇ ਚੀਨ ਵਿੱਚ ਵੀ ਸਮਾਜਵਾਦ ਕਾਫੀ ਸਮਾਂ ਕਾਮਯਾਬੀ ਨਾਲ ਸਫਲ ਰਿਹਾ ਪਰ ਉਲਟ ਇਨਕਲਾਬ ਆਉਣ ਕਰ ਕੇ ਇਹ ਸੰਕਟ ਵਿੱਚ ਆ ਗਿਆ। ਬਹਿਸ ਦੌਰਾਨ ਆਮ ਵਿਚਾਰ ਇਹ ਸੀ ਕਿ ਵਧੀਆ ਸਮਾਜ ਦੀ ਹੋਂਦ ਸਮਾਜਵਾਦੀ ਢਾਂਚੇ ਵਿੱਚ ਹੀ ਸੰਭਵ ਹੈ। ਸਰਮਾਏਦਾਰੀ ਦੇ ਕਿਲੇ ਢਹਿ ਢੇਰੀ ਹੋ ਰਹੇ ਹਨ ਤੇ ਉਹਨਾਂ ਨੇ ਆਪਣੀ ਹੋਂਦ ਕਾਇਮ ਰੱਖਣ ਲਈ ਸਾਰੇ ਸੰਸਾਰ ਦੇ ਆਮ ਲੋਕਾਂ ਨੂੰ ਬਲਦੀ ਦੇ ਬੂਥੇ ਪਾਇਆ ਹੋਇਆ ਹੈ ਤੇ ਹਥਿਆਰਾਂ ਦੀ ਅੰਨ੍ਹੀ ਦੌੜ ਕਾਰਨ ਆਮ ਲੋਕਾਂ ਦੀ ਲੋੜਾ ਦੀ ਪੂਰਤੀ ਪਿੱਛੇ ਧੱਕ ਦਿੱਤੀ ਗਈ ਹੈ। ਸਮਾਜਵਾਦ ਹੀ ਮਨੁੱਖਤਾ ਨੂੰ ਸਹੀ ਢਾਂਚਾ ਦੇਣ ਦਾ ਰਾਹ ਹੈ।



ਇਸ ਤੋਂ ਬਿਨਾਂ ਤਰਕਸੀਲ ਸੁਸਾਇਟੀ ਦੇ ਅਗਲੇ ਸਾਲਾਂ ਦੇ ਪ੍ਰੋਗਰਾਮਾਂ ਦੀ ਰੂਪ-ਰੇਖਾ ਬਾਰੇ ਗੱਲਬਾਤ ਕੀਤੀ ਗਈ। ਅਗਲੇ ਸਾਲ 14 ਅਪਰੈਲ 2019 ਨੂੰ ਜਲ੍ਹਿਆਂਵਾਲਾ ਬਾਗ ਦੁਖਾਂਤ ਦੀ ਸਤਾਬਦੀ ਨੂੰ ਸਮਰਪਿਤ ਪ੍ਰੋਗਰਾਮ ਕਰਨ ਦਾ ਫੈਸਲਾ ਕੀਤਾ ਗਿਆ। ਮੀਡੀਆ ਰਾਹੀਂ ਅੰਧ-ਵਿਸ਼ਵਾਸ਼ ਫੈਲਾਉਣ ਵਿਰੁੱਧ ਫੈਡਰਲ ਅਤੇ ਪਰੋਵਿੰਸਲ ਪੱਧਰ ਤੇ ਕਾਨੂੰਨ ਬਣਾਉਣ ਲਈ ਸੁਸਾਇਟੀ ਵਲੋਂ ਲੋਕਾਂ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾਵੇਗੀ। ਸੁਸਾਇਟੀ ਵਲੋਂ ਲੋਕਾਂ ਨੂੰ ਤਰਕਸ਼ੀਲ ਵਿਚਾਰਧਾਰਾ ਅਪਣਾਉਣ ਅਤੇ ਸੁਸਾਇਟੀ ਨਾਲ ਜੁੜਨ ਦਾ ਸੱਦਾ ਦਿੱਤਾ ਗਿਆ। ਪ੍ਰੋਗਰਾਮ ਵਿੱਚ ਇੰਡੋ ਕਨੇਡੀਅਨ ਵਰਕਰਜ ਐਸੋ: ਸਰੋਕਾਰਾਂ ਦੀ ਆਵਾਜ, ਕਨੇਡੀਅਨ ਪੰਜਾਬੀ ਸਾਹਿਤ ਸਭਾ, ਸੀਨੀਅਰਜ਼ ਐਸੋ:, ਪੈਨਸ਼ਨਰਜ਼ ਐਸੋ:, ਚੇਤਨਾ ਕਲਚਰਲ ਮੰਚ ਅਤੇ ਹੋਰ ਅਗਾਂਹ-ਵਧੂ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਣ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਕਿਸੇ ਵੀ ਤਰ੍ਹਾਂ ਦੀ ਮਾਨਸਿਕ ਉਲਝਣ ਤੋਂ ਬਚਣ, ਵਹਿਮਾਂ ਭਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ, ਤਰਕਸ਼ੀਲ ਸਾਹਿਤ ਪ੍ਰਾਪਤ ਕਰਨ ਜਾਂ ਸੁਸਾਇਟੀ ਸਬੰਧੀ ਕਿਸੇ ਵੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202, ਨਿਰਮਲ ਸੰਧੂ 416-835-3450, ਡਾ: ਬਲਜਿੰਦਰ ਸੇਖੋਂ ਨਾਲ 905-781-1197 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੁਧਾ ਭਾਰਦਵਾਜ ਤੇ ਆਦਿਵਾਸੀ ਸੰਘਰਸ਼

ਅੱਜ ਤੋਂ ਕਰੀਬ ਦਸ ਸਾਲ ਪਹਿਲਾਂ ਅਮਰੀਕਾ ਦੀ ਪੀਪਲਜ਼ ਹਿਸਟਰੀ ਦੀ ਕਿਤਾਬ ਦਿਖਾਉਂਦੇ ਹੋਏ ਸੁਧਾ ਭਾਰਦਵਾਜ ਨੇ ਮੈਨੂੰ ਕਿਹਾ, ਹਿਮਾਂਸ਼ੂ ਜਦੋਂ ਮੈਂ ਜੇਲ੍ਹ ਜਾਵਾਂਗੀ ਤਾਂ ਇਸ ਕਿਤਾਬ ਦਾ ਹਿੰਦੀ 'ਚ ਅਨੁਵਾਦ ਕਰਾਂਗੀ। ਸੁਧਾ ਭਾਰਦਵਾਜ ਨਾਲ ਮੇਰੀ ਮੁਲਾਕਾਤ ਮੇਰੇ ਬਸਤਰ 'ਚ ਕੰਮ ਸ਼ੁਰੂ ਕਰਨ ਤੋਂ ਕਈ ਸਾਲ ਬਾਅਦ ਇੱਕ ਮੀਟਿੰਗ ਵਿੱਚ ਹੋਈ ਸੀ। ਸੁਧਾ ਮਨੁੱਖੀ ਅਧਿਕਾਰਾਂ ਲਈ ਕੰਮ ਕਰਦੀ ਸੀ। ਉਦੋਂ ਤੱਕ ਮੈਂ ਤੇ ਮੇਰੇ ਸਾਥੀ ਸਰਿ ਦੀਆਂ ਯੋਜਨਾਵਾਂ ਨੂੰ ਆਦਿਵਾਸੀਆਂ ਤੱਕ ਪਹੁੰਚਾਣ ਵਿੱਚ ਸਰਕਾਰ ਦੀ ਮੱਦਦ ਕਰਦੇ ਸੀ। ਮੇਰੇ ਇੱਕ ਹਜ਼ਾਰ ਸਾਥੀ ਪੂਰੇ ਬਸਤਰ ਵਿੱਚ ਸਿਹਤ, ਸਿੱਖਿਆ, ਪਾਣੀ ਬਚਾਉਣ, ਜੰਗਲ ਲਾਉਣ, ਨੌਜਵਾਨਾਂ ਨੂੰ ਰੁਜ਼ਗਾਰਮੁਖੀ ਟ੍ਰੇਨਿੰਗ ਦੇਣ ਅਤੇ ਔਰਤਾਂ ਦੇ ਸਵੈ-ਸਹਾਇਤਾ ਗਰੁੱਪਾਂ ਵੱਲੋਂ ਉਨ੍ਹਾਂ ਦੀ ਆਮਦਨ ਵਧਾਉਣ ਲਈ ਕੰਮ ਕਰ ਰਹੇ ਸੀ।

ਉਂਞ ਤਾਂ ਬਸਤਰ ਪੰਜਵੀਂ ਸੂਚੀ 'ਚ ਆਉਂਦਾ ਸੀ। ਪੰਜਵੀਂ ਸੂਚੀ ਵਾਲੇ ਇਲਾਕਿਆਂ ਵਿੱਚ ਸਰਕਾਰ ਬਗੈਰ ਆਦਿਵਾਸੀਆਂ ਦੀਆਂ ਗ੍ਰਾਮ ਸਭਾਵਾਂ ਦੀ ਇਜਾਜ਼ਤ ਤੋਂ ਕੋਈ ਖਨਣ ਜਾ ਸਨਅਤ ਨਹੀਂ ਲਾ ਸਕਦੀ ਸੀ। ਪਰ ਸਰਕਾਰ ਨੇ ਸੰਵਿਧਾਨ ਨੂੰ ਨਹੀਂ ਮੰਨਿਆ। ਸਰਕਾਰ ਨੇ ਪੰਜ ਹਜ਼ਾਰ ਆਦਿਵਾਸੀ ਨੌਜਵਾਨਾਂ ਦੇ ਹੱਥ ਬੰਦੂਕਾਂ ਫੜਾ




ਕੇ ਪਿੰਡਾਂ ਵਾਲਿਆਂ ਨੂੰ ਕੁੱਟ-ਮਾਰ ਕੇ ਉਨ੍ਹਾਂ ਤੋਂ ਪਿੰਡਾਂ ਨੂੰ ਖਾਲੀ ਕਾਉਣ ਦੇ ਕੰਮ ਲਾ ਦਿੱਤਾ। ਇਨ੍ਹਾਂ ਸਭ ਨੇ ਮਿਲ ਕੇ ਆਦਿਵਾਸੀਆਂ ਦੇ ਸਾਢੇ ਛੇ ਸੌ ਪਿੰਡਾਂ ਨੂੰ ਫੂਕ ਸੁੱਟਿਆ। ਆਜ਼ਾਦੀ ਤੋਂ ਬਾਅਦ ਆਦਿਵਾਸੀਆਂ 'ਤੇ ਇਹ ਸਰਕਾਰ ਦਾ ਸਭ ਤੋਂ ਵੱਡਾ ਹਮਲਾ ਸੀ। ਬੱਚਿਆਂ ਦੇ ਡਾਕਟਰ ਬਿਨਾਇਕ ਸੇਨ ਨੂੰ ਇਹਦੇ ਖਿਲਾਫ਼ ਆਵਾਜ਼ ਉਠਾਉਣ ਬਦਲੇ ਸਰਕਾਰ ਨੇ ਜੇਲ੍ਹ 'ਚ ਡੱਕ ਦਿੱਤਾ ਸੀ ਇਸੇ ਦੌਰਾਨ ਮੇਰੀ ਮੁਲਾਕਾਤ ਸੁਧਾ ਨਾਲ ਹੋਈ। ਪਹਿਲੀ ਹੀ ਮੁਲਾਕਾਤ ਵਿੱਚ ਸੁਧਾ ਨਿਮਰਤਾ ਨਾਲ ਗੱਲ ਕਰਨ ਵਾਲੀ ਸਮਝਦਾਰ ਔਰਤ ਲੱਗੀ। ਇਸ ਤੋਂ ਬਾਅਦ ਕਈ ਸਾਲ ਤੱਕ ਅਸੀਂ ਰਲ ਕੇ ਕੰਮ ਕੀਤਾ। ਵਧੇਰੇ ਸੱਚੀ ਗੱਲ ਤਾਂ ਇਹ ਹੈ ਕਿ ਸੁਧਾ ਨੇ ਕਈ ਸਾਲਾਂ ਤੱਕ ਮੇਰੀ ਬਹਾ ਮੱਦਦ ਕੀਤੀ। ਛਤੀਸਗੜ੍ਹ ਦੀ ਭਾਜਪਾ ਸਰਕਾਰ ਆਦਿਵਾਸੀਆਂ ਦੀਆਂ ਜਮੀਨਾਂ 'ਤੇ ਕੰਪਨੀਆਂ ਦਾ ਕਬਜ਼ਾ ਕਰਾਉਣ ਲਈ ਆਦਿਵਾਸੀਆਂ ਦੇ ਪਿੰਡਾਂ ਨੂੰ ਜਲਾ ਰਹੀ ਸੀ। ਆਦਿਵਾਸੀ ਔਰਤਾਂ ਨਾਲ ਸੁਰੱਖਿਆ ਦਸਤਿਆਂ ਦੇ ਸਿਪਾਹੀ ਅਤੇ ਐਸ ਪੀ ਓ ਬਲਾਤਕਾਰ ਕਰ ਰਹੇ ਸਨ। ਸਰਕਾਰ ਨਿਰਦੋਸ਼ ਬੱਚਿਆਂ ਤੇ ਜਵਾਨਾਂ ਦੇ ਕਤਲ ਕਰ ਰਹੀ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸੂਚਨਾ ਮਿਲਦੇ ਹੀ ਸਾਡੇ ਸਾਥੀ ਪੀੜਤ ਆਦਿਵਾਸੀਆਂ ਨੂੰ ਮਿਲਦੇ ਸਨ।

ਸੁਧਾ ਆ ਕੇ ਉਨ੍ਹਾਂ ਲੋਕਾਂ ਨੂੰ ਕਾਨੂੰਨੀ ਮੱਦਦ ਦੇਣ ਲਈ ਕਾਗਜ ਤਿਆਰ ਕਰਦੀ। ਸੁਧਾ ਸਾਡੇ ਕੋਲ ਬੱਸ ਰਾਹੀਂ ਪੰਜ ਸੌ ਕਿਲੋਮੀਟਰ ਦਾ ਸਫਰ ਤਹਿ ਕਰਕੇ ਬਿਲਾਸਪੁਰ ਤੋਂ ਆਉਂਦੀ ਸੀ ? ਸੁਧਾ ਨੇ ਸਾਡੇ ਤੋਂ ਕਦੇ ਕਿਰਾਇਆ ਨਹੀਂ ਸੀ ਮੰਗਿਆ। ਸੁਧਾ ਸਾਡੇ ਸਾਰੇ ਕੇਸ ਮੁਫਤ ਲੜਦੀ ਸੀ। ਕਈ ਸਾਰੇ ਮਾਮਲਿਆਂ 'ਚ ਸਾਡੇ ਨਾਲ ਪਿੰਡਾਂ 'ਚ ਜਾ ਕੇ ਆਦਿਵਾਸੀਆਂ ਨੂੰ ਮਿਲਦੀ ਸੀ।

ਸਾਮਸੇਟੀ ਪਿੰਡਾਂ ਵਿੱਚ ਚਾਰ ਬਲਾਤਕਾਰ ਪੀੜਤ ਲੜਕੀਆਂ ਨਾਲ ਪੁਲਿਸ ਵਾਲਿਆਂ ਨੇ ਸਮੂਹਿਕ ਬਲਾਤਕਾਰ ਕੀਤਾ ਸੀ। ਪਰ ਸੁਧਾ ਨੇ ਉਸ ਕੇਸ ਨੂੰ ਆਪਣੇ ਹੱਥ ਲੈ ਕੇ ਪੁਲਿਸ ਵਾਲਿਆਂ ਦੇ ਵਾਰੰਟ ਕਢਵਾ ਦਿੱਤੇ। ਪਰ ਬਾਅਦ 'ਚ ਸਰਕਾਰ ਨੇ ਪੂਰੀ ਫੋਰਸ ਝੋਕ ਕੇ ਲੜਕੀਆਂ ਨੂੰ ਅਗਵਾ ਕਰਵਾਇਆ ਅਤੇ ਥਾਣੇ ਵਿੱਚ ਲਿਆ ਕੇ ਦੁਬਾਰਾ ਬਲਾਤਕਾਰ ਕਰਵਾਇਆ। ਇਸੇ ਦੌਰਾਨ ਮੈਨੂੰ ਛੱਤੀਸਗੜ੍ਹ ਵਿੱਚੋਂ ਖੱਢ ਦਿੱਤਾ ਗਿਆ। ਉਸ ਤੋਂ ਬਾਅਦ ਉਨ੍ਹਾਂ ਲੜਕੀਆਂ ਦਾ ਕੇਸ ਪੁਲਿਸ ਨੇ ਤੀਜੀ ਵਾਰ ਬਲਾਤਕਾਰ ਕਰਕੇ ਕੇਸ ਜਬਰਦਸਤੀ ਵਾਪਸ ਕਰਵਾ ਦਿੱਤਾ।

ਸੁਧਾ ਨਾਲ ਮੈਨੂੰ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਜਾ ਕੇ ਮੀਟਿੰਗਾਂ ਨੂੰ ਸੰਬੋਧਿਤ ਕਰਨ ਦਾ ਮੌਕਾ ਮਿਲਿਆ। ਸੁਧਾ ਬੜੀ ਵਧੀਆ ਵਕਤਾ ਹੈ ਉਹ ਬਹੁਤ ਸੌਖੇ ਤਰੀਕੇ ਨਾ ਆਪਣੀ ਗੱਲ ਸਰੋਤਿਆਂ ਤੱਕ ਪਹੁੰਚਾ ਦਿੰਦੀ ਹੈ। ਸੁਧਾ ਅਮਰੀਕਾ ਵਿੱਚ ਜਨਮੀ ਅਤੇ ਲੰਡਨ ਵਿੱਚ ਪੜੀ ਪਰ ਉਹਨਾਂ ਬਾਰੇ ਪੁਛੱਣ 'ਤੇ ਬਹੁਤ ਸ਼ਰਮਾ ਕੇ ਹੀ ਇਹ ਗੱਲ ਦੱਸਦੀ ਹੈ। ਸੁਧਾ ਕਦੇ ਵੀ ਨਹੀਂ ਚਾਹੁੰਦੀ ਕਿ ਪਿੰਡਾਂ ਤੋਂ ਆਏ ਵਰਕਰ ਸੁਧਾ ਨੂੰ ਖੁਦ ਤੋਂ ਵੱਡੀ ਸਮਝਣ। ਸੁਧਾ ਦੀ ਰਹਿਣੀ-ਸਹਿਣੀ ਬਹੁਤ ਸਾਦੀ ਹੈ। ਖਾਦੀ ਦੀ ਸੂਤੀ ਸਾੜੀ ਤੇ ਪੈਰਾਂ 'ਚ ਸਸਤੀ ਜਿਹੀ ਚੱਪਲ। ਨੀਂਦ ਆਉਣ 'ਤੇ ਸੁਧਾ ਭੁੰਜੇ ਚਾਦਰ ਵਿਛਾ ਕੇ ਚੁਪਚਾਪ ਸੌਂ ਜਾਂਦੀ ਹੈ। ਜੋ ਮਿਲਿਆ ਖਾ ਛੱਡਦੀ ਹੈ। ਸੰਤਾਂ ਦੇ ਵਿਖਿਆਨਾਂ ਮੁਤਾਬਕ ਸੁਧਾ ਇਸ ਜ਼ਮਾਨੇ ਦੀ ਸੰਤ ਹੈ। ਜੋ ਲੋਕਾਂ ਲਈ ਕਸ਼ਟ ਸਹਿੰਦੇ ਹਨ, ਸਭ ਕੁੱਝ ਤਿਆਗ ਦਿੰਦੇ ਹਨ ਅਤੇ ਇਸ ਕਾਰਨ ਜਿਨ੍ਹਾਂ ਨੂੰ ਸੱਤਾ ਪ੍ਰੇਸ਼ਾਨ ਕਰਦੀ ਹੈ। ਅੱਜ ਸੁਧਾ ਨੂੰ ਹਕੂਮਤ ਪ੍ਰੇਸ਼ਾਨ ਕਰ ਰਹੀ ਹੈ। ਮੋਦੀ ਸਰਕਾਰ ਨੇ ਉਸ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਹੈ। ਮੈਂ ਜਾਣਦਾ ਹਾਂ ਸੁਧਾ ਪੂਰਨ ਰੂਪ 'ਚ ਬਾਇੱਜ਼ਤ ਬਰੀ ਹੋ ਕੇ ਬਾਹਰ ਆਵੇਗੀ। ਮੈਂ ਜਦੋਂ ਸੁਧਾ ਦੀ ਪੂਰੀ ਜ਼ਿੰਦਗੀ ਨੂੰ ਦੇਖਦਾ ਹਾਂ ਤਾਂ ਲੱਗਦਾ ਹੈ ਜਿਵੇਂ ਕੋਈ ਕਹਾਣੀ ਪੜ੍ਹ ਰਿਹਾ ਹੋਵਾਂ ਜਿਸ ਵਿੱਚ ਇੱਕ ਸੰਤ ਨੂੰ ਕਰੂਰ ਰਾਜਾ ਤਸੀਹੇ ਦੇ ਰਿਹਾ ਹੋਵੇ। ਕਦੇ ਵਕਤ ਮਿਲਿਆ ਤਾਂ ਸੁਧਾ ਦੀ ਜ਼ਿੰਦਗੀ 'ਤੇ ਇੱਕ ਨਾਵਲ ਲਿਖਾਂਗਾ।



# ਔਰਤ ਦੀ ਅਜ਼ਾਦੀ ਸਮਾਜਿਕ ਚੇਤਨਾ ਨਾਲ ਜੁੜੀ ਹੋਈ ਹੈ





ਬੀਤੇ ਦਿਨੀਂ ਲੁਧਿਆਣਾ ਜਿਲੇ ਦੇ 'ਪਿੰਡ ਲਤਾਲਾ' ਵਿਖੇ ਜਨਵਾਦੀ ਇਸਤਰੀ ਸਭਾ ਪੰਜਾਬ ਦੇ ਜ਼ਿਲ੍ਹਾ ਇਜਲਾਸ ਵਿੱਚ 'ਲੋਕ ਸੰਗੀਤ ਮੰਡਲੀ ਜੀਦਾ' ਵੱਲੋਂ ਲੋਕ ਪੱਖੀ ਗੀਤ ਸੰਗੀਤ ਦੀ ਪੇਸ਼ਕਾਰੀ ਕਰਨ ਦਾ ਬੁਲਾਵਾਂ ਮਿਲਿਆ ।

ਇਜਲਾਸ ਵਿੱਚ ਔਰਤਾਂ ਦੀ ਚੇਤਨਾ ਸਬੰਧੀ ਵਿਚਾਰ ਚਰਚਾ ਹੋਈ। ਜਿਸ ਵਿੱਚ ਔਰਤਾਂ ਦੀ ਸਮਾਜਿਕ ਭੂਮਿਕਾ ਬਾਰੇ, ਔਰਤਾਂ ਦੀ ਸਮਾਜਿਕ ਹਾਲਤ ਉੱਤੇ ਔਰਤ ਬੁਲਾਇਆ ਵਲੋਂ ਚਰਚਾ ਕੀਤੀ ਗਈ। ਜਨਵਾਦੀ ਇਸਤਰੀ ਸਭਾ ਲੁਧਿਆਣਾ ਵਲੋਂ ਕੀਤੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤਾ ਗਈ।

ਇਸ ਸਬੰਧੀ ਪੋ: ਸੁਰਿੰਦਰ ਕੌਰ, ਨੇ ਔਰਤਾਂ ਦੀਆਂ ਸਮਾਜ ਵਿੱਚ ਸਮੱਸਿਆਵਾਂ ਨੂੰ ਉਭਾਰਿਆ ਤੇ ਕਿਹਾ ਕਿ ਔਰਤ ਸਮਾਜ ਵਿੱਚ ਦੂਹਰੀ ਗੁਲਾਮ ਹੈ।

ਇਸ ਕਰਕੇ ਔਰਤਾਂ ਨੂੰ ਬਰਾਬਰ ਦੇ ਹੱਕਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਹੱਕਾਂ ਦੀ ਲੜਾਈ ਲਈ ਚੇਤਨਾ ਜ਼ਰੂਰੀ ਹੈ। ਸਮਾਜਿਕ ਤਬਦੀਲੀ ਲਈ ਜੋ ਮਸਲੇ ਸਮਾਜ ਦੇ ਸਾਂਝੇ ਹਨ। ਤਾਂ ਹੀ ਮਰਦਾਂ ਤੇ ਔਰਤਾਂ ਨੂੰ ਇਕੱਠਾ ਕਰਕੇ ਹੀ ਸਮਾਜਿਕ ਸਮੱਸਿਆਵਾਂ ਦੇ ਹੱਲ ਵਾਸਤੇ ਲੜਾਈ ਲੜਨ ਵਾਸਤੇ ਇਕੱਠਿਆਂ ਹੀ ਤੁਰਨਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਔਰਤਾਂ ਨੂੰ ਅੱਗੇ ਵਧਣ ਲਈ ਚੰਗਾ ਸਮਾਜਿਕ ਮਾਹੌਲ ਚਾਹੀਦਾ ਹੈ। ਜਿਥੇ ਨਿਰਭਉ ਤੇ ਨਿਰਵੈਰ ਔਰਤਾਂ ਆਪਣੀ ਜ਼ਿੰਦਗੀ ਜੀ ਸਕਣ।

ਉਹਨਾਂ ਕਿਹਾ ਕਿ ਕਨੂੰਨ ਬਲਾਤਕਾਰੀ ਨੂੰ ਸਜ਼ਾਵਾਂ ਦੇਣ ਦਾ ਕੰਮ ਕਰਦਾ ਹੀ ਨਹੀਂ ਹੈ। ਉਹਨਾਂ ਦੱਸਿਆ ਕਿ ਨਾਗਾਲੈਂਡ ਵਿੱਚ ਲੋਕ ਲਹਿਰ ਵਲੋਂ ਚੁਰਾਏ ਵਿੱਚ ਬਲਾਤਕਾਰ ਦੇ ਦੋਸ਼ੀਆਂ ਨੂੰ ਜੇਲ੍ਹ ਵਿੱਚੋਂ ਕੱਢ ਕੇ ਚੁਰਾਏ ਵਿੱਚ ਫਾਂਸੀ ਚਾੜ੍ਹਿਆ ਸੀ। ਜਦੋਂ ਕਨੂੰਨ ਰਾਹੀਂ ਇਨਸਾਫ਼ ਨਹੀਂ ਮਿਲਦਾ ਲੋਕ ਲਹਿਰ ਉਠਦੀ ਹੈ ਜੋ ਅਜੇਹੇ ਫੈਸਲੇ ਲੋਕ ਆਪ ਕਰਦੇ ਹਨ।

ਨੀਲਮ ਘੁਮਾਣ ਜਨਰਲ ਸਕੱਤਰ ਜਨਵਾਦੀ ਇਸਤਰੀ ਸਭਾ ਪੰਜਾਬ ਵੱਲੋ ਜ਼ਿਲਾ ਲੁਧਿਆਣਾ ਦੀ ਆਗੂ ਟੀਮ ਦਾ ਪੈਨਲ ਪੇਸ਼ ਕੀਤਾ ਗਿਆ।

ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਕੌਰ, ਸਕੱਤਰ ਚਰਨਜੀਤ ਕੌਰ ਲਤਾਲਾ, ਵਿੱਤ ਸਕੱਤਰ ਸੁਖਵਿੰਦਰ ਸੁੱਖੀਯੋਧਾ, ਮੁਖਤਿਆਰ ਕੌਰ, ਚਰਨਜੀਤ ਕੌਰ, ਰਾਜਦੀਪ ਕੌਰ, ਬਲਜਿੰਦਰ ਕੌਰ, ਪਰਮਜੀਤ ਕੌਰ ਯੋਧਾ, ਗੁਰਮੀਤ ਕੌਰ ਨੂੰ ਕਮੇਟੀ ਵਿੱਚ ਸਰਬਸੰਮਤੀ ਨਾਲ ਚੁਣਿਆ ਗਿਆਂ। ਇਸ ਸਮਾਗਮ ਵਿੱਚ ਪ੍ਰੋ. ਅਜੇਪਾਲ ਸਿੰਘ ਡਾਕਟਰ ਪਰਦੀਪ ਯੋਧਾ, ਹਰਨੇਕ ਸਿੰਘ ਗੁੱਜਰਵਾਲ, ਚਰਨਜੀਤ ਸਿੰਘ, ਹਮੰਯੂਪੁਰ ਦਵਿੰਦਰ ਲਤਾਲਾ, ਜਸਵਿੰਦਰ ਸਿੰਘ ਕਾਲਖ,



ਸੰਤੋਖ ਸਿੰਘ ਮਨਸੂਰ, ਬਲਵਿੰਦਰ ਸਿੰਘ, ਰਘਬੀਰ ਸਿੰਘ, ਬੈਨੀਪਾਲ, ਜਗਤਾਰ ਸਿੰਘ ਚੁਕੋਹੀ ਆਦਿ ਆਗੂ ਹਾਜ਼ਰ ਸਨ।

- ਜਗਸੀਰ ਜੀਦਾ


















# ਕੁੜੀਆਂ ਦੇ ਹੋਸਟਲ 24 ਘੰਟੇ ਖੁੱਲ੍ਹੇ ਰੱਖਣ ਦੀ ਮੰਗ








ਚੰਡੀਗੜ੍ਹ : ਕੁੜੀਆਂ ਦੇ ਹੋਸਟਲ 24 ਘੰਟੇ ਖੁੱਲ੍ਹੇ ਰੱਖਣ ਦੀ ਮੰਗ 'ਤੇ ਪੰਜਾਬ ਯੂਨੀਵਰਸਿਟੀ 'ਚ ਪਿਛਲੇ 29 ਦਿਨਾਂ ਤੋਂ ਐੱਸਐੱਫਐੱਸ, ਆਈਸਾ ਤੇ ਪੀਐੱਸਯੂ ਲਲਕਾਰ ਦੇ ਸੰਘਰਸ਼ ਨਾਲ ਇੱਕਜੁਟਤਾ ਜ਼ਾਹਰ ਕਰਨ ਅੱਜ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਸਮੇਤ ਕਈ ਸ਼ਖ਼ਸੀਅਤਾਂ ਪਹੁੰਚੀਆਂ। ਪੰਜਾਬ ਯੂਨੀਵਰਸਿਟੀ ਦੇ ਲੜਕੀਆਂ ਤੇ ਹੋਸਟਲ ਨੰਬਰ 3 ਤੇ 4 ਦੇ ਗੇਟ 'ਤੇ ਦਿੱਤੇ ਜਾ ਧਰਨੇ ਨੂੰ ਸੰਬੋਧਨ ਕਰਦਿਆਂ ਡਾ. ਗਾਂਧੀ ਨੇ ਕਿਹਾ ਕਿ ਕੈਂਪਸ 'ਚ ਇਤਿਹਾਸਕ ਲੜਾਈ ਸ਼ੁਰੂ ਹੋ ਗਈ ਹੈ। ਲੜਕੀਆਂ ਨੂੰ ਲੜਕਿਆਂ ਬਰਾਬਰ ਹੱਕ ਮਿਲਣ ਅਤੇ ਸਭ ਤੋਂ ਪਹਿਲਾਂ ਲੜਕੀਆਂ ਨੂੰ ਇਨਸਾਨ ਮੰਨਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਅਮਨ ਅਮਾਨ ਨਾਲ ਇਹ ਲੜਾਈ ਲੜਨਗੇ ਤੇ ਉਹ ਐੱਸਐੱਫਐੱਸ ਦੀ ਲੜਾਈ ਦੀ ਹਮਾਇਤ ਕਰਦੇ ਹਨ। ਉਨ੍ਹਾਂ ਨਾਲ ਆਏ ਐਡਵੋਕੇਟ ਰਾਜੀਵ ਗੋਦਰਾ ਨੇ ਕਿਹਾ ਕਿ ਲੜਕੀਆਂ ਨੂੰ ਆਜ਼ਾਦੀ ਤੇ ਬਰਾਬਰੀ ਦਾ ਅਧਿਕਾਰੀ ਮਿਲਣਾ ਹੀ ਚਾਹੀਦਾ ਹੈ। ਲੜਕੀਆਂ ਲਈ 24 ਘੰਟੇ ਆਉਣ-ਜਾਣ ਦਾ ਪ੍ਰਬੰਧ ਕਰਨਾ ਤੇ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਾਉਣੀ ਸਰਕਾਰ ਦੀ ਜ਼ਿੰਮੇਵਾਰੀ ਹੈ। ਲੜਕੀਆਂ ਨੂੰ ਆਉਣ ਜਾਣ ਸਮੇਂ ਇਹ ਨਾ ਪੁੱਛਿਆ ਜਾਵੇ ਕਿ ਉਹ ਕਿੱਥੇ ਜਾ ਰਹੀਆਂ ਹਨ, ਕਿਉਂਕਿ ਇਹ ਉਨ੍ਹਾਂ ਦਾ ਹੱਕ ਹੈ। ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਸੁਰਜੀਤ ਸਿੰਘ ਨੇ ਵੀ ਹੋਸਟਲ 24 ਘੰਟੇ ਖੋਲ੍ਹਣ ਦੇ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ। ਰਾਜਨੀਤੀ ਵਿਗਿਆਨ ਦੇ ਪ੍ਰੋ. ਜਾਨਕੀ ਨੇ ਕਿਹਾ ਕਿ ਲੜਕੀਆਂ ਨੂੰ ਬਰਾਬਰੀ ਦਾ ਅਧਿਕਾਰ ਮਿਲੇ। ਧਰਨੇ ਨੂੰ ਸੀਪੀਆਈ (ਐੱਮਐੱਲ) ਦੇ ਕੰਵਲਜੀਤ ਸਿੰਘ, ਐੱਨਐੱਸਯੂਆਈ ਦੇ ਸਚਿਨ ਗਾਲਿਬ, ਆਈਸਾ ਦੇ ਵਿਜੈ ਕੁਮਾਰ, ਐੱਸਐੱਫਐੱਸ ਦੀ ਹਸਨਪ੍ਰੀਤ ਨੇ ਵੀ ਸੰਬੋਧਨ ਕੀਤਾ।

ਇਸੇ ਦੌਰਾਨ ਵਿਦਿਆਰਥੀ ਕੌਂਸਲ ਦੀ ਪ੍ਰਧਾਨ ਕਨੂਪ੍ਰਿਆ ਨੇ ਕਿਹਾ ਕਿ ਉਹ ਹੋਸਟਲ 24 ਘੰਟੇ ਖੁੱਲ੍ਹਵਾ ਕੇ ਹੀ ਸਾਲ ਲਵੇਗੀ। ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਵੱਡਾ ਐਕਸ਼ਨ ਕਰਨਗੇ।

## ਵਿਰੋਧ 'ਚ ਵੀ ਉੱਠੀ ਆਵਾਜ਼

ਧਰਨੇ 'ਤੇ ਆਈ ਇੱਕ ਰਿਸਰਚ ਸਕਾਲਰ ਗੀਤਾਂਜਲੀ ਨੇ ਕਿਹਾ ਕਿ 24 ਘੰਟੇ ਹੋਸਟਲ ਖੁੱਲ੍ਹਣ ਮਗਰੋਂ ਜੇਕਰ ਲੜਕੀਆਂ ਬਾਹਰ ਜਾਂਦੀਆਂ ਹਨ ਤੇ ਰਾਤ ਨੂੰ ਕਿਸੇ ਲੜਕੀ ਨਾਲ ਕੋਈ ਮਾੜੀ ਘਟਨਾ ਵਾਪਰ ਜਾਂਦੀ ਹੈ ਤਾਂ ਕੀ ਕਨੂਪ੍ਰਿਆ ਉਸ ਨੂੰ ਇਨਸਾਫ਼ ਦਿਵਾਉਣ ਆਵੇਗੀ? ਉਸ ਨੇ ਕਿਹਾ ਕਿ ਉਹ ਤਾਂ ਇੱਕ ਮੋਮਬੱਤੀ ਮਾਰਚ ਕੱਢ ਕੇ ਬੈਠ ਜਾਵੇਗੀ ਅਤੇ ਪੀੜਤ ਲੜਕੀ ਨੂੰ ਇਨਸਾਫ਼ ਨਹੀਂ ਮਿਲੇਗਾ। ਜੇਕਰ ਇਨਸਾਫ਼ ਮਿਲ ਵੀ ਗਿਆ ਤਾਂ ਉਸ ਨੂੰ 20 ਸਾਲ ਲੱਗ ਜਾਣਗੇ। ਕਾਨੂੰਨ ਵਿਭਾਗ ਦੀ ਵਿਦਿਆਰਥਣ ਨੇ ਕਿਹਾ ਕਿ ਪੜ੍ਹਾਈ ਅਨੁਸ਼ਸਾਨ 'ਚ ਹੋਣੀ ਚਾਹੀਦੀ ਹੈ। ਅੱਜ ਲੜਕੀਆਂ ਨੂੰ ਹੋਸਟਲ ਭੇਜ ਕੇ ਮਾਪੇ ਇਸ ਲਈ ਚੈਨ ਨਾਲ ਰਹਿ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਰਾਤ 9 ਵਜੇ ਮਗਰੋਂ ਉਨ੍ਹਾਂ ਦੀਆਂ ਲੜਕੀਆਂ ਸੁਰੱਖਿਅਤ ਹਨ।

# ਸ਼ਹਾਦਤ ਦੇ ਸੰਕਲਪ ਦੀ ਤੌਹੀਨ.......

ਪਿਛਲੇ ਕੁੱਝ ਅਰਸੇ ਤੋਂ ਅਖੌਤੀ ਰਾਸਟਰਵਾਦੀਆਂ ਵੱਲੋਂ ਸ਼ਹੀਦ ਸ਼ਬਦ ਦੀ ਵਰਤੋਂ ਇਕ ਖ਼ਾਸ ਮਕਸਦ ਲਈ ਕੀਤੀ ਜਾ ਰਹੀ ਹੈ। ਕਦੀ ਭਾੜ੍ਹੇ ਦੇ ਟੱਟੂ ਵੀ ਸ਼ਹੀਦ ਹੋਏ ਹਨ? ਇੰਗਲੈਂਡ ਵਿੱਚ ਗੁਲਾਮ ਭਾਰਤ ਵਿੱਚ ਬ੍ਰਿਟਿਸ ਸਾਮਰਾਜ ਲਈ ਲੜਣ ਵਾਲੇ ਇਕ ਪੱਗੜੀਧਾਰੀ ਸਿਪਾਹੀ ਦਾ ਬੁੱਤ ਲੱਗਣ ਤੇ ਕੁੱਝ ਅਲਪ-ਬੁੱਧੀ ਲੋਕਾਂ ਨੇ ਸ਼ੋਸਲ ਮੀਡੀਆ ਤੇ ਪੋਸਟਾਂ ਦੀ ਹਨੇਰੀ ਲਿਆਂਦੀ ਪਈ ਹੈ। ਅਜਿਹੀ ਹੌੜ੍ਹ ਪੰਜਾਬੀਆਂ ਵਿੱਚ ਬਹੁਤ ਜ਼ਿਆਦਾ ਪਾਈ ਜਾਂਦੀ ਹੈ। ਗੋਰਿਆਂ ਦੀ ਫੌਜ ਵਿੱਚ ਤਨਖ਼ਾਹ 'ਤੇ ਕੰਮ ਕਰਦੇ ਸਾਰਾਗੜ੍ਹੀਏ ਅਤੇ ਗੈਲੀਪੋਲੀਏ ਸਿਪਾਹੀ ਤਾਂ ਵਿਚਾਰੇ ਢਿੱਡ ਦੀ ਖ਼ਾਤਰ ਸੈਨਿਕ ਬਣੇ ਸਨ। ਉਨ੍ਹਾਂ ਦੀ ਮੌਤ ਤਾਂ ਮਹਿਜ਼ ਅੰਕੜਿਆਂ ਦਾ ਹਿੱਸਾ ਹੁੰਦੀ ਹੈ, ਪਰ ਬਿਨਾ ਵੇਤਨ, ਬਿਨਾ ਨਿੱਜੀ ਲਾਭ ਤੇ ਕਿਸੇ ਕੌਮ ਜਾਂ ਦੇਸ਼ ਲਈ ਕੁਰਬਾਨੀ ਕਰਨ ਵਾਲੇ ਸ਼ਹੀਦ ਹੁੰਦੇ ਹਨ ।




...ਮਰਨਾ ਹੋਰ ਹੁੰਦਾ ਤੇ ਸ਼ਹਾਦਤ ਹੋਰ ਹੁੰਦੀ ਹੈ ਕਵਿੰਦਰ ਚਾਂਦ ਤਨਖ਼ਾਹਾਂ ਤੇ ਕੰਮ ਕਰਦੇ ਸੈਨਿਕ ਸਾਮਰਾਜਵਾਦੀਆਂ ਵੱਲੋਂ ਦੂਸਰੇ ਸਾਮਰਾਜੀ ਮੁਲਖ਼ ਦੇ ਖਿਲਾਫ ਦੋਵਾਂ ਆਲਮੀ ਜੰਗਾਂ ਵਿਚ ਖ਼ੂਬ ਵਰਤੇ ਗਏ । ਇਕ ਪਾਸੇ ਜਦੋਂ ਗਦਰੀ ਬਾਬੇ ਆਪਣਾ ਸੁਨਹਿਰਾ ਭਵਿੱਖ ਛੱਡ ਕੇ ਕਾਮਾਗਾਟਾ ਮਾਰੂ ਵਿੱਚ ਬਹਿ ਰਹੇ ਸੀ, ਜਦੋਂ ਬਾਬਾ ਜਵਾਲਾ ਸਿੰਘ ਠੱਠੀਆਂ ਵਰਗੇ ਆਪਣਾ ਹਜ਼ਾਰਾਂ ਏਕੜਾਂ ਦਾ ਆਲੂ ਫ਼ਾਰਮ ਵੇਚ ਕੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਆ ਰਹੇ ਸੀ ਤਾਂ ਸਾਡੇ ਬਹੁਤ ਸਾਰੇ ਭਾਰਤੀ ਭਰਾ ਟੋਡੀਆਂ ਲਈ ਲੜਨ ਵਾਸਤੇ ਭਾਰਤ ਛੱਡ ਰਹੇ ਸੀ । ਜਦੋਂ ਅਜ਼ਾਦ ਹਿੰਦ ਫੌਜ ਬਰਮਾ ਦੇ ਫਰੰਟ ਤੇ ਦਸਤਕ ਦੇ ਰਹੀ ਸੀ ਤਾਂ ਇਹੋ ਜਹੇ ਹਜ਼ਾਰਾਂ ਗੋਰਿਆਂ ਦੇ ਪਿਆਦੇ ਵਿਕਟੋਰੀਆ ਕਰਾਸ ਲੈਣ ਲਈ, ਤਰੱਕੀਆਂ ਲੈਣ ਲਈ, ਫੀਤੀਆਂ ਲਵਾਉਣ ਲਈ, ਬਾਰਾਂ ਵਿੱਚ ਮੁਰੱਬੇ ਲੈਣ ਲਈ, ਯੂਨੀਅਨ ਜੈੱਕ ਦੀ ਸਲਾਮਤੀ ਲਈ ਜੰਗ ਵਿੱਚ ਲੜ ਰਹੇ ਸੀ ।

ਗੁਲਾਮ ਮਾਨਸਿਕਤਾ ਦੀ ਰਹਿੰਦ ਖੂੰਹਦ ਨਾਲ ਗ੍ਰਸਤ ਮੈਂ ਉਨਾਂ ਸਾਰੇ ਪੰਜਾਬੀਆਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਟੋਡੀਆਂ ਦੇ ਇਹ ਝੋਲੀ-ਚੁਕ ਵਿਸ਼ਵ ਜੰਗਾਂ ਵਿੱਚ ਬ੍ਰਿਟਿਸ ਸਾਮਰਾਜ ਵੱਲੋਂ ਲੜ ਕੇ ਮਰਨ ਵਾਲੇ ਸ਼ਹੀਦ ਹਨ, ਤਾਂ ਫਿਰ ਸ਼ਹੀਦੇ ਆਜ਼ਮ ਭਗਤ ਸਿੰਘ ਕਿੰਨ੍ਹਾ ਵਿੱਚੋਂ ਹੋਇਆ? ਕਰਤਾਰ ਸਿੰਘ ਸਰਾਭਾ ਕਿੰਨ੍ਹਾ ਦਾ ਸ਼ਹੀਦ ਹੈ? ਸੁਭਾਸ਼ ਚੰਦਰ ਬੋਸ ਕਿਹਦੇ ਖਿਲਾਫ਼ ਲੜਿਆ ਸੀ? ਧੰਨਾ ਸਿੰਘ ਬਹਿਬਲਪੁਰ ਕਿਹੜਾ ਭਰਤੀ ਲਈ ਅਣਫਿਟ ਸੀ? ਊਧਮ ਸਿੰਘ ਦੇ ਮਨ ਵਿੱਚ ਬਦਲੇ ਦੀ ਥਾਂ ਤੇ ਜਾਗੀਰਾਂ ਦੀ ਪ੍ਰਾਪਤੀ ਕਿਉਂ ਨਾ ਆਈ? ਚੰਦਰ ਸ਼ੇਖਰ ਆਜ਼ਾਦ ਕੀ ਸਾਰਾਗੜ੍ਹੀਏ ਸਿੱਖਾਂ ਨਾਲੋਂ ਘੱਟ ਬਹਾਦਰ ਸੀ? ਜਦੋਂ ਭਾਰਤ ਸਰਕਾਰ ਕੋਲੋਂ ਆਪਾਂ ਪੰਜਾਬ ਲਈ ਹੱਕ ਮੰਗਦੇ ਹਾਂ ਤਾਂ ਇਨ੍ਹਾਂ ਭਾੜੇ ਦੇ ਸੈਨਿਕਾਂ ਦਾ ਨਾਮ ਵਿੱਚ ਸ਼ਾਮਿਲ ਕਿਉਂ ਨਹੀਂ ਕਰਦੇ?

ਯਾਰੋ ਭਾੜ੍ਹੇ ਦੇ ਫੌਜੀਆਂ ਦੇ ਗੁਣਗਾਨ ਕਰਕੇ ਆਪਣੇ ਸ਼ਹੀਦਾਂ ਦਾ ਇੰਝ ਨਿਰਾਦਰ ਨਾ ਕਰੋ। ਜਿਨਾ ਆਪਣੇ ਘਰ-ਬਾਰ ਕੁਰਕ ਕਰਾਏ, ਚੱਕੀਆਂ ਲਵਾਈਆਂ, ਤਸ਼ੱਦਦ ਝੱਲੇ, ਜੇਲ੍ਹਾਂ ਵਿੱਚ ਜੁਆਨੀਆਂ ਗਾਲ੍ਹੀਆਂ, ਕਾਲੇਪਾਣੀਆਂ ਵਿੱਚ ਜੀਵਨ ਹੰਢਾਇਆ, ਫਾਂਸੀ ਦੇ ਰੱਸੇ ਚੁੰਮੇ......ਉਨ੍ਹਾਂ ਸੂਰਬੀਰ ਯੋਧਿਆਂ ਦਾ ਅਪਮਾਨ ਨਾ ਕਰੋ !

**ਸਰਬਜੀਤ ਸੋਹੀ, ਆਸਟਰੇਲੀਆ**

SANTOKH SINGH
BASSI
We Also Do All Kinds of Car Repair
FIRST MOBILE MECHANIC IN THE PUNJABI COMMUNITY
SPECIALIZING IN REBUILDING:
Alternators, Starters, Generators
"Quality Service at Unbeatable retes"
Santokh S. Bassi
TEL: 905-451-4561
TEL: 905-951-9900
24 HRS. EMERGENCY SERVICE






Century 21
Green Realty Inc. Brokerage
Each Office Independently Owned and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com



AMAN SIDHU MBA
C.E.O.
DIAMOND
INSURANCE GROUP
ATUO | HOME | BUSINESS
COMMERCIAL | LIFE | FIEET DISABILITY
12577 Airport Rd. Caledon, ON, L7C 2X4
905 951 0029 x 106 D : 647 282 4606 F : 888 878 2828
asidhu@pbnet.ca www.diamondinsurancegroup.ca



# ਸਪਰਿੰਗ ਮੂਨ - ਚੀਨ ਦਾ ਇਕ ਨਾਵਲ-1


ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਚੀਨ ਦੇ ਇਸ ਮਹਾਨ ਨਾਵਲ ਦੀ ਕਹਾਣੀ ਨਾਵਲਕਾਰ ਨੇ ਇਕ ਲੋਕ ਗਾਥਾ ਨੂੰ ਯਾਦ ਕਰਵਾਉਂਦਿਆਂ ਸ਼ੁਰੂ ਕੀਤੀ ਹੈ। ਲੋਕਗਾਥਾ ਸੂ ਕਾਊ ਇਲਾਕੇ 'ਚੰਗ' ਰਾਜ ਘਰਾਣੇ ਦੀ ਸਥਾਪਨਾ ਦੀ ਕਹਾਣੀ ਹੈ। ਲੋਕਗਾਥਾ ਅਨੁਸਾਰ ਦੁਨੀਆਂ ਦੇ ਸ਼ੁਰੂ ਵੇਲੇ ਅੰਧਕਾਰ ਸੀ....ਅਰਬਦ ਨਰਬਦ ਧੁੰਧੂਕਾਰਾ....। ਫਿਰ ਇਕ ਮਹਾਨ ਪੁਰਸ਼ ਨੇ ਐਸਾ ਧਮਾਕਾ ਕੀਤਾ ਕਿ ਅਧਿਕਾਰ ਮਿਟ ਗਿਆ। ਤਿੰਨ ਹੋਰ ਪੁਰਸ਼ ਪੈਦਾ ਹੋਏ...ਏਕਾ ਮਾਈ ਜਗਤ ਵਿਆਈ ਤਿੰਨ ਚੇਲੇ ਪਰਵਾਣੁ। ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣੁ। ਲੋਕ ਖੁਸ਼ਹਾਲ ਹੋਏ ਅਤੇ ਅਮਨ ਸ਼ਾਂਤੀ ਸਥਾਪਤ ਹੋ ਗਈ। ਚਲਦਿਆਂ ਚਲਦਿਆਂ ਫਿਰ ਪਾਪ, ਬਦਅਮਨੀ, ਠੱਗੀ ਅਤੇ ਬੇਚੈਨੀ ਵੱਧ ਗਈ। ਇਕ ਵਿਧਵਾ ਦਾ ਇਕਲੌਤਾ ਲੜਕਾ ਉਤਰ ਦਿਸ਼ਾ ਵੱਲ ਹਾਨਲਿਨ ਰਾਜੇ ਦੇ ਦਰਬਾਰ ਨੂੰ ਵਿਦਿਆ ਪ੍ਰਾਪਤੀ ਦੀ ਇੱਛਾ ਨਾਲ ਆਪਣੀ ਮਾਂ ਸਮੇਤ ਸਫ਼ਰ 'ਤੇ ਚੱਲ ਪਿਆ। ਪਰ ਰਸਤੇ ਵਿਚ ਮਾਂ ਬੀਮਾਰ ਹੋ ਕੇ ਚੱਲ ਵਸੀ, ਉਸਨੇ ਲੜਕੇ ਨੂੰ ਤਾਕੀਫ ਕੀਤਾ ਕਿ ਉਹ ਉਸ ਨੂੰ ਦਫ਼ਨਾ ਕੇ, ਆਪਣੀ ਮੰਜ਼ਿਲ 'ਤੇ ਅੱਗੇ ਵਧੇ ਅਤੇ ਵਿਦਿਆ ਹਾਸਲ ਕਰੇ। ਲੜਕੇ ਨੇ ਇਵੇਂ ਹੀ ਕੀਤਾ। ਉਸ ਨੇ ਮਾਂ ਦੀ ਕਬਰ ਉਪਰ ਸਾਈਪਰਸ ਦਰਖਤ ਦੀ ਇਕ ਟਾਹਣੀ ਗੱਡੀ ਤੇ ਆਪਣੀ ਮੰਜ਼ਿਲ ਵੱਲ ਤੁਰ ਪਿਆ। ਦੋ ਕੁ ਸਾਲ ਬਾਅਦ ਜਦੋਂ ਉਹ ਵਿਦਵਾਨ ਹੋ ਕੇ ਮੁੜਿਆਤਾਂ ਉਸ ਨੇ ਦੇਖਿਆ ਕਿ ਟਾਹਣੀ ਹਰੀ ਭਰੀ, ਇਕ ਛੋਟਾ ਬੂਟਾ ਬਣ ਚੁੱਕੀ ਸੀ। ਇਥੇ ਹੀ ਉਸ ਨੇ ਇਕ ਬਸਤੀ ਦੀ ਸਥਾਪਨਾ ਕੀਤੀ, ਜੋ ਵਿਕਸਤ ਹੋ ਕੇ ਦੱਖਣ ਦੇ ਵਿਸ਼ਾਲ ਸੂ ਕਾਊ 'ਚੰਗ' ਰਾਜ ਵਿਚ ਸਥਾਪਤ ਹੋ ਗਈ।

**ਨਾਵਲ ਦਾ ਮੁੱਖ ਬੰਦ- PROLOGYE**

1892 ਵਿਚ ਸਪਰਿੰਗ ਮੂਨ, 10 ਕੁ ਸਾਲ ਦੀ ਨੰਨੀ ਕੁੜੀ, ਰਾਜ ਮਹੱਲ ਦੇ ਆਪਣੇ ਘਰ ਦੇ, ਆਪਣੇ ਸੌਣ ਕਮਰੇ ਵਿਚ, ਬਾਅਦ ਦੁਪਹਿਰ ਮਖਮਲੀ ਬਿਸਤਰੇ ਵਿਚ ਸੁੱਤੀ ਹੋਈ ਹੈ। ਨੀਂਦ ਵਿਚ ਉਹ ਇਕ ਬੜਾ ਪਿਆਰਾ ਸੁਪਨਾ ਦੇਖ ਰਹੀ ਹੈ। ਦੁਰਾਡਿਉਂ ਤਿੰਨ ਕਾਸਦ ਆਉਂਦੇ ਹਨ। ਉਸ ਨੂੰ ਲਾਲ ਮਗਨਾਂ ਦੀ ਕੀਮਤੀ ਪਟਾਰੀ ਦਿੰਦੇ ਹਨ। ਉਹ ਆਖਦੇ ਹਨ, ਤਿੰਨ ਦਿਨ ਬਾਅਦ ਪਟਾਰੀ ਆਪੇ ਖੁੱਲ੍ਹੇਗੀ, ਉਸ ਦੇ ਜਨਮ ਸਮੇਂ। ਇਹ ਵੀ ਆਖਦੇ ਹਨ ਕਿ ਉਹ ਪਹਿਲਾਂ ਨਾ ਖੋਲ੍ਹੇ। ਪਰ ਸੁਪਨੇ ਦੇ ਚਲਦਿਆਂ ਬਾਰੀ ਦੇ ਪਰਦੇ ਦੀ ਵਿਰਲ ਵਿਚੋਂ, ਪੱਛਮ ਵੱਲ ਢਲਦੇ ਸੂਰਜ ਦੀ ਕਿਰਨ ਉਸਦੇ ਮੂੰਹ 'ਤੇ ਪੈਂਦੀ ਹੈ। ਉਸ ਦੀ ਨੀਂਦ ਟੁੱਟ ਜਾਂਦੀ ਹੈ। ਸੁਪਨਾ ਵੀ ਟੁੱਟ ਜਾਂਦਾ ਹੈ। ਉਸ ਦੀ ਨਿੱਜੀ ਗੁਲਾਮ ਕੁੜੀ 'ਪਲੱਮ ਬਲਾਜ਼ਮ' ਨੇ ਪਰਦਾ ਠੀਕ ਨਾ ਕੀਤਾ ਹੋਣ ਕਰਕੇ, ਸੁਪਨਾ ਅਧੂਰਾ ਰਹਿ ਗਿਆ। ਉਸ ਨੂੰ ਬੜਾ ਗੁੱਸਾ ਆਉਂਦਾ ਹੈ। ਉਹ ਗੁਲਾਮ ਕੁੜੀ ਨੂੰ ਆਵਾਜ਼ਾਂ ਮਾਰਦੀ ਹੈ ਪਰ ਉਹ ਕਿੱਧਰੇ ਨਹੀਂ ਲੱਭਦੀ। ਉਹ ਕਿਥੇ ਹੋ ਸਕਦੀ ਹੈ, ਉਹ ਸੋਚਦੀ ਹੈ। ਉਹ ਕਮਰੇ ਵਿਚੋਂ ਬਾਹਰ ਆ ਕੇ, ਰਾਜ ਮਹੱਲ ਦੇ ਵੱਡੇ ਹਾਲ ਵਿਚ ਪਹੁੰਚ ਜਾਂਦੀ ਹੈ। ਹਾਲ ਵਿਚ ਰਾਜ ਘਰਾਣੇ ਦੇ ਬਹੁਤੇ ਲੋਕਆਪੋ ਆਪਣੀਆਂ ਗੱਲਾਂ ਵਿਚ ਰੁਝੇ ਹਨ। ਚਾਚੀਆਂ ਤਾਈਆਂ ਸੱਟਾ ਖੇਡ ਰਹੀਆਂ ਹਨ। ਉਸਦੀ ਮਾਂ ਉਹਨਾਂ ਵਿਚ ਨਹੀਂ ਹੈ। ਉਸ ਦੇ ਮਨ ਵਿਚ ਡਰ ਪੈਦਾ ਹੁੰਦਾ ਹੈ। ਪਲੱਸ ਬਲਾਜ਼ਮ ਵੀ ਨਹੀਂ ਹੈ ਅਤੇ ਨਾ ਹੀ ਮਾਂ ਦਿੱਸਦੀ ਹੈ। ਆਖਰਕਾਰ ਦੁਰਾਡੇ ਹਾਲ ਦੀ ਇਕ ਪੱਛਮੀ ਬਾਰੀ ਨੇੜੇ ਬੈਠੀ ਉਸ ਦੀ ਮਾਂ ਕਸੀਦਾਕਾਰੀ ਕਰਦੀ ਉਸਦੀ ਨਜ਼ਰੇ ਪੈਂਦੀ ਹੈ।


ਸਪਰਿੰਗ ਮੂਨ ਆਪਣੀ ਮਾਂ ਦੀ ਬਾਂਹ ਖਿੱਚ ਕੇ ਪੁੱਛਦੀ ਏ ਕਿ ਮਾਂ ਮੇਰੀ ਦਾਸੀ ਪਲੱਮ ਬਲਾਜ਼ਮ ਕਿਥੇ ਗਈ। ਉਸਦੀ ਮਾਂ ਉਸ ਨੂੰ ਝਿੜਕ ਕੇ ਦੁਰਕਾਰ ਦਿੰਦੀ ਹੈ ਅਤੇ ਆਖਦੀ ਏ ਕਿ ਉਹ ਖਾਨਦਾਨ ਦੀ ਬਦਨਾਮੀ ਦਾ ਕਾਰਨ ਬਣੇਗੀ ਕਿਉਂਕਿ ਉਸ ਨੂੰ ਵੱਡਿਆਂ ਨਾਲ ਗੱਲ ਕਰਨ ਦਾ ਸਲੀਕਾ ਨਹੀਂ ਹੈ। ਵਿਚਾਰੀ ਸਪਰਿੰਗ ਮੂਨ ਮਾਂ ਤੋਂ ਫਿਟਕਾਰ ਖਾ ਕੇ; ਰਾਜਮਾਤਾ, ਆਪਣੀ ਦਾਦੀ ਦੇ ਕਮਰੇ ਵੱਲ ਜਾਂਦੀ ਹੈ। ਜਦੋਂ ਰਾਜਮਾਤਾ ਉਸ ਨੂੰ ਆਉਣ ਦਾ ਕਾਰਨ ਪੁੱਛਦੀ ਹੈ, ਤਾਂ ਉਹ ਰੋਣਹਾਕੀ ਹੋ ਆਖਦੀ ਹੈ ਕਿ ਉਸ ਦੀ ਦਾਸੀ ਗੁੰਮ ਹੋ ਗਈ ਹੈ। ਰਾਜਮਾਤਾ ਦਾ ਚਿਹਰਾ ਇਕਦਮ ਤਣ ਜਾਂਦਾ ਹੈ ਅਤੇ ਉਹ ਘੂਰ ਕੇ ਆਖਦੀ ਹੈ ਕਿ ਤੇਰੇ ਕਮਰੇ ਵਿਚ ਹੀ ਹੋਵੇਗੀ। ਇਸ ਦੁਰਕਾਰ ਦੀ ਪੱਛੀ, ਉਹ ਬੜੀ ਨਿਰਾਸ ਹੋਈ ਖੜ੍ਹੀ ਹੈ। ਉਸ ਦੀ ਮਾਂ ਆ ਕੇ ਉਸ ਤੇ ਝਪਟ ਪੈਂਦੀ ਹੈ। ਉਸ ਨੂੰ ਧਰੂਹ ਲਿਜਾਂਦੀ ਹੈ ਅਤੇ ਆਖਦੀ ਹੈ ਕਿ ਰਾਜ ਮਾਤਾ ਕੋਲੋਂ ਅਜਿਹੇ ਬੇਤੁੱਕੇ ਸਵਾਲ ਪੁੱਛਣ ਦਾ ਤੇਰਾ ਕੀ ਮਤਲਬ ਹੈ। ਜਾਹ, ਦਫ਼ਾ ਹੋ। ਗੁਲਾਮ ਕੁੜੀ ਤੇਰੇ ਕਮਰੇ ਵਿਚ ਹੀ ਹੋਣੀ ਹੈ।

ਪਰ ਕਿਥੇ ਪਲੱਮ ਬਲਾਜ਼ਮ ਤਾਂ ਕਿਤੇ ਵੀ ਨਹੀਂ ਸੀ। ਬੇਹਾਲ ਹੋਈ ਉਹ ਮਹੱਲ ਦੇ ਬਾਹਰ, ਸਾਈਪਰੱਲ ਦਰਖਤ ਵਾਲੇ ਬਾਗ ਵਿਚ ਨਿਕਲ ਜਾਂਦੀ ਹੈ। ਉਸ ਨੂੰ ਯਾਦ ਆਇਆ, ਨਿੱਕੀ ਹੁੰਦੀ ਨੂੰ, ਪਲੱਮ ਬਲਾਜ਼ਮ ਚੁੱਕ ਕੇ ਬਾਗ ਵਿਚਲੀਆਂ ਵੱਡੀਆਂ ਚੱਟਾਨਾਂ 'ਤੇ ਲਿਟਾ ਦਿੰਦੀ ਸੀ। ਉਸ ਨੂੰ ਇਹ ਥਾਂ ਬੜੀ ਪਿਆਰੀ ਲੱਗਦੀ ਸੀ। ਉਹ ਉਧਰ ਨੂੰ ਹੋ ਤੁਰੀ। ਗੋਡਿਆਂ ਭਾਰ ਬੈਠੀ ਪਲੱਮ ਬਲਾਜ਼ਮ ਡੁਸਕ ਰਹੀ ਸੀ। ਸਪਰਿੰਗ ਮੂਨ ਨੇ ਪਹਿਲਾਂ ਕਦੇ ਵੀ ਉਹ ਰੋਂਦੀ ਨਹੀਂ ਸੀ ਦੇਖੀ। ਸਪਰਿੰਗ ਮੂਨ ਉਸ ਨੂੰ ਆਪਣੀ ਭੈਣ ਆਖਦੀ ਹੈ ਅਤੇ ਰੋਣ ਦਾ ਕਾਰਨ ਪੁੱਛਦੀ ਹੈ ਕੁੜੀ, ਦੱਸਦੀ ਹੈ ਕਿ ਜਦੋਂ ਸਪਰਿੰਗ ਮੂਨ ਸੁੱਤੀ ਪਈ ਸੀ ਤਾਂ ਰਾਜਮਾਤਾ ਨੇ ਉਸ ਨੂੰ ਸੱਦ ਕੇ ਆਖਿਆ ਕਿ ਕੱਲ੍ਹ ਨੂੰ ਉਸ ਨੇ ਬੁੱਢੇ ਯੇਹ ਦੀ ਰਖੇਲ ਬਣਕੇ ਤੁਰ ਜਾਣਾ ਹੈ। ਇਹ ਵੀ ਆਖਿਆ ਕਿ ਉਹ ਭਾਵੇਂ ਨੌਕਰ ਹੀ ਹੈ ਪਰ ਉਸ ਨੂੰ ਇਹ ਗੱਲ ਮਨਜ਼ੂਰ ਨਹੀਂ ਹੈ। ਇਹ ਸੁਣ ਕੇ ਸਪਰਿੰਗ ਮੂਨ ਦਾ ਕਾਲਜਾ ਵਲੂੰਧਰਿਆ ਜਾਂਦਾ ਹੈ। ਉਹ ਠਾਣ ਲੈਂਦੀ ਹੈ ਕਿ ਉਹ ਇਸ ਹੋਣੀ ਨੂੰ ਠੱਲ੍ਹ ਦੇਵੇਗੀ। ਉਹ ਅਤੇ ਪਲੱਮ ਬਲਾਜ਼ਮ ਭੈਣਾਂ ਵਾਂਗ ਇਕੱਠੀਆਂ ਰਹਿਣਗੀਆਂ।

ਸਪਰਿੰਗ ਮੂਨ ਸੋਚਦੀ ਹੈ, ਅੱਗੋਂ ਕੀ ਕਰੇ ? ਕਿਸ ਨਾਲ ਗੱਲ ਕਰੇ ? ਕੌਣ ਹੈ ਜੋ, ਹੋਣ ਵਾਲੀ ਅਣਹੋਣੀ ਨੂੰ ਠੱਲ ਪਾਵੇ। ਰਾਜ ਘਰਾਣੇ ਦੇ ਸੈਂਕੜੇ ਮਰਦਾਂ ਔਰਤਾਂ ਵਿਚੋਂ ਉਸ ਨੂੰ ਢਾਂਚਾ ਨੋਬਲ ਟੇਲੈਂਟ ਯਾਦ ਆਉਂਦਾ ਹੈ। ਉਹ ਰਾਜ ਘਰਾਣੇ ਦੇ ਮੁੰਡਿਆਂ ਦਾ ਅਧਿਆਪਕ ਹੈ। ਉਸ ਨੇ ਰਾਜ ਦੇ ਮਿਲਟਰੀ ਸਕੂਲ ਦੀ ਡਿਗਰੀ ਵੀ ਹਾਸਲ ਕੀਤੀ ਹੈ। ਸਪਰਿੰਗ ਮੂਨ ਤੇ ਪਲੱਮ ਬਲਾਜ਼ਮ ਸਕੂਲ ਦੀ ਕੰਧ ਦੇ ਉਹਲੇ ਬੈਠ ਕੇ, ਮੁੰਡਿਆਂ ਨੂੰ ਉਚੀ ਪੜ੍ਹਦਿਆਂ ਸੁਣਿਆ ਕਰਦੀਆਂ ਸਨ। ਦੋਵੇਂ ਆਪ ਵੀ ਪੜ੍ਹਨਾ ਸਿੱਖਦੀਆਂ ਸਨ। ਚਾਚਾ ਸਪਰਿੰਗ ਮੂਨ ਦੀ ਬੜੀ ਕਦਰ ਕਰਦਾ ਹੈ। ਸਪਰਿੰਗ ਮੂਨ ਬਾਗ ਦੇ ਬੁੱਢੇ ਮਾਲੀ ਰਾਹੀਂ ਸੱਦ ਕੇ ਚਾਚੇ ਨੂੰ ਆਪਣੀ ਮੁਸ਼ਕਿਲ ਬਾਰੇ ਦੱਸਦੀ ਹੈ। ਬੁੱਢਾ ਯੇਹ ਉਸਦੀ ਨੌਕਰ ਕੁੜੀ ਨੂੰ ਕਿਉਂ ਖੋਹ ਰਿਹਾ ਹੈ। ਚਾਚੇ ਦੇ ਹਾਵ ਭਾਵ ਇਕਦਮ ਬਦਲ ਜਾਂਦੇ ਹਨ। ਉਹ ਦੱਸਦਾ ਹੈ ਕਿ ਬੁੱਢੇ ਦਾਦੇ ਦਾ ਛੋਟਾ ਭਾਈ ਕੱਲ੍ਹ ਰਾਤ ਜੂਆ ਖੇਡਦਾ ਪਲੱਮ ਬਲਾਜ਼ਮ, ਯੇਹ ਨੂੰ ਹਾਰ ਚੁੱਕਿਆ ਹੈ। ਇਸ ਕਰਕੇਪਲੱਮ ਬਲਾਜ਼ਮ ਨੂੰ ਉਸਦੀ ਰਖੇਲ ਬਣ ਕੇ ਜਾਣਾ ਹੀ ਪਵੇਗਾ। ਸਪਰਿੰਗ ਮੂਨ ਜ਼ਿੱਦ ਕਰਦੀ ਹੈ ਕਿ ਜੋ ਉਸਦਾ ਨਿੱਜੀ ਹੈ; ਬੁੱਢਾ ਯੇਹ, ਉਸ ਤੋਂ ਕਿਉਂ ਖੋਹ ਰਿਹਾ ਹੈ ? ਉਸਦਾ ਚਾਚਾ ਸਪੱਸ਼ਟ ਕਰਦਾ ਹੈ ਕਿ ਰਾਜ ਵਿਚ ਨਿੱਜੀ ਕਿਸੇ ਦਾ ਕੁਝ ਵੀ ਨਹੀਂ ਹੈ। ਜੋ ਕੁਝ ਹੈ, ਉਹ ਸਭ ਚੰਗ ਰਾਜ ਦਰਬਾਰ ਦਾ ਹੈ-ਉਸਦਾ ਇਹੀ ਚਾਚਾ ਨੋਬਲ ਟੇਲੈਂਟ ਇਨਕਲਾਬ ਵਿਚ ਆਗੂ ਰੋਲ ਨਿਭਾਉਂਦਾ ਹੈ। ਸਪਰਿੰਗ ਮੂਨ, ਨਿਰਾਸ਼ ਹੋ ਕੇ ਆਪਣੀ ਮਾਂ ਵੱਲ ਜਾਂਦੀ ਹੈ। ਉਹ ਸੋਚਦੀ ਹੈ ਕਿ ਜੇ ਕੋਈ ਬੁੱਢੇ ਯੇਹ ਨੂੰ ਦੱਸ ਦੇਵੇ ਕਿ ਪਲੱਮ ਬਲਾਜ਼ਮ ਉਸਦੀ ਰਖੇਲ ਨਹੀਂ ਬਣਨਾ ਚਾਹੁੰਦੀ ਤਾਂ ਉਹ ਬਦਲ ਜਾਵੇਗਾ। ਉਹ ਮਾਂ ਦੇ ਤਰਲੇ ਕੱਢਦੀ ਹੈ ਕਿ ਬੁੱਢੇ ਯੇਹ ਨੂੰ ਆਖੋ ਕਿ ਮੇਰੀ ਪਲੱਮ ਬਲਾਜ਼ਮ ਮੈਨੂੰ ਮੋੜ ਦੇਵੇ। ਮਾਂ ਉਸ ਨੂੰ ਘੂਰਦੀ ਹੈ ਕਿ ਦਿੱਤਾ ਹੋਇਆ ਬਚਨ ਕਿਵੇਂ ਵੀ ਤੋੜਿਆ ਨਹੀਂ ਜਾ ਸਕਦਾ। ਜੋ ਹੋ ਗਿਆ ਸੋ ਹੋ ਗਿਆ। ਸਪਰਿੰਗ ਮੂਨ ਰੋਹ ਵਿਚ ਆ ਕੇ ਆਖਦੀ ਹੈ ਕਿ ਇਹ ਇਕਰਾਰ ਤਾਂ ਤੋੜਿਆ ਹੀ ਜਾਣਾ ਚਾਹੀਦਾ ਹੈ। ਹੁਣ ਮਾਂ ਨਾਲ ਕਰਨ ਵਾਲੀ ਕੋਈ ਗੱਲ ਨਹੀਂ ਸੀਬਚੀ।

ਉਸ ਨੂੰ ਆਪਣੇ ਪਿਓ ਦੀ ਯਾਦ ਆਈ। ਉਸਦਾ ਪਿਓ ਸਟਰਲਿੰਗ ਟੇਲੈਂਟ ਵਿਦਵਾਨ ਹੈ ਅਤੇ ਸਾਰਾ ਸਮਾਂ ਆਪਣੇ ਕਮਰੇ ਵਿਚ ਗ੍ਰੰਥ ਪੜ੍ਹਦਿਆਂ ਗੁਜ਼ਾਰਦਾ ਹੈ। ਸਪਰਿੰਗ ਮੂਨ ਨੇ ਆਉਣ ਵਾਲੀ ਆਫ਼ਤ ਬਾਰੇ, ਉਸ ਨੂੰ ਦੱਸਿਆ ਅਤੇ ਸਹਾਇਤਾ ਦੀ ਮੰਗ ਕੀਤੀ ਪਰ ਪਿਓਨੇ ਫਿਲਾਸਫਰਾਨਾ ਅੰਦਾਜ਼ ਵਿਚ ਉਸ ਨੂੰ ਸਮਝਾਇਆ। ਦੇਖ ਨਿੱਕੀਏ ਜਿੰਦੇ ਵਿਦਵਾਨਾਂ ਦਾ ਕਥਨ ਹੈ ਕਿ ਵੱਡੇ ਲੋਕ ਜੋ ਚਾਹੁੰਦੇ ਹਨ; ਉਹ ਆਪਣੇ ਅੰਦਰੋਂ ਹੀ ਲੱਭਦੇ ਹਨ; ਪਰ ਛੋਟੇ ਲੋਕ ਜੋ ਚਾਹੁੰਦੇ ਹਨ, ਉਹ ਦੂਜਿਆਂ ਕੋਲੋਂ ਲੋਚਦੇ ਹਨ। ਸਪਰਰਿੰਗ ਮੂਨ ਬੋਲ ਉਠੀ ਜੇ ਇਹ ਗੱਲ ਹੈ ਤਾਂ ਬੁੱਢਾ ਯੇਹ, ਜੋ ਮੇਰਾ ਹੈ ਉਹ ਕਿਉਂ ਖੋਹ ਰਿਹਾ ਹੈ। ਗੱਲ ਨੂੰ ਸੁਣੀ ਅਣਸੁਣੀ ਕਰਕੇ ਉਸਦਾ ਪਿਓ ਖਾਣਾ ਖਾਣ ਲਈ ਤੁਰ ਗਿਆ ਕਿਉਂਕਿ ਸਾਰਾ ਰਾਜ ਪਰਿਵਾਰ ਰਸੋਈ ਘਰ ਵਿਚ ਖਾਣਾ ਖਾ ਰਿਹਾ ਸੀ।

ਸਪਰਿੰਗ ਮੂਨ ਆਪਣੇ ਕਮਰੇ ਵਿਚ ਮੁੜ ਗਈ। ਪਲੱਮ ਬਲਾਜ਼ਮ ਬੈਠੀ ਉਸ ਨੂੰ ਉਡੀਕ ਰਹੀ ਸੀ। ਸਪਰਿੰਗ ਮੂਨ ਨੂੰ ਉਸ ਨੇ ਪੁੱਛਿਆ ਕਿ ਐਨਾ ਚਿਰ ਉਹ ਕੀ ਕਰਦੀ ਰਹੀ ਹੈ। ਸਪਰਿੰਗ ਮੂਨ ਨੇ ਉਸ ਨੂੰ ਸਾਰੀ ਵਾਰਤਾ ਦੱਸ ਦਿੱਤੀ। ਹੌਕਾ ਭਰਕੇ ਪਲੱਮ ਬਲਾਜ਼ਮ ਨੇ ਆਖਿਆ ਕਿ ਉਸਦੇ ਵੱਡੇ ਠੀਕ ਹੀ ਆਖਦੇ ਹਨ-ਕੀਤਾ ਕੌਲ ਨਿਭਾਉਣਾ ਹੀ ਪੈਂਦਾ ਹੈ। ਸਪਰਿੰਗ ਮੂਨ ਨੇ ਦੱਸਿਆ ਕਿ ਇਸ ਮਾਮਲੇ ਦੀ ਉਸ ਨੂੰ ਸਮਝ ਨਹੀਂ ਪੈਂਦੀ। ਪਲੱਮ ਬਲਾਜ਼ਮ ਨੇ ਆਖਿਆ ਕਿ ਤੂੰ ਅਜੇ ਤੱਕ ਮਹੱਲ ਦੀ ਦੇਹਲੀ ਤੋਂ ਬਾਹਰ ਨਹੀਂ ਨਿਕਲੀ, ਤੈਨੂੰ ਇਨ੍ਹਾਂ ਗੱਲਾਂ ਦੀ ਕੀ ਸਮਝ ਪਵੇ।




"ਮੈਂ ਇਹ ਦੀਵਾਰਾਂ ਤੋੜਾਂਗੀ...ਮੈਂ ਬਾਹਰ ਨਿਕਲਾਂਗੀ....ਮੈਂ ਦੇਖਾਂਗੀ ਦੁਨੀਆ ਕਿਵੇਂ ਚਲਦੀ ਹੈ....ਮੈਂ ਮਹਿਲਾਂ ਤੋਂ ਬਾਹਰ ਨਿਕਲਾਂਗੀ।"

"ਨਾ ਨਾ, ਮੇਰੀ ਮਾਲਕਣ, ਮੇਰੀਏ ਭੈਣੇ, ਇਵੇਂ ਕਦੇ ਨਾ ਕਰੀਂ। ਆਹ ਦਿਨ ਤੋਂ ਪਹਿਲਾ ਮੈਂ ਵੀ ਸੁਪਨੇ ਲੈਂਦੀ ਸੀ। ਇਕ ਦਿਨ ਮੇਰਾ ਵੀ ਹਾਣ ਦੇ ਵਰ ਨਾਲ ਵਿਆਹ ਹੋਵੇਗਾ। ਮੇਰੇ ਪੁੱਤਰ ਹੋਵੇਗਾ। ਮੇਰਾ ਵੀ ਦੁਨੀਆ ਵਿਚ ਸਤਿਕਾਰ ਹੋਵੇਗਾ। ਮੇਰੇ ਗਰੀਬ ਪਿਓ ਨੇ ਜਦੋਂ ਮੈਨੂੰ ਰਾਜ ਘਰਾਣੇ ਨੂੰ ਵੇਚਿਆ ਉਦੋਂ ਵੀ ਮੈਨੂੰ ਕੋਈ ਦੁੱਖ ਨਾ ਹੋਇਆ। ਪਰ ਅੱਜ....ਅੱਜ ਜਦੋਂ ਤੂੰ ਸੁੱਤੀ ਹੋਈ ਸੀ ਤਾਂ ਰਾਜਮਾਤਾ ਨੇ ਮੈਨੂੰ ਸੱਦ ਕੇ ਮੇਰਾ ਉਹ ਸੁਪਨਾ ਤੋੜ ਦਿੱਤਾ। ਬੁੱਢਾ ਯੇਹ ਤਾਂ ਮਰਨ ਕਿਨਾਰੇ ਹੈ। ਉਸਦੀਆਂ ਦਰਜਨਾਂ ਰਖੇਲਾਂ ਪਹਿਲਾਂ ਹੀ ਹਨ। ਜੋ ਸਾਰੀਆਂ ਉਹਸਦੀ ਵਹੁਟੀ ਸਮੇਤ ਨਿਰ-ਸੰਤਾਨ ਹਨ। ਮੈਂ ਵੀ ਉਵੇਂ ਹੀ ਖਾਲੀ ਠੀਕਰ ਰਹਾਂਗੀ। ਉਤੋਂ ਜੇ ਕਦੇ ਮੈਂ ਉਸ ਨੂੰ ਨਰਾਜ਼ ਕਰ ਬੈਠੀ, ਉਹ ਮੈਨੂੰ ਸੁੱਕੇ ਪੱਤਰ ਵਾਂਗ ਬਾਹਰ ਵਗਾਹ ਮਾਰੇਗਾ।"

ਰਾਜ ਪਰਿਵਾਰ ਨਾਲ ਬੈਠ ਕੇ ਖਾਣ ਵੇਲੇ ਸਪਰਿੰਗ ਮੂਨ ਉਦਾਸ ਸੀ। ਕਿਸੇ ਨਾਲ ਕੂਈ ਵੀ ਨਾ। ਖਾਣਾ ਵੀ ਖਾਣ ਨੂੰ ਜੀ ਨਾ ਕਰਦਾ। ਇਸ਼ਾਰੇ ਨਾਲ ਪਲੱਮ ਬਲਾਜ਼ਮ ਨੂੰ ਸੱਦ ਕਿ ਆਖਿਆ ਕਿ ਉਹ ਜਾਵੇ ਅਤੇ ਦਾਦੇ ਮਹਾਰਾਜੇ ਨੂੰ ਆਖੇ ਕਿ ਸਪਰਿੰਗ ਮੂਨ ਉਸਦੀ ਪੋਤਰੀ; ਉਸ ਨੂੰ ਮਿਲਣਾ ਚਾਹੁੰਦੀ ਹੈ।

ਸਪਰਿੰਗ ਮੂਨ ਦਾ ਦਾਦਾ 'ਚੰਗ' ਰਾਜ ਘਰਾਣੇ ਦਾ ਮੁਖੀ, ਬੀਮਾਰ ਆਪਣੇ ਖਾਨਦਾਨ ਕਮਰੇ ਵਿਚ ਨੌਕਰਾਂ ਅਤੇ ਉਸਦੀ ਘਰਵਾਲੀ ਦੀ ਨਜ਼ਰ ਵਿਚ ਘਿਰਿਆ ਪਿਆ ਸੀ। ਪਲੱਮ ਬਲਾਜ਼ਮ ਜਦੋਂ ਦਰਵਾਜ਼ੇ ਅੱਗੇ ਪਹੁੰਚੀ ਤਾਂ ਨੌਕਰਾਂ ਨੇ ਉਸ ਨੂੰ ਰੋਕ ਦਿੱਤਾ। ਦਰਵਾਜ਼ੇ 'ਤੇ ਘੁਸਰ ਮੁਸਰ ਹੁੰਦੀ ਮਹਾਂਰਾਜੇ ਦੇ ਕੰਨੀਂ ਪੈ ਗਈ। ਕੋਲ ਖੜ੍ਹੀ ਰਾਜਮਾਤਾ ਵੀ ਚੌਕੰਨੀ ਹੋ ਗਈ। ਜਦੋਂ ਦਰਬਾਨ ਨੇ ਦੱਸਿਆ ਕਿ ਸਪਰਿੰਗ ਮੂਨ ਦੀ ਨੌਕਰ ਕੁੜੀ, ਉਸ ਦਾ ਸੁਨੇਹਾ ਤੁਹਾਨੂੰ ਦੱਸਣ ਆਈ ਹੈ। ਸੁਣ ਕੇ ਰਾਜਾ ਉੱਠ ਕੇ ਬੈਠ ਗਿਆ ਅਤੇ ਪਲੱਮ ਬਲਾਜ਼ਮ ਨੂੰ ਬੁਲਾ ਕੇ ਪੁੱਛਿਆ ਕੀ ਗੱਲ ਹੈ।

"ਮਹਾਰਾਜ ਤੁਹਾਡੀ ਪੋਤਰੀ ਸਪਰਿੰਗ ਮੂਨ ਤੁਹਾਡੀ ਸਿਹਤ ਦੀ ਖ਼ਬਰਸਾਰ ਲੈਣ ਵਾਸਤੇ ਤੁਹਾਨੂੰ ਮਿਲਣਾ ਚਾਹੁੰਦੀ ਹੈ।"

ਕੋਲ ਖੜ੍ਹੀ ਰਾਜਮਾਤਾ ਪਹਿਲਾਂ ਹੀ ਬੋਲ ਪਈ "ਮੇਰੇ ਬੱਚਿਆਂ ਦੇ ਪਿਓ ਮਹਾਰਾਜ ਨੂੰ ਆਰਾਮ ਚਾਹੀਦਾ ਹੈ। ਕਿਸੇ ਨੂੰ ਮਿਲਣ ਦਾ ਵਕਤ ਨਹੀਂ। ਬੁੱਢੇ ਬੀਮਾਰ ਰਾਜੇ ਨੇ ਰਾਣੀ ਵੱਲ ਘੂਰ ਕੇ ਦੇਖਿਆ ਅਤੇ ਪਲੱਮ ਬਲਾਜ਼ਮ ਨੂੰ ਕੋਲ ਸੱਦ ਕੇ ਆਖਿਆ ਕਿ ਸਪਰਿੰਗ ਮੂਨ ਮੇਰੀ ਪੋਤਰੀ ਆ ਜਾਵੇ; ਅਤੇ ਰਾਣੀ ਸਮੇਤ ਬਾਕੀ ਸਾਰਿਆਂ ਨੂੰ ਉਸ ਨੇ ਕਮਰਿਓਂ ਬਾਹਰ ਕੱਢ ਦਿੱਤਾ।

ਜਦੋਂ ਸਪਰਿੰਗ ਮੂਨ ਆਈ ਤਾਂ ਬੁੱਢੇ ਬੀਮਾਰ ਦਾ ਚਿਹਰਾ ਖਿੜ ਉੱਠਿਆ। ਉਸ ਨੇ ਸਪਰਿੰਗ ਮੂਨ ਨੂੰ ਆਪਣੀ ਹਿੱਕ ਨਾਲ ਲਾ ਕੇ ਕੋਲ ਬਿਸਤਰਾ 'ਤੇ ਬਿਠਾ ਲਿਆ। ਉਸ ਨੇ ਮਿਲਣ ਦਾ ਕਾਰਨ ਪੁੱਛਿਆ "ਦਾਦਾ ਜੀ ਤੁਸੀਂ ਬੜੇ ਬੀਮਾਰ ਹੋ, ਸੁਣ ਕੇ ਮੈਨੂੰ ਬੜਾ ਦੁੱਖ ਹੋਇਆ। ਤੁਹਾਨੂੰ ਕੀ ਬੀਮਾਰੀ ਹੈ ਦਾਦਾ ਜੀ" ਬੱਚੀਏ ਬੀਮਾਰੀ ਕੀ, ਬੁਢਾਪੇ ਦਾ ਰੋਗ ਹੈ। ਹਾਂ ਮੇਰੀ ਬੱਚੀ ਮੈਨੂੰ ਦੱਸ ਗੱਲ ਕੀ ਹੈ ? "ਦਾਦਾ ਜੀ ਬੜੀ ਅਣਹੋਣੀ ਬੀਤਣ ਵਾਲੀ ਹੈ। ਮੇਰੀ ਨੌਕਰ ਕੁੜੀ ਬੁੱਢੇ ਯੇਹ ਨੂੰ ਰਖੇਲ ਦੇ ਦਿੱਤੀ ਗਈ ਹੈ। ਜੇ ਉਹ ਚਲੀ ਗਈ ਤਾਂ ਮੈਂ ਮਰ ਜਾਵਾਂਗੀ। ਉਹ ਮੇਰੀ ਭੈਣ ਵਾਂਗ ਹੈ। ਉਸ ਦੇ ਬਿਨਾਂ ਮੈਂ ਜਿਉਂਦੀ ਨਹੀਂ ਰਹਿ ਸਕਦੀ। ਇਸ ਭਾਵੀ ਨੂੰ ਟਾਲ ਦਿਓ ਦਾਦਾ ਜੀ।"

"ਨਹੀਂ ਮੇਰੀ ਬੱਚੀਏ ਤੂੰ ਨਹੀਂ ਮਰੇਂਗੀ। ਮੇਰੀ ਬੱਚੀ ਯਾਦ ਰੱਖ ਅਸੀਂ ਹਰ ਗੱਲ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦੇ ਅਸੀਂ ਜੋ ਨਹੀਂ ਕਰ ਸਕਦੇ; ਉਸ ਅੱਗੇ ਸਾਨੂੰ ਝੁਕਣਾ ਪੈਂਦਾ ਹੈ।"

"ਪਰ ਦਾਦਾ, ਮੈਂ ਬੁੱਢੇ ਯੇਹ ਦੀ ਮੰਗ ਅੱਗੇ ਕਿਉਂ ਝੁਕਾਂ। ਇਹ ਪੁਆੜਾ ਵੀ ਤਾਂ ਜੂਏ ਵਿਚ ਹਾਰਨ ਕਰਕੇ ਪਿਆ। ਮੈਨੂੰ ਚਾਚੇ ਨੇ ਆਪ ਦੱਸਿਆ।"

"ਉਸ ਮੂਰਖ ਨੂੰ ਜ਼ਬਾਨ ਨਹੀਂ ਸੀ ਚਲਾਵੁਣੀ ਚਾਹੀਦੀ। ਲੈ ਸੁਣ ਮੇਰਾ ਯਕੀਨ ਕਰੀਂ ਮੇਰੀ ਬੱਚੀਏ। ਜੋ ਹੋ ਚੁੱਕਿਆ ਉਸ ਨੂੰ ਮੈਂ ਰੋਕ ਨਹੀਂ ਸਕਦਾ। ਮੈਂ ਉਸ ਨੂੰ ਰੋਕਣ ਦੀ ਕੋਸ਼ਿਸ਼ ਵੀ ਨਹੀਂ ਕਰ ਸਕਦਾ। ਰੋ ਨਾ ਮੇਰੀ ਬੱਚੀ ਆ ਮੈਂ ਤੇਰੇ ਹੰਝੂ ਪੂੰਝ ਦਿਆਂ। ਸੁਣ, ਪੂਰੀ ਕਹਾਣੀ ਸੁਣ।"

ਬੁੱਢੇ ਦਾਦੇ ਦੀਆਂ ਸੁੱਕੀਆਂ ਉਂਗਲਾਂ ਹੰਝੂ ਪੂੰਝਦਿਆਂ ਕੰਬ ਰਹੀਆਂ ਸਨ।

"ਕਹਾਣੀ ਸਿਰਫ਼ ਤੇਰੇ ਨਾਲ ਸਾਂਝੀ ਕਰਦਾਂ। ਬਹੁਤ ਪੁਰਾਣੀ ਅਤੇ ਲੰਬੀ ਕਹਾਣੀ ਹੈ। ਇਕ ਬੜਾ ਅਮੀਰ ਵਿਆਹੁਤਾ ਜੋੜਾ ਨਿਰ-ਸੰਤਾਨ ਸੀ। ਉਨ੍ਹਾਂ ਨੇ ਬੜੀਆਂ ਮੰਨਤਾਂ ਮੰਨੀਆਂ, ਬੜੇ ਸੁੱਖਣ ਸੁੱਖੇ, ਕਿਤੋਂ ਮੁਰਾਦ ਪੂਰੀ ਨਾ ਹੋਈ। ਆਖਰ ਉਹ ਤਰਸਣ ਲੱਗੇ; ਚੱਲੋ ਪੁੱਤਰ ਨਾ ਸਹੀ, ਕੁੜੀ ਹੀ ਹੋ ਜਾਵੇ। ਉਹ ਚੌਥਾ ਦਾਜ ਦਹੇਜ ਦੇ ਕੇ ਘਰ ਜਵਾਈ ਲੇ ਲੈਣਗੇ। ਉਨ੍ਹਾਂ ਦੇ ਖਾਨਦਾਨ ਦਾ ਚਿਰਾਗ ਜਗਦਾ ਰਵੇਗਾ। ਪਰ ਇਹ ਵੀ ਪੂਰੀ ਨਾ ਪਈ। ਉਨ੍ਹਾਂ ਦੇ ਗੁਆਂਢ ਇਕ ਹੋਰ ਪਰਿਵਾਰ ਸੀ, ਜਿਨ੍ਹਾਂ ਦੇ ਇਕ ਮੁੰਡਾ ਸੀ। ਇਕ ਵਾਰ ਉਹ ਦੋਵੇਂ ਤੀਵੀਂ ਆਦਮੀ ਕਿਸੇ ਕੰਮ ਕਾਰਨ ਉਤਰ ਵੱਲ ਰਾਜੇ ਨੂੰ ਮਿਲਣ ਗਏ ਹੋਏ ਸੀ। ਅਚਾਨਕ ਮਹਾਂਮਾਰੀ ਫੈਲ ਗਈ। ਪਰਿਵਾਰਾਂ ਦੇ ਪਰਿਵਾਰ ਮੌਤ ਨੇ ਨਿਗਲ ਲਏ। ਉਨ੍ਹਾਂ ਦੇ ਸਾਰੇ ਨੌਕਰ ਚਾਕਰ ਮਰ ਮੁੱਕ ਗਏ। ਬਾਕੀ ਦੇ ਡਰ ਦੇ ਮਾਰੇ ਭੱਜ ਗਏ। ਗੁਆਂਢਣ, ਨਿਰ-ਸੰਤਾਨ ਔਰਤ ਨੇ ਮੁੰਡੇ ਦੀ ਸੰਭਾਲ ਕੀਤੀ। ਤੀਜੇ ਦਿਨ ਮੁੰਡਾ ਵੀ ਬੀਮਾਰ ਹੋ ਗਿਆ। ਅੱਖਾਂ ਬੰਦ, ਰੰਗ ਪੀਲਾ, ਸਰੀਰ ਠੰਡਾ ਅਤੇ ਸਾਹ ਰੁਕ ਗਿਆ। ਪਰ ਨਿਰ-ਸੰਤਾਨ ਔਰਤ ਨੂੰ ਮੁੰਡੇ ਦਾ ਮਰਨਾ ਮਨਜ਼ੂਰ ਨਹੀਂ ਸੀ। ਉਸ ਨੇ ਮੁੰਡੇ ਦੀ ਕਮੀਜ਼ ਲਾਹੀ। ਉਹ ਵਾਹੋ ਦਾਹੀ ਗਲੀਆਂ ਵਿਚ ਭੱਜ ਉਠੀ। ਉਹ ਰੋਂਦੀ ਪਿੱਟਦੀ ਚੀਕਾਂ ਮਾਰਦੀ ਸੀ। "ਮੁੰਡੇ ਦੀ ਰੂਹ ਵਾਪਸ ਆ ਜਾ, ਮੁੰਡੇ ਦੀ ਰੂਹ ਵਾਪਸ ਆ ਜਾ।" ਗਲੀਆਂ ਵਿਚ ਲਾਸ਼ਾਂ ਸੜ ਰਹੀਆਂ ਸਨ। ਬਦਬੋ ਮਾਰਦੀ ਸੀ ਪਰ ਉਹ ਪਿੱਟੀ ਕੁਰਲਾਉਂਦੀ ਭੱਜੀ ਫਿਰਦੀ ਰਹੀ। ਹਾਰ ਹੰਭ, ਥੱਕ ਚਕਨਾਚੂਰ ਹੋ ਉਹ ਘਰ ਵਾਪਸ ਆਈ। ਮੁੰਡੇ ਦੇ ਮੂੰਹ 'ਤੇ ਲਾਲੀ ਮੁੜ ਆਈ ਸੀ। ਸਾਹ ਵੀ ਚੱਲ ਰਿਹਾ ਸੀ। ਉਹ ਔਰਤ ਨੇ ਮੁੰਡੇ ਨੂੰ ਮੌਤ ਦੇ ਮੂੰਹ ਵਿਚੋਂ ਕੱਢ ਲਿਆ। ਮੁੰਡਾ ਵੀ ਉਸਦਾ ਨਹੀਂ ਬਿਗਾਨਾ ਸੀ। ਚਿਰ ਬਾਅਦ ਨਿਰ-ਸੰਤਾਨ ਜੋੜੇ ਦੇ ਘਰ ਵਾਲੀ ਨੂੰ ਸੁਪਨਾ ਆਇਆ ਕਿ ਜੇ ਬੁੱਢਾ ਕਿਸੇ ਸਿਹਤਯਾਬ ਗੁਲਾਮ ਕੁੜੀ ਨੂੰ ਘਰ ਵਸਾਵੇ ਤਾਂ ਮੁੰਡਾ ਹੋਵੇਗਾ। ਇਹ ਦੇਵੀ ਦਾ ਵਰ ਹੈ।

ਅੱਗੇ ਸੁਣ ਮੇਰੀ ਬੱਚੀ; ਉਹ ਨਿਰ-ਸੰਤਾਨ ਜੋੜਾ ਬੁੱਢਾ ਯੇਹ ਅਤੇ ਉਸਦੇ ਘਰਵਾਲੀ ਹੈ।"

ਬੁੱਢੇ ਰਾਜੇ ਦਾ ਸਰੀਰ ਦਰਦ ਨਾਲ ਕਰਾਹ ਰਿਹਾ ਸੀ। ਉਸ ਦਾ ਦਿਲ ਬੈਠ ਰਿਹਾ ਸੀ। ਅੱਖਾਂ ਦੀ ਰੌਸ਼ਨੀ ਬੁੱਝ ਰਹੀ ਸੀ। ਉਸ ਨੇ ਬੁੱਲ੍ਹ ਹਿਲਾਏ।

"ਕਹਾਣੀ ਤਾਂ ਪੂਰੀ ਕਰ ਦਿਆਂ ਮੇਰੀ ਬੱਚੀ। ਕਹਾਣੀ ਵਾਲਾ ਮੁੰਡਾ ਤੇਰਾ ਤਾਇਆ ਬੋਲਡ ਟੇਲੈਂਟ ਹੈ ਅਤੇ ਗੁਲਾਮ ਕੁੜੀ ਪਲੱਮ ਬਲਾਜ਼ਮ ਹੈ। ਹੁਣ ਤੂੰ ਦੱਸ ਇਸ ਕਹਾਣੀ ਦਾ ਅੰਤ ਕੀ ਹੋਵੇ। ਹਾਂ ਦੱਸ ਮੇਰੀ ਬੱਚੀ। ਕਹਾਣੀ ਦਾ ਹੁੰਗਾਰਾ ਭਰ। ਤੂੰ ਇਸ ਦਾ ਅੰਤ ਕੀ ਕਰੇਂ।"

ਸਪਰਿੰਗ ਮੂਨ ਡੁਸਕਣ ਲੱਗ ਪਈ। ਬੋਲ ਨਾ ਸਕੀ ਅਤੇ ਉਚੀ ਰੋਣ ਲੱਗ ਪਈ।

"ਦਾਦਾ ਤੂੰ ਮੈਨੂੰ ਕਹਾਣੀ ਸੁਣਾਈ ਨਾ ਹੁੰਦੀ। ਮੇਰੀ ਸਮਝੋਂ ਬਾਹਰ ਹੈ। ਕੀ ਠੀਕ ਹੈ, ਕੀ ਗਲਤ ਹੈ। ਮੇਰਾ ਦਿਲ ਟੁੱਟ ਗਿਆ ਦਾਦਾ ਜੀ।"

"ਦਿਨ ਟੁੱਟ ਟੁੱਟ ਕੇ ਜੁੜਦੇ ਰਹਿੰਦੇ ਨੇ, ਜੇ ਇਉਂ ਨਾ ਹੋਵੇ ਸਾਨੂੰ ਪਤਾ ਕਿਵੇਂ ਲੱਗੇ ਕਿ ਸਾਡਾ ਦਿਲ ਹੈ। ਸਵੇਰਾ ਲੰਘਦਾ, ਤਾਂ ਸ਼ਾਮ ਪੈ ਜਾਂਦੀ, ਪਹੁ ਫੁਟਾਲੇ ਤੋਂ ਬਾਅਦ ਸਵੇਰ ਆ ਜਾਂਦੀ ਹੈ। ਹੁਣ ਜਾਹ, ਮੇਰੀ ਬੱਚੀ; ਹੁਣ ਮੈਂ ਸੌਂ ਜਾਵਾਂ। ਸਪਰਿੰਗ ਮੂਨ ਬੁੱਤ ਬਣੀ ਦਾਦੇ ਦੇ ਬਿਸਤਰ ਤੋਂ ਉੱਠੀ। ਝੁਕ ਕੇ ਸਲਾਮ ਕੀਤੀ। ਸੋਚ ਰਹੀ ਸੀ ਕਿ ਪਲੱਮ ਬਲਾਜ਼ਮ ਨਾਲ ਇਹ ਕਹਾਣੀ ਕਿਵੇਂ ਸਾਂਝੀ ਹੋਵੇ।

ਪਲੱਮ ਬਲਾਜ਼ਮ ਦਰਵਾਜ਼ੇ ਦੇ ਬਾਹਰ ਖੜ੍ਹੀ ਉਸ ਨੂੰ ਉਡੀਕ ਰਹੀ ਸੀ ਅਤੇ ਉਹ ਸਪਰਿੰਗ ਮੂਨ ਦੇ ਨਾਲ ਹੋ ਤੁਰੀ। ਸਪਰਿੰਗ ਮੂਨ ਕਮਰੇ ਵਿਚ ਪਹੁੰਚ ਕੇ ਬਿਸਤਰੇ ਤੇ ਡਿੱਗ ਪਈ। ਨੌਕਰ ਕੁੜੀ ਨੇ ਉਸਦੇ ਕੱਪੜੇ ਉਤਾਰੇ। ਸੌਣ ਕੱਪੜੇ ਪਾਏ, ਵਾਲ ਸੁਆਰੇ, ਬਿਸਤਰ ਠੀਕ ਕੀਤਾ। ਸਪਰਿੰਗ ਮੂਨ ਟੁੱਟ ਚੁੱਕੀ ਸੀ। ਉਸ ਦੀਆਂ ਅੱਖਾਂ ਬੰਦ ਹੋ ਰਹੀਆਂ ਸਨ। ਪਲੱਮ ਬਲਾਜ਼ਮ ਦਾ ਚਿਹਰਾ ਦੇਖ ਕੇ ਸਪਰਿੰਗ ਮੂਨ ਨੇ ਉਸ ਨੂੰ ਸਲਾਮ ਆਖੀ। "ਮੇਰੀ ਮਾਲਕਣ ਸ਼ੁੱਭ ਰਾਤਰੀ।"

ਸਵੇਰ ਹੁੰਦਿਆਂ ਸਪਰਿੰਗ ਮੂਨ ਦੇ ਕੰਨੀ, ਉਸ ਦੀ ਮਾਂ ਦੀ ਘਬਰਾਈ ਹੋਈ ਆਵਾਜ਼ ਪਈ। "ਛੇਤੀ ਜਾਓ, ਉਸ ਨੂੰ ਕਮਰੇ ਵਿਚ ਡੱਕ ਦਿਓ। ਉਹ ਦੇਖ ਨਾ ਲਵੇ।" ਸਪਰਿੰਗ ਮੂਨ ਧਾ ਕੇ ਉਠੀ, ਪਰਦਾ ਲਾਂਭੇ ਕਰਿਆ। ਉਸ ਦੀ ਮਾਂ ਦੀ ਨੌਕਰ ਫਾਸਟੋ, ਦਰਵਾਜ਼ੇ ਵਿਚ ਖੜ੍ਹੀ ਰੋ ਰਹੀ ਸੀ। "ਚੁੱਪ ਕਰ ਮੈਨੂੰ ਛੀ ਦੱਸ ਕੀ ਹੋਇਆ ?" "ਤੇਰੀ ਮਾਂ ਆ ਕੇ ਤੈਨੂੰ ਸਭ ਦੱਸੂ" ਫਾਸਟੋ ਦੀਆਂ ਭੁੱਬਾਂ ਨਿਕਲ ਗਈਆਂ। "ਮੈਨੂੰ ਹੁਣੇ ਦੱਸ ਕੀ ਹੋਇਆ ?" ਜਦੋਂ ਫਾਸਟੋ ਮੂੰਹੋਂ ਨਾ ਕੂਈ, ਤਾਂ ਸਪਰਿੰਗ ਮੂਨ ਉਸ ਨੂੰ ਧੱਕੇ ਦੇ ਕੇ ਬਾਹਰ ਭੱਜ ਉੱਠੀ। ਬਾਹਰ ਲੋਕ ਸਾਈਪਰੱਸ ਦੇ ਬਾਗ ਵੱਲ ਭੱਜੇ ਜਾ ਰਹੇ ਸਨ। ਸਪਰਿੰਗ ਮੂਨ ਵੀ ਨਾਲ ਰਲ ਗਈ। ਬਾਗ ਵਿਚ ਸੰਨਾਟਾ ਛਾਇਆ ਹੋਇਆ ਸੀ। ਲੋਕਾਂ ਦੀ ਭੀੜ ਵਿਚੋਂ ਸਪਰਿੰਗ ਮੂਨ ਨੂੰ ਕੁਝ ਦਿਖਾਈ ਨਹੀਂ ਸੀ ਦਿੰਦਾ। ਉਹ ਵੱਡੀਆਂ ਚੱਟਾਨਾਂ 'ਤੇ ਚੜ੍ਹ ਗਈ, ਜਿਨ੍ਹਾਂ ਤੇ ਉਹ ਤੇ ਪਲੱਮ ਬਲਾਜ਼ਮ ਰਲ ਕੇ ਬੈਠਿਆ ਕਰਦੀਆਂ ਸਨ।

ਪਲੱਮ ਬਲਾਜ਼ਮ ਸਾਈਪਰੱਸ ਦੇ ਟਾਹਣੇ ਤੋਂ ਲਟਕ ਰਹੀ ਸੀ। 17 ਸਾਲਾਂ ਦੀ ਪਲੱਮ ਬਲਾਜ਼ਮ ਦੇ ਵਿਆਂਹਦੜ ਵਾਲੇ ਵਧੀਆ ਰੇਸ਼ਮੀ ਕੱਪੜੇ ਪਾਏ ਹੋਏ ਸਨ। ਗਲ ਵਿਚ ਰੇਸ਼ਮੀ ਚੁੰਨੀ ਦਾ ਫਾਹਾ ਸੀ।

ਗੁਲਾਮ ਦਾਸੀ ਨੇ ਬਦਲਾ ਲੈ ਲਿਆ। "ਚੰਗ" ਰਾਜ ਘਰਾਣਾ ਸ਼ਰਮ ਵਿਚ ਡੁੱਬ ਗਿਆ। ਇਕ ਕਰਜ਼ ਮੋੜਿਆ ਦੂਜਾ ਸਿਰ ਚੜ੍ਹ ਗਿਆ। ਸਾਈਪਰੱਸ ਦਾ ਦਰੱਖਤ ਵੱਢ ਦਿੱਤਾ ਗਿਆ। ਰਾਜਾ ਵੀ ਬਿਸਤਰ ਵਿਚ ਪਿਆ ਪੂਰਾ ਹੋ ਗਿਆ।

**ਲੇਖਕ ਵਲੋਂ : ਇਹ ਨਾਵਲ ਦੇ ਮੁੱਖ ਬੰਧ ਦਾ ਅਨੁਵਾਦ ਨਹੀਂ ਹੈ। ਸੰਖੇਪ ਹੈ। ਸਾਰੰਗ ਹੈ। ਇਸ ਤੋਂ ਪਹਿਲੇ ਭਾਗ ਬਾਰੇ, ਮਹਿੰਸਾ ਸਿੰਘ ਤੂਰ ਨੇ ਮੈਨੂੰ ਟਿਪਣੀ ਦਿੱਤੀ ਹੈ। ਧੰਨਵਾਦ**

# ਪੰਜਾਬੀ ਗਇਕੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਪਾਰੀਕਰਨ ਦੇ ਰਾਹ

ਰਾਜਿੰਦਰ ਪਾਲ ਸਿੰਘ ਬਰਾੜ
9815050617

ਪੰਜਾਬੀ ਗਇਕੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਪਾਰੀਕਰਨ ਦੇ ਰਾਹ ਪੈ ਕੇ ਲੱਚਰਤਾ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਵਿੱਚ ਅਸ਼ਲੀਲਤਾ, ਹਿੰਸਾ ਅਤੇ ਨਸ਼ਿਆਂ ਨੂੰ ਹੀ ਨਹੀਂ ਵਡਿਆਇਆ ਜਾਂਦਾ ਸਗੋਂ ਔਰਤ ਦੀ ਹੇਠੀ ਵੀ ਕੀਤੀ ਜਾਂਦੀ ਹੈ। ਇਹ ਸਮਾਜਿਕ ਸਰੋਕਾਰਾਂ ਤੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਇਹ ਸੁਰ ਤੋਂ ਭਟਕ ਚੁੱਕੀ ਹੈ ਅਤੇ ਸ਼ੋਰ ਦੀ ਪ੍ਰਧਾਨਤਾ ਹੋ ਚੁੱਕੀ ਹੈ, ਇਸ ਤੋਂ ਵੀ ਅੱਗੇ ਕੁਝ ਲੋਕਾਂ ਦੇ ਖ਼ਿਆਲ ਅਨੁਸਾਰ ਪੰਜਾਬੀ ਸਮਾਜ ਦੀਆਂ ਬਹੁਤੀਆਂ ਬਹੁਤੀਆਂ ਸਮੱਸਿਆਵਾਂ ਲਈ ਇਹ ਗਇਕੀ ਅਲਾਮਤ ਨਹੀਂ ਸਗੋਂ ਜੁੰਮੇਵਾਰ ਹੈ। ਇਸ ਲਈ ਇਸ ਗਾਇਕੀ ਦਾ ਹਰ ਪੱਧਰ ਤੇ ਵਿਰੋਧ ਕਰਨਾ ਚਾਹੀਦਾ ਹੈ। ਬਹੁਤ ਹੀ ਸਿਆਣੇ ਲੋਕਾਂ ਦਾ ਵਿਚਾਰ ਹੈ ਕਿ ਵੱਧ ਤੋਂ ਵੱਧ ਇਸ ਦਾ ਬਦਲ ਤਿਆਰ ਕਰਨਾ ਚਾਹੀਦਾ ਹੈ। ਜਦੋਂ ਕਿ ਕੱਟੜ ਆਲੋਚਕ ਇਸ ਉੱਪਰ ਪਾਬੰਦੀ ( ਬੈਨ) ਲਗਾਉਣ ਤੱਕ ਦਾ ਸੁਝਾਅ ਦਿੰਦੇ ਹਨ।ਅਖ਼ਬਾਰਾਂ, ਰਸਾਲਿਆਂ, ਪੁਸਤਕਾਂ ਵਿੱਚ ਅਜਿਹੇ ਵਿਚਾਰਾਂ ਦੀ ਭਰਮਾਰ ਹੁੰਦੀ ਹੈ। ਖੋਜ ਪ੍ਰਬੰਧਾਂ ਵਿੱਚ ਵੀ ਇਹੋ ਵਿਚਾਰ ਥੋੜ੍ਹੀ ਜਿਹੀ ਅਕਾਦਮਕ ਭਾਸ਼ਾ ਵਿੱਚ ਦੁਹਰਾਏ ਜਾਂਦੇ ਹਨ। ਇਸ ਵਿਸ਼ੇ ਤੇ ਹੋਣ ਵਾਲੇ ਹਰ ਸੈਮੀਨਾਰ/ਕਾਨਫਰੰਸ/ਇਕੱਠ ਵਿੱਚ ਇਹੋ ਵਿਚਾਰ ਸ਼ਬਦਾਂ ਦੇ ਹੇਰ ਫੇਰ ਨਾਲ ਵਾਰ ਵਾਰ ਪੇਸ਼ ਕੀਤੇ ਜਾਂਦੇ ਹਨ। ਜਿੱਥੇ ਵੀ ਚਾਰ ਸਿਆਣੇ ਬੰਦੇ ਜੁੜ ਬੈਠਦੇ ਹਨ ਉਹ ਇਸ ਦੀ ਨਿਖੇਧੀ ਕਰਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਅ ਦਿੰਦੇ ਹਨ ।

ਇਸ ਦੇ ਉਲਟ ਰੇਡੀਓ, ਟੈਲੀਵਿਜ਼ਨ, ਫ਼ਿਲਮਾਂ ਤੋਂ ਇਲਾਵਾ ਵਿਆਹ ਸ਼ਾਦੀਆਂ ਅਤੇ ਖ਼ੁਸ਼ੀ ਦੇ ਹੋਰ ਮੌਕਿਆਂ ਉੱਪਰ ਇਹ ਹੀ ਗਾਇਕੀ ਨਾ ਕੇਵਲ ਰਾਜ ਹੀ ਕਰ ਰਹੀ ਹੁੰਦੀ ਹੈ ਸਗੋਂ ਬਹੁਤੀਆਂ ਨਿੱਜੀ ਕਾਰਾਂ ਤੇ ਸਾਂਝੀਆਂ ਬੱਸਾਂ ਵਿੱਚ ਵੀ ਏਹੀ ਵੱਜ ਰਹੀ ਹੁੰਦੀ ਹੈ। ਸੋਸ਼ਲ ਮੀਡੀਆ (ਫੇਸਬੁੱਕ, ਵਟਸਐਪ, ਯੂ ਟਿਊਬ ) ਉੱਪਰ ਇਹ ਹੀ ਗਾਇਕੀ ਕਿਸੇ ਹੋਰ ਨਾਲੋਂ ਵਧੇਰੇ ਚਾੜ੍ਹੀ ਵੇਖੀ/ ਸੁਣੀ/ ਮਾਣੀ ਜਾਂਦੀ ਹੈ। ਇਨ੍ਹਾਂ ਸੰਚਾਰ ਸਾਧਨਾਂ ਉੱਪਰ ਇਨ੍ਹਾਂ ਗੀਤਕਾਰਾਂ/ ਗਾਇਕਾਂ ਦੀ ਚੜ੍ਹਾਈ ਹੁੰਦੀ ਹੈ। ਪੰਜਾਬੀ ਸਮਾਜ ਦੀ ਇਸ ਵਿਸੰਗਤੀ ਨੂੰ ਸਮਝਣ ਲਈ ਸਾਨੂੰ ਪੰਜਾਬੀ ਗੀਤਕਾਰੀ ਵਿਕਾਸ ਦੇ ਵਿਕਾਸ ਨੂੰ ਵਾਚਣਾ ਪਵੇਗਾ ।

ਮੁੱਢਲੇ ਤੌਰ ਤੇ ਪੰਜ ਕੋਮਲ ਕਲਾਵਾਂ ਕਾਵਿ, (ਸਾਹਿਤ) ਸੰਗੀਤ (ਵਾਦਨ, ਗਾਇਨ), ਚਿੱਤਰਕਾਰੀ, ਨਾਚ/ਅਭਿਨੈ, ਬੁੱਤਕਾਰੀ/ਇਮਾਰਤਸਾਜ਼ੀ ਮੰਨੇ ਜਾਂਦੇ ਹਨ, ਬਾਅਦ ਵਿੱਚ ਇਨ੍ਹਾਂ ਦੀ ਗਿਣਤੀ ਸੋਲਾਂ ਅਤੇ ਫੇਰ ਚੌਂਹਟ ਮੰਨੀ ਜਾਂਦੀ ਰਹੀ ਹੈ। ਅੱਜ ਕੱਲ੍ਹ ਪੁਰਾਣੀਆਂ ਪ੍ਰੰਪਰਾਵਾਂ ਦੇ ਨਾਲ ਨਾਲ ਨਵੀਆਂ ਕਲਾਵਾਂ ਵੀ ਪੈਦਾ ਹੋ ਗਈਆਂ ਖਾਸ ਕਰਕੇ ਦ੍ਰਿਸ਼ ਅਤੇ ਆਵਾਜ਼ ਨੂੰ ਰਿਕਾਰਡ ਕਰਨ ਵਾਲੇ ਉਪਕਰਨਾਂ ਤੋਂ ਬਾਅਦ ਨਵੀਆਂ ਕਲਾਵਾਂ ਜਿਵੇਂ ਫੋਟੋਗ੍ਰਾਫੀ/ਫ਼ਿਲਮਾਂ ਆਦਿ ਪੈਦਾ ਹੋਈਆਂ। ਹੌਲੀ ਹੌਲੀ ਬਿੱਲਕੁੱਲ ਹੀ ਨਵੀਆਂ ਮਿਸ਼ਰਤ ਕਲਾਵਾਂ ਨੇ ਜਨਮ ਲਿਆ। ਅਜੋਕਾ ਗੀਤ ਵੀਡੀਓ ਕਈ ਕਲਾਵਾਂ ਦਾ ਮਿਸ਼ਰਤ ਰੂਪ ਹੈ ਜਿਸ ਵਿੱਚ ਕਾਵਿ ਜਮ੍ਹਾਂ ਸੰਗੀਤ ਜਿਸ ਵਿੱਚ ਗਾਇਨ ਤੇ ਵਾਦਨ ਸ਼ਾਮਲ ਹਨ, ਨਾਚ ਅਤੇ ਅਭਿਨੈ ਜਮ੍ਹਾ ਪਿਛੋਕੜੀ ਦ੍ਰਿਸ਼ ਚਿੱਤਰਕਾਰੀ ਅਤੇ ਬੁੱਤਕਾਰੀ ਤੋਂ ਲੈ ਕੇ ਇਮਾਰਤਸਾਜ਼ੀ ਤੱਕ ਸਭ ਕੁਝ ਸਮਾਇਆ ਹੁੰਦਾ ਹੈ। ਇਸ ਵਿੱਚ ਨਵੀਆਂ ਕਲਾਵਾਂ ਜਿਵੇਂ ਐਨੀਮੇਸ਼ਨ ਕਾਰਟੂਨਿੰਗ ਵੀ ਸ਼ਾਮਲ ਹੁੰਦੀਆਂ ਹਣ। ਇਹ ਇੱਕ ਪ੍ਰਭਾਵਸ਼ਾਲੀ ਕਲਾ ਮਾਧਿਅਮ ਹੈ ਜਿਸ ਵਿੱਚ ਮੇਕਅੱਪ, ਹਾਰ ਸ਼ਿੰਗਾਰ, ਵਸਤਰ ਕਲਾਂ ਵੀ ਸਮਾਈ ਹੁੰਦੀ ਹੈ। ਹੁਣ ਤਾਂ ਗੀਤ ਵੀਡੀਓ ਕੇਵਲ ਪੂਰਵ ਪ੍ਰਚੱਲਤ ਕਥਾਵਾਂ ਦੇ ਬਿਰਤਾਂਤ ਨੂੰ ਨਾਟਕੀ ਅੰਦਾਜ਼ ਵਿੱਚ ਪੇਸ਼ ਹੀ ਨਹੀਂ ਕਰਦਾ ਸਗੋਂ ਇਸ ਵਿੱਚ ਤਿੰਨੇ ਯਾਨਰ ਘੁਲ ਮਿਲ ਕੇ ਨਵੇਂ ਯਾਨਰ ਨੂੰ ਜਨਮ ਦਿੰਦੇ ਹਨ। ਇਸ ਦਾ ਪ੍ਰਭਾਵ ਖੇਤਰ ਬੜਾ ਵਿਆਪਕ ਹੈ। ਸੋ ਇਸ ਨੂੰ ਨਿੰਦਣ, ਰੱਦਣ ਜਾਂ ਖਪਤੀ ਰੂਪ ਵਿੱਚ ਖਚਿਤ ਹੋਣ ਦੀ ਥਾਵੇਂ ਇਸ ਨੂੰ ਸਮਝਣ ਦੀ ਜ਼ਰੂਰਤ ਹੈ ਤਾਂ ਜੋ ਇਸ ਦੇ ਮਾਇਆਵੀ ਮੱਕੜ ਜਾਲ ਵਿੱਚੋਂ ਬਾਹਰ ਆਇਆ ਜਾ ਸਕੇ ਜੋ ਚੇਤਨਾ ਨੂੰ ਇੱਕੋ ਵੇਲੇ ਪਰਗਟ ਵੀ ਕਰ ਰਿਹਾ ਹੈ, ਧੁੰਦਲਾ ਵੀ ਕਰ ਰਿਹਾ ਹੈ ਅਤੇ ਉਸ ਦੀ ਘਾੜਤ ਵੀ ਕਰ ਰਿਹਾ ਹੈ। ਇਹ ਸਿੱਧੀ ਸਾਦੀ ਭਾਸ਼ਾ ਵਿਚ ਸਮਾਜ ਨੂੰ ਸੇਧ ਵੀ ਦੇ ਰਿਹਾ ਹੈ,ਸ਼ੀਸ਼ਾ ਵੀ ਦਿਖਾ ਰਿਹਾ ਹੈ ਅਤੇ ?ਸ ਨੂੰ ਪ੍ਰਗਟ ਵੀ ਕਰ ਰਿਹਾ ਹੈ। ਸ਼ੀਸ਼ਾ ਤੁਹਾਨੂੰ ਤੁਹਾਡੀ ਅਸਲੀਅਤ ਸੱਚਾਈ ਜੋ ਤੁਸੀਂ ਨਹੀਂ ਦੇਖ ਸਕਦੇ ਹੁੰਦੇ ਦਿਖਾਉਂਦਾ ਵੀ ਹੈ ਤੇ ਬਦਲਣ ਲਈ ਸਹਾਇਤਾ ਵੀ ਕਰਦਾ ਹੈ ਜੇ ਬਦਲਣਾ ਚਾਹੁੰਦੇ ਹੋ ਪਰ ਇਸ ਦੇ ਬਾਵਜੂਦ ਸ਼ੀਸਾ ਸ਼ੀਸ਼ਾ ਹੁੰਦਾ ਹੈ ਅਸਲੀਅਤ ਨਹੀਂ ਹੁੰਦੀ ।ਪੰਜਾਬੀ ਗਾਇਕੀ ਨੂੰ ਵੀ ਇਸੇ ਪ੍ਰਸੰਗ ਵਿੱਚ ਵਾਚਣ ਦੀ ਜ਼ਰੂਰਤ ਹੈ।

ਪੰਜਾਬੀ ਸ਼ਾਇਰੀ ਦੀਆਂ ਚਾਰ ਧਾਰਾਵਾਂ ਸਨ: ਸਾਰੀਆਂ ਹੀ ਗਾਇਨਮਈ ਸਨ। ਇਨ੍ਹਾਂ ਵਿੱਚੋਂ ਗੁਰਬਾਣੀ ਅਤੇ ਸੂਫੀ ਅਲੌਕਿਕ ਅਧਿਆਤਮਕ ਰੰਗ ਭਾਵਾਂ ਵਾਲੀਆਂ ਹਨ ।ਜਦੋਂ ਕਿ ਕਿੱਸਾ ਕਾਵਿ ਅਤੇ ਵਾਰ ਕਾਵਿ ਲੌਕਿਕ ਦੁਨਿਆਵੀ ਰਸ ਰੰਗ ਭਾਵਾਂ ਵਾਲੀਆਂ ਸਨ। ਇਨ੍ਹਾਂ ਚਾਰਾਂ ਦੇ ਸਮਾਨਅੰਤਰ ਹੀ ਲੋਕ ਕਾਵਿ ਦੀ ਪੰਜਵੀ ਧਾਰਾ ਹੈ ।ਲੋਕ ਕਾਵਿ ਵਿੱਚ ਕਾਵਿ, ਸੰਗੀਤ ਅਤੇ ਅਭਿਨੈ ਵੀ ਜੁੜਿਆ ਹੁੰਦਾ ਹੈ। ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਹੁੰਦਾ ਸੀ, ਸੂਫ਼ੀ ਕਾਫੀਆਂ ਨੂੰ ਕਵਾਲ ਗਾਉਂਦੇ ਸੀ, ਕਿੱਸਿਆਂ ਨੂੰ ਗਾਇਕ ਗਾਉਂਦੇ ਸੀ ਅਤੇ ਵਾਰਾਂ ਢਾਡੀ ਗਾਉਂਦੇ ਸੀ। ਖੈਰ ਲੋਕ ਕਾਵਿ ਵਿੱਚ ਤਾਂ ਸਭ ਕੁਝ ਹੀ ਸਮਾਇਆ ਹੁੰਦਾ ਸੀ। ਇਨ੍ਹਾਂ ਪੰਜ ਧਰਾਵਾਂ ਵਿੱਚ ਜੇ ਪਹਿਲਿਆਂ ਦੋ ਛੱਡ ਵੀ ਦੇਈਏ ਤਾਂ ਬਾਕੀਆਂ ਵਿੱਚ ਵੀ ਅਸ਼ਲੀਲਤਾ ਨਹੀਂ ਹੁੰਦੀ ਸੀ। ਇੱਥੇ ਸਾਨੂੰ ਇਨ੍ਹਾਂ ਧਾਰਾਵਾਂ ਦਾ ਸੰਚਾਰ ਮਾਡਲ ਸਮਝਣਾ ਪਵੇਗਾ।ਇਹ ਗਾਇਕੀ ਅਸਲ ਵਿੱਚ ਦਾਇਰਿਆਂ ਦੀ ਗਾਇਕੀ ਹੁੰਦੀ ਸੀ। ਇਹ ਦਾਇਰੇ ਲਿੰਗ/ਉਮਰ ਅਨੁਸਾਰ ਹੀ ਨਹੀਂ ਸਗੋਂ ਜਾਤ,ਜਮਾਤ ,ਧਰਮ ਅਨੁਸਾਰ ਵੀ ਹੁੰਦੇ ਸਨ।ਇਨ੍ਹਾਂ ਵਿੱਚ ਤਥਾ ਕਥਿਤ ਅਸ਼ਲੀਲਤਾ ਅੱਜ ਨਾਲੋਂ ਵੀ ਵੱਧ ਹੁੰਦੀ ਸੀ। ਜਿਨ੍ਹਾਂ ਨੇ ਛਪਾਰ ਦੇ ਮੇਲੇ ਤੇ ਪੈਂਦੀਆਂ ਬੋਲੀਆਂ, ਪਿੰਡੋਂ ਬਾਹਰ ਲੱਗਦੇ ਨਚਾਰਾਂ ਦੇ ਅਖਾੜੇ ਅਤੇ ਬਰਾਤ ਤੋਰਨ ਤੋਂ ਬਾਅਦ ਇਕੱਲੀਆਂ ਔਰਤਾਂ ਵੱਲੋਂ ਪਾਏ ਜਾਂਦੇ ਗਿੱਧੇ ਅਤੇ ਤਮਾਸ਼ਿਆਂ ਨੂੰ ਦੇਖਿਆ ਹੋਵੇਗਾ ਉਹ ਭਲੀ ਭਾਂਤ ਸਮਝ ਸਕਦਾ ਹੈ ਪਰ ਕਦੇ ਵੀ ਅਸ਼ਲੀਲ ਦਾ ਮਸਲਾ ਨਹੀਂ ਬਣੀ ਸੀ ।ਇਸ ਦਾ ਕਾਰਨ ਇਹ ਸੀ ਕਿ ਗਾਇਕੀ ਦਾਇਰੇ ਵਿੱਚ ਵਿਚਰਦੀ ਸੀ ਅਤੇ ਪੇਸ਼ਕਾਰੀ ਸਮਾਂ ਵੀ ਸੀਮਤ ਹੁੰਦਾ ਸੀ। ਉਸ ਤੋਂ ਬਾਅਦ ਸਭ ਕੁਝ ਖਤਮ ਹੋ ਜਾਂਦਾ ਸੀ। ਇਸ ਦੀ ਯਾਦ ਤੋਂ ਬਗੈਰ ਹੋਰ ਕੋਈ ਸਥਾਈ ਰਿਕਾਰਡ ਨਹੀ ਹੁੰਦਾ ਸੀ। ਜਦੋਂ ਆਧੁਨਿਕ ਰਿਕਾਰਡ ਯੰਤਰਾਂ ਨਾਲ ਪੇਸ਼ਕਾਰੀ ਰਿਕਾਰਡ ਹੋਣ ਲੱਗ ਪਈ ਅਤੇ ਲੋਕਧਾਰਾਈ ਪਰੰਪਰਕ ਦਾਇਰੇ ਟੁੱਟ ਗਏ। ਸੰਦਰਭੋਂ ਟੁੱਟੀ ਗਾਇਕੀ ਗ਼ੈਰ ਪ੍ਰਸੰਗਕ ਹੋਣ ਕਰਕੇ ਅਸ਼ਲੀਲ ਹੋ । ਸੋ ਦਾਇਰੇ ਦਾ ਟੁੱਟਣਾ ਅਤੇ ਰਿਕਾਰਡਿੰਗ ਇਸ ਦਾ ਅਹਿਮ ਹਿੱਸਾ ਹੈ। ਜ਼ਿੰਦਾ ਪੇਸ਼ਕਾਰੀ ਸਮੇਂ ਗਾਇਕ ਨੂੰ ਪਤਾ ਹੁੰਦਾ ਸੀ ਕੀ ਅਤੇ ਕਦੋਂ ਗਾਉਣਾ ਹੈ। ਉਹ ਆਪਣੇ ਸਰੋਤਿਆਂ ਅਤੇ ਦਰਸ਼ਕਾਂ ਦੇ ਭਾਵਾਂ ਨਾਲ ਇੱਕ ਸੁਰ ਹੁੰਦਾ ਸੀ। ਉਹ ਵੇਲੇ ਵੇਲੇ ਦੇ ਰਾਗ ਅਤੇ ਵੇਲੇ ਵੇਲੇ ਦੀਆਂ ਰਾਗਣੀਆਂ ਨੂੰ ਸਮਝਦਾ ਸੀ। ਕੁੜੀਆਂ ਤੀਆਂ ਵਿੱਚ ਮਨਮਰਜੀ ਦਾ ਧਮਾਲ ਮਚਾਕੇ ਵਾਪਸ ਪਰਤਦੀਆਂ ਸੀ ਤਾਂ ਸੱਥ ਵਿੱਚ ਭਰਾ ਵੇਖ ਕੇ ਕਹਿ ਦਿੰਦੀਆਂ ਸੀ ਚੰਗੇ ਚੰਗੇ ਬੱਚਨ ਕਰੋ ਵੀਰ ਸੁਣ ਦੇ ਦਾੜ੍ਹੀਆਂ ਵਾਲੇ। ਸੋ ਜਿਸ ਨੂੰ ਅੱਜ ਅਸ਼ਲੀਲਤਾ ਕਿਹਾ ਜਾਂਦਾ ਹੈ ਇਹ ਉਸ ਸਮੇਂ ਅਸ਼ਲੀਲਤਾ ਨਹੀਂ ਸੀ। ਔਰਤ ਮਰਦ ਦੇ ਪ੍ਰਵਿਰਤੀ ਮੂਲਕ ਭਾਵਾਂ ਦਾ ਉਦਾਤੀਕ੍ਰਿਤ ਰੂਪ ਪ੍ਰੇਮ ਹੈ। ਪ੍ਰੇਮ ਦਾ ਸਰੀਰ ਪਰ ਨਿੱਜੀ ਪ੍ਰਗਟਾਵਾ ਸ੍ਰਿਸ਼ਟੀ ਚੱਲਦੀ ਰਹਿਣ ਦਾ ਕਾਰਜ ਹੈ। ਪਰ ਇਸ ਦਾ ਜਨਤਕ ਪ੍ਰਗਟਾਵਾ। ਅੱਜ ਦੀ ਗਾਇਕੀ ਨਿੱਜੀ ਅਤੇ ਜਨਤਕ ਵਿਚਕਾਰ ਮਹੱਤਵਪੂਰਨ ਪਰ ਬਰੀਕ ਰੇਖਾ ਭੁੱਲਗੀ ਹੈ ਜਾਂ ਭੁਲਾ ਦਿੱਤੀ ਗਈ ਹੈ । ਇਸ ਨੂੰ ਭੁਲਾਉਣ ਜਾਂ ਖ਼ਤਮ ਕਰਨ ਵਿੱਚ ਵੱਡੀ ਅਤੇ ਨਿਰਨਾਇਕ ਭੂਮਿਕਾ ਮੰਡੀ ਦੀ ਹੈ, ਖੱਪਤ ਸੱਭਿਆਚਾਰ ਦੀ ਹੈ। ਰਿਕਾਰਡਿੰਗ ਸਾਧਨਾਂ ਦੇ ਵਿਕਸਿਤ ਹੋ ਜਾਣ ਨਾਲ ਗਾਇਕ ਦੀ



ਗੈਰ ਮੌਜੂਦਗੀ ਵਿੱਚ ਗਾਇਨ ਸੁਣਿਆ ਦੇਖਿਆ ਜਾਣਾ ਸ਼ੁਰੂ ਹੋਇਆ ਹੈ ਤਾਂ ਇਹ ਗੀਤ ਦਾ ਰਿਕਾਰਡ ਵਿਕਣ ਵਾਲੀ ਚੀਜ਼ ਬਣ ਗਿਆ। ਪਹਿਲਾਂ ਪੈਸਾ ਸਿਰਫ ਗਾਇਕ ਨੂੰ ਜਾਂਦਾ ਸੀ ਅਤੇ ਉਹ ਸਿੱਧਾ ਪੇਸ਼ਕਾਰੀ ਸਮੇਂ ਸੁਣਨ ਦੇਖਣ ਵਾਲਿਆਂ ਵੱਲੋਂ ਦਿੱਤਾ ਜਾਂਦਾ ਸੀ ਅਤੇ ਦਰਸ਼ਕ/ਸਰੋਤਿਆਂ ਦੀ ਹੈਸੀਅਤ ਅਨੁਸਾਰ ਵਧਦਾ ਘੱਟਦਾ ਰਹਿੰਦਾ ਸੀ। ਰਾਜੇ ਮਹਾਰਾਜੇ ਜਗੀਰਾਂ /ਗਹਿਣੇ ਦਾਨ ਕਰਦੇ ਸੀ ਆਮ ਲੋਕ ਹੈਸੀਅਤ ਦੀ ਵੇਲ ਕਰਵਾਉਂਦੇ ਸੀ। ਇਸ ਵਿੱਚ ਮੰਡੀ ਨਹੀਂ ਸਿੱਧਾ ਵਟਾਂਦਰਾ ਸੀ। ਮੰਡੀ ਨੇ ਗੀਤਾਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਸਾਰੇ ਵਿਕਣ ਲਈ ਦਾਇਰਾ ਉਲੰਘਣ ਲੱਗ ਪਏ ਅਤੇ ਆਪਣੇ ਦਇਰੇ ਤੋਂ ਬਾਹਰ ਲੋਕਾਂ ਨੂੰ ਉਕਸਾਉਣ ਲੱਗ ਪਏ ।

ਉੱਤਰ ਆਧੁਨਿਕ ਯੁੱਗ ਵਿਚ ਰਿਕਾਰਡਿੰਗ ਦੇ ਨਾਲ ਨਾਲ ਇੱਕੋ ਕਲਾ ਕਿਰਤ ਦੀਆਂ ਬਹੁਤ ਸਾਰੀਆਂ ਨਕਲਾਂ ਤਿਆਰ ਕਰਨ ਅਤੇ ਉਨ੍ਹਾਂ ਦਾ ਸੰਚਾਰ ਸੌਖਾ ਅਤੇ ਸਸਤਾ ਹੋ ਗਿਆ ਤਾਂ ਮੰਡੀ ਨੇ ਨਵਾਂ ਪੈਂਤੜਾ ਖੇਡਿਆ ਕਿ ਗੀਤਾਂ ਨੂੰ ਪਹਿਲਾਂ ਇਸ਼ਤਿਹਾਰਾਂ ਦਾ ਵਾਹਨ ਬਣਾ ਲਿਆ ਅਤੇ ਬਾਅਦ ਵਿੱਚ ਗੀਤ ਹੀ ਇਸ਼ਤਿਹਾਰ ਬਣਾ ਦਿੱਤੇ। ਇਹ ਕਹਿ ਸਕਦੇ ਹਾਂ ਕਿ ਇਸ਼ਤਿਹਾਰਾਂ ਦੇ ਗੀਤ ਬਣਾ ਦਿੱਤੇ। ਇਸ ਵਿੱਚ ਅੰਦਰੋਂ ਉੱਠਦੀਆਂ ਕੁਦਰਤੀ ਕਾਮੁਕ ਭਾਵਨਾਵਾਂ ਨੂੰ ਉਦਾਤ ਕਰਕੇ ਸਿਰਜਨਾਤਮਕ ਤਰੀਕੇ ਨਾਲ ਸ਼ਾਂਤ ਕਰਨ ਦੀ ਥਾਂ ਭਟਕਾਇਆ, ਚਮਕਾਇਆ, ਲਿਸ਼ਕਾਇਆ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਇਸ ਨੂੰ ਕਿਸੇ ਵਪਾਰ ਦੀ ਵਪਾਰਕ ਵਸਤ ਨਾਲ ਜੋੜਿਆ ਜਾਂਦਾ ਹੈ ।ਇੰਜ ਕਾਮ ਵਾਸ਼ਨਾਵਾਂ ਦਾ ਵਪਾਰ ਕੀਤਾ ਜਾਂਦਾ ਹੈ ਅਤੇ ਇਸ ਰਾਹੀਂ ਪੈਸਾ ਕਮਾਇਆ ਜਾਂਦਾ ਹੈ। ਤੁਸੀਂ ਅਜੋਕੇ ਗੀਤ ਸੁਣ ਲਵੋ ਉਸ ਵਿੱਚ ਐਨਕਾਂ, ਪਰਸਾਂ, ਮੋਬਾਈਲਾਂ, ਸੈਂਡਲਾਂ, ਜੀਨਾਂ, ਕਾਰਾਂ, ਜੀਪਾਂ, ਮੋਟਰਸਾਈਕਲ, ਹਥਿਆਰਾਂ ਦੇ ਬ੍ਰਾਂਡਾਂ ਦੀਆਂ ਸਿੱਧੀਆਂ ਤੇ ਅਸਿੱਧੀਆਂ ਮਸ਼ਹੂਰੀਆਂ ਹੁੰਦੀਆਂ ਹਨ। ਇਹ ਮਾਨਵੀ ਜੀਵਨ ਦੀਆਂ ਤਾਂਘਾਂ ਉਮੰਗਾਂ ਸੱਧਰਾਂ ਆਸਾਂ ਤਾਂ ਮੁੱਢੋਂ ਹੀ ਗੀਤਾਂ ਦਾ ਭਾਗ ਰਹੀਆਂ ਹਨ। ਲੋਕ ਗੀਤਾਂ ਵਿੱਚ ਅਜਿਹੇ ਬੋਲ ਮਿਲਦੇ ਹਨ:

**ਬੋਤਾ ਲਿਆਈਂ ਉਹ ਮਿੱਤਰ ਜਿਹੜਾ ਡੰਡੀਆਂ ਹਿੱਲਣ ਨਾ ਦੇਵੇ**
**ਆਹਲੈ ਨੱਤੀਆਂ ਕਰਾ ਲਈਂ ਪਿੱਪਲ ਪੱਤੀਆਂ ਕਿਸੇ ਦੇ ਕੋਲ ਗੱਲ ਨਾ ਕਰੀਂ**
**ਲੱਡੂ ਲਿਆਏ ਤਾਂ ਭੋਰ ਕੇ ਖਾਵਾਂ ਮਿਸ਼ਰੀ ਕੜੱਕ ਬੋਲਦੀ ਹੈ**
**ਉਸ ਘਰ ਦੇਈਂ ਬਾਬਲਾ ਜਿੱਥੇ ਲਿੱਪਣੇ ਨਾ ਪੈਣ ਬਨੇਰੇ**
**ਜਾਕਟ ਲਿਆ ਮਿੱਤਰਾ ਕੁੜਤੀ ਹੇਠ ਦੀ ਪਾਵਾਂ**

ਪਰ ਇਹ ਸਭ ਕੁਝ ਸੀਮਤ ਦਾਇਰੇ ਵਿੱਚ ਸੀ ਅਤੇ ਇੱਕ ਤਰ੍ਹਾਂ ਹੀ ਆਸ ਅਤੇ ਪਿਆਰ ਦੀ ਨਿਸ਼ਾਨੀ ਸੀ। ਹੁਣ ਇਹ ਸਭ ਕੁਝ ਵਪਾਰ ਵਿੱਚ ਬਦਲ ਗਿਆ ਹੈ । ਇਹ ਸੱਭਿਆਚਾਰਕ ਮਰਿਆਦਾ ਦਾ ਦਾਇਰਾ ਉਲੰਘ ਗਈ ਹੈ। ਹੁਣ ਮਸਲਾ ਉੱਠਦਾ ਹੈ ਕਿ ਕਿ ਸਮਾਜ ਅੰਦਰ ਮਾਨਵੀ ਵਿਵਹਾਰ ਬਦਲ ਰਿਹਾ ਹੈ ਜਿਸ ਦਾ ਗੀਤ ਪ੍ਰਗਟਾਵਾ ਕਰ ਰਹੇ ਹਨ ਜਾਂ ਗੀਤਾਂ ਨੂੰ ਸੁਣ ਦੇਖ ਕੇ ਮਾਨਵੀ ਵਿਵਹਾਰ ਬਦਲ ਰਿਹਾ ਹੈ। ਸਹੀ ਗੱਲ ਤਾਂ ਇਹ ਹੈ ਕਿ ਇਹ ਦੋਪਾਸੜੀ ਹੈ ਜਿਸ ਨੂੰ ਮਾਰਕਸਵਾਦੀ ਆਲੋਚਨਾ ਦਵੰਦਾਤਮਕ ਆਖਦੀ ਸੀ। ਮੌਜੂਦਾ ਗੀਤ ਇਸੇ ਰੂਪ ਵਿੱਚ ਜਾਰੀ ਰਹਿਣਗੇ ਜਦੋਂ ਤੱਕ ਲੁੱਟ ਆਧਾਰਤ ਮੁਨਾਫੇ ਵਾਲਾ ਕਰੱਪਟ ਲੱਚਰ ਕਾਰਪੋਰੇਟ ਪੂੰਜੀਵਾਦੀ ਪ੍ਰਬੰਧ ਮੌਜੂਦ ਹੈ ਕਿਉਂਕਿ ਇਹ ਗੀਤ ਉਸ ਦਾ ਪ੍ਰਤੀਫਲ ਹਨ ।ਜੇ ਮੰਡੀ ਵਿੱਚ ਮਾਲ ਵੇਚਣਾ ਹੈ ਤਾਂ ਉਸ ਲਈ ਇਸ਼ਤਿਹਾਰਬਾਜ਼ੀ ਦੀ ਜ਼ਰੂਰਤ ਪਵੇਗੀ। ਇਸ਼ਤਿਹਾਰਾਂ ਲਈ ਮਾਡਲਾਂ ਦੀ ਜ਼ਰੂਰਤ , ਮਾਡਲਾਂ ਦੀ ਚੋਣ ਲਈ ਫੈਸ਼ਨ ਪ੍ਰਤੀਯੋਗਿਤਾਵਾਂ ਵੀ ਹੋਣਗੀਆਂ ਅਤੇ ਜੇ ਪ੍ਰਤੀਯੋਗਤਾ ਹੋਣਗੀਆਂ ਤੇ ਉਨ੍ਹਾਂ ਦੇ ਮਾਪਦੰਡ ਅਨੁਸਾਰ ਨੰਬਰ ਵੀ ਦਿੱਤੇ ਜਾਣਗੇ। ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਕੁਚੱਕਰ ਕਿਵੇਂ ਟੁੱਟੇ ? ਜਦੋਂ ਸੰਘਰਸ਼ ਚਲਦੇ ਹਨ ਸੰਗੀਤ ਦੇ ਬੋਲ ਬਦਲ ਜਾਂਦੇ ਹਨ। ਇੱਕ ਤਰਜ ਹੈ :

**ਚਿਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪੱਤ ਹਰੇ ਹਰੇ**
**ਬਾਬੂ ਸਿੰਘ ਮਾਨ ਮਰਾੜਾਂ ਵਾਲੇ ਗੀਤ ਬਣਾਇਆ**
**ਆਖ ਨੀ ਨਣਾਨੇ ਆਪਣੇ . ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ**
**ਸੰਤ ਰਾਮ ਉਦਾਸੀ ਨੇ ਬਣਾਇਆ**
**ਅਸਾਂ ਆਖਣਾ ਸਮੇਂ ਸਰਕਾਰ ਨੂੰ ਸਮੇਂ ਦੀ ਸਰਕਾਰ ਨੂੰ ਕਿ ਗਹਿਣੇ ਸਾਡਾ ਦੇਸ਼ ਨਾ ਧਰੇ**

ਪੰਜਾਬੀ ਗੀਤਾਂ ਵਿੱਚ ਤਿੰਨ ਪਿਆਰ ਕਹਾਣੀਆਂ ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਹੀ ਵਾਰ ਵਾਰ ਦੁਹਰਾਈਆਂ ਜਾਂਦੀਆਂ ਹਨ। ਇੱਕ ਵਿੱਚ ਵਿਆਹ ਬਾਅਦ ਦਾ ਵਰਲਾਪ ਹੈ, ਦੂਸਰੇ ਵਿੱਚ ਵਿਆਹੀ ਵਰੀ ਦਾ ਚੋਰੀ ਮਿਲਣਾ ਹੈ ਅਤੇ ਤੀਸਰੇ ਵਿੱਚ ਪਿਆਰ ਲਈ ਭੱਜਦਿਆਂ ਲੜ ਕੇ ਮਰ ਜਾਣਾ ਹੈ। ਭਾਰਤੀ ਆਲੋਚਨਾ ਅਨੁਸਾਰ ਸ਼ਿੰਗਾਰ ਰਸਾਂ ਦਾ ਰਾਜਾ ਹੈ ਅਤੇ ਦੂਜਾ ਪ੍ਰਧਾਨ ਰਸ ਵੀਰ ਰਸ ਹੈ ਬਾਕੀ ਰਸ ਇਨ੍ਹਾਂ ਦੇ ਸਹਾਇਕ ਬਣ ਕੇ ਆਉਂਦੇ ਹਨ ।ਆਮ ਕਰਕੇ ਸ਼ਿੰਗਾਰ ਰਸ ਅਤੇ ਬੀਰ ਰਸ ਵਿੱਚੋ ਇੱਕ ਹੀ ਪ੍ਰਧਾਨ ਹੁੰਦਾ ਹੈ ਪਰ ਜਿੱਥੇ ਦੋਵੇਂ ਸਮਿਲਤ ਹੋ ਜਾਣ ਜਾਂ ਅੱਗੜ ਪਿੱਛੜ ਆਉਣ ਜਾਂ ਇੱਕ ਦੂਜੇ ਦਾ ਪ੍ਰਤੀਫਲ ਹੋਵੇ ਤਾਂ ਨਵਾਂ ਹੀ ਰੰਗ ਬੱਝਦਾ ਹੈ। ਜਿੱਥੇ ਵੀ ਵਿਅਕਤੀ ਆਪਣੇ ਨਿਆਂਸ਼ੀਲ ਹੱਕਾਂ ਲਈ ਲੜਦਾ ਹੈ ਉੱਥੇ ਹੀ ਚਰਿੱਤਰਵਾਨ ਯੋਧੇ ਦੇ ਗੁਣ ਕਾਰਨ ਉਸ ਦੀ ਲੜਾਈ ਦਾ ਬਿਰਤਾਂਤ ਵੀ ਵੀਰ ਰਸ ਪੈਦਾ ਕਰਦਾ ਹੈ ।ਰਸ ਖਾਰਜ ਨਹੀਂ ਕੀਤਾ ਜਾ ਸਕਦਾ। ਸਾਡੇ ਅਧਿਆਤਮਿਕ ਵਾਰਾਂ ਨੂੰ ਵੀ ਪੁਰਾਣੀਆਂ ਲੋਕਧਾਰਾਈ ਵੀਰ ਰਸੀ ਵਾਰਾਂ ਦੀਆਂ ਧੁੰਨਾਂ ਉਪਰ ਗਾਉਣ ਦਾ ਉਦੇਸ਼ ਹੈ। ਹਥਿਆਰਾਂ ਵਿਚੋਂ ਕ੍ਰਿਪਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਰੂਰੀ ਕਕਾਰਾਂ ਵਿੱਚ ਸ਼ਾਮਲ ਕਰ ਦਿੱਤਾ। ਸਾਡੇ ਨਾਇਕ ਦੁੱਲਾ ਭੱਟੀ ਅਤੇ ਭਗਤ ਸਿੰਘ ਤੀਰਾਂ ਪਿਸਤੌਲਾਂ ਵਾਲੇ ਹਨ। ਚੰਡੀ ਦੀ ਵਾਰ/ ਜੰਗਨਾਮਾ ਸ਼ਾਹ ਮੁਹੰਮਦ ਤੋਂ ਲੈ ਕੇ ਰਜਬ ਅਲੀ ਤੱਕ ਇੱਕ ਲੰਮੀ ਪਰੰਪਰਾ ਹੈ।

**ਚਿੜੀਆਂ ਸੇ ਮੈਂ ਬਾਜ਼ ਤੁੜਾਊਂ ਤਬੀ ਗੁਰੂ ਗੋਬਿੰਦ ਸਿੰਘ ਨਾਮ ਕਹਾਊਂ**
**ਬਾਜ਼ਾਂ ਨੂੰ ਭੇਜ ਕਿੱਥੋਂ ਤਿੱਤਰ ਫੇਰ ਡਾਰੀਆਂ ਮਾਰਦੇ ਨੇ**
**ਢਾਹਵਾਂ ਦਿੱਲੀ ਦੇ ਕਿੰਗਰੇ ਪਾਵਾਂ ਲਾਹੌਰ ਵਾਲੇ ਰਾਹ**
**ਜਿਊਣਾ ਮੋੜ ਘੋੜੀ ਤੇ ਫ਼ਰਾਰ ਹੋ ਗਿਆ**
**ਪੰਜ ਪਿਸਤੌਲਾਂ ਵਾਲੇ ਕਰਦੇ ਫੈਰ ਫਿਰੰਗੀ ਤੇ**

ਪੰਜਾਬੀਆਂ ਕੋਲ ਡਾਕੂ ਸੂਰਮੇ ਦਾ ਸੰਕਲਪ ਹੈ। ਇੱਕ ਸੁੱਚੇ ਸ ਦੀ ਗਾਥਾ ਹੈ ਕਿ ਸੁੱਚੇ ਦੀ ਭਾਬੀ ਭਾਵ ਨਰੈਣਾ ਅਮਲੀ ਦੀ ਘਰ ਵਾਲੀ ਪਿੰਡ ਦੇ ਹੀ ਬਦਮਾਸ਼ ਗੱਭਰੂ ਘੁੱਕਰ ਨਾਲ ਵਿਆਹ ਬਾਹਰੇ ਅਨੈਤਿਕ ਸਬੰਧ ਬਣਾ ਲੈਂਦੀ। ਸੁੱਚਾ ਸਿੰਘ ਘੁੱਕਰ ਅਤੇ ਬਲਵੀਰੋ ਭਾਬੀ ਦਾ ਕਤਲ ਕਰ ਦਿੰਦਾ ਹੈ । ਗੀਤ ਵਿੱਚ ਜੋ ਹਿੰਸਾ ਹੈ ਉਹ ਪੰਜਾਬੀਆਂ ਨੂੰ ਪ੍ਰਵਾਨ ਹੈ ਜੋ ਮੇਰੇ ਖਿਆਲ ਸ਼ਾਇਦ ਨਹੀਂ ਹੋਣੀ ਚਾਹੀਦੀ ਸੀ ।ਨਰੈਣਾ ਅਮਲੀ ਹੈ ਤੇ ਉਹ ਬਲਵੀਰੋ ਦੇ ਸੁਪਨਿਆਂ ਦਾ ਹਾਣ ਦਾ ਨਹੀਂ ।ਸਾਡੇ ਪਰਿਵਾਰਕ ਇੱਜ਼ਤ ਲਈ ਕਤਲ ਕੀਤਾ ਕੱਪ ਜਾਦੀਆਂ ਨੇ ਉਸ ਨੂੰ ਨੈਤਿਕਤਾ ਦਾ ਪ੍ਰਤੀਕ ਮੰਨ ਕੇ ਸੁੱਚੇ ਸੂਰਮੇ ਵਜੋਂ ਅਪਣਾਇਆ ਹੋਇਆ ਹੈ, ਸਾਨੂੰ ਸਮੂਹਕ ਸਰਬ ਸਾਂਝੇ ਹਿੱਤਾਂ ਲਈ ਜਾਬਰਾਂ ਦੇ ਜ਼ੁਲਮ ਵਿਰੁੱਧ ਲੜਨ ਵਾਲਿਆਂ ਅਤੇ ਵਿਅਕਤੀਗਤ ਪੱਧਰ ਤੇ ਨਿੱਜੀ ਹਿੱਤਾਂ ਲਈ ਲੜਨ ਵਾਲੇ ਅਤੇ ਉਸ ਤੋਂ ਵੀ ਅੱਗੇ ਆਪਣੇ ਸਰੀਰਕ ਬਾਹੂਬਲ,ਹਥਿਆਰਾਂ ਅਤੇ ਉਚੇਰੀ ਪਹੁੰਚ ਤੇ ਸਾਧਨਾਂ ਦੀ ਮਾਲਕੀ ਦੀ ਧੌਂਸ ਜਮਾ ਕੇ ਆਮ ਲੋਕਾਂ ਨੂੰ ਮਾਰਨ ਕੁੱਟਣ ਵਾਲਿਆਂ ਵਿੱਚ ਫ਼ਰਕ ਕਰਨ ਦੀ ਜ਼ਰੂਰਤ ਹੈ। ਅੱਜ ਪੰਜਾਬੀ ਸੰਗੀਤ ਵਿੱਚ ਵਿਅਕਤੀਗਤ ਨਿੱਜੀ ਲੜਾਈ, ਨਸ਼ੇ ਦੇ ਵਪਾਰੀ ਧੱਕਾ ਕਰਨ ਵਾਲੇ ਗੈਂਗਸਟਰਾਂ ਨੂੰ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ।

ਚੱਕਲੋ ਰਿਵਾਲਵਰ ਰਫਲਾਂ ਕਬਜ਼ਾ ਲੈਣਾ ਹੈ ਚੁੱਕ ਕੇ ਫੜਾ ਦੇ ਜਿਪਸੀ ਚੋਂ ਨਾਗਨੀ ਪਹਿਲੀ ਗੋਲੀ ਵੈਰੀਆਂ ਦੇ ਹਿਕ ਵਿੱਚ ਦਾਗਣੀ

ਬੜਾ ਸਹਿ ਲਿਆ ਦਾਬਾ ਹੋਰ ਨਹੀਂ ਸਹਿਣਾ ਏ

ਇਨ੍ਹਾਂ ਸ਼ਬਦਾਂ ਤੋਂ ਲੱਗਦਾ ਹੈ ਕਿ ਦੋ ਧਿਰਾਂ ਦੀ ਜ਼ਮੀਨ ਦੀ ਪਿੱਛੇ ਝਗੜਾ ਹੈ। ਗਾਇਕ ਨਾਇਕ ਦੀ ਧਿਰ ਪੀੜਤ ਜਾਪਦੀ ਹੈ ਪਰ ਗੀਤ ਵਿਚਲਾ ਨਾਚ , ਜਿਪਸੀਆਂ ਹਥਿਆਰਾਂ ਦੀ ਪ੍ਰਦਰਸ਼ਨੀ ਇਸ ਨੂੰ ਨਿੱਜੀ ਦੁਸ਼ਮਣੀ ਤੱਕ ਸੀਮਤ ਕਰ ਦਿੰਦਾ ਹੈ।ਤੂੰ ਨੀ ਬੋਲਦੀ ਰਕਾਨੇ ਵਾਲ਼ ਅਤੇ ਇਸ ਗੀਤ ਨੇ ਹਿੰਸਾ ਦੇ ਰੂਪਾਂ ਨੂੰ ਹੀ ਨਹੀਂ ਸਗੋਂ ਗੈਂਗਸਟਰ ਕਲਚਰ ਨੂੰ ਪ੍ਰਵਾਨ ਕਰਕੇ ਬੜਾਵਾ ਦਿੱਤਾ ਹੈ। ਉਸੇ ਦਾ ਹੀ ਹੁਣ ਨਾ ਹੁਣ ਨਵੇਂ ਰੂਪ ਵਾਰ ਵਾਰ ਆ ਰਹੇ ਹਨ।

ਜਗ੍ਹਾ ਤੇਰੀ ਟਾਇਮ ਤੇਰੀ(ਮਨਕੀਰਤ ਔਲਖ)

ਇਨ੍ਹਾਂ ਸਾਰੇ ਗੀਤਾਂ ਵਿੱਚ ਸਾਰੇ ਗੀਤਾਂ ਵਿੱਚ ਕੁਝ ਸਮਾਜਿਕ ਪ੍ਰਸੰਗ ਨਹੀਂ ਹੈ। ਵੀਡੀਓ ਵਿੱਚ ਵੀ ਕੁਝ ਵੀ ਸਪੱਸ਼ਟ ਨਹੀਂ ਹੁੰਦਾ ਬੱਸ ਦੋ ਵਿਅਕਤੀਆਂ ਜਾਂ ਦੋ ਗੈਂਗਸਟਰਾਂ ਦੀ ਆਪਸੀ ਰੰਜਿਸ਼ ਹੈ।ਅਜਿਹੀ ਬੇਸਿਰ ਪੈਰ ਹਿੰਸਾ ਹੀ ਸਾਰੇ ਬੀਰ ਰਸੀ ਪੰਜਾਬੀ ਗੀਤਾਂ ਨੂੰ ਬਦਨਾਮ ਕਰ ਰਹੀ ਹੈ।ਅਜਿਹਾ ਹੀ ਇੱਕ ਗੀਤ ਅੰਮ੍ਰਿਤ ਮਾਨ ਦਾ ਗੁਰੀਲਾ ਹੈ ਜਿਸ ਵਿੱਚ ਖਲਨਾਇਕ ਆਪਣੇ ਆਪ ਨੂੰ ਅੰਤਰਰਾਸ਼ਟਰੀ ਬਦਨਾਮ ਪਾਬਲੋ ਇੱਕ ਬਾਰ ਨਾਲ ਇੱਕ ਰੂਪ ਕਰਦਾ ਹੈ। ਵੀਡੀਓ ਵਿੱਚ ਸਾਰੀ ਲੜਾਈ ਇੱਕ ਕੁੜੀ ਪਿੱਛੇ ਲੱਗਦੀ ਹੈ। ਮੈਨੂੰ ਪਤਾ ਨਹੀਂ ਲੱਗਦਾ ਕਿ ਪੰਜਾਬੀ ਗਲੋਬਲ ਹੋ ਗਈ ਜਾਂ ਅਸੀਂ ਆਪਣੇ ਵਿਰਸੇ ਤੋਂ ਇੰਨੇ ਟੁੱਟ ਗਏ ਹਾਂ। ਕਿ ਸਾਨੂੰ ਬਦਮਾਸ਼ ਵੀ ਵਿਦੇਸ਼ੀ ਬਣਾਉਣੇ ਪੈ ਰਹੇ ਹਨ।ਸਪੱਸ਼ਟ ਕਰਨ ਦੀ ਜ਼ਰੂਰਤ ਹੈ ਗੁਰੂ ਗੋਬਿੰਦ ਸਿੰਘ ਦੇ ਮਾਰਗ ਤੇ ਚੱਲਣ ਵਾਲੇ ਬੰਦਾ ਬਹਾਦਰ ਦੇ ਵਾਰਸ, ਦੁੱਲੇ ਨੂੰ ਨਾਇਕ ਮੰਨਣ ਵਾਲੇ, ਭਗਤ ਸਿੰਘ ਨੂੰ ਸਾਂਭਣ ਵਾਲਿਆਂ ਦੀ ਅਨਿਆਂ ਵਿਰੁੱਧ ਹੱਕਾਂ ਲਈ ਸਥਾਪਤੀ ਖ਼ਿਲਾਫ਼ ਸੰਘਰਸ਼ ਵਿੱਚ ਹਥਿਆਰਾਂ ਦੀ ਵਰਤੋਂ ਕੋਈ ਮਿਹਣਾ ਨਹੀਂ ਸਗੋਂ ਮਾਣ ਵਾਲੀ ਗੱਲ ਹੈ ਅਤੇ ਇਨ੍ਹਾਂ ਨਾਇਕਾਂ ਦੀਆਂ ਗਾਥਾਵਾਂ ਵੀ ਵੀਰ ਰਸ ਉਪਜਾਉਂਦੀਆਂ ਹਨ ਤੇ ਜੀਣ ਦਾ ਰਾਹ ਦੱਸਦੀਆਂ ਹਨ ਪਰ ਨਸ਼ੇ ਜ਼ਮੀਨਾਂ ਔਰਤਾਂ ਹਉਮੈ ਪਿੱਛੇ ਵਿਅਕਤੀਗਤ ਲੜਾਈਆਂ ਅਤੇ ਸਮੂਹ ਅਪਰਾਧ ਕੋਈ ਨਾਇਕ ਨਹੀਂ ਸਿਰਜਦੀਆਂ । ਗਾਇਕੀ ਨੂੰ ਗਾਉਣ ਵਾਲੇ ਖਲਨਾਇਕਾਂ ਨੂੰ ਨਾਇਕ ਬਣਾ ਕੇ ਸੱਤਾਧਾਰੀਆਂ ਦੀ ਸੇਵਾ ਕਰਦੇ ਹਨ ਇੰਜ ਉਹ ਜੂਝਦੇ ਸਿਰਤਲੀ ਤੇ ਰੱਖੀ ਹੱਕ ਸੱਚ ਨਿਆਂ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦੀ ਇੱਜ਼ਤ ਘਟਾਈ ਕਰਦੇ ਹਨ। ਅਜੋਕੇ ਤਥਾ ਕਥਿਤ ਲੋਕਤੰਤਰੀ ਸਮਾਜ ਵਿੱਚ ਅਹਿੰਸਕ ਸੰਘਰਸ਼ ਲਈ ਥਾਂ ਨਹੀਂ ਸਿੱਟੇ ਵਜੋਂ ਹਿੰਸਾ ਪ੍ਰਧਾਨ ਹੋ ਰਹੀ ਹੈ ਯਥਾਰਥ ਵਿੱਚ ਵਿਅਕਤੀਗਤ ਅਤੇ ਸਮੂਹਿਕ ਹਿੰਸਾ ਨੂੰ ਸਰਕਾਰ ਵੱਲੋਂ ਸਖ਼ਤੀ ਨਾਲ ਦਬਾਇਆ ਜਾ

ਰਿਹਾ ਹੈ ਇਸੇ ਵਿੱਚੋਂ ਹੀ ਪੰਜਾਬੀ ਨਾਇਕ ਦੀ ਵਿਅਕਤੀਗਤ ਹਿੰਸਾ ਨਿਕਲ ਰਹੀ ਹੈ । ਪਰ ਇਹ ਬਹੁਤੀ ਹਿੰਸਾ ਕਿਸੇ ਵਿਅਕਤੀ ਵਿਸ਼ੇਸ਼ ਵੱਲ ਸੇਧਿਤ ਹੋ ਕੇ ਲੁੰਪਨ ਕਿਸਮ ਦੀ ਵਿਅਕਤੀਗਤ ਹਉਮੈ ਨਾਲ ਜੁੜ ਜਾਂਦੀ ਹੈ।

ਗੀਤਾਂ ਵਿੱਚ ਅਸ਼ਲੀਲਤਾ ਬੋਲਾਂ ਵਿੱਚ ਨਹੀਂ ਦ੍ਰਿਸ਼ਕਾਰੀ ਅਤੇ ਭਾਵਾਂ ਵਿੱਚ ਵਧੇਰੇ ਹੈ। ਪਹਿਲਾਂ ਵਿਆਹ ਅਹਿਮ ਮੰਜ਼ਿਲ ਸੀ। ਵਿਆਹ ਲਈ ਭਾਬੀ ਦਾ ਪੇਕਾ ਪਰਿਵਾਰ ਹੀ ਸਾਧਨ ਸੀ ।ਵਿਆਹ ਪਿੰਡ ਤੋਂ ਬਾਹਰ, ਜਾਤ ਦੇ ਅੰਦਰ, ਗੋਤ ਤੋਂ ਬਾਹਰ ਹੋਣਾ ਸੀ। ਇਸ ਲਈ ਭਾਬੀ ਦਾ ਪੇਕਾ ਪਰਿਵਾਰ ਹੀ ਇਸ ਕਸਵੱਟੀ ਤੇ ਪੂਰੇ ਉੱਤਰਦੇ ਸਨ ਸੋ ਸਾਰੇ ਗੀਤ ਜੀਜਾ ਸਾਲੀ ਦਿਓਰ ਭਾਬੀ ਦੇ ਦੁਆਲੇ ਘੁੰਮਦੇ ਸਨ। ਅੱਜ ਮੁੰਡੇ ਕੁੜੀਆਂ ਦੀ ਆਪਣੀ ਚੋਣ ਹੈ ਪਰ ਇਸ ਚੋਣ ਦਾ ਆਧਾਰ ਗੁਣਾਂ ਦੀ ਥਾਵੇਂ ਬਾਹਰੀ ਦਿੱਖ ਅਤੇ ਪੈਸਾ ਪ੍ਰਧਾਨ ਹੋ ਗਿਆ। ਦੋਵੇਂ ਧਿਰਾਂ ਹੀ ਕੋਰੀਆਂ ਹਨ

ਦਿਲ ਤਾਂ ਪਤਾ ਨੀਂ ਤੇਰਾ ਕਿਹੋ ਜਿਹਾ ਹੋਣਾ ਮੈਂ ਤਾਂ ਮੁੱਖੜਾ ਵੇਖ ਕੇ ਮਰ ਗਿਆ ਨਹੀ

ਜਾਂ ਪਹਿਲਾਂ ਜੈਗੂਆਰ ਲੈ ਦਿਓ ਫੇਰ ਭਾਵਾਂ ਜਿਨ੍ਹਾਂ ਮਰਜ਼ੀ ਪਿਆਰ ਲੈ ਲਓ

ਪੰਜਾਬੀ ਗੀਤਾਂ ਵਿੱਚ ਕੁੜੀ ਸ਼ਹਿਰ ਪੜ੍ਹੀ ਅੰਗਰੇਜ਼ੀ ਜਾਣ ਦੀ ਅਮੀਰ ਕਾਰਾਂ ਵਾਲੀ ਹੈ। ਮੁੰਡਾ ਪੇਂਡੂ ਅੰਗਰੇਜ਼ੀ ਵਿੱਚ ਹੱਥ ਤੰਗ ਕਿਸਾਨੀ ਦੇ ਟਰੈਕਟਰ ਸਕੂਟਰ ਵਾਲਾ ਹੈ। ਕੁੜੀ ਆਖਰ ਪੇਂਡੂ ਨੂੰ ਪਸੰਦ ਕਰਦੀ ਹੈ। ਇਹ ਇੱਛਤ ਯਥਾਰਥ ਹੈ ਜਿੱਥੇ ਲੈਂਸਰ ਵਢਦੀ ਜਾਂਦੀ ਫਾਹੇ

ਹੁਣ ਨਹੀਂ ਮੁੜਦੇ ਯਾਰ ਚੰਡੀਗੜ੍ਹ ਵਾਲੀ ਤਰਜ ਵਧੇਰੇ ਪ੍ਰਵਾਨ ਰਹਿੰਦੀ ਹੈ।

ਨਸ਼ੇ ਵਾਲੇ ਪਦਾਰਥਾਂ ਦਾ ਸੇਵਨ ਆਦਿ ਕਾਲ ਤੋਂ ਹੁੰਦਾ ਆ ਰਿਹਾ ਹੈ ਪਰ ਵਿਕਰਾਲ ਰੂਪ ਅੱਧੁਨਿਕ ਕਾਲ ਵਿੱਚ ਹੀ ਹੋਇਆ ਹੈ ਜਦੋਂ ਵਪਾਰ ਦਾ ਹਿੱਸਾ ਬਣਿਆ ਹੈ। ਸਾਹਿਤ ਵਿੱਚ ਇੱਕ ਪਾਸੇ ਨਸ਼ੇ ਦੀ ਥਾਂ ਅਧਿਆਤਮਕ ਨਸ਼ਾ ਭਾਵ ਨਾਮ ਦੀ ਖੁਮਾਰੀ ਦਾ ਜ਼ਿਕਰ ਹੈ,ਦੂਜੇ ਪਾਸੇ ਹੁਸਨ ਇਸ਼ਕ ਨੂੰ ਵੀ ਨਸ਼ੇ ਨਾਲ ਤੁਲਨਾਇਆ ਗਿਆ ਹੈ। ਮੌਜੂਦ ਦੇ ਸਮੇਂ ਵਿੱਚ ਇਹ ਰੂਪਕ ਤੋਂ ਵੱਧ ਕੇ ਆਪਣੇ ਆਪ ਵਿੱਚ ਜੀਵਨ ਜਾਚ ਦਾ ਹਿੱਸਾ ਬਣ ਗਿਆ ਹੈ। ਵੀਡੀਓ ਵਿੱਚ ਦਾਰੂ ਕੇਂਦਰ ਦ੍ਰਿਸ਼ਾਂ ਨੂੰ ਇੱਕ ਤਰ੍ਹਾਂ ਨਾਲ ਸੈਲੀਬ੍ਰੇਟ ਕੀਤਾ ਜਾਂਦਾ ਹੈ। ਇੰਜ ਇਸ ਨੂੰ ਇੱਕ ਚੰਗੇ ਮੁੱਲ ਪ੍ਰਬੰਧ ਵਜੋਂ ਸਥਾਪਤ ਕੀਤਾ ਜਾ ਰਿਹਾ ਹੈ। ਕਦੇ ਕਾਰ ਬਾਰ ਬਣ ਜਾਂਦੀ ਹੈ ਕਦੇ ਕੁੜੀਆਂ ਦੇ ਹੋਸਟਲ ਵਿੱਚ ਲਲਕਾਰੇ ਵੱਜਦੇ ਹਨ ਨਿੱਤ ਆਥਣੇ ਜਿਹੇ ਜੱਟਾਂ ਦਾ ਵੀਕਇੰਡ ਬਣ ਜਾਂਦੀ ਹੈ ।

ਗੀਤ ਵਿਧਾ ਵਜੋਂ ਸਮੱਸਿਆਵਾਂ ਦਾ ਚਿੱਤਰ ਅਤੇ ਵਿਚਾਰ ਦਾ ਸਿੱਧਾ ਪ੍ਰਗਟਾਵਾ ਨਹੀਂ ਹੁੰਦਾ ਸਗੋਂ ਇਹ ਸਮੱਸਿਆਵਾਂ ਦੇ ਪ੍ਰਸੰਗ ਵਿੱਚ ਭਾਵਾਂ ਨੂੰ ਚਿੱਤਰਦਾ ਹੈ ਅਤੇ ਇਸ ਵਿੱਚ ਵਿਚਾਰਧਾਰਾ ਵੀ ਪਿਛੋਕੜ ਵਿੱਚ ਵਿਦਮਾਨ ਰਹਿੰਦੀ ਹੈ। ਸਿਆਸੀ ਅਤੇ ਸਰਕਾਰੀ ਪ੍ਰਚਾਰ ਦੇ ਗੀਤ ਨਹੀਂ, ਗੀਤਾਂ ਦੀ ਪੈਰੋਡੀ ਹੁੰਦੇ ਹਨ। ਪੰਜਾਬੀ ਗੀਤਾਂ ਵਿੱਚ ਪਗੜੀ ਸੰਭਾਲ ਜੱਟਾ ਤੋਂ ਲੈ ਕੇ ਭਗਤ ਸਿੰਘ ਦੀਆਂ ਘੋੜੀਆਂ ਤੋਂ ਲੈ ਕੇ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ਤੱਕ ਨਿਰੰਤਰ ਸਿਆਸੀ ਵਿਚਾਰਧਾਰਾ ਵੀ ਚੱਲਦੀ ਰਹੀ ਹੈ। ਇਸ ਵਿੱਚ ਸਮਾਜਿਕ ਸਮੱਸਿਆਵਾਂ ਦਾ ਪਰਛਾਵਾਂ ਵੀ ਪਿਆ ਰਿਹਾ ਹੈ। ਗਲ ਲੱਗ ਕੇ ਸੀਰੀ ਦੇ ਜੱਟ ਰੋਵੇ। ਉੱਨੀ ਸੌ ਸੱਠ ਤੱਕ ਦੇ ਗੀਤਾਂ ਵਿੱਚ ਸਮਾਜਿਕ ਵਿਸ਼ਿਆਂ ਅੰਦਰ ਔਰਤ ਮਰਦ ਦੀ ਨੋਕ ਝੋਕ,ਪੇਕੇ ਜਾ ਕੇ ਰੁੱਸਣ ,ਅੱਡ ਹੋਣ ਦੀ ਗੱਲ ਅਤੇ ਉਮਰਾਂ ਦੇ ਫਰਕ ਮੁੱਖ ਸਮੱਸਿਆ ਰਹੀ ਹੈ। ਇਸੇ ਪ੍ਰਕਾਰ ਦਾਜ ਵੀ ਇੱਕ ਸਮੱਸਿਆ ਬਣਦੀ ਰਹੀ ਹੈ ।ਜੰਗ ਦੇ ਸਮੇਂ ਫ਼ੌਜੀ ਦੇ ਗੀਤ ਵੀ ਵਿਸ਼ੇ ਬਣਦੇ ਰਹੇ ਅਤੇ ਪ੍ਰਵਾਨ ਹੁੰਦੇ ਹਨ। ਜਾ ਪਹਿਲਾਂ ਜੰਗ ਜਿੱਤਿਆ ਫਿਰ ਆ ਕੇ ਕਰਾ ਲਾਵਾਂ ।ਗੀਤਾਂ ਵਿੱਚ ਕਿਸਾਨੀ ਦੀਆਂ ਸਮੱਸਿਆਵਾਂ ਝੋਨਾ ਲਾਉਣਾ ਛੱਡ ਦੇਣਾ ਤੱਕ ਸ਼ਾਮਿਲ ਹੈ। ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਗੀਤ ਜ਼ਿਆਦਾਤਰ ਖੁਸ਼ੀ ਨਾਲ ਜੁੜੇ ਹੁੰਦੇ ਹਨ ਉਸ ਵਿੱਚ ਹੁਲਾਸ ਅਤੇ ਖੇੜਾ ਹੁੰਦਾ ਹੈ। ਹੋਰ ਵਿਧਾਵਾਂ ਪੜ੍ਹਨ ਵਾਲੀਆਂ ਹੁੰਦੀਆਂ ਜਦੋਂ ਕਿ ਗੀਤ ਸਮੂਹਿਕ ਪੇਸ਼ਕਾਰੀ ਵਾਲਾ ਹੋਣ ਕਰਕੇ ਸਰੋਤਿਆਂ ਦੇ ਭਾਵ ਮੰਡਲ ਤੋਂ ਮੁਕਤ ਨਹੀਂ ਹੋ ਸਕਦਾ। ਵਿਆਹਾਂ ਵਿੱਚ ਉੱਚੀ ਸੁਰ, ਬੀਟ ਅਤੇ ਜਸ਼ਨਾਂਵੀ ਮਾਹੌਲ ਹੁੰਦਾ ਹੈ। ਉਸ ਵਿੱਚ ਦੇ ਦੇ ਗੇੜਾ, ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ ਹੀ ਪ੍ਰਮੁੱਖ ਗੀਤ ਹੁੰਦੇ ਹਨ ।ਇਸ ਪ੍ਰਕਾਰ ਉਦਾਸ ਗੀਤਾਂ ਦਾ ਮਾਹੌਲ ਹੁੰਦਾ ਹੈ ਪਰ ਉਸ ਵਿੱਚ ਉਦਾਸੀ ਨਹੀਂ ਉਦਾਸੀ ਦਾ ਕਥਾਰਸਿਸ ਹੁੰਦਾ ਹੈ। ਇਸੇ ਕਾਰਨ ਕਈ ਉਦਾਸ ਗੀਤਾਂ ਵਿਚ ਵੀ ਭੰਗੜਾ ਬੀਟ ਪਾ ਦਿੱਤੀ ਜਾਂਦੀ ਹੈ ਜਿਵੇਂ ਮਿੱਤਰਾਂ ਦੀ ਛੱਤਰੀ ਤੋਂ ਉੱਡ ਗਈ।

ਪੰਜਾਬੀ ਗੀਤਾਂ ਵਿੱਚ ਜੱਟ ਸ਼ਬਦ ਦੀ ਬਹੁਤ ਵਰਤੋਂ ਹੁੰਦੀ ਹੈ ।ਬਹੁਤ ਸਾਰੇ ਆਲੋਚਕ ਇਸ ਨੂੰ ਜੱਟਵਾਦ ਨਾਲ ਵੀ ਜੋੜਦੇ ਹਨ ਅਤੇ ਭਾਰਤ ਭਾਰਤੀ ਜਾਤ ਪ੍ਰਬੰਧ ਦੀ ਅਲਾਮਤ ਵਜੋਂ ਪਛਾਣਦੇ ਹਨ ।ਉਹ ਇਸ ਨੂੰ ਜੱਟ ਹੈਂਕੜ ਵਜੋਂ ਪ੍ਰਚਾਰਦੇ ਹਨ ਤੇ ਇਸ ਦੀ ਖੂਬ ਆਲੋਚਨਾ ਕਰ ਕਰਦੇ ਹਨ। ਇੱਥੇ ਕੁਝ ਗੱਲਾਂ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ ਪਹਿਲੀ ਗੱਲ ਬਹੁਤੀ ਵਾਰੀ ਗਾਣੇ ਵਿੱਚ ਜੱਟ ਦਾ ਭਾਵ ਜੱਟ ਜਾਤ ਨਹੀਂ ਸਗੋਂ ਜੱਟ ਤੋਂ ਭਾਵ ਪੇਂਡੂ ਕਿਸਾਨ ਖੇਤੀ ਨਾਲ ਜੁੜੇ ਦੇਸੀ ਵਿਅਕਤੀ ਤੋਂ ਹੁੰਦਾ ਹੈ ।ਪੰਜਾਬ ਦੀ ਬਹੁਗਿਣਤੀ ਗੀਤ ਲਿਖਣ ਅਤੇ ਗਾਉਣ ਵਾਲੇ ਗਾਇਕ ਗੈਰ ਜੱਟ ਹਨ ਪਰ ਜੱਟ ਸ਼ਬਦ ਦੀ ਵਰਤੋਂ ਸਭ ਤੋਂ ਵੱਧ ਉਹੀ ਲੋਕ ਕਰਦੇ ਹਨ। ਇਸ ਦਾ ਕਾਰਨ ਕੁੱਝ ਵਿਦਵਾਨ ਕਲਚਰਲ ਹੈਜੇਮਨੀ ਸੱਭਿਆਚਾਰਕ ਪ੍ਰਭੂਸੱਤਾ ਵਿੱਚ ਦੇਖਦੇ ਹਨ ਬਿਨਾਂ ਸ਼ੱਕ ਪੰਜਾਬ ਦੀ ਆਰਥਿਕਤਾ ਖੇਤੀ ਪ੍ਰਧਾਨ ਹੈ ਜਿਸ ਨਾਲ ਜੱਟ ਸ਼ਬਦ ਜੁੜਿਆ ਹੋਇਆ ਹੈ। ਰਾਜਸੀ ਖੇਤਰ ਵਿੱਚ ਵੀ ਜੱਟਾਂ ਦੀ ਚੜ੍ਹਤ ਹੈ। ਪੰਜਾਬੀ ਮਨੋਰੰਜਨ ਸਨਅਤ ਲਈ ਪੈਸਾ ਵੀ ਇਹੀ ਤਬਕਾ ਖਰਚਦਾ ਹੈ। ਸ਼ਾਇਦ ਇਸੇ ਕਰਕੇ ਇਸ ਦਾ ਗੁਣਗਾਨ ਵੀ ਹੁੰਦਾ ਹੈ ਪਰ ਦੇਖਣ ਵਾਲੀ ਗੱਲ ਹੈ ਕਿ ਹਰੇ ਇਨਕਲਾਬ ਤੋਂ ਪਹਿਲੇ ਦੇ ਗਾਣਿਆਂ ਵਿੱਚ ਜੱਟ ਦੇ ਭੋਲੇਪਨ, ਖੁੱਲ੍ਹਾਪਣ, ਉਦਾਰ ਸੁਭਾਅ ਅਤੇ ਸਖਤ ਮਿਹਨਤ ਦੀ ਸਿਫ਼ਤ ਹੁੰਦੀ ਸੀ ਅਤੇ ਉਸ ਦੀਆਂ ਸਮੱਸਿਆਵਾਂ ਨੂੰ ਚਿਤਰਿਆ ਜਾਂਦਾ ਸੀ। ਉਸ ਦੇ ਖ਼ੁਸ਼ੀ ਦੇ ਪ੍ਰਗਟਾਵੇ ਨੂੰ ਮਾਨਤਾ ਦਿੱਤੀ ਜਾਂਦੀ ਸੀ। ਇਹ ਸਿਲਸਿਲਾ ਮਾਰਦਾ ਦਮਾਮੇ ਜੱਟ ਮੇਲੇ ਆ ਗਿਆ ਤੋਂ ਚੱਲਦਾ ਸੀ ਪਰ ਪਿਛਲੇ ਕੁਝ ਦਹਾਕਿਆਂ ਤੋਂ ਜੱਟ ਦਾ ਕਿਰਦਾਰ ਅੜਬ ਗੁੱਸੇਖੋਰ ਮਰਨ ਮਾਰਨ ਵਾਲਾ ਗੁੰਡਾ ਧੱਕੇ ਕਰਨ ਵਾਲਾ ਨਸ਼ੇੜੀ,ਪੁੱਠੇ ਪੰਗਿਆਂ ਵਾਲ਼ਾ ਕੁੜੀਆਂ ਪਿੱਛੇ ਘੁੰਮਣ ਵਾਲਾ ਦਰਸਾਇਆ ਜਾਂਦਾ ਹੈ। ਇੱਥੇ ਉਹ ਆਪਣੀ ਜ਼ਮੀਨ ਜਾਇਦਾਦ ਕਾਰਾਂ ਜੀਪਾਂ ਮੋਟਰਸਾਈਕਲਾਂ ਹਥਿਆਰਾਂ ਦੀ ਫੁਕਰੀ ਮਾਰਦਾ ਹੈ ਅਤੇ ਨਸ਼ੇ ਕਰਨ ਨੂੰ ਗੁਣ ਵਜੋਂ ਪੇਸ਼ ਕਰਦਾ ਹੈ। ਇਸ ਦੇ ਉਲਟ ਕੁਝ ਗੀਤ ਜੱਟ ਨੂੰ ਬਹੁਤ ਗਰੀਬ ਪੇਸ਼ ਕਰਦੇ ਹਨ ਪਰ ਉਸ ਦੀ ਚਾਹਤ ਫਿਰ ਕਾਰਾਂ ਕੋਠੀਆਂ ਵਾਲੀ ਕੁੜੀ ਨੂੰ ਪਿਆਰ ਕਰਨ ਦੀ ਦਿਖਾਈ ਜਾਂਦੀ ਹੈ। ਦੋਵੇਂ ਸਥਿਤੀਆਂ ਇੱਕੋ ਚੀਜ਼ ਨੂੰ ਦਰਸਾਉਂਦੀਆਂ ਹਨ ਕਿ ਪੰਜਾਬੀ ਮਾਨਸਕਤਾ ਖੰਡਤ ਹੋ ਚੁੱਕੀ ਹੈ। ਉਸ ਨੂੰ ਜੋ ਕੁਝ ਪ੍ਰਾਪਤ ਨਹੀਂ ਉਸ ਨੂੰ ਗੀਤਾਂ ਦੇ ਸੁਪਨ ਯਥਾਰਥ ਦੀ ਪੱਧਰ ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਸਲ ਵਿੱਚ ਪੰਜਾਬ ਦੀ ਕਿਸਾਨੀ ਦੀ ਸਥਿਤੀ ਬਹੁਤ ਹੀ ਗੰਭੀਰ ਹੈ। ਕਰਜ਼ੇ ਵਿੱਚ ਵਿੰਨ੍ਹਿਆ ਖੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ। ਉਸ ਸ਼੍ਰੇਣੀ ਦੇ ਗੀਤ ਵੀ ਲਿਖੇ ਜਾ ਰਹੇ ਹਨ ਪਰ ਉਹ ਪ੍ਰਚੱਲਤ ਨਹੀਂ ਹੋ ਰਹੇ, ਕਿਉਂ ਕਿ ਉਨ੍ਹਾਂ ਦਾ ਗਾਹਕ ਕੋਈ ਨਹੀਂ ਹੈ। ਇਸ ਦਾ ਕਾਰਨ ਤਾਂ ਸਿੱਧਾ ਹੈ ਕਿ ਅਖ਼ਬਾਰਾਂ ਰੇਡੀਓ ਟੈਲੀਵਿਜ਼ਨ ਕੈਸਿਟ ਕੰਪਨੀਆਂ ਤੇ ਜਿਨ੍ਹਾਂ ਦਾ ਕਬਜ਼ਾ ਹੈ ਤੇ ਜਿਨ੍ਹਾਂ ਨੇ ਇਸ ਨੂੰ ਵਪਾਰ ਬਣਾਇਆ ਹੋਇਆ ਉਨ੍ਹਾਂ ਦੇ ਹਿੱਤ ਅਤੇ ਵਿਚਾਰਧਾਰਾ ਫੁੱਕਰੇ ਬਾਜੀ ਨੂੰ ਉਤਸ਼ਾਹਿਤ ਕਰਨ ਵਿੱਚ ਹੈ। ਸਮੁੱਚੇ ਤੌਰ ਤੇ ਸਿੱਟਾ ਕੱਢਿਆ ਜਾ ਸਕਦਾ ਹੈ ਸਮੁੱਚੇ ਸੱਭਿਆਚਾਰ ਵਿੱਚ ਬਦਲਾਅ ਦੀ ਲੋੜ ਹੈ ਇੱਕ ਭਾਗ ਇਕੱਲਾ ਨਹੀਂ ਬਦਲਿਆ ਜਾ ਸਕਦਾ ਸਮੁੱਚੇ ਬਦਲਾਅ ਲਈ ਤਬਦੀਲੀ ਦੀ ਜ਼ਰੂਰਤ ਹੈ ਇਨਕਲਾਬੀ ਲਹਿਰ ਹੀ ਕੋਈ ਕਾਊਂਟਰ ਕਲਚਰ ਉਸਾਰ ਸਕਦੀ ਹੈ ਹਾਲ ਦੀ ਘੜੀ ਬਦਲ ਪੇਸ਼ ਕੀਤਾ ਜਾ ਸਕਦਾ ਹੈ। ਚੰਗੇ ਗੀਤਾਂ ਨੂੰ ਉਤਸ਼ਾਹ ਕੀਤਾ ਜਾ ਸਕਦਾ ਹੈ ਪਰ ਇਹ ਸਪੱਸ਼ਟ ਹੈ ਕਿ ਚੰਗੇ ਗੀਤਾਂ ਲਈ ਕੇਵਲ ਤਥਾ ਕਥਿਤ ਆਦਰਸ਼ੀ ਨੈਤਿਕਤਾ ਦੇ ਪਾਠਾਂ ਜਾਂ ਮੁਸੀਬਤਾਂ ਦੇ ਚਿਤਰਨ ਦੀ ਥਾਂ ਤੇ ਸਹੀ ਯਥਾਰਥ ਦਾ ਸੂਹਜ ਭਰਪੂਰ ਚਿੱਤਰਨ ਜ਼ਰੂਰੀ ਹੈ ਇਸ ਲਈ ਇੱਕ ਪਾਸੇ ਸਹਿਤਕ ਕਲਾਤਮਕਤਾ ਦੂਸਰੇ ਪਾਸੇ ਸੰਗੀਤਕ ਕਲਾਤਮਕਤਾ ਦੀ ਵੀ ਜ਼ਰੂਰਤ ਹੈ ।?

# ਨਾਮ ਬਦਲੀ ਦੀ ਫਿਰਕੂ ਸਿਆਸਤ ਦੀ ਫਾਸ਼ੀਵਾਦੀ ਵਿਰਾਸਤ

ਭਾਰਤ ਦੇ ਕਈ ਸੂਬਿਆਂ ਵਿਚ ਕਈ ਜਨਤਕ ਥਾਵਾਂ, ਪਿੰਡਾਂ, ਸ਼ਹਿਰਾਂ, ਸੜਕਾਂ, ਰੇਲਵੇਂ ਸਟੇਸ਼ਨਾਂ ਆਦਿ ਦੀ ਨਾਮ ਬਦਲੀ ਦੀ ਮੁਹਿੰਮ ਲਗਾਤਾਰ ਤੇਜੀ ਫੜ ਰਹੀ ਹੈ। ਨਾਮ ਬਦਲੀ ਦੀ ਇਹ ਮੁਹਿੰਮ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ ਕਈ ਸੂਬਾਈ ਤੇ ਕੇਂਦਰੀ ਮੰਤਰੀਆਂ ਅਤੇ ਮੁੱਖ ਮੰਤਰੀਆਂ ਦੁਆਰਾ ਚਲਾਈ ਜਾ ਰਹੀ ਹੈ। ਇਸਦਾ ਇੱਕ ਪਹਿਲੂ ਇਹ ਵੀ ਹੈ ਕਿ ਇਹ ਮੁਹਿੰਮ ਜਿਉਂ-ਜਿਉਂ 2019 ਦੀਆਂ ਲੋਕ ਸਭਾਂ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ-ਤਿਉਂ ਹੋਰ ਤੇਜ ਕੀਤੀ ਜਾ ਰਹੀ ਹੈ। ਮੌਜੂਦਾ ਕੇਂਦਰ ਸਰਕਾਰ ਖਿਲਾਫ ਨੋਟਬੰਦੀ, ਭ੍ਰਿਸ਼ਟਾਚਾਰ, ਵੱਧਦੀ ਮਹਿੰਗਾਈ, ਬੇਰੁਜਗਾਰੀ, ਘੁਟਾਲੇ, ਰੁਪਏ ਦੀ ਡਾਲਰ ਮੁਕਾਬਲੇ ਕਦਰ ਘਟਾਈ, ਸੀਬੀਆਈ ਤੇ ਆਰਬੀਆਈ ਵਿਵਾਦ ਆਦਿ ਅਨੇਕਾਂ ਮੁੱਦਿਆਂ ਨੂੰ ਲੈ ਕੇ ਵਿਰੋਧ ਦੀ ਸੁਰ ਲਗਾਤਾਰ ਤਿੱਖੀ ਹੋ ਰਹੀ ਹੈ। ਪਰੰਤੂ ਭਾਜਪਾ ਸਰਕਾਰ ਇਨ੍ਹਾਂ ਬੁਨਿਆਦੀ ਮੁੱਦਿਆਂ ਤੋਂ ਸੰਬੋਧਿਤ ਨਾ ਹੋ ਕੇ ਆਰਐਸਐਸ ਦੇ ਵਿਚਾਰਧਾਰਕ ਏਜੰਡੇ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ। ਇਸ ਮਨਸ਼ੇ ਤਹਿਤ ਰਾਮ ਮੰਦਿਰ ਦੇ ਮੁੱਦੇ ਨੂੰ ਚੋਣਾਂ ਦੇ ਨੇੜੇ ਆ ਕੇ ਮੁੜ-ਸੁਰਜੀਤ ਕਰਨਾ, ਸਬਰੀਮਾਲਾ ਮੰਦਿਰ ਦੇ ਮੁੱਦੇ ਨੂੰ ਫਿਰ ਤੋਂ ਉਭਾਰ ਕੇ ਸੁਪਰੀਮ ਕੋਰਟ ਨੂੰ ਨਸੀਹਤ ਤੱਕ ਦੇਣੀ, ਤੇਲੰਗਾਨਾ 'ਚ ਬੀਜੇਪੀ ਮੈਨੀਫੈਸਟੋ 'ਚ ਚੋਣਾਂ ਜਿੱਤਣ ਦੌਰਾਨ ਇੱਕ ਲੱਖ ਗਾਂ ਮੁਫਤ ਵੰਡਣ ਦਾ ਵਾਅਦਾ ਕਰਨਾ ਅਤੇ ਮੁਸਲਿਮ ਅਤੀਤ ਵਾਲੀਆਂ ਇਤਿਹਾਸਕ ਥਾਵਾਂ ਦੇ ਨਾਮ ਬਦਲਕੇ ਹਿੰਦੂ ਧਰਮ ਅਤੇ ਸੰਸਕ੍ਰਿਤਿਕ ਸ਼ਬਦਾਂ ਦੇ ਨਾਂ ਤੇ ਰੱਖਣ ਆਦਿ ਦੀ ਫਿਰਕੂ ਕਵਾਇਦ ਜਿੱਥੇ ਸਰਕਾਰ ਦੀ ਚਾਰ ਸਾਲ ਦੀ ਨਮੋਸ਼ੀਜਨਕ ਕਾਰਗੁਜਾਰੀ ਨੂੰ ਕੱਜਣ ਲਈ ਕੀਤੀ ਜਾ ਰਹੀ ਹੈ ਉੱਥੇ ਨਾਲ ਹੀ ਨਜਦੀਕ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਹਿੰਦੂ-ਮੁਸਲਮਾਨ ਵਿਚਕਾਰ ਫਿਰਕੂ ਧਰੁਵੀਕਰਨ ਕਰਕੇ ਬਹੁਗਿਣਤੀ ਹਿੰਦੂ ਵੋਟ ਨੂੰ ਪ੍ਰਭਾਵਿਤ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਨਾਮ ਬਦਲੀ ਦੀ ਮੁਹਿੰਮ ਭਾਜਪਾ ਦੀ ਫਿਰਕੂ ਸਿਆਸਤ ਦਾ ਇੱਕ ਹੋਰ ਨਵਾਂ ਪੱਤਾ ਹੈ ਜਿਸਨੂੰ ਪਿਛਾਖੜੀ ਹਿੰਦੂ ਭਾਈਚਾਰੇ ਦਾ ਹੁੰਗਾਰਾ ਮਿਲ ਰਿਹਾ ਹੈ ਅਤੇ ਇਹ ਮੁਹਿੰਮ ਲਗਾਤਾਰ ਤੇਜ ਹੁੰਦੀ ਜਾ ਰਹੀ ਹੈ।

ਭਾਰਤ ਸਮੇਤ ਦੁਨੀਆਂ ਭਰ 'ਚ ਜਨਤਕ ਥਾਵਾਂ ਅਤੇ ਸ਼ਹਿਰਾਂ ਦੇ ਨਾਮ ਬਦਲੇ ਜਾਣ ਦਾ ਲੰਮਾ-ਚੌੜਾ ਅਤੇ ਪੁਰਾਣਾ ਇਤਿਹਾਸ ਰਿਹਾ ਹੈ। ਦੁਨੀਆਂ ਦੇ ਲਗਭਗ ਹਰ ਦੇਸ਼ ਦੇ ਇਤਿਹਾਸ ਵਿਚ ਉੱਥੋਂ ਦੇ ਪਿੰਡਾਂ-ਸ਼ਹਿਰਾਂ, ਜਨਤਕ ਥਾਵਾਂ ਅਤੇ ਗਲੀਆਂ-ਸੜਕਾਂ ਦੇ ਨਾਮ ਬਦਲੇ ਜਾਣ ਦੇ ਭੂਗੋਲਿਕ, ਭਸ਼ਾਈ, ਰਾਜਨੀਤਿਕ, ਸਰਹੱਦੀ ਅਤੇ ਧਾਰਮਿਕ ਕਾਰਨ ਰਹੇ ਹਨ। ਦੇਸ਼ ਅਤੇ ਦੁਨੀਆਂ ਦੇ ਇਤਿਹਾਸ 'ਚ ਨਾਮ ਬਦਲੀ ਦੇ ਜਿਆਦਾਤਰ ਸੰਘਰਸ਼ ਅਤੇ ਮੁਹਿੰਮਾਂ ਭਾਸ਼ਾ ਅਤੇ ਸਰਹੱਦੀ ਵੰਡ ਨੂੰ ਲੈ ਕੇ ਚੱਲੀਆਂ ਹਨ ਭਾਵੇਂ ਕਿ ਇਹਨਾਂ ਸੰਘਰਸ਼ਾਂ ਅਤੇ ਮੁਹਿੰਮਾਂ ਦਾ ਇਹ ਇਕਲੋਤਰਾ ਪਹਿਲੂ ਕਦੇ ਵੀ ਨਹੀਂ ਰਿਹਾ।ਧਰਮ ਅਤੇ ਸਿਆਸਤ ਦੇ ਬਹੁਪਸਾਰੀ ਪਹਿਲੂ ਵੀ ਸਦਾ ਇਹਨਾਂ ਸੰਘਰਸ਼ਾਂ ਦੇ ਸਮਾਨਰਥੀ ਚੱਲਦੇ ਆਉਂਦੇ ਰਹੇ ਹਨ। ਪੰਜਾਬੀ ਅਤੇ ਤਾਮਿਲ ਭਾਸ਼ਾ ਅਧਾਰਿਤ ਸੂਬਿਆਂ ਦਾ ਨਾਮਕਰਨ ਕਰਨ ਦਾ ਸੰਘਰਸ਼ ਇਸਦੀਆਂ ਮਿਸਾਲਾਂ ਹਨ।

ਨਾਮ ਬਦਲੀ ਦੀ ਸਿਆਸਤ ਪਿੱਛੇ ਵਿਚਾਰਧਾਰਕ ਸਿਆਸੀ ਸਵਾਲ ਸਦਾ ਅਹਿਮ ਰਿਹਾ ਹੈ। ਰਜਵਾੜਾਸ਼ਾਹੀ ਵੇਲੇ ਤੋਂ ਹੀ ਨਾਮਕਰਨ ਨੂੰ ਸੱਤਾ ਦੇ ਪ੍ਰਤੀਕ ਵਜੋਂ ਸਥਾਪਿਤ ਕੀਤਾ ਜਾਂਦਾ ਆ ਰਿਹਾ ਹੈ। ਸੱਤਾ ਬਦਲੀ ਦੇ ਨਾਲ ਹੀ ਇਹਨਾਂ ਪ੍ਰਤੀਕਾਂ ਨੂੰ ਮਿਟਾਉਣ ਅਤੇ ਬਦਲਣ ਦੇ ਯਤਨ ਇਤਿਹਾਸ 'ਚ ਸਦਾ ਹੁੰਦੇ ਚੱਲੇ ਆ ਰਹੇ ਹਨ। ਨਾਮ ਬਦਲੀ ਦੀ ਇਹ ਸਿਆਸਤ ਸੱਤਾਧਾਰੀਆਂ ਦੀ ਸਿਆਸਤ ਨੂੰ ਸਥਾਪਿਤ ਕਰਨ ਅਤੇ ਉਚਿਆਉਣ ਦਾ ਵਾਹਕ ਬਣਦੀ ਆ ਰਹੀ ਹੈ। ਸੋਵੀਅਤ ਯੂਨੀਅਨ ਦੇ ਹੋਂਦ 'ਚ ਆਉਣ ਤੋਂ ਬਾਅਦ ਵੱਡੀ ਪੱਧਰ ਤੇ ਸਾਮਰਾਜੀ ਅਤੇ ਸਰਮਾਏਦਾਰੀ ਦੇ ਪ੍ਰਤੀਕਾਂ ਨੂੰ ਮਿਟਾਕੇ ਅਤੇ ਬਦਲਕੇ ਮਜਦੂਰ ਜਮਾਤ ਦੇ ਪ੍ਰਤੀਕਾਂ ਨੂੰ ਸਥਾਪਿਤ ਕੀਤਾ ਗਿਆ ਸੀ। ਗਲੀਆਂ, ਸੜਕਾਂ, ਸ਼ਹਿਰਾਂ, ਚੌਕਾਂ ਅਤੇ ਜਨਤਕ ਥਾਵਾਂ ਦੇ ਨਾਵਾਂ ਉੱਤੇ ਕੂਚੀਆਂ ਫੇਰ ਕੇ ਸੰਸਾਰ ਨਕਸ਼ੇ ਉੱਤੇ ਪੁਰਾਣੇ ਪੂੰਜੀਵਾਦੀ ਪ੍ਰਤੀਕਾਂ ਨੂੰ




ਮਿਟਾਕੇ ਨਵੇਂ ਪ੍ਰਤੀਕ ਲੀਕ ਦਿੱਤੇ ਗਏ ਸਨ। ਸੋਵੀਅਤ ਯੂਨੀਅਨ 'ਚ ਗਲੀਆਂ, ਸੜਕਾਂ, ਸ਼ਹਿਰਾਂ, ਚੌਕਾਂ ਅਤੇ ਜਨਤਕ ਥਾਵਾਂ ਦੇ ਨਾਮ ਬਦਲਕੇ ਕਮਿਊਨਿਸਟ ਆਗੂਆਂ ਅਤੇ ਕਮਿਊਨਿਸਟ ਵਿਚਾਰਧਾਰਾ ਪੱਖੀ ਲੇਖਕਾਂ ਦੇ ਨਾਮ ਉੱਕਰ ਦਿੱਤੇ ਗਏ ਸਨ। ਉਹਨਾਂ ਦੇ ਨਾਮ ਉੱਤੇ ਅਨੇਕਾਂ ਬੁੱਤ ਸਥਾਪਿਤ ਕੀਤੇ ਗਏ। ਬਾਅਦ 'ਚ ਦੂਜੀ ਸੰਸਾਰ ਜੰਗ ਸਮੇਂ ਜਰਮਨ 'ਚ ਹਿਟਲਰ ਦੇ ਸੱਤਾ 'ਤੇ ਕਾਬਜ ਹੋਣ ਬਾਅਦ ਵੱਡੀ ਪੱਧਰ ਤੇ 'ਰਾਸ਼ਟਰੀ ਸਮਾਜਵਾਦ' ਨਾਂ ਦੀ ਮੁਹਿੰਮ ਦੇ ਬੈਨਰ ਹੇਠ ਕਮਿਊਨਿਸਟਾਂ ਅਤੇ ਯਹੂਦੀਆਂ ਦੇ ਨਾਵਾਂ ਅਤੇ ਪ੍ਰਤੀਕਾਂ ਨੂੰ ਨਸ਼ਟ ਕੀਤਾ ਗਿਆ। ਹਿਟਲਰ ਨੇ ਉਹਨਾਂ ਦੀਆਂ ਸਿਮਰਤੀਆਂ ਨੂੰ ਖਤਮ ਕਰਨ ਲਈ ਫਿਰਕੂ ਤੇ ਫਾਸ਼ੀ ਨੀਤੀ ਦਾ ਇਸਤੇਮਾਲ ਕੀਤਾ। ਇਹ ਇਤਿਹਾਸ ਵਿਚ ਇੱਕ ਅਹਿਮ ਮੋੜ ਸੀ ਜਦੋਂ ਨਸਲੀ ਅਧਾਰ ਤੇ ਵੱਡਾ ਨਰਸੰਹਾਰ ਕਰਕੇ ਯਹੂਦੀਆਂ ਦੇ ਘਰਾਂ ਤੱਕ ਦੇ ਨਾਮ ਬਦਲ ਦਿੱਤੇ ਗਏ। ਨਸਲ ਸ਼ੁੱਧੀ ਦੇ ਸਲੋਗਨ ਹੇਠ ਯਹੂਦੀਆਂ ਦੀ ਅਜਾਦੀ ਅਤੇ ਜਮਹੂਰੀ ਹੱਕਾਂ ਦਾ ਘਾਣ ਕਰਦਿਆਂ ਤਾਨਾਸ਼ਾਹ ਤਰੀਕੇ ਨਾਲ ਉਹਨਾਂ ਦੀਆਂ ਸਿਮਰਤੀਆਂ ਨੂੰ ਮਿਟਾ ਦਿੱਤਾ ਗਿਆ ਅਤੇ ਹਰ ਗਲੀ ਮੁਹੱਲੇ, ਚੌਂਕ, ਪਾਰਕ, ਸ਼ਹਿਰ, ਜਨਤਕ ਥਾਵਾਂ ਆਦਿ ਦਾ ਨਾਮ ਖਾਸਕਰ ਅਡੋਲਫ ਹਿਟਲਰ ਅਤੇ ਉਸਦੇ ਹਮਾਇਤੀਆਂ ਦੇ ਨਾਮ ਤੇ ਰੱਖਿਆ ਗਿਆ। ਨਾਮਬਦਲੀ ਦੀ ਇਸ ਮੁਹਿੰਮ ਲਈ ਕਿਸੇ ਤਰ੍ਹਾਂ ਦੇ ਪੁਨਰਗਠਨ ਕਾਨੂੰਨ ਅਤੇ ਲੋਕਤੰਤਰਿਕ ਮਰਦਮਸ਼ੁਮਾਰੀ ਦਾ ਸਹਾਰਾ ਨਹੀਂ ਲਿਆ ਗਿਆ। ਇਸ ਮੁਹਿੰਮ ਨੂੰ ਸਿੱਧੇ ਮਿਊਂਸੀਪਲ ਕਮੇਟੀਆਂ ਨੂੰ ਰਾਤੋ-ਰਾਤ ਹੁਕਮ ਜਾਰੀ ਕਰਕੇ ਨੇਪਰੇ ਚਾੜ੍ਹਿਆ ਗਿਆ ਸੀ।

ਸੱਤਾ ਧਿਰ ਆਪਣੀ ਵਿਚਾਰਧਾਰਾ ਤੇ ਸਿਆਸਤ ਨੂੰ ਸਥਾਪਿਤ ਕਰਨ ਲਈ ਸਦਾ ਨਾਮਬਦਲੀ ਦੀ ਸਿਆਸਤ ਦਾ ਸਹਾਰਾ ਲੈਂਦੀ ਆਈ ਹੈ ਪਰੰਤੂ ਫਿਰਕੂ ਤਾਨਾਸ਼ਾਹੀ ਦਾ ਜੋ ਮਾਡਲ ਅਡੋਲਫ ਹਿਟਲਰ ਨੇ ਅਪਣਾਇਆ ਇਹ ਆਪਣੇ ਆਪ ਵਿਚ ਹੀ ਇਤਿਹਾਸ 'ਚ ਨਾਮ ਬਦਲੀ ਦੀ ਸਿਆਸਤ ਦਾ ਸਭ ਤੋਂ ਵੱਧ ਅਣਮਨੁੱਖੀ ਤੇ ਨਸਲੀ ਨਫਰਤ ਵਾਲਾ ਮਾਡਲ ਹੈ। ਇਹੀ ਨਾਜੀ ਜਰਮਨੀ ਮਾਡਲ ਮੌਜੂਦਾ ਭਾਜਪਾ ਸਰਕਾਰ ਭਾਰਤ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮੌਜੂਦਾ ਭਾਜਪਾ ਸਰਕਾਰ ਦੇ ਸੱਤਾ 'ਚ ਆਉਣ ਤੋਂ ਪਹਿਲਾਂ ਵੀ ਭਾਰਤ ਦੇ ਅਨੇਕਾਂ ਸ਼ਹਿਰਾਂ ਦੇ ਨਾਮ ਬਦਲੇ ਗਏ ਸਨ। ਬਲਕਿ ਭਾਰਤ ਦੇ ਬਰਤਾਨਵੀ ਬਸਤੀਵਾਦ ਤੋਂ ਅਜਾਦ ਹੋਣ ਤੋਂ ਬਾਅਦ ਥਾਵਾਂ-ਸ਼ਹਿਰਾਂ ਦੀ ਨਾਮ ਬਦਲੀ ਹੁੰਦੀ ਆ ਰਹੀ ਹੈ। ਅੰਗਰੇਜੀ ਹਕੂਮਤ ਦੇ ਚਿੰਨ੍ਹਾਂ-ਪ੍ਰਤੀਕਾਂ ਨੂੰ ਖਤਮ ਕਰਕੇ ਉਹਨਾਂ ਦੀ ਜਗ੍ਹਾ ਰਾਸ਼ਟਰਵਾਦੀ ਚਿੰਨ੍ਹਾਂ-ਪ੍ਰਤੀਕਾਂ ਨੂੰ ਸਥਾਪਿਤ ਕੀਤਾ ਗਿਆ। ਪਰੰਤੂ ਬੀਤੇ ਇੱਕ ਸਾਲ ਵਿੱਚ ਜਿਸ ਤੇਜੀ ਨਾਲ ਨਾਮ ਬਦਲੀ ਦੀ ਮੁਹਿੰਮ ਚੱਲ ਰਹੀ ਹੈ ਇਹ ਫਿਰਕੂ ਜਹਿਰ ਫੈਲਾਉਣ ਵਾਲੀ ਹੈ। ਫਿਰਕੂ ਲੀਹਾਂ ਤੇ ਨਾਮ ਬਦਲੀ ਦਾ ਮੁੱਦਾ 2015 ਵਿਚ ਦਿੱਲੀ ਦੇ ਔਰੰਗਜੇਬ ਰੋਡ ਦਾ ਨਾਮ ਏਜੇਪੀ ਅਬਦੁੱਲ ਕਲਾਮ ਦੇ ਨਾਮ ਤੇ ਰੱਖਣ ਲਈ ਸ਼ਿਵ ਸੈਨਾ ਵੱਲੋਂ ਕੀਤੀ ਗੁੰਡਾਗਰਦੀ ਨਾਲ ਸਾਹਮਣੇ ਆਇਆ ਸੀ। ਇਸਤੋਂ ਬਾਅਦ ਹਰਿਆਣਾ ਦੇ ਗੁੜਗਾਓਂ ਦਾ ਨਾਮ ਬਦਲ ਕੇ ਗੁਰੂਗਰਾਮ ਰੱਖਣ ਨਾਲ ਵੱਡਾ ਵਿਵਾਦ ਪੈਦਾ ਹੋਇਆ ਸੀ। ਪੂਰੇ ਭਾਰਤ ਵਿਚ ਪਿਛਲੇ ਇੱਕ ਸਾਲ 'ਚ 25 ਪਿੰਡਾਂ ਤੇ ਸ਼ਹਿਰਾਂ ਦੇ ਨਾਮ ਬਦਲੇ ਗਏ ਹਨ। ਇਹਨਾਂ ਦੀ ਖਾਸੀਅਤ ਇਹ ਰਹੀ ਹੈ ਕਿ ਬਦਲੇ ਗਏ ਸਾਰੇ ਨਾਮ ਮੁਸਲਿਮ ਪਿਛੋਕੜ ਵਾਲੇ ਸਨ ਅਤੇ ਉਹਨਾਂ ਦੀ ਨਾਮ ਬਦਲੀ ਹਿੰਦੂ ਧਰਮ ਅਤੇ ਸੰਸਕ੍ਰਿਤੀ ਦੇ ਸ਼ਬਦਾਂ ਨਾਲ ਕੀਤੀ ਗਈ ਹੈ। ਭਾਜਪਾ ਦਾ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਇਸ ਮੁਹਿੰਮ ਦਾ ਪ੍ਰਮੁੱਖ ਬਣਕੇ ਸਾਹਮਣੇ ਆਇਆ ਹੈ। ਦੇਸ਼ ਨੂੰ ਫਿਰਕੂ ਲੀਹਾਂ 'ਚ ਵੰਡਣਾ ਆਰਐਸਐਸ ਦਾ ਮੁੱਖ ਏਜੰਡਾ ਹੈ ਅਤੇ ਯੋਗੀ ਅਦਿੱਤਿਆ ਨਾਥ ਸਿੱਧੇ ਤੌਰ ਤੇ ਨਾਮ ਬਦਲੀ ਮੁਹਿੰਮ ਤਹਿਤ ਇਸ ਫਿਰਕੂ ਏਜੰਡੇ ਨੂੰ ਲਾਗੂ ਕਰ ਰਿਹਾ ਹੈ। ਉਸ ਦੁਆਰਾ ਅਲਾਹਾਬਾਦ ਦਾ ਨਾਮ ਪ੍ਰਯਾਗਰਾਜ ਅਤੇ ਫੈਜਾਬਾਦ ਦਾ ਨਾਮ ਅਯੁੱਧਿਆ ਰੱਖਣਾ ਉਸਦੇ ਹਿੰਦੂਤਵੀ ਫਿਰਕੂ ਏਜੰਡੇ ਨੂੰ ਪ੍ਰਗਟ ਕਰਦਾ ਹੈ। ਇਸ ਤੋਂ ਇਲਾਵਾ ਭਾਜਪਾ ਸਰਕਾਰ ਉੜੀਸਾ ਦੇ ਰਾਜਾਮੁੰਦਰੀ ਨੂੰ ਰਾਜਾ ਮਹਿੰਦਰਾਵਰਨਮ, ਹਰਿਆਣਾ ਦੇ ਪਿੰਡ ਪਿੰਡਾਰੀ ਨੂੰ ਪਾਂਡੂ ਪਿੰਡਾਰਾ, ਮਹਾਂਰਾਸ਼ਟਰ ਦੇ ਲੈਂਡਗਵਾੜੀ ਨੂੰ ਨਰਸਿੰਗਾਓ, ਹਰਿਆਣਾ ਦੇ ਸਰ ਛੋਟੂ ਰਾਮ ਨਗਰ ਨੂੰ ਗੜ੍ਹੀ ਸੰਪਲਾ, ਰਾਜਸਥਾਨ ਦੇ ਖੱਟੂ ਕਲਾਂ ਨੂੰ ਬਾਰੀ ਖੱਟੂ, ਅਹਿਮਦਾਬਾਦ ਨੂੰ ਕਰਨਾਵਤੀ ਅਤੇ ਪੱਛਮੀ ਬੰਗਾਲ ਦੇ ਨਾਮ ਨੂੰ ਬਦਲ ਕੇ ਬੰਗਲਾ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸੇ ਲੜੀ ਵਜੋਂ ਮੁਗਲਸਰਾਏ ਰੇਲਵੇ ਸ਼ਟੇਸ਼ਨ ਦਾ ਨਾਮ ਬਦਲ ਕੇ ਹਿੰਦੂ ਸੱਜੇਪੱਖੀ ਵਿਚਾਰਕ ਦੀਨ ਦਿਆਲ ਉਪਾਧਿਆ ਦੇ ਨਾਮ ਤੇ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਨਾਮ ਬਦਲੀ ਦੀ ਇਹ ਫਿਰਕੂ ਮੁਹਿੰਮ 'ਸਟੇਟ ਰੀਆਰਗੇਨਾਈਜੇਸ਼ਨ ਐਕਟ 1956' ਨੂੰ ਕੁਚਲ ਕੇ ਅਤੇ ਉਸਦੀ ਦੁਰਵਰਤੋਂ ਕਰਕੇ ਅੱਗੇ ਵਧਾਈ ਜਾ ਰਹੀ ਹੈ।

ਪਿਛਲੇ ਚਾਰ ਸਾਲ 'ਚ ਭਾਜਪਾ ਦਾ ਧਿਆਨ ਵਿਕਾਸ ਅਤੇ ਹੋਰ ਬੁਨਿਆਦੀ ਮੁੱਦਿਆਂ ਦੀ ਬਜਾਏ ਇਤਿਹਾਸ ਅਤੇ ਵਿਗਿਆਨ ਨਾਲ ਛੇੜਛਾੜ, ਪਾਠ ਪੁਸਤਕਾਂ ਦੇ ਪਾਠਕ੍ਰਮ ਵਿਚ ਤਬਦੀਲੀਆਂ ਅਤੇ ਨਾਮ, ਪ੍ਰਤੀਕ, ਭਾਸ਼ਾ ਤੇ ਲਿੱਪੀ ਪ੍ਰਤੀ ਗੈਰਸੰਜੀਦਾ ਵਿਵਹਾਰ ਵੱਲ ਵਧੇਰੇ ਰਿਹਾ ਹੈ। ਇਸਦੇ ਸੰਕੇਤ ਨਰੇਂਦਰ ਮੋਦੀ ਨੇ 2014 ਦੇ ਆਪਣੇ ਇਕ ਭਾਸ਼ਣ ਵਿੱਚ ਪਹਿਲਾਂ ਹੀ ਦੇ ਦਿੱਤੇ ਸਨ ਜਦੋਂ ਉਸਨੇ ਕਿਹਾ ਕਿ 'ਭਾਰਤ 1200 ਸਾਲ ਤੋਂ ਮਾਨਸਿਕ ਗੁਲਾਮੀ ਦਾ ਸ਼ਿਕਾਰ ਰਿਹਾ ਹੈ।' ਮੱਧਕਾਲੀਨ ਮੁਸਲਿਮ ਸ਼ਾਸ਼ਕਾਂ ਨੂੰ ਨਿਸ਼ਾਨਾ ਬਣਾਕੇ ਮੋਦੀ ਸਰਕਾਰ ਅਤੀਤ ਤੇ ਚਿੱਕੜ ਉਛਾਲੀ ਕਰਕੇ ਵਰਤਮਾਨ ਸਮੇਂ 'ਚ ਮੁਸਲਮਾਨਾਂ ਤੇ ਹੋਰ ਘੱਟਗਿਣਤੀਆਂ ਨੂੰ ਟਾਰਗੇਟ ਕਰ ਰਹੀ ਹੈ। ਇਤਿਹਾਸਕ ਸੱਭਿਆਚਾਰਕ ਅਤੇ ਭਰਾਤਰੀ ਸਾਂਝ ਨੂੰ ਖਤਮ ਕਰਨ ਕਰਨ ਲਈ ਲਵ ਜਿਹਾਦ, ਅਸ਼ਹਿਣਸ਼ੀਲਤਾ ਤੇ ਭੜਕਾਊ ਭੀੜ ਵਰਗੇ ਵਰਤਾਰਿਆ ਨੂੰ ਭਾਜਪਾ ਸਰਕਾਰ ਸਮੇਤ ਮੁੱਖ-ਧਰਾਈ ਮੀਡੀਆ ਨੇ ਵੀ ਸ਼ਹਿ ਦੇਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਨਾਮ ਬਦਲੀ ਦੀ ਇਹ ਸਿਆਸਤ ਲੋਕਾਂ ਦਾ ਧਿਆਨ ਉਹਨਾਂ ਦੇ ਬੁਨਿਆਦੀ ਮੁੱਦਿਆਂ ਤੋਂ ਭਟਕਾ ਕੇ ਫਿਰਕੂ ਵੰਡੀਆਂ ਵੱਲ ਖਿਸਕਾਉਣ ਅਤੇ ਹਿੰਦੂ-ਮੁਸਲਿਮ ਨਫਰਤ ਨੂੰ ਹੋਰ ਵੱਧ ਤਿੱਖਾ ਕਰਨ ਦਾ ਸਾਧਨ ਹੈ। ਦੇਸ਼ ਦੇ ਲੋਕਾਂ ਨੂੰ ਇਹਨਾਂ ਫਿਰਕੂ ਮਨਸੂਬਿਆਂ ਦੇ ਇਤਿਹਾਸਕ ਸਬਕਾਂ ਤੋਂ ਸੇਧ ਲੈਂਦਿਆਂ ਅਜਿਹੇ ਫਿਰਕੂ ਸਰਕਾਰੀ ਫੈਸਲਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

**- ਮਨਦੀਪ**

# ਰਾਮ ਮੰਦਰ ਲਈ 'ਧਰਮ ਸਭਾ' 'ਚੋਂ ਉੱਭਰੇ ਖਤਰਨਾਕ ਸੰਕੇਤ



ਬੂਟਾ ਸਿੰਘ ਨਵਾਂਸ਼ਹਿਰ
94634-74342



ਆਰ. ਐੱਸ. ਐੱਸ. ਅਤੇ ਇਸ ਨਾਲ ਸੰਬੰਧਤ ਹਿੰਦੂਤਵ ਜਥੇਬੰਦੀਆਂਨੇ ਇਕ ਵਾਰ ਫਿਰ ਹਿੰਦੂ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਕੇ ਫਿਰਕੂ ਭੜਕਾਹਟ ਪੈਦਾ ਕਰਨ ਦੀਆਂ ਕੋਸ਼ਿਸ਼ ਤੇਜ਼ ਕਰ ਦਿੱਤੀਆਂ ਹਨ।ਪਿਛਲੇ ਦਿਨੀਂਪਹਿਲਾਂ ਸ਼ਬਰੀਮਾਲਾ ਮੰਦਰ ਅਤੇ ਫਿਰ ਰਾਮ ਮੰਦਰ ਦੇ ਸਵਾਲ ਉੱਪਰ ਧਾਰਮਿਕ ਭਾਵਨਾਵਾਂ ਨੂੰ ਤਰਜ਼ੀਹ ਦੇਣ ਦੇ ਬਹਾਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਵਿਰੁੱਧ ਬਿਆਨਬਾਜ਼ੀ ਇਕ ਗਿਣੀ-ਮਿੱਥੀਯੋਜਨਾ ਦਾ ਹਿੱਸਾ ਹੈ।ਰਾਸ਼ਟਰ ਹਿਤਾਂ ਦੇ ਵਾਹਦ ਵਾਰਿਸ ਹੋਣ ਦੇ ਦਾਅਵੇਦਾਰਾਂ ਨੂੰ ਅਦਾਲਤੀ ਅਮਲ ਉੱਪਰ ਵੀ ਭਰੋਸਾ ਨਹੀਂ ਹੈ।ਦਰਅਸਲ, ਇਹ ਮੌਕਾ ਖ਼ਾਸ ਤੌਰ 'ਤੇ ਚੁਣਿਆ ਗਿਆ ਹੈ। ਪੰਜ ਸੂਬਿਆਂ ਵਿਚ ਵਿਧਾਨ-ਸਭਾ ਚੋਣਾਂ ਅਤੇ 2019 ਵਿਚ ਹੋਣ ਵਾਲੀਆਂ ਲੋਕਸਭਾ ਚੋਣਾਂ ਦੇ ਮੱਦੇਨਜ਼ਰ ਐਸੇ ਮੁੱਦਿਆਂ ਨੂੰ ਗਰਮਾਉਣਾਭਗਵੇਂ ਕੈਂਪਦੀਅਣਸਰਦੀ ਲੋੜਹੈ। ਵਿਕਾਸ ਦੇ ਜੁਮਲੇ ਦਾ ਮੁਲੰਮਾ ਬੁਰੀ ਤਰ੍ਹਾਂ ਲਹਿ ਚੁੱਕਾ ਹੈ ਅਤੇਹੁਣ ਇਸ ਵਿਚ ਵੋਟਰਾਂ ਨੂੰ ਭਰਮਾਉਣ ਲਈ ਪਹਿਲਾਂ ਵਾਲਾ ਜਲੌਅ ਅਤੇ ਸਮਰੱਥਾ ਨਹੀਂ ਹੈ।ਖ਼ੁਦ ਸੱਤਾਧਾਰੀ ਹੋਣ ਕਾਰਨ ਹੁਣ ਭਗਵੇਂ ਆਗੂਆਂਲਈ ਆਪਣੀਆਂ ਨਾਕਾਮੀਆਂ ਅਤੇ ਆਮ ਲੋਕਾਂ ਦੀ ਆਰਥਕ ਜ਼ਿੰਦਗੀ ਨੂੰ ਡੂੰਘੇ ਸੰਕਟ ਵਿਚ ਧੱਕਣ ਵਾਲੇ ਆਪਣੇ ਫ਼ੈਸਲਿਆਂ ਸਬੰਧੀ ਕਿਸੇ ਸ਼ਰੀਕ ਰਾਜਨੀਤਕ ਧਿਰ ਨੂੰ ਜ਼ੁੰਮੇਵਾਰ ਠਹਿਰਾਉਣਾ ਸੰਭਵ ਨਹੀਂ।ਇਸੇ ਕਾਰਨ ਹੁਣਵੋਟ ਬੈਂਕ ਪੱਕਾ ਕਰਨ ਲਈ ਭਗਵੇਂ ਕੈਂਪ ਦੀ ਮੁੱਖਟੇਕ ਹਿੰਦੂ ਫਿਰਕੇ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਉੱਪਰ ਹੈ।

ਐਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਹਾਲੀਆ ਮੁਹਿੰਮ ਦਾ ਫੌਰੀ ਮਨੋਰਥ ਚਾਹੇ ਚੋਣਾਂ ਵਿਚ ਹਿੰਦੂ ਪੱਤਾ ਖੇਡਕੇ ਸੱਤਾ ਉੱਪਰ ਮੁੜ ਕਾਬਜ਼ ਹੋਣਾ ਅਤੇ ਅਵਾਮ ਦਾ ਧਿਆਨ ਅਸਲ ਮੁੱਦਿਆਂ, ਖ਼ਾਸ ਕਰਕੇ ਮੋਦੀ ਰਾਜ ਦੀਆਂ ਨਾਕਾਮੀਆਂ ਤੋਂ ਹਟਾਉਣਾ ਹੈ ਲੇਕਿਨ ਇਸਦਾ ਅੰਤਮ ਨਿਸ਼ਾਨਾ ਪੱਕੀ ਫਿਰਕੂ ਪਾਲਾਬੰਦੀ ਜ਼ਰੀਏ ਹਿੰਦੂ ਰਾਸ਼ਟਰ ਬਣਾਉਣਲਈਹਾਲਾਤ ਤਿਆਰ ਕਰਨਾ ਹੈ। ਇਸ ਤਰ੍ਹਾਂ ਦੇ ਜਜ਼ਬਾਤੀ ਮੁੱਦਿਆਂ ਦੇ ਕੀਲੇ ਹਿੰਦੂ ਅਵਾਮ ਅਤੇ ਸੰਘ ਦੇ ਸਧਾਰਨ ਹਮਾਇਤੀ ਨਹੀਂ ਜਾਣਦੇ ਕਿ ਹਿੰਦੂਤਵ ਆਗੂਆਂ ਦਾ ਧਾਰਮਿਕ ਅਕੀਦੇ ਦੇ ਤੌਰ 'ਤੇ ਭਗਵਾਨ ਰਾਮਨਾਲ ਸ਼ਾਇਦ ਹੀ ਕੋਈ ਲਗਾਓ ਹੋਵੇ, ਉਹਨਾਂ ਲਈ ਤਾਂ ਇਹ ਮਹਿਜ਼ ਫਿਰਕੂ ਪਾਟਕ ਪਾਕੇ ਹਿੰਦੂਤਵ ਦੇ ਏਜੰਡੇ ਲਈ ਸਮਾਜਿਕ ਅਧਾਰ ਤਿਆਰ ਕਰਨ ਦਾ ਜ਼ਰੀਆ ਹੈ। ਹਿੰਦੂਤਵ ਆਗੂਆਂ ਦਾ ਸਪਸ਼ਟ ਐਲਾਨ ਹੈ ਕਿ ਜੇ ਨਿਆਂ ਪ੍ਰਣਾਲੀ ਉਹਨਾਂ ਦੀਆਂ 'ਭਾਵਨਾਵਾਂ' ਅਨੁਸਾਰ ਨਹੀਂ ਚੱਲਦੀ ਤਾਂ ਉਹਨਾਂ ਨੂੰ 1992 ਦੀ ਤਰ੍ਹਾਂ ਸਰਵਉੱਚ ਅਦਾਲਤ ਦੇ ਆਦੇਸ਼ਾਂ ਨੂੰ ਪੈਰਾਂ ਹੇਠ ਦਰੜਕੇ ਆਪਣੇ ਧਰਮ ਸੰਸਦੀ ਫ਼ਰਮਾਨਾਂ ਨੂੰ ਲਾਗੂ ਕਰਨ ਦਾ ਚੁਣੌਤੀ ਰਹਿਤ ਹੱਕ ਹੈ ਕਿਉਂਕਿ ਉਹਨਾਂ ਦੀਆਂ ਭਾਵਨਾਵਾਂ ਨਿਆਂ ਦੇ ਤਕਾਜ਼ੇਤੋਂ ਉੱਪਰ ਹਨ।

ਜਿਸ ਤਰ੍ਹਾਂ ਸਿਲਸਿਲੇਵਾਰ ਤਿਆਰੀ ਨਾਲ ਹਾਲ ਹੀ ਵਿਚ ਅਯੁੱਧਿਆ ਵਿਚ 'ਧਰਮ ਸਭਾ' ਸੱਦੀ ਗਈ, ਜਿਵੇਂ ਅਯੁੱਧਿਆ ਦੀ ਬਾਬਰੀ ਮਸਜਿਦ, ਗਿਆਨ ਵਾਪੀ ਮਸਜਿਦ (ਵਾਰਾਨਸੀ) ਅਤੇ ਜਾਮਾ ਮਸਜਿਦ (ਨਵੀਂ ਦਿੱਲੀ) ਦੀ ਥਾਂ ਮੰਦਰ ਬਣਾਉਣ ਦੇ ਬਿਆਨਾਂ ਵਿਚ ਤੇਜ਼ੀ ਲਿਆਂਦੀ ਗਈ ਹੈ, 1992 ਦੇ ਛੇ ਦਸੰਬਰ ਨੂੰ ਇਸੇ ਤਰ੍ਹਾਂ ਹੀ ਪੰਜ ਸਾਲ ਲੰਮੀ ਤਿਆਰੀ ਤੋਂ ਬਾਦ ਸੰਘ ਦੇ ਹਜੂਮਾਂ ਵੱਲੋਂ ਬਾਬਰੀ ਮਸਜਿਦ ਤੋੜੀਗਈ ਸੀ।ਫਿਰ ਮੁਸਲਿਮ ਫਿਰਕੇ ਨੂੰ ਦਹਿਸ਼ਤਜ਼ਦਾ ਕਰਨ ਲਈ ਵੱਡੇ ਪੈਮਾਨੇ 'ਤੇ ਹਮਲੇ ਕੀਤੇ ਗਏ। 18 ਮੁਸਲਮਾਨ ਮਾਰੇ ਜਾਣ, 23 ਸਥਾਨਕ ਮਸਜਿਦਾਂਤੋੜੇ ਜਾਣ ਅਤੇ ਮੁਸਲਿਮ ਘਰਾਂ ਤੇ ਕਾਰੋਬਾਰਾਂ ਦੀ ਵਿਆਪਕ ਸਾੜ-ਫੂਕ ਦੇ ਬਾਵਜੂਦ ਮੁਸਲਿਮ ਭਾਈਚਾਰੇ ਨੂੰ ਕੋਈ ਨਿਆਂ ਨਹੀਂ ਮਿਲਿਆ। ਜਦਕਿ ਇਸ ਦੇ ਪ੍ਰਤੀਕਰਮ ਵਜੋਂ ਹੋਏ ਦਹਿਸ਼ਤੀ ਕਾਂਡਾਂਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾਵਾਂ ਦੇਣ ਦੇ ਨਾਂ ਹੇਠ ਦਰਜਨਾਂ ਬੇਕਸੂਰ ਮੁਸਲਿਮ ਪਰਿਵਾਰ ਰਾਜ ਮਸ਼ੀਨਰੀ ਵੱਲੋਂ ਬਰਬਾਦ ਕਰ ਦਿੱਤੇ ਗਏ। ਢਾਈ ਦਹਾਕੇ ਬਾਦ ਅਯੁੱਧਿਆ ਵਿਚਕਥਿਤ ਰਾਮ ਭਗਤ ਹਜੂਮਾਂ ਦੀ ਦੁਬਾਰਾਆਮਦ ਨਾਲ ਮੁਸਲਿਮ ਘੱਟਗਿਣਤੀ ਦੀਆਂ ਚਿੰਤਾਵਾਂ ਵਿਚ ਵਾਧਾ ਹੋਣਾ ਸੁਭਾਵਿਕ ਹੈ ਜੋ ਯੋਗੀਰਾਜ ਵਿਚ ਪਹਿਲਾਂ ਹੀ ਲਵ-ਜਿਹਾਦ, ਘਰ ਵਾਪਸੀ, ਗਊ ਰੱਖਿਆ ਦੇ ਬਹਾਨੇ ਹਿੰਦੂਤਵ ਹਮਾਇਤੀ ਗੁੱਟਾਂ ਦੇ ਹਮਲਿਆਂ ਅਤੇ ਫਰਜ਼ੀ ਪੁਲਿਸ ਮੁਕਾਬਲਿਆਂ ਦੇ ਦਹਿਸ਼ਤਵਾਦੀ ਮਾਹੌਲ ਵਿਚਡਰ ਡਰਕੇ ਦਿਨ ਕੱਟ ਰਹੇ ਹਨ। ਹਿੰਦੂ ਫਿਰਕੇ ਦੇ ਲੋਕਾਂ ਲਈ ਗੰਭੀਰਤਾ ਨਾਲ ਸੋਚਣ ਦਾ ਸਵਾਲ ਇਹ ਹੈ ਕਿ ਇਹ ਕੈਸੀ ਧਾਰਮਿਕ ਸ਼ਰਧਾ ਹੈ ਕਿ 'ਰਾਮ ਭਗਤਾਂ' ਦੀ ਆਹਟ ਤੋਂ ਸਹਿਮੇ ਹੋਏ ਘੱਟਗਿਣਤੀ ਲੋਕ ਆਪਣੀਆਂ ਬਹੂ-ਬੇਟੀਆਂ ਨੂੰ ਮਹਿਫੂਜ਼ ਕਰਨ ਲਈ ਪਹਿਲਾਂ ਹੀ ਅਯੁੱਧਿਆ-ਫ਼ੈਜ਼ਾਬਾਦ ਤੋਂ ਬਾਹਰ ਭੇਜਣਾ ਸ਼ੁਰੂ ਕਰ ਦਿੰਦੇ ਹਨ?

ਅਕਤੂਬਰ ਦੇ ਅਖ਼ੀਰ ਵਿਚ ਸੁਪਰੀਮ ਕੋਰਟ ਵੱਲੋਂ ਬਾਬਰੀ ਮਸਜਿਦ ਮਾਮਲੇ ਦੀ ਅਗਾਊਂ ਸੁਣਵਾਈ ਕਰਨ ਦੀ ਅਪੀਲ ਨਾਮਨਜ਼ੂਰ ਕਰ ਦਿੱਤੀ ਗਈ। ਇਹ ਸਾਫ਼ ਹੋਣਨਾਲ ਕਿ ਜਨਵਰੀ 2019 ਤੋਂ ਪਹਿਲਾਂਮਾਮਲੇ ਦੀ ਸੁਣਵਾਈ ਸ਼ੁਰੂ ਨਹੀਂ ਹੋਵੇਗੀ, ਹਿੰਦੂਤਵ ਕੈਂਪ ਲਈ ਸਮੱਸਿਆ ਖੜ੍ਹੀ ਹੋ ਗਈ ਕਿ ਹੁਣ ਰਾਮ ਮੰਦਰ ਦੇ ਸਵਾਲ ਨੂੰ ਚੋਣ ਤਿਆਰੀ ਲਈ ਕਿਵੇਂ ਗਰਮਾਇਆ ਜਾਵੇ। ਆਰ.ਐੱਸ.ਐੱਸ. ਸਮੇਤ ਸੰਘ ਪਰਿਵਾਰ ਦੇ ਆਗੂਆਂ ਵੱਲੋਂ ਤਿੱਖੀਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਗਈ। ਸੰਘ ਦੇ ਜਨਰਲ ਸਕੱਤਰ ਭਈਆਜੀ ਜੋਸ਼ੀ ਨੇ ਫ਼ਰਮਾਇਆ ਕਿ ਇਸ ਅਦਾਲਤੀ ਫ਼ੈਸਲੇ ਨਾਲ ਹਿੰਦੂ ਅਪਮਾਨਿਤ ਮਹਿਸੂਸ ਕਰ ਰਹੇ ਹਨ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਦਾ ਬਿਆਨ ਹੋਰ ਵੀ ਸਿੱਧਾ-ਸਪਾਟ ਸੀ ਕਿ ਅਕੀਦੇ ਦਾ ਫ਼ੈਸਲਾ ਅਦਾਲਤੀ ਨਿਆਂ ਨਾਲ ਨਹੀਂ ਕੀਤਾ ਜਾ ਸਕਦਾ ਅਤੇ ਹਿੰਦੂਆਂ ਦਾ ਸਬਰ ਮੁੱਕਦਾ ਜਾ ਰਿਹਾ ਹੈ। ਨਾਗਪੁਰ ਵਿਚ 'ਹੁੰਕਾਰ ਸਭਾ' ਵਿਚ ਸੰਘ ਮੁਖੀ ਮੋਹਨ ਭਾਗਵਤ ਮੰਗਕਰਦੇ ਹਨ ਕਿ 'ਮਾਮਲਾ ਅਦਾਲਤ ਵਿਚ ਹੈ, ਫ਼ੈਸਲਾ ਛੇਤੀ ਦਿੱਤਾ ਜਾਵੇ।' ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਕਹਿ ਰਹੇ ਹਨ ਕਿ ਉਹਨਾਂ ਨੂੰ ਰਾਮ ਮੰਦਰ ਲਈ ਸਮੁੱਚੀ ਜ਼ਮੀਨ ਚਾਹੀਦੀ ਹੈ, ਝਗੜੇ ਦੇ ਹੱਲ ਲਈ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਦਾ ਇਲਾਹਾਬਾਦ ਹਾਈਕੋਰਟ ਦਾ ਫ਼ੈਸਲਾ ਉਹਨਾਂ ਨੂੰ ਮਨਜ਼ੂਰ ਨਹੀਂ। ਸੰਘ ਦੇ ਬਿਆਨਾਂ ਦਾ ਨਿਚੋੜ ਇਹ ਹੈ ਕਿ ਅਦਾਲਤੀ ਅਮਲ ਵਿਚ ਦੇਰੀ ਹੋ ਰਹੀ ਹੈ, ਸਰਕਾਰ ਆਰਡੀਨੈਂਸ ਜਾਰੀ ਕਰਕੇ ਮੰਦਰ ਉਸਾਰਨ ਦੇ ਰਾਹ ਦੇ ਅੜਿੱਕੇ ਦੂਰ ਕਰਨ ਦਾ ਸਿੱਧਾ ਅਖ਼ਤਿਆਰ ਕਰੇ।

ਇਸ ਸਮੁੱਚੇ ਘਟਨਾਕ੍ਰਮ ਨੂੰ ਦੇਖਦਿਆਂ ਇਹ ਕਿਆਫ਼ੇਲਗਾਏ ਜਾ ਰਹੇ ਹਨ ਕਿ ਕੀ 25 ਨਵੰਬਰ ਨੂੰ ਅਯੁਧਿਆ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਝੰਡੇ ਹੇਠ 'ਧਰਮ ਸਭਾ' ਦਾ ਆਯੋਜਨ ਰਾਮ ਮੰਦਰ ਦੇ ਨਾਂ ਹੇਠ ਨੇੜ ਭਵਿੱਖ ਵਿਚ ਕੀਤੀ ਜਾਣ ਵਾਲੀ ਕਿਸੇ ਵੱਡੀ ਕਾਰਵਾਈ ਦੀਤਿਆਰੀ ਵਜੋਂ ਕੀਤਾ ਗਿਆ?ਸੰਘ ਨੇ ਬੱਸਾਂ, ਰੇਲ ਗੱਡੀਆਂ ਅਤੇ ਮੋਟਰ ਸਾਈਕਲਾਂ ਦੁਆਰਾ ਇਕ ਲੱਖ ਵਰਕਰ ਅਯੁੱਧਿਆ ਲਿਆਉਣ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇਤਿੰਨ ਲੱਖ ਦਾ ਇਕੱਠ ਕਰਨ ਦੇ ਐਲਾਨ ਕੀਤੇ ਸਨ। ਇਕੱਠ ਦੀ ਗਿਣਤੀ ਨਾਲੋਂ ਵਧੇਰੇ ਚਿੰਤਾਜਨਕ ਇਸ ਤਾਕਤ ਪ੍ਰਦਰਸ਼ਨ ਪਿੱਛੇ ਕੰਮ ਕਰ ਰਹੇਮਨਸੂਬੇ ਅਤੇ ਇਹਨਾਂ ਨੂੰ ਅੰਜਾਮ ਦੇਣ ਲਈ ਲਗਾਤਾਰ ਚਲਾਈਆਂ ਜਾ ਰਹੀਆਂ ਜ਼ਹਿਰੀਲੀਆਂ ਮੁਹਿੰਮਾਂ ਹਨ। ਜਿਹਨਾਂ ਜ਼ਰੀਏ ਹਿੰਦੂ ਨੌਜਵਾਨਾਂ ਨੂੰ ਉਹਨਾਂ ਦੀ ਜ਼ਿੰਦਗੀ ਦੇ ਅਸਲ ਮਸਲਿਆਂ ਤੋਂ ਭਟਕਾਕੇ ਮਸਜਿਦ ਦੇ ਖੰਡਰਾਂ ਉੱਪਰ ਮੰਦਰ ਬਣਾਉਣ ਦੇ ਫਿਰਕੂ ਜਹਾਦ ਵਿਚ ਉਲਝਾਇਆ ਜਾ ਰਿਹਾ ਹੈ।

ਸ਼ਾਇਦ ਹੀ ਕਿਸੇ ਨੇ ਧਿਆਨ ਦਿੱਤਾ ਹੋਵੇ ਕਿ ਸਤੰਬਰ ਮਹੀਨੇ 'ਸ਼੍ਰੀ ਰਾਮ ਮੰਦਰ ਨਿਰਮਾਣ ਸਹਿਯੋਗ ਮੰਚ' ਨਾਂ ਦੀ ਇਕ ਨਵੀਂ ਸੰਸਥਾ ਬਣਾਈ ਗਈ। ਅਯੁੱਧਿਆ ਵਿਚ 18 ਅਕਤੂਬਰ ਨੂੰ ਮੁੱਖ ਮੰਤਰੀ ਦੀ "ਛੋਟੀ ਦੀਵਾਲੀ" ਜਥੇਬੰਦ ਕਰਨ ਵਿਚ ਇਸ ਸੰਸਥਾ ਦੀ ਭੂਮਿਕਾ ਸੰਘ ਪਰਿਵਾਰ ਵਿਚ ਇਸਦੇ ਸਥਾਨ ਦਾ ਜ਼ਾਹਰਾ ਸਬੂਤ ਸੀ।ਯੂ.ਪੀ. ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਮੋਟਰ ਸਾਈਕਲ ਰੈਲੀਆਂ ਕੱਢਕੇ ਐਲਾਨ ਕੀਤੇਗਏਹਨ ਕਿ ਇਹ ਆਖ਼ਰੀ ਧਰਮ ਸਭਾ ਹੈ। ਕਿ ਹੁਣ ਹੋਰਧਰਮ ਸਭਾਵਾਂ ਨਹੀਂ ਹੋਣਗੀਆਂ, ਹੁਣ ਤਾਂਮੰਦਰ ਉਸਾਰਿਆ ਜਾਵੇਗਾ। ਯੋਗੀ ਅਦਿੱਤਿਆਨਾਥ ਵੱਲੋਂ 'ਧਰਮ ਸਭਾ' ਤੋਂ ਇਕ ਦਿਨ ਪਹਿਲਾਂ ਅਯੁੱਧਿਆ ਵਿਚ ਭਗਵਾਨ ਰਾਮ ਦਾ 221 ਮੀਟਰ ਉੱਚਾ ਬੁੱਤ ਲਗਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇਣਾ ਇਸੇ ਦਿਸ਼ਾ ਵਿਚ ਇਕ ਸੰਕੇਤਕ ਕਾਰਵਾਈ ਹੈ। 'ਧਰਮ ਸਭਾ'ਨੂੰ ਸੰਬੋਧਨ ਕਰਨ ਵਾਲੇ ਵਕਤਾਵਾਂ ਨੇ ਵੀ ਸਾਫ਼ ਕਿਹਾਹੈਕਿ ਅਗਲੇ ਸਾਲ ਇਲਾਹਾਬਾਦ ਵਿਚ ਕੁੰਭ ਮੇਲੇ ਮੌਕੇ ਮੰਦਰ ਬਣਾਉਣ ਦੀ ਤਾਰੀਕ ਦਾ ਐਲਾਨ ਕੀਤਾ ਜਾਵੇਗਾ।

ਸ਼ਿਵ ਸੈਨਾ ਦੀ ਸੁਰ ਤਾਂ ਹੋਰ ਵੀ ਤਿੱਖੀ ਹੈ। ਸ਼ਿਵ ਸੈਨਾ ਦੇ ਆਗੂ ਭਾਵੇਂ ਮੋਦੀ ਸਰਕਾਰ ਵਿਰੁੱਧ ਤਿੱਖੀ ਬਿਆਨਬਾਜ਼ੀ ਕਰਦੇ ਰਹਿੰਦੇ ਹਨ ਲੇਕਿਨ ਅਯੁੱਧਿਆ ਵਿਚ ਪਹੁੰਚਕੇ ਉਹਨਾਂ ਦਾ ਮਨੋਰਥ ਰਾਮ ਮੰਦਰ ਦੇ ਮਾਮਲੇ ਨੂੰ ਹੋਰ ਭੜਕਾਉਣਾ ਸੀ। 'ਪਹਿਲੇ ਮੰਦਿਰ, ਫਿਰ ਸਰਕਾਰ' ਦੇ ਐਲਾਨ ਤਹਿਤ ਚਾਰ ਹਜ਼ਾਰ ਸੈਨਿਕਅਤੇ ਸੀਨੀਅਰ ਸ਼ਿਵ ਸੈਨਾ ਆਗੂ ਇਕ ਦਿਨ ਪਹਿਲਾਂ ਹੀ ਪੰਜ ਰੇਲ ਗੱਡੀਆਂ ਉੱਪਰ ਸਵਾਰ ਹੋਕੇ ਅਯੁੱਧਿਆ ਪਹੁੰਚ ਗਏ। ਸ਼ਿਵਸੈਨਾ ਦੇ ਤਰਜ਼ਮਾਨ 'ਸਾਮਨਾ' ਨੇ ਐਲਾਨ ਕੀਤਾ ਕਿ ਉਹ ਕੁੰਭਕਰਨੀ ਨੀਂਦ ਸੌਂ ਰਹੇ ਭਾਜਪਾ ਦੇ 'ਰਾਮ ਭਗਤਾਂ' ਨੂੰ ਜਗਾਉਣ ਲਈ ਅਯੁੱਧਿਆ ਜਾ ਰਹੇ ਹਨ ਜੋ ਰਾਮ ਮੰਦਰ ਦੇ ਮੁੱਦੇ ਦੀ ਮਦਦ ਨਾਲ ਸੱਤਾ ਵਿਚ ਆਏ ਫਿਰ ਇਸ ਨੂੰ ਮਨੋ ਵਿਸਾਰ ਦਿੱਤਾ ਗਿਆ।ਕਿ ਇਹ ਭਗਵਾਨ ਰਾਮ ਅਤੇ ਹਿੰਦੂਤਵ ਨਾਲ ਸਭ ਤੋਂ ਵੱਡਾ ਧਰੋਹ ਹੈ।ਸ਼ਿਵ ਸੈਨਾ ਦੇ ਇਕ ਸੀਨੀਅਰ ਆਗੂ ਸੰਜੇ ਰਾਵਤ ਨੇ ਭਾਜਪਾ ਨੂੰ ਲਲਕਾਰਿਆ ਕਿ ਬਾਬਰੀ ਮਸਜਿਦ 17 ਮਿੰਟਾਂ ਵਿਚ ਢਾਹ ਦਿੱਤੀ ਗਈ ਸੀ, ਜਦੋਂ ਸਾਰੀਆਂ ਸਰਕਾਰਾਂ ਭਾਜਪਾ ਦੀਆਂ ਹਨ ਫਿਰ ਮੰਦਰ ਉਸਾਰਨ ਲਈ ਕਾਗਜ਼ ਤਿਆਰ ਕਰਨ ਅਤੇ ਆਰਡੀਨੈਂਸ ਲਿਆਉਣ ਲਈ ਕਿੰਨਾ ਵਕਤ ਲੱਗੇਗਾ।

25 ਨਵੰਬਰ ਦੀ 'ਧਰਮ ਸਭਾ' ਲਈ ਸ਼ਿਵ ਸੈਨਾ ਅਤੇ ਸੰਘ ਪਰਿਵਾਰ ਦਰਮਿਆਨ ਮੁਕਾਬਲੇਬਾਜ਼ੀ ਵਕਤੀ ਰਾਜਨੀਤਕ ਹਿਤਾਂ ਦਾ ਟਕਰਾਓ ਜ਼ਰੂਰ ਹੈ ਲੇਕਿਨ ਇਹ ਇਕੋ ਨਿਸ਼ਾਨੇ 'ਤੇ ਪਹੁੰਚਣ ਦੀ ਦੋਸਤਾਨਾ ਦੌੜ ਹੈ।ਜਿਵੇਂ ਬਾਬਰੀ ਮਸਜਿਦ ਢਾਹੁਣ ਵੇਲੇ ਸਾਂਝ ਸੀ, ਹੁਣ ਵੀ ਫਿਰਕੂ ਪਾਲਾਬੰਦੀ ਦੋਨਾਂ ਦਾ ਸਾਂਝਾ ਨਿਸ਼ਾਨਾ ਹੈ।

ਕੇਂਦਰ ਵਿਚ ਮੋਦੀ ਸਰਕਾਰ ਅਤੇ ਯੂ.ਪੀ. ਸਮੇਤ ਸੂਬਿਆਂ ਦੀਆਂ ਭਾਜਪਾ ਸਰਕਾਰਾਂ ਦੇ ਰਾਜਸੀ ਵਿਹਾਰ ਤੋਂ ਜ਼ਾਹਿਰ ਹੈ ਕਿ ਲੋਕਤੰਤਰ ਦੇ ਨਾਂ ਹੇਠ ਹੋਂਦ ਵਿਚ ਆਏ ਵੋਟਤੰਤਰ ਵਿਚ ਮੁਲਕ ਦੇ ਵਸੀਲਿਆਂ ਅਤੇ ਆਮ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਨੂੰ ਹਾਕਮ ਜਮਾਤੀ ਤਾਕਤਾਂ ਕਿਵੇਂ ਆਪਣੇ ਖ਼ਤਰਨਾਕ ਏਜੰਡਿਆਂ ਲਈ ਇਸਤੇਮਾਲ ਕਰਦੀਆਂ ਹਨ।

ਲਿਹਾਜ਼ਾ, ਹਾਲੀਆ ਲਾਮਬੰਦੀ ਇਸਦਾ ਸਬੂਤ ਵੀ ਹੈ ਕਿ ਸੰਘ ਦੀ ਮੂਲ ਫ਼ਿਤਰਤ ਅਤੇ ਘੱਟਗਿਣਤੀਆਂ ਪ੍ਰਤੀ ਇਸਦੀ ਬਦਲਾਲਊ ਜ਼ਿਹਨੀਅਤ ਵਿਚ ਕੋਈ ਬਦਲਾਓ ਨਹੀਂ ਜਿਵੇਂ ਕਿ ਪਿਛਲੇ ਮਹੀਨਿਆਂ ਵਿਚ ਸੰਘ ਦੇ ਮੁਖੀ ਵੱਲੋਂ ਦਾਅਵੇ ਕੀਤੇ ਗਏ ਸਨ।ਸਤੰਬਰ ਮਹੀਨੇ ਦਿੱਲੀ ਵਿਚ ਆਯੋਜਤ ਭਾਸ਼ਣ ਲੜੀ ਵਿਚ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨੇ ਇਹ ਵਾਰ-ਵਾਰ ਦੁਹਰਾਇਆ ਸੀ ਕਿ ਹਿੰਦੂਤਵ ਤਾਂ ਹਰ ਕਿਸੇ ਨੂੰ ਆਪਣੇ ਵਿਚ ਸਮੋਣ ਲਈ ਤੱਤਪਰ ਵਿਸ਼ਾਲ ਹਿਰਦੇ ਵਾਲੀ ਵਿਚਾਰਧਾਰਾ ਹੈ ਅਤੇ ਇਸ ਬਾਰੇ ਇਹ ਗ਼ਲਤ ਪ੍ਰਭਾਵ ਬਣਿਆ ਹੋਇਆ ਹੈ ਕਿ ਇਹ ਮੁਸਲਿਮ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਨੂੰ ਬਰਦਾਸ਼ਤ ਨਹੀਂ ਕਰਦੀ। ਇਸ ਤੋਂ ਥੋੜ੍ਹੇ ਦਿਨ ਬਾਦ ਹੀ 'ਵਿਜੈ ਦਸਮੀ' ਮੌਕੇ ਨਾਗਪੁਰ ਸਦਰ ਮੁਕਾਮ ਵਿਖੇ ਸੰਘ ਦਾ ਸਾਲਾਨਾ ਸਮਾਗਮ ਹੋਇਆ। 'ਵਿਜੈ ਦਸ਼ਮੀ' ਭਾਸ਼ਣ ਵਿਚ ਸੰਘ ਮੁਖੀ ਵੱਲੋਂ ਬਾਬਰੀ ਮਸਜਿਦ ਵਾਲੀ ਜਗ੍ਹਾ ਉੱਪਰ ਰਾਮ ਮੰਦਰ ਉਸਾਰਨ ਦਾ ਰਾਗ ਮੁੜ ਅਲਾਪੇ ਜਾਣ ਨਾਲ ਸੰਘ ਦਾ ਅਸਲ ਏਜੰਡਾ ਮੁੜ ਸਾਹਮਣੇ ਆ ਗਿਆ। ਦਰਅਸਲ, ਇਹ ਭਾਸ਼ਣ ਸੰਘ ਦੀਆਂ ਸਫ਼ਾਂ ਨੂੰ ਇਸ ਮੁੱਦੇ ਉੱਪਰ ਮੁਹਿੰਮ ਨੂੰ ਭਖਾਉਣ ਦਾ ਇਸ਼ਾਰਾ ਸੀ। ਉਦੋਂ ਤੋਂ ਸੰਘ ਪਰਿਵਾਰ ਦੇ ਵੱਖ-ਵੱਖ ਮੁਹਾਜ਼ ਆਪਣੀ ਨਿਸ਼ਚਿਤ ਭੂਮਿਕਾ ਅਨੁਸਾਰ ਬਿਆਨ ਦੇ ਰਹੇ ਹਨ ਅਤੇ ਲਾਮਬੰਦੀ ਕਰ ਰਹੇ ਹਨ। ਭਾਸ਼ਣਾਂ ਦੀ ਸੁਰ ਤਿੱਖੀ ਹੋ ਗਈ ਹੈ ਅਤੇ ਨਾਅਰਿਆਂ ਵਿਚ ਬਦਲਾਓ ਵੀ ਇਸੇ ਦਾ ਝਲਕਾਰਾ ਹੈ। 'ਮੰਦਿਰ ਵਹੀਂ ਬਨੇਗਾ' ਦੀ ਥਾਂ 'ਮੰਦਿਰ ਜਲਦੀ ਬਨੇਗਾ' ਅਤੇ 'ਮੰਦਿਰ ਵਹੀਂ ਬਨਾਏਂਗੇ' ਦੀ ਥਾਂ 'ਮੰਦਿਰ ਭਵਯਾ (ਬੜਾ) ਬਨਾਏਂਗੇ' ਨੇ ਲੈ ਲਈ ਹੈ।


ਇਹ ਸਭ ਤਿਆਰੀਆਂ ਇਕ ਮਨਹੂਸ ਖ਼ਤਰੇ ਦੀ ਦਸਤਕ ਹਨ। ਲੋਕ ਹਿਤੈਸ਼ੀ ਅਤੇ ਭਾਈਚਾਰਕ ਸਾਂਝ ਦੀਆਂ ਮੁੱਦਈ ਤਾਕਤਾਂ ਨੂੰ ਇਸ ਖ਼ਤਰਨਾਕ ਲਾਮਬੰਦੀਬਾਰੇ ਆਮ ਲੋਕਾਈ ਨੂੰ ਖ਼ਬਰਦਾਰ ਕਰਦੇ ਹੋਏ ਇਸ ਨੂੰ ਹਰਾਉਣ ਦੀ ਹਰ ਸੰਭਵ ਵਾਹ ਲਾਉਣੀ ਚਾਹੀਦੀ ਹੈ।

# ਬਾਬੇ ਨਾਨਕ ਦਾ ਚੇਲਾ ਹਾਂ ਉਜਾੜਨਾ ਚਾਹੋਗੇ ਤਾਂ ਹੋਰ ਫੈਲਰਾਂਗਾ...

ਬਤੌਰ ਲਾਇਬ੍ਰੇਰੀਅਨ ਮੈਂ ਆਪਣੇ ਫਰਜ਼ਾਂ ਨੂੰ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਨਿਭਾਇਆ ਹੈ। ਕਿਉਂਕਿ ਇਸ ਕੰਮ ਬਦਲੇ ਮੈਨੂੰ ਤਨਖਾਹ ਮਿਲਦੀ ਹੈ ਜਿਸ ਨਾਲ ਮੈਂ ਆਪਣਾ ਸੋਹਣਾ ਗੁਜ਼ਰ ਬਸਰ ਕਰਦਾ ਹਾਂ। ਇਸ ਤੋਂ ਇਲਾਵਾ ਇੱਕ ਚੇਤੰਨ ਪ੍ਰਾਣੀ ਹੋਣ ਵਜੋਂ ਮੈਂ ਆਪਣੇ ਵਿਦਿਆਰਥੀਆਂ ਵਿੱਚ ਕਲਾਤਮਿਕ, ਰਚਨਾਤਮਿਕ ਰੁਚੀਆਂ ਉਭਾਰਨ ਲਈ, ਉਹਨਾਂ ਦੀ ਸਖ਼ਸ਼ੀਅਤ ਨਿਖਾਰਨ ਲਈ ਯਤਨ ਕਰਨੇ ਅਤੇ ਚੰਗਾ ਭਵਿੱਖ ਉਸਾਰਨ ਲਈ ਕਰੀਅਰ ਗਾਈਡੈਂਸ ਸੈਮੀਨਾਰ ਆਦਿ ਲਗਾਉਣੇ ਫਰਜ਼ ਸਮਝਦਾ ਹਾਂ। ਵਿਗਿਆਨਕ ਸੋਚ ਅਤੇ ਸਾਹਿਤ ਦੇ ਪਸਾਰ ਲਈ ਨਾਟਕ ਮੇਲੇ, ਪੁਸਤਕ ਮੇਲੇ, ਸੈਮੀਨਾਰ ਕਰਵਾਉਣੇ ਵੀ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ। ਪੰਜਾਬ ਦੀ ਸਿੱਖਿਆ ਅਤੇ ਸਿੱਖਿਅਕਾਂ ਨੂੰ ਬਚਾਉਣ ਲਈ ਵੀ ਮੈਂ ਸਾਂਝੇ ਮੋਰਚੇ ਦੇ ਸੰਘਰਸ਼ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ। ਜਿਸ ਦੇ ਇਨਾਮ ਵਿੱਚ ਮੈਨੂੰ ਕਾਲੇਪਾਣੀ (ਸਸਸਸ ਘਰਿਆਲਾ, ਤਰਨਤਾਰਨ) ਵਿਖੇ ਭੇਜ ਦਿੱਤਾ ਗਿਆ। ਸਿੱਖਿਆ ਸਕੱਤਰ ਅਤੇ ਸਿੱਖਿਆ ਮੰਤਰੀ ਦੀਆਂ ਘਟੀਆ ਚਾਲਾਂ ਦੇ ਖਿਲਾਫ਼ ਮੇਰੀ ਆਵਾਜ਼ ਫਿਰ ਵੀ ਬੁਲੰਦ ਹੈ। ਇਸ ਦੇ ਨਾਲ ਹੀ ਮੈਂ ਨਵੇਂ ਸਕੂਲ ਵਿੱਚ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਨਾਲ ਜੋੜਨ ਲਈ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਸਿਰਫ਼ ਆਪਣੇ 14 ਕੰਮ ਦੇ ਦਿਨਾਂ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਾਂ ਦੇ ਵਲਵਲਿਆਂ ਨੂੰ ਕਾਗਜ਼ਾਂ ਉੱਪਰ ਉਤਰਵਾਕੇ ਕੰਧ ਪੱਤ੍ਰਿਕਾ 'ਪਰਵਾਜ਼' ਦਾ ਆਗਾਜ਼ ਵੀ ਕਰਵਾ ਦਿੱਤਾ। ਜਿਸ ਲਈ ਸਕੂਲ ਮੁਖੀ ਸ਼੍ਰੀ ਇੰਦਰਪਾਲ ਮੌਂਗਾ ਦੀ ਇੱਛਾ ਸ਼ਕਤੀ, ਕੰਪਿਊਟਰ ਅਧਿਆਪਕ ਸ. ਮਨਮੋਹਣ ਸਿੰਘ ਦੀ ਕਲਾਤਮਿਕ ਪ੍ਰਤਿਭਾ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੇ ਪਿਆਰ ਦਾ ਭਰਪੂਰ ਯੋਗਦਾਨ ਰਿਹਾ। 'ਪਰਵਾਜ਼' ਦੀ ਘੁੰਡ ਚੁਕਾਈ ਮੌਕੇ ਤਰਕਸ਼ੀਲ ਸੁਸਾਇਟੀ ਭਾਰਤ ਦੇ ਪ੍ਰਧਾਨ, ਨਾਟਕਕਾਰ ਅਤੇ ਮੇਰੇ ਗਰਾਈਂ ਮਾਸਟਰ ਮੇਘ ਰਾਜ ਰੱਲਾ ਨੂੰ ਵਿਦਿਆਰਥੀਆਂ ਦੇ ਰੂ-ਬਰੂ ਕੀਤਾ। ਬਾਬੇ ਨਾਨਕ ਦਾ ਚੇਲਾ ਹਾਂ, ਸੋ ਹੱਕ-ਸੱਚ ਲਈ ਲੜਨ, ਖੜਨ ਅਤੇ ਵਿਗਿਆਨਕ ਵਿਚਾਰਾਂ ਦਾ ਪਸਾਰ ਸ਼ੁਰੂ ਕਰ ਦਿੱਤਾ ਹੈ ਮਤਲਬ ਜਿੰਨਾਂ ਉਜਾੜੋਂਗੇ ਓਨਾ ਹੈ ਫੈਲਰਾਂਗਾ। ਥੋਡੀ ਧੱਕੇਸ਼ਾਹੀ ਮੇਰੀ ਜ਼ੁਬਾਨ ਵੀ ਬੰਦ ਨਹੀਂ ਕਰ ਸਕਦੀ ਹੌਸਲਾ ਤੋੜਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਗੁੰਡਿਆਂ ਦੀ ਸਰਕਾਰ ਮੁਰਦਾਬਾਦ!
ਵਿਗਿਆਨਕ ਸੋਚ ਜ਼ਿੰਦਾਬਾਦ!

-ਸੁਖਵੀਰ ਜੋਗਾ
ਮੋ.9815013046



### ਸੰਕਟ ਕਿਸਾਨੀ ਦਾ ਨਹੀਂ ਮਾਨਵਤਾ ਦਾ ਸੰਕਟ ਹੈ

# ਔਰਤ ਕਿਸਾਨਾਂ ਨੂੰ ਜਾਇਦਾਦ 'ਚ ਬਰਾਬਰ ਦੇ ਹੱਕ ਦਿੱਤੇ ਬਿਨਾਂ ਖੇਤੀ-ਸੰਕਟ ਦਾ ਹੱਲ ਸੰਭਵ ਨਹੀਂ: ਸਾਈਨਾਥ

*ਦੇਸ਼ ਵਿੱਚ ਅਸਲੀ ਮੁਨਾਫ਼ਾਬਖ਼ਸ਼ ਖੇਤੀ ਦਾ ਇਹ ਇੱਕੋ ਇੱਕ ਮਾਡਲ ਹੈ। ਕੇਰਲਾ ਦੀਆਂ ਬੇਜ਼ਮੀਨੇ ਪਰਿਵਾਰਾਂ ਦੀਆਂ ਔਰਤਾਂ ਨੇ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਨੀ ਸ਼ੁਰੂ ਕੀਤੀ ਹੋਈ ਹੈ। ਇਹ ਖੇਤੀ ਮੁਨਾਫ਼ੇ ਨਹੀਂ ਬਲਕਿ ਖ਼ੁਰਾਕੀ ਇਨਸਾਫ਼ ਮਾਡਲ ਦੇ ਸਿਧਾਂਤ ਉੱਤੇ ਹੋ ਰਹੀ ਹੈ।*

ਹਮੀਰ ਸਿੰਘ

**ਪ੍ਰਸ਼ਨ: ਖੇਤੀ ਸੰਕਟ ਨੂੰ ਤੁਸੀਂ ਕਿਸ ਤਰ੍ਹਾਂ ਪ੍ਰੀਭਾਸ਼ਤ ਕਰਦੇ ਹੋ?**

ਜਵਾਬ: ਇਸ ਦੇਸ਼ ਵਿੱਚ ਖੇਤੀ ਦੇ ਖ਼ਿਲਾਫ਼ ਵਿੱਤੀ ਪੂੰਜੀ ਦਾ ਯੁੱਧ ਚੱਲ ਰਿਹਾ ਹੈ। ਕਿਸਾਨ ਦੇ ਨਾਂ ਉੱਤੇ ਬਣ ਰਹੀ ਹਰ ਸਕੀਮ ਜਿਵੇਂ ਫ਼ਸਲ ਬੀਮਾ ਯੋਜਨਾ, ਖਾਦ ਸਬਸਿਡੀ ਆਦਿ ਕਾਰਪੋਰੇਟ ਮੁਨਾਫ਼ੇ ਲਈ ਹੈ। ਇਸ ਲਈ ਖੇਤੀ ਸੰਕਟ ਹੁਣ ਕੇਵਲ ਕਿਸਾਨੀ ਜਾਂ ਦਿਹਾਤੀ ਸੰਕਟ ਤੱਕ ਸੀਮਿਤ ਨਹੀਂ ਰਿਹਾ। ਇਹ ਸੱਭਿਅਤਾ ਅਤੇ ਮਾਨਵੀ ਸੰਕਟ ਬਣ ਚੁੱਕਾ ਹੈ। ਕਿਸਾਨ ਜਦੋਂ ਖ਼ੁਦਕੁਸ਼ੀ ਕਰਦਾ ਹੈ ਤਾਂ ਪਿੰਡ ਵਿੱਚ ਰਹਿੰਦਾ ਮਜ਼ਦੂਰ, ਦੁਕਾਨਦਾਰ, ਤਰਖਾਣ ਸਣੇ ਅਨੇਕ ਲੋਕਾਂ ਦਾ ਜੀਵਨ ਵੀ ਸੰਕਟ ਵਿੱਚ ਪੈ ਜਾਂਦਾ ਹੈ। ਸਾਢੇ ਤਿੰਨ ਲੱਖ ਕਿਸਾਨਾਂ ਦੀ ਖ਼ੁਦਕੁਸ਼ੀ ਦੇ ਬਾਵਜੂਦ ਦੇਸ਼ ਦੇ ਮੱਧਵਰਗੀ ਅਤੇ ਉੱਚ ਤਬਕੇ ਦੇ ਲੋਕਾਂ ਦੇ ਮੱਥੇ ਉੱਤੇ ਚਿੰਤਾ ਦੀ ਕੋਈ ਲਕੀਰ ਨਹੀਂ। ਇਸ ਦਾ ਮਤਲਬ ਹੈ ਕਿ ਇਨਸਾਨ ਨੂੰ ਇਨਸਾਨ ਬਣਨ ਲਈ ਜੋ ਭਾਵਨਾਵਾਂ, ਜਜ਼ਬਾਤ ਜਾਂ ਗੁਣ ਚਾਹੀਦੇ ਹਨ, ਉਹ ਲਗਾਤਾਰ ਕਮਜ਼ੋਰ ਹੁੰਦੇ ਜਾ ਰਹੇ ਹਨ।

**ਪ੍ਰਸ਼ਨ: ਸੰਕਟ ਦਾ ਮੂਲ ਕਾਰਨ ਤੁਸੀਂ ਕੀ ਸਮਝਦੇ ਹੋ?**

ਜਵਾਬ: ਅਸਲ ਵਿੱਚ ਦੇਸ਼ ਦੀ ਖੇਤੀਬਾੜੀ ਕਾਰਪੋਰੇਟ ਨੇ ਹਾਈਜ਼ੈਕ ਕਰ ਲਈ ਹੈ। ਨਿਰੋਲ ਮੁਨਾਫ਼ੇ ਉੱਤੇ ਖੜ੍ਹੇ ਕਾਰਪੋਰੇਟ ਵਿਕਾਸ ਮਾਡਲ ਨੇ ਇਸ ਨੂੰ ਦੂਰ-ਦੁਰਾਡੇ ਪਿੰਡ ਤੱਕ ਵਪਾਰਕ ਲੀਹਾਂ ਉੱਤੇ ਚਲਾਉਣ ਦਾ ਬੰਦੋਬਸਤ ਕਰ ਦਿੱਤਾ ਹੈ ਅਤੇ ਇਸ ਕਰਕੇ ਖੇਤੀ ਵਿੱਚੋਂ ਵਿਆਪਕ ਪੱਧਰ ਉੱਤੇ ਕਿਸਾਨਾਂ ਨੂੰ ਜਬਰੀ ਬਾਹਰ ਧੱਕਿਆ ਜਾ ਰਿਹਾ ਹੈ। 1991 ਤੋਂ 2011 ਤੱਕ ਹੀ ਲਗਪਗ ਡੇਢ ਕਰੋੜ ਕਿਸਾਨ ਖੇਤੀ ਛੱਡ ਚੁੱਕੇ ਹਨ। ਇਸ ਤੋਂ ਬਾਅਦ ਇਹ ਗਤੀ ਤੇਜ਼ ਹੀ ਹੋਈ ਹੈ। ਇਹ ਕਿਸਾਨ ਕਿੱਥੇ ਜਾ ਰਹੇ ਹਨ? ਇਹ ਬੇਜ਼ਮੀਨੇ ਮਜ਼ਦੂਰ ਬਣ ਰਹੇ ਹਨ। ਇਸੇ ਕਰਕੇ ਖੇਤੀ ਜਣਗਣਨਾ ਦੇ ਅੰਕੜੇ ਦੇਖੋ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਘਟ ਰਹੀ ਹੈ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਧ ਰਹੀ ਹੈ।

**ਪ੍ਰਸ਼ਨ: ਕਿਸਾਨ ਦੀ ਪ੍ਰੀਭਾਸ਼ਾ ਅਤੇ ਔਰਤ ਕਿਸਾਨਾਂ ਦੇ ਹੱਕ ਦੀ ਅਣਦੇਖੀ ਦੀ ਗੱਲ ਤੁਸੀਂ ਅਕਸਰ ਕਰਦੇ ਹੋ, ਇਸ ਬਾਰੇ ਥੋੜ੍ਹਾ ਤ.ਫਸੀਲ ਨਾਲ ਦੱਸੋ।**

ਜਵਾਬ: ਕੇਂਦਰ ਸਰਕਾਰ ਨੇ ਕਿਸਾਨ ਦੀ ਪ੍ਰੀਭਾਸ਼ਾ ਇੱਕ ਹੱਦ ਤੱਕ ਠੀਕ ਕਰ ਲਈ ਹੈ ਕਿ ਖੇਤੀ ਤੋਂ ਰੋਜ਼ੀ ਰੋਟੀ ਦਾ ਵੱਡਾ ਹਿੱਸਾ ਆਮਦਨ ਕਮਾਉਣ ਵਾਲੇ ਲੋਕ ਭਾਵ ਜ਼ਮੀਨ ਮਾਲਕ, ਬੇਜ਼ਮੀਨੇ, ਖੇਤ ਮਜ਼ਦੂਰਾਂ ਸਣੇ ਸਾਰੇ ਕਿਸਾਨ ਮੰਨੇ ਜਾਣਗੇ। ਪਰ ਦੇਸ਼ ਵਿੱਚ ਔਰਤ ਕਿਸਾਨਾਂ ਨਾਲ ਵੱਡਾ ਧੱਕਾ ਹੋ ਰਿਹਾ ਹੈ। ਕੁੱਲ ਘਰੇਲੂ ਪੈਦਾਵਾਰ ਵਿੱਚ ਕੇਵਲ ਲੇਖਾ-ਜੋਖਾ ਰੱਖਣ ਵਾਲੀ ਆਮਦਨ ਜਾਂ ਪੈਦਾਵਾਰ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ। ਔਰਤਾਂ ਘਰਾਂ ਵਿੱਚ ਰੋਟੀ, ਘਰ ਸੰਭਾਲ, ਬੱਚਾ ਸੰਭਾਲ ਤੋਂ ਲੈ ਕੇ ਡੰਗਰ ਪਸ਼ੂਆਂ ਦੀ ਸੰਭਾਲ ਸਣੇ ਜਿੰਨਾ ਕੰਮ ਕਰਦੀਆਂ ਹਨ ਉਨ੍ਹਾਂ ਦਾ ਕੋਈ ਲੇਖਾ-ਜੋਖਾ ਹੀ ਨਹੀਂ। ਉਨ੍ਹਾਂ ਨੂੰ ਕੰਮਕਾਜੀ ਔਰਤਾਂ ਦੇ ਦਾਇਰੇ ਵਿੱਚ ਹੀ ਨਹੀਂ ਰੱਖਿਆ ਜਾ ਰਿਹਾ। ਅਰਥ-ਸ਼ਾਸਤਰੀ ਜਯੰਤੀ ਘੋਸ਼ ਨੇ ਇਸ ਦਾ ਵਿਸ਼ਲੇਸ਼ਣ ਕੀਤਾ ਹੈ ਕਿ ਜੇ ਔਰਤਾਂ ਦਾ ਸਮੁੱਚਾ ਕੰਮ ਪੈਸੇ ਦੇ ਰੂਪ ਵਿੱਚ ਜੋੜ ਲਿਆ ਜਾਵੇ ਤਾਂ ਕੁੱਲ ਘਰੇਲੂ ਪੈਦਾਵਾਰ ਵਿੱਚ 60 ਫ਼ੀਸਦ ਤੋਂ ਉੱਪਰ ਹਿੱਸਾ ਬਣ ਜਾਂਦਾ ਹੈ। ਕਈ ਖੇਤਰਾਂ ਵਿੱਚ ਤਾਂ ਇਹ 90 ਫ਼ੀਸਦ ਤੋਂ ਵੀ ਵੱਧ ਹੈ। ਮੇਰਾ ਮੰਨਣਾ ਹੈ ਕਿ ਔਰਤ ਕਿਸਾਨਾਂ ਨੂੰ ਜ਼ਮੀਨ ਅਤੇ ਹੋਰ ਜਾਇਦਾਦ ਵਿੱਚ ਉਨ੍ਹਾਂ ਦਾ ਬਰਾਬਰ ਦਾ ਹੱਕ ਦਿੱਤੇ ਬਿਨਾਂ ਖੇਤੀ ਸੰਕਟ ਹੱਲ ਹੋ ਹੀ ਨਹੀਂ ਸਕਦਾ।

**ਪ੍ਰਸ਼ਨ: ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਬਾਰੇ ਕਿਸਾਨ ਯੂਨੀਅਨਾਂ ਗੱਲ ਕਰਦੀਆਂ ਹਨ, ਤੁਹਾਡੀ ਟਿੱਪਣੀ?**

ਜਵਾਬ: ਦੇਸ਼ ਵਿੱਚ ਕਿਸਾਨਾਂ ਵਾਸਤੇ ਪਹਿਲਾ ਕਮਿਸ਼ਨ ਬਣਿਆ ਸੀ, ਉਸ ਦੇ ਅੱਠ ਮੈਂਬਰ ਸਨ ਤੇ ਡਾ. ਐਮ.ਐਸ. ਸਵਾਮੀਨਾਥਨ ਉਸ ਦੇ ਮੁਖੀ ਸਨ। ਕਮਿਸ਼ਨ ਨੇ ਦਸੰਬਰ 2004 ਤੋਂ 2006 ਤੱਕ ਪੰਜ ਕਿਸ਼ਤਾਂ ਵਿੱਚ ਰਿਪੋਰਟਾਂ ਦਿੱਤੀਆਂ ਅਤੇ ਉਨ੍ਹਾਂ ਦਾ ਸੰਖੇਪ ਸਾਰ ਵੀ ਦਿੱਤਾ। ਦੋ ਹਜ਼ਾਰ ਪੰਨਿਆਂ ਤੋਂ ਵੱਡੀ ਰਿਪੋਰਟ ਉੱਤੇ 14 ਸਾਲ ਹੋ ਗਏ ਪਾਰਲੀਮੈਂਟ ਜਾਂ ਹੋਰਾਂ ਥਾਵਾਂ ਉੱਤੇ ਕੋਈ ਚਰਚਾ ਹੀ ਨਹੀਂ ਹੋਈ। ਫਸਲਾਂ ਸਮੁੱਚੀ ਉਤਪਾਦਨ ਲਾਗਤ ਵਿੱਚ ਪੰਜਾਹ ਫੀਸਦ ਮੁਨਾਫ਼ਾ ਜੋੜ ਕੇ ਦੇਣ ਦੀ ਸਿਫ਼ਾਰਸ਼ ਉੱਤੇ ਕਿਸਾਨ ਸੰਗਠਨ ਗੱਲ ਕਰਦੇ ਹਨ। ਇਹ ਮੰਗ ਵਾਜਬ ਹੈ। ਪਰ ਕਮਿਸ਼ਨ ਨੇ ਹੋਰ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ ਹਨ। ਇਸ ਲਈ ਅਸੀਂ ਮੰਗ ਕਰ ਰਹੇ ਹਾਂ ਕਿ ਪਾਰਲੀਮੈਂਟ ਦੇ ਵਿਸ਼ੇਸ਼ ਇਜਲਾਸ ਵਿੱਚ ਘੱਟੋ-ਘੱਟ ਤਿੰਨ ਦਿਨ ਸਵਾਮੀਨਾਥਨ ਰਿਪੋਰਟ ਉੱਤੇ ਗੱਲ ਕੀਤੀ ਜਾਵੇ।

**ਪ੍ਰਸ਼ਨ: ਸਵਾਮੀਨਾਥਨ ਰਿਪੋਰਟ ਗ੍ਰਾਮ ਸਭਾ ਦੇ ਪੱਧਰ ਉੱਤੇ ਲੋਕਾਂ ਦੀ ਸਰਗਰਮ ਸ਼ਮੂਲੀਅਤ ਦੀ ਗੱਲ ਵੀ ਕਰਦੀ ਹੈ?**

ਜਵਾਬ: ਮੈਂ ਗ੍ਰਾਮ ਸਭਾ ਨੂੰ ਸਰਗਰਮ ਕਰਨ ਦੇ ਪੱਖ ਵਿੱਚ ਹਾਂ। ਕਬਾਇਲੀ ਖੇਤਰਾਂ ਵਿੱਚ ਖ਼ਾਸ ਤੌਰ ਉੱਤੇ ਇਸ ਉੱਤੇ ਕੰਮ ਵੀ ਹੋ ਰਿਹਾ ਹੈ। ਇਹ ਸਭ ਪਿੰਡ ਪੱਧਰ ਉੱਤੇ ਲੋਕਾਂ ਦੀ ਜਾਗਰੂਕਤਾ ਨਾਲ ਜੁੜਿਆ ਹੈ। ਤਾਕਤਾਂ ਦੇ ਵਿਕੇਂਦਰੀਕਰਨ ਰਾਹੀਂ ਹੀ ਜ਼ਰੂਰਤ ਅਨੁਸਾਰ ਫੈਸਲੇ ਸੰਭਵ ਹੋ ਸਕਦੇ ਹਨ।

**ਪ੍ਰਸ਼ਨ: ਕਰਜ਼ੇ ਦੇ ਸੁਆਲ ਉੱਤੇ ਕੇਂਦਰ ਦਾ ਕਹਿਣਾ ਹੈ ਕਿ ਇਹ ਸੂਬਾਈ ਵਿਸ਼ਾ ਹੈ, ਇਸ ਲਈ ਕੇਂਦਰ ਕੁੱਝ ਨਹੀਂ ਕਰੇਗਾ?**

ਜਵਾਬ: ਦੇਸ਼ ਦੇ ਸੰਵਿਧਾਨ ਵਿੱਚ ਬੇਸ਼ੱਕ ਤਾਕਤ ਕੇਂਦਰ ਅਤੇ ਰਾਜਾਂ ਦਰਮਿਆਨ ਵੰਡੀ ਹੋਈ ਹੈ ਪਰ ਪਹਿਲਾਂ ਹੀ ਤਾਕਤਵਰ ਕੇਂਦਰ ਹੋਰ ਸ਼ਕਤੀਸ਼ਾਲੀ ਹੁੰਦਾ ਜਾ ਰਿਹਾ ਹੈ। ਇਥੇ ਮੁੱਖ ਸਿਆਸਤਦਾਨਾਂ ਦਾ ਰੁਝਾਨ ਕੇਂਦਰੀਕਰਨ ਵਾਲਾ ਹੈ। ਮਿਸਾਲ ਦੇ ਤੌਰ ਉੱਤੇ ਐਮਰਜੈਂਸੀ ਦੌਰਾਨ ਸਿੱਖਿਆ ਅਤੇ ਵਣ ਦੇ ਵਿਸ਼ੇ ਰਾਜਾਂ ਦੀ ਸੂਚੀ ਵਿੱਚੋਂ ਕੱਢ ਕੇ ਸਮਵਰਤੀ ਸੂਚੀ ਵਿੱਚ (ਕਾਂਕਰੈਂਟ) ਭਾਵ ਉਹ ਵਿਸ਼ੇ ਜਿਨ੍ਹਾਂ 'ਤੇ ਕੇਂਦਰ ਅਤੇ ਸੂਬਾ ਸਰਕਾਰਾਂ ਦੋਵੇਂ ਕਾਨੂੰਨ ਬਣਾ ਸਕਦੀਆਂ ਹਨ, ਸ਼ਾਮਿਲ ਕਰ ਲਏ। ਇਸ ਤੋਂ ਬਾਅਦ ਅੱਜ ਤੱਕ ਕਾਂਗਰਸ, ਭਾਜਪਾ, ਖੱਬੇ ਪੱਖੀਆਂ ਸਣੇ ਕਿਸੇ ਨੇ ਵਿਰੋਧ ਨਹੀਂ ਕੀਤਾ। ਸਮਵਰਤੀ ਸੂਚੀ ਵਿੱਚ ਤਾਂ ਕੇਂਦਰ ਅਤੇ ਰਾਜਾਂ ਦਰਮਿਆਨ ਵਿਵਾਦ ਹੋਣ ਉੱਤੇ ਕੇਂਦਰ ਦੀ ਹੀ ਚੱਲਦੀ ਹੈ। ਖੇਤੀ ਦੇ ਸਾਰੇ ਇਨਪੁਟਸ ਖਾਦ, ਕੀਟਨਸ਼ਾਕ, ਬੀਜ ਸਣੇ ਸਭ ਦੀਆਂ ਕੀਮਤਾਂ ਉੱਤੇ ਕੇਂਦਰ ਦਾ ਕੰਟਰੋਲ ਹੈ। ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ਿਆਂ/ ਉਧਾਰ ਬਾਰੇ ਵੀ ਕੇਂਦਰ ਫ਼ੈਸਲਾ ਕਰਦਾ ਹੈ। ਡਬਲਿਊ ਟੀਓ ਵਿੱਚ ਜਾਣ ਸਮੇਂ ਕੇਂਦਰ ਨੇ ਕਿਸ ਰਾਜ ਸਰਕਾਰ ਨਾਲ ਸਲਾਹ ਕੀਤੀ ਸੀ। ਹੁਣ ਤੱਕ ਕਾਰਪੋਰੇਟ ਦਾ ਲਗਪਗ ਦਸ ਲੱਖ ਕਰੋੜ ਰੁਪਏ ਦਾ ਕਰਜ਼ਾ ਮਾਫ਼ ਕੀਤਾ ਜਾ ਚੁੱਕਾ ਹੈ ਤਾਂ ਕਿਸਾਨ ਦਾ ਕਿਉਂ ਨਹੀਂ।

**ਪ੍ਰਸ਼ਨ: ਕੀ ਕਰਜ਼ਾ ਮਾਫ਼ੀ ਹੱਲ ਹੈ?**

ਜਵਾਬ: ਕਰਜ਼ਾ ਮਾਫ਼ੀ ਕਿਸਾਨੀ ਦੀਆਂ ਸਮੱਸਿਆਵਾਂ ਦਾ ਪੱਕਾ ਹੱਲ ਨਹੀਂ ਹੈ ਪਰ ਇਸ ਨਾਲ ਰਾਹਤ ਜ਼ਰੂਰ ਮਿਲੇਗੀ। ਸਵਾਮੀਨਥਾਨ ਕਮਿਸ਼ਨ ਮੁਤਾਬਿਕ ਫਸਲਾਂ ਦਾ ਭਾਅ ਵੀ ਸਮੁੱਚਾ ਹੱਲ ਨਹੀਂ ਹੈ ਕਿਉਂਕਿ ਦੇਸ਼ ਵਿੱਚ 86 ਫ਼ੀਸਦ ਕਿਸਾਨ ਸੀਮਾਂਤ ਕਿਸਾਨ ਹਨ ਅਤੇ ਉਨ੍ਹਾਂ ਕੋਲ ਮੰਡੀ ਵਿੱਚ ਵੇਚਣ ਲਈ ਫਸਲ ਹੀ ਉਨੀ ਨਹੀਂ ਹੈ ਕਿ ਗੁਜ਼ਾਰੇ ਲਾਇਕ ਆਮਦਨ ਹੋ ਸਕੇ। ਇਸ ਲਈ ਹਰ ਕਿਸਾਨ ਪਰਿਵਾਰ ਦੀ ਘੱਟੋ-ਘੱਟ ਆਮਦਨ ਯਕੀਨੀ ਬਣਾਉਣ ਦੀ ਲੋੜ ਹੈ।

**ਪ੍ਰਸ਼ਨ: ਉਦਾਰਵਾਦੀ ਅਤੇ ਮਾਰਕਸਵਾਦੀ ਜ਼ਿਆਦਾਤਰ ਅਰਥ-ਸ਼ਾਸਤਰੀ ਰਾਇ ਦਿੰਦੇ ਹਨ ਕਿ ਖੇਤੀ ਵਿੱਚੋਂ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਬਾਹਰ ਕੱਢਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ?**

ਜਵਾਬ: ਇਹ ਸੋਚ ਇਤਿਹਾਸ ਦੇ ਗ਼ਲਤ ਅਧਿਐਨ ਉੱਤੇ ਟਿਕੀ ਹੋਈ ਹੈ। ਯੂਰੋਪ ਦੀ ਅੰਨ੍ਹੇਵਾਹ ਨਕਲ ਕਰਕੇ ਗੁਜ਼ਾਰਾ ਨਹੀਂ ਹਵੇਗਾ। ਯੂਰੋਪ ਦਾ ਉਹ ਸਮਾਂ ਸੀ ਜਦੋਂ ਉਦਯੋਗਿਕ ਕ੍ਰਾਂਤੀ ਜੋਬਨ ਉੱਤੇ ਸੀ। ਉੱਥੇ ਰੋਜ਼ਗਾਰ ਪੈਦਾ ਹੋ ਰਿਹਾ ਸੀ। ਇਸ ਤੋਂ ਇਲਾਵਾ ਉਨ੍ਹਾਂ ਕੋਲ ਸੈਂਕੜੇ ਬਸਤੀਆਂ ਭਾਵ ਹੋਰਾਂ ਦੇਸ਼ਾਂ ਉੱਤੇ ਕਬਜ਼ਾ ਸੀ, ਇੱਕ ਵੱਡਾ ਹਿੱਸਾ ਉਨ੍ਹਾਂ ਬਸਤੀਆਂ ਵਿੱਚ ਵਸਾ ਦਿੱਤਾ। ਫਿਰ ਵੀ ਕਿਸਾਨਾਂ ਨੂੰ ਭਾਰੀ ਤਕਲੀਫ਼ ਵਿੱਚੋਂ ਲੰਘਣਾ ਪਿਆ ਸੀ। ਹੁਣ ਭਾਰਤ ਵਰਗੇ ਦੇਸ਼ ਵਿੱਚ ਇਸੇ ਫਾਰਮੂਲੇ ਨੂੰ ਲਾਗੂ ਕਰਕੇ ਤੁਸੀਂ ਕਿੱਥੇ ਲੈ ਜਾਓਗੇ। ਰੁਜ਼ਗਾਰ ਕਿੱਥੇ ਹੈ। ਮਸਨੂਈ ਜਹੀਨਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਰਾਹੀਂ ਆ ਰਹੀ ਤਕਨੀਕ ਤਾਂ ਉਦਯੋਗ, ਸੇਵਾ ਅਤੇ ਹੋਰ ਖੇਤਰਾਂ ਦਾ ਰੁਜ਼ਗਾਰ ਵੀ ਚੱਟ ਕਰ ਰਹੀ ਹੈ। ਇਸ ਲਈ ਇਹ ਸਮੁੱਚੇ ਮਾਡਲ ਦਾ ਸੰਕਟ ਹੈ, ਖੇਤੀ ਲਈ ਮੌਲਿਕ ਤੌਰ ਉੱਤੇ ਇਹ ਸੋਚਣਾ ਪਵੇਗਾ ਕਿ ਕੀ ਖੇਤੀ ਕਾਰਪੋਰੇਟ ਕੰਟਰੋਲ ਅਤੇ ਮੁਨਾਫ਼ੇ ਲਈ ਹੋਵੇਗੀ ਜਾਂ ਸਮੂਹਕ ਮਾਲਕੀ ਅਤੇ ਲੋਕਾਂ ਦੀ ਲੋੜ ਪੂਰੀ ਕਰਨ ਲਈ।

**ਪ੍ਰਸ਼ਨ: ਤੁਹਾਡੀ ਨਜ਼ਰ ਵਿੱਚ ਖੇਤੀ ਦਾ ਕੋਈ ਟਿਕਾਊ ਮਾਡਲ ਕੀ ਹੋ ਸਕਦਾ ਹੈ?**

ਜਵਾਬ: ਕਈ ਥਾਵਾਂ ਉੱਤੇ ਤਜਰਬੇ ਹੋ ਰਹੇ ਹਨ ਪਰ ਕੇਰਲਾ ਦੀਆਂ ਔਰਤਾਂ ਵੱਲੋਂ ਸ਼ੁਰੂ ਕੀਤਾ ਕੁਡੰਬਸ੍ਰੀ ਦਾ ਤਜਰਬਾ ਉਤਸ਼ਾਹ ਵਰਧਕ ਹੈ। ਦੇਸ਼ ਵਿੱਚ ਅਸਲੀ ਮੁਨਾਫ਼ਾਬਖ਼ਸ਼ ਖੇਤੀ ਦਾ ਇਹ ਇੱਕੋ ਇੱਕ ਮਾਡਲ ਹੈ। ਕੇਰਲਾ ਦੀਆਂ ਬੇਜ਼ਮੀਨੇ ਪਰਿਵਾਰਾਂ ਦੀਆਂ ਔਰਤਾਂ ਨੇ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਨੀ ਸ਼ੁਰੂ ਕੀਤੀ ਹੋਈ ਹੈ। ਇਹ ਖੇਤੀ ਮੁਨਾਫ਼ੇ ਨਹੀਂ ਬਲਕਿ ਖ਼ੁਰਾਕੀ ਇਨਸਾਫ਼ ਮਾਡਲ ਦੇ ਸਿਧਾਂਤ ਉੱਤੇ ਹੋ ਰਹੀ ਹੈ। ਸਾਰੇ ਸਬੰਧਿਤ ਪਰਿਵਾਰਾਂ ਦੀ ਖ਼ੁਰਾਕ ਦੀ ਲੋੜ ਪੂਰੀ ਹੋਣ ਤੋਂ ਬਾਅਦ ਮੰਡੀ ਵਿੱਚ ਵੇਚਣ ਦਾ ਫ਼ੈਸਲਾ ਹੁੰਦਾ ਹੈ। ਮੌਜੂਦਾ ਸਮੇਂ ਇਸ ਦੇ 70 ਹਜ਼ਾਰ ਗਰੁੱਪਾਂ ਵਿੱਚ 3,25,000 ਔਰਤ ਕਿਸਾਨ ਕੰਮ ਕਰਦੀਆਂ ਹਨ। ਇਸ ਨਾਲ 45 ਲੱਖ ਔਰਤਾਂ ਜੁੜ ਚੁੱਕੀਆਂ ਹਨ। ਸੂਬੇ ਦੇ ਬੈਂਕ ਅਤੇ ਵੱਡੀਆਂ ਸੰਸਥਾਵਾਂ ਇਨ੍ਹਾਂ ਦੇ ਇਰਦ-ਗਿਰਦ ਚੱਕਰ ਕੱਢਦੀਆਂ ਹਨ ਕਿਉਂਕਿ ਆਪਣੀ ਅਲੱਗ ਕਿਸਮ ਦੀ ਸਹਿਕਾਰੀ ਇਸ ਲਹਿਰ ਦਾ ਘੇਰਾ ਇੰਨਾ ਵੱਡਾ ਹੋ ਗਿਆ ਕਿ ਇਹ ਮੰਡੀ ਵਿੱਚ ਹੇਰ-ਫੇਰ ਦੀ ਤਾਕਤ ਰੱਖਦਾ ਹੈ।

**ਪ੍ਰਸ਼ਨ: ਤੁਸੀਂ ਨਵਾਂ ਮੰਚ ਬਣਾਇਆ ਹੈ ਨੇਸ਼ਨ ਫਾਰ ਫਾਰਮਰਜ਼ ਅਤੇ 29 ਤੇ 30 ਨਵੰਬਰ ਦਾ ਕੀ ਸੱਦਾ ਹੈ?**

ਜਵਾਬ: ਜਿਵੇਂ ਮੈਂ ਕਿਹਾ ਹੈ ਕਿ ਮੌਜੂਦਾ ਸੰਕਟ ਕੇਵਲ ਖੇਤੀ ਜਾਂ ਕਿਸਾਨੀ ਦਾ ਨਹੀਂ ਬਲਕਿ ਸੱਭਿਅਤਾ ਦਾ ਤੇ ਮਾਨਵੀ ਸੰਕਟ ਵਿੱਚ ਤਬਦੀਲ ਹੋ ਚੁੱਕਾ ਹੈ। ਇਹ ਜ਼ਰੂਰੀ ਹੈ ਕਿ ਦੇਸ਼ ਦੇ ਹੋਰ ਲੋਕ ਅੱਗੇ ਆਉਣ ਅਤੇ ਕਿਸਾਨੀ ਦੇ ਭਵਿੱਖ ਲਈ ਖੜ੍ਹੇ ਹੋਣ। ਇਸ ਲਈ ਨੇਸ਼ਨ ਫਾਰ ਫਾਰਮਰਜ਼ ਨਾਮ ਰੱਖਿਆ ਹੈ। 29 ਅਤੇ 30 ਨਵੰਬਰ ਨੂੰ ਦਿੱਲੀ ਪਹੁੰਚਣ ਦਾ ਸੱਦਾ ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਵੱਲੋਂ ਦਿੱਤਾ ਗਿਆ ਹੈ। ਇਸ ਦੀ ਇੱਕੋ ਮੰਗ ਹੈ ਕਿ ਖੇਤੀ ਅਤੇ ਕਿਸਾਨੀ ਦੇ ਮੁੱਦੇ ਉੱਤੇ ਘੱਟੋ ਘੱਟ ਤਿੰਨ ਹਫ਼ਤਿਆਂ ਦਾ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇ। ਜੇਕਰ ਜੀਐਸਟੀ ਉੱਤੇ ਅੱਧੀ ਰਾਤ ਨੂੰ ਵਿਸ਼ੇਸ਼ ਸੈਸ਼ਨ ਬੁਲਾਇਆ ਜਾ ਸਕਦਾ ਹੈ ਤਾਂ ਕਰੋੜਾਂ ਕਿਸਾਨਾਂ ਲਈ ਕਿਉਂ ਨਹੀਂ? ਇਸ ਵਿੱਚ ਤਿੰਨ ਦਿਨ ਸਵਾਮੀਨਾਥਨ ਰਿਪੋਰਟ, ਤਿੰਨ ਦਿਨ ਕਿਸਾਨਾਂ ਦੇ ਕਰਜ਼ੇ, ਤਿੰਨ ਦਿਨ ਪਾਣੀ ਦੇ ਸੰਕਟ, ਤਿੰਨ ਦਿਨ ਔਰਤ ਅਤੇ ਦਲਿਤ ਕਿਸਨਾਂ ਦਾ ਯੋਗਦਾਨ, ਤਿੰਨ ਦਿਨ ਖੇਤੀ ਦੇ ਭਵਿੱਖ ਬਾਰੇ ਚਰਚਾ ਹੋ ਸਕਦੀ ਹੈ। ਕਿਸਾਨਾਂ ਤੋਂ ਇਲਾਵਾ ਅਧਿਆਪਕ, ਡਾਕਟਰ, ਬੈਂਕ ਮੁਲਾਜ਼ਮ ਹੋਰਾਂ ਕਿੱਤਿਆਂ ਨਾਲ ਸਬੰਧਿਤ ਟਰੇਡ ਯੂਨੀਅਨਾਂ ਨੂੰ ਵੀ ਕਿਸਾਨਾਂ ਦੀ ਹਮਾਇਤ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ। ਇਹ ਸ਼ੁਰੂਆਤ ਹੋਵੇਗੀ ਅਤੇ ਕਿਸਾਨੀ ਦਾ ਮੁੱਦਾ ਦੇਸ਼ ਦੀ ਚਰਚਾ ਬਣਾਉਣ ਦੀ ਲੋੜ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)


# ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ

"ਅਜੋਕੀ ਸਥਿਤੀ ਵਿੱਚ ਜਮਹੂਰੀ ਹੱਕਾਂ ਦੀ ਲਹਿਰ ਨੂੰ ਦਰਪੇਸ਼ ਚਣੌਤੀਆ ਤੇ ਸਾਡੇ ਕਾਰਜ਼" ਵਿਸ਼ੇ ਸਬੰਧੀ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਵਲੋਂ ਸੈਮੀਨਾਰ 9 ਦਸੰਬਰ ਦਿਨ ਐਤਵਾਰ ਸਵੇਰੇ 10 ਵਜੇ ਟੀਚਰਜ਼ ਹੋਮ ਬਠਿੰਡਾ ਵਿਖੇ (ਬਠਿੰਡਾ) ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ "ਅਜੋਕੀ ਸਥਿਤੀ ਵਿੱਚ ਜਮਹੂਰੀ ਹੱਕਾਂ ਦੀ ਲਹਿਰ ਨੂੰ ਚਣੌਤੀਆ ਤੇ ਸਾਡੇ ਕਾਰਜ਼" ਵਿਸ਼ੇ ਸਬੰਧੀ 9 ਦਸੰਬਰ ਦਿਨ ਐਤਵਾਰ ਸਵੇਰੇ 10 ਵਜੇ ਟੀਚਰਜ਼ ਹੋਮ ਬਠਿੰਡਾ ਵਿਖੇ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਵਲੋਂ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਕਾਲੇ ਕਨੂੰਨਾ ਦੀ ਵਰਤੋਂ ਰਾਹੀਂ ਸੰਘਰਸ਼ਸ਼ੀਲ ਲੋਕਾਂ ਦੀ ਜੁਬਾਨਬੰਦੀ ਕਰਨ ਦਾ ਵਿਰੋਧ ਕਰਨ ਤੇ ਉਘੇ ਜਮਹੂਰੀ ਕਾਰਕੁੰਨਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਤੋਂ ਇਲਾਵਾ ਮਨੂੰਵਾਦੀ ਫਾਸ਼ੀਵਾਦ ਆਦਿ ਗੰਭੀਰ ਏਜੰਡਿਆ ਤੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਜਮਹੂਰੀ ਹੱਕਾਂ ਨੂੰ ਸਮਰਪਿਤ ਸ਼ਖਸੀਅਤ ਪ੍ਰੋ. ਪੰਕਜ ਤਿਆਗੀ ਹੋਣਗੇ। ਇਸ ਸਬੰਧੀ ਜਾਰੀ ਪੈਸ ਨੋਟ ਵਿੱਚ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਦਸਿਆ ਕਿ ਇਸ ਸੈਮੀਨਾਰ ਵਿੱਚ ਉਘੇ ਜਮਹੂਰੀ ਕਾਰਕੁੰਨਾ ਨੂੰ "ਸ਼ਹਿਰੀ ਨਕਸਲੀ" ਕਹਿ ਕੇ ਜੇਲਾਂ ਵਿੱਚ ਡੱਕਣ ਪਿੱਛੇ ਕੰਮ ਕਰਦੀ ਹਕੂਮਤੀ ਚਾਲ ਤੇ ਸਿਆਸਤ ਨੂੰ ਸਮਝ ਕੇ ਉਹਨਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਤੇ ਇਸ ਬਾਰੇ ਲੋਕਾਂ ਵਿੱਚ ਸੋਝੀ ਦਾ ਪਸਾਰਾ ਕਰਨਾ ਲਈ ਲਾਮਬੰਦੀ ਕੀਤੀ ਜਾਵੇਗੀ ਮਜ਼ਦੂਰਾਂ, ਮੁਲਾਜ਼ਮਾ, ਕਿਸਾਨਾਂ, ਨੌਜਵਾਨਾਂ ਤੇ ਹੋਰ ਸ਼ੰਘਰਸਸ਼ੀਲ ਤਬਕਿਆ ਦੀ ਜ਼ੁਬਾਨਬੰਦੀ ਕਰਨ ਲਈ ਉਹਨਾਂ ਨੂੰ ਵੱਖ ਵੱਖ ਢੰਗਾਂ ਰਾਹੀਂ ਦਬਾਉਣ ਦੀ ਨੀਤੀ ਵਿਰੁੱਧ ਲੋਕਾਂ ਵਿੱਚ ਜਾਗਰੂਕਤਾ ਪੈਂਦਾ ਕਰਨ ਦੇ ਉਪਰਾਲੇ ਕੀਤੇ ਜਾਣਗੇ। ਇਸ ਤੋਂ ਇਲਾਵਾ ਵੱਖ ਵੱਖ ਸੂਬਿਆ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 2019 ਦੀ ਲੋਕ ਸਭਾ ਦੀ ਚੋਣ ਦੇ ਮੱਦੇਨਜ਼ਰ ਲੋਕਾਂ ਦਾ ਧਿਆਨ ਦੇਸ਼ ਦੇ ਬੁਨਿਆਦੀ ਮਸਲਿਆਂ ਤੋਂ ਲਾਭੇ ਕਰਨ ਲਈ ਮੰਦਿਰ ਮਸਜਿਦ ਦਾ ਮੁੱਦਾ ਉਛਾਲਣਾ ਅਤੇ "ਕੌਮੀ ਏਕਤਾ ਦੇ ਪ੍ਰਤੀਕ" ਵਜੋਂ ਸਰਦਾਰ ਪਟੇਲ ਦੇ ਦਿਉਕੱਦ ਬੁੱਤ ਦੀ ਉਸਾਰੀ ਕਰਨ ਵਰਗੀਆਂ ਹਿੰਦੂਤਵੀ (ਫਿਰਕੂ) ਹਕੂਮਤ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਜਮਹੂਰੀ ਹੱਕਾਂ ਦੀ ਸਥਿਤੀ ਦੀ ਗੰਭੀਰਤਾ ਨੂੰ ਸਮਝ ਕੇ ਉਸ ਦਾ ਵਿਰੋਧ ਕਰਨ ਵਿਰੁੱਧ ਆਵਾਜ਼ ਬੁਲੰਦ ਜਾਵੇਗੀ। ਸਭਾ ਦੇ ਆਗੂਆ ਨੇ ਅੱਗੈ ਕਿਹਾ ਕਿ ਐਨ ਐਸ ਏ, ਅਫਸਪਾ, ਯੂਏਪੀਏ, 295-ਏ ਏ ਅਤੇ ਨਿਜੀ 'ਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਰੋਕੂ ਕਨੂੰਨ ਆਦਿ ਕਾਲੇ ਕਨੂੰਨਾ ਦੀ ਵਰਤੋਂ ਕਰਕੇ ਸੰਘਰਸ਼ਸ਼ੀਲ ਲੋਕਾਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ। ਸਭਾ ਦੇ ਆਗੂਆ ਨੇ ਇਹ ਵੀ ਕਿਹਾ ਕਿ ਕੌਮ ਦੇ ਨਿਰਮਾਤਾ ਅਧਿਆਪਕ ਵਰਗ ਦੇ ਘੋਲ ਨੂੰ ਕੁਚਲਣ ਲਈ ਉਹਨਾਂ ਦੀਆਂ ਮੁਅਤਲੀਆ ਤੇ ਦੂਰ ਦਰਾਡੇ ਬਦਲੀਆ ਕਰਕੇ ਉਹਨਾਂ ਦੇ ਹੌਸਲੇ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਸਰਕਾਰੀ ਸਕੂਲਾਂ ਨੂੰ ਫੇਹਲ ਕਰਕੇ ਸਿਖਿਆ ਦੇ ਨਿਜੀਕਰਨ ਲਈ ਰਾਹ ਪੱਧਰਾ ਕੀਤਾ ਹਾ ਰਿਹਾ ਹੈ। ਸਿਹਤ ਤੇ ਸਿਖਿਆ ਸਰਕਾਰ ਦਾ ਸੰਵਿਧਾਨਕ ਫਰਜ਼ ਹੈ ਪਰ ਅਜੋਕੀ ਹਕੂਮਤ ਆਪਣੀ ਇਸ ਜ਼ੁੰਮੇਵਾਰੀ ਤੋਂ ਭੱਜ ਰਹੀ ਹੈ।

**- ਡਾਕਟਰ ਅਜੀਤਪਾਲ ਸਿੰਘ**

# Are we addicted to debt?

Michal Rozworski




We're now 10 years on from the biggest financial crisis since the Great Depression. Or, as our national mythology puts it, 10 years since Canada breathed a deep sigh of relief as the crisis mostly grazed our economy and financial system.

Since 2008, we've had 10 years of congratulatory back-patting over our system of financial regulation, 10 years of low inflation and low interest rates, 10 years of periodically oil-driven economic growth—and 10 years of exploding housing prices, of renovictions and demovictions, of working people pushed out of some cities and a real estate investment bonanza for the homegrown and foreign rich.

Ten years after the crisis, many Canadian cities are still in crisis. What follows is a look at the contours and roots of our urban housing crisis, and some avenues for exiting it in a way that would benefit the majority of people.

**Housing boil and housing bubble**

Average housing prices have grown by 80% Canada-wide since their lows in the winter of 2009, and more than doubled in Vancouver and Toronto (as measured by the widely used composite index maintained by the Canadian Real Estate Association, which incorporates everything from condos to single-family homes). Among Northern countries, only Hong Kong, Iceland and New Zealand saw bigger housing spikes over the same post-crisis period, according to the Bank of International Settlements.

In Canada, housing prices have been driven higher largely by land appreciation; it is not uncommon in major cities for the structures built on land to comprise just a small sliver of the value of a property. For example, between 2007 and 2018, real estate in British Columbia doubled in value, appreciating by nearly $1 trillion in inflation-adjusted terms, the vast majority of that a result of higher land values.

Meanwhile, as real estate prices have exploded, wage growth has been tepid at best. Between 2008 and 2017, the nominal median wage has gone up 22% Canada-wide and 20% in both Ontario and B.C. Adjusted for inflation this is considerably less than one percentage point per year in real growth.

As housing prices have grown, the rate of home ownership, or the share of households that own the home in which they live (67.8% in 2016), remains near where it was before the crisis (68.4% in 2006). However, this drop is more pronounced when we consider that the home ownership rate had been climbing steadily from around 60% in 1971 to 69% in 2011.

These small changes in the overall rate also hide significantly greater inequality in home ownership. Whereas in 1971, those in the top 20% by income had a home ownership rate approximately 10% higher than those in the bottom fifth, this difference has grown severalfold in the ensuing decades. Millennials are entering home ownership in small numbers and later than their forebearers: 50% of millenials own a home today compared with 55% of people their age in 1981.

The indebtedness of Canadian households has risen steadily since the crisis: from 150% of disposable income in 2008 to 170% today (though this pales in comparison with the twofold larger relative increase from 105% in 1998 to 150% a decade later). This 10-year increase diverges sharply from the situation in the United States, where households noticeably deleveraged after the crisis.

On the flipside, housing wealth is now staggeringly above 430% of disposable income (in January 2018) reflecting consistent increases since the 1990s. This is the paradox of the housing crisis: it has literally created wealth under the feet of one set of Canadians and foreign property owners—many of them already wealthy—while making simple existence for another set, in particular the urban poor, increasingly difficult.

Housing appreciation has turned some working people into millionaires, even if for now only on paper, and some regular people into rentiers. Real estate boosters love these examples of "rags to riches" and argue that there are other countries, notably Australia and several in Scandinavia, where household debt comprises an even higher percentage of household income than it does in Canada. The point, however, is not to argue about abstract statistics, but to see how runaway housing markets affect people.

Housing wealth is very unequally distributed. According to 2016 data from Statistics Canada, the top 20% of Canadian households own 63% of Canadian total net worth (assets minus mortgage debt) in real estate, while the bottom 40% own just 2% of the same. Properties that are not principal residences are more unequally distributed: the top quintile owns 81% of the net worth here.

In addition, while property prices and debt have accelerated, so have increases in rent for tenants in many cities, especially burdening those in the working class who did not buy into the property lottery at the "right" time.

**It was not an accident**

Far more interesting than how far Canadian housing is into bubble territory is the question of what impact the current run-up in values is having on Canadians, particularly the working class of the country. Here we need to go back further than just the past 10 years.

The start of the current expansion in Canadian mortgage debt and house prices coincided with the beginning of the era of stable low inflation and relatively low interest rates in the late 1990s, far preceding the 2008 financial crisis. This story about cheap credit and high expectations is one Stephen Poloz, the current governor of the Bank of Canada, likes to tell and there is some truth to it: financing real estate was relatively cheap already in the late 1990s.

But this early acceleration in Canada's housing market coincided with another major shift, one that went far beyond a change in the price of loans.

In 1993, the last federal budget tabled by Brian Mulroney's Progressive Conservative government ended all new federal funding for social housing construction outside of First Nations reserves. The feds were out of the business of creating new social housing, as they put it. This was a marked change from previous decades when the federal government helped finance about 20,000 units of social housing per year—from direct public housing in the 1960s and into the '70s to non-profit and co-op housing in the 1980s. In most provinces outside B.C. and Quebec, provincial governments did not pick up the slack following the 1993 announcement.

With the sudden imposition of social housing austerity, the Canada Mortgage and Housing Corporation (CMHC) shifted from homebuilder to mortgage insurer. The move away from direct and indirect public provision only further solidified long-standing economic and cultural pressures toward home ownership. And with this move the federal government only accelerated the transformation of housing from human necessity into investment good, to be supplied almost exclusively by the private sector.

Although Canada was ruled by market-friendly conservatives under Brian Mulroney in the 1980s, it was the Liberals, elected in 1993 under Chrétien, who made the greatest strides in transforming the Canadian state—shifting it towards neoliberalism and near-permanent austerity. Fiscal policy was defanged, now used to drastically reduce the debt-to-GDP ratio, while monetary policy assumed the role of stimulating the economy, albeit within a strict inflation-targeting mandate.

With interest rates down from their 1980s highs, the state out of the housing game, and new policies from the CMHC, including increased mortgage protection and significantly lower down-payment requirements (from 20% down to 5%), the stage was set for the start of a long housing boom.

The early boom years were characterized by relative affordability. This was the time when the financialization of housing—its transformation into a major investment asset—was just taking off. Interest rates fell and house prices began to slowly recover from their 1990s recession lows. The bias toward home ownership, driven by fiscal contraction and monetary expansion, went hand-in-glove with long-standing policies at the provincial and city level such as exclusionary zoning and weak rent controls, as well as cultural beliefs about the primacy of the car or the importance of owning a single-family home.

The product of all these developments was a complex set of economic, legal and social factors that ultimately set the stage for the current affordability and liveability emergency in our cities. It is within these structures that power imbalances have evolved over the past decade.

In the immediate aftermath of the 2008 global financial crisis, triggered that September by the Lehman Brothers bankruptcy, the Bank of Canada participated in the co-ordinated effort by many central banks to stabilize the global financial system. And while Stephen Harper ironically led one of the developed world's more aggressive bouts of fiscal stimulus (which included substantial social housing investment) the trend toward slow-motion, structural austerity returned by the start of the 2010s.

The Bank of Canada, on the other hand, continued to maintain very low interest rates, propping up the Canadian economy and doing its part to fight off a deeper global depression. With fiscal policy levers largely atrophied, monetary policy has taken up the long-term task of stimulating and stabilizing the economy—in Canada and much of the rest of the world.

Unfortunately, post-crisis monetary policy also stoked the flames of the already ongoing real estate boom. Lower short-term interest rates in a world of increasing inequality in income and wealth created fertile conditions for asset price inflation—a frenzied "search for yield" with everything from equities to collector art to real estate seeing enormous price gains globally.

Capital, in significant part domestic but also international, alighted on Canadian real estate as a safe, relatively high-return asset. Developers were only too happy to keep building

safety deposit boxes in the sky, helping domestic and foreign capital, rather than people, find a home.

There is a tension here, however. Cheap credit is generally to be welcomed: it shifts the balance of power in credit markets toward debtors and away from creditors, mapping relatively cleanly as a shift toward the poor from the wealthy. It is therefore cheap credit in the context of spectacular imbalances of economic power (that shape policy at every level) that has helped accelerate housing price inflation and encumbered access to shelter—something that by all reasonable accounts should be a human right—for many working and low-income people.

The housing crisis is just as much or more so about weak rent control, exclusionary zoning in low-density cities, preferential tax treatment of capital gains (especially capital gains from the sale of principal residences) and low property taxes as it is about loose monetary policy. It is no surprise that Vancouver, with some of the lowest carrying costs of real estate (primarily low property taxes) of any major Canadian city, has experienced the deepest crisis.

While Vancouver and Toronto, as global cities, were the first to catch the bug of extreme housing speculation, the malady is now spreading to smaller cities and towns. In British Columbia alone it is not only Victoria and Kelowna feeling the heat, but even places like Nelson or the Gulf Islands. The notable exception among Canada's major cities is Montreal, which has a more robust provincial welfare state, much stronger tenant protections and, partly as a result, lower rates of home ownership.

Today, one oil boom-and-bust cycle and a couple years of steady growth later, Canadian monetary policy is tightening again, partly driven by housing market conditions. Despite still moderate wage growth and inflation largely within the Bank of Canada's target band, Governor Poloz has justified recent interest rate increases in part as a means to cool the housing market. At the same time, Prime Minister Trudeau has made much fanfare of getting Ottawa back into housing, which the government now claims to be a human right. (The UN special rapporteur on the right to housing has questioned whether this implies something legally enforceable or is simply window-dressing.)

The Liberals' National Housing Strategy, unveiled in 2017, promises a $40 billion boost to various housing programs over 10 years, focusing primarily on the most vulnerable. This is a welcome change in tone from government. Unfortunately, the vast majority of these funds are back-loaded until after the next federal election in 2019, and only $15 billion worth is new money.

In addition, the focus on only housing the vulnerable assumes the market works fine for everyone else. Indeed, much of the new housing money takes the form of various rent and private development subsidies that will not shift the fundamentals of private sector-led, investment-geared housing provision. Without a more concerted effort that looks at all the factors behind our long housing boom and affordability crisis, current plans leave much to be desired.

**Housing policy alternatives**

The neoliberal state we've inherited prides itelf on not interfering with or, god forbid, regulating markets and financial flows except when inaction might be systemically destabilizing. Unfortunately for the government, our housing sector needs patching up—even if it means breaking out the red tape.

The crisis in our cities is so deep and increasingly widespread that far-reaching and systemic change is needed. And really, whether we like it or not, the housing market is already highly regulated: zoning and land use regulations, mortgage rules for buyers, property taxation and pension design all impact what gets supplied and what is demanded. The question is not whether to "interfere" in the fundamental workings of the housing market, but how and in whose interest.

Both Ontario and British Columbia have instituted foreign buyers taxes. B.C. has also implemented a mildly progressive property tax on homes valued over $3 million and increased property transfer tax rates. Vancouver has an empty homes tax starting this year. These measures, which are welcome and contributing to cooling the two most haywire housing markets (Vancouver and Toronto) in terms of both sales and price growth, are nonetheless insufficient to the scale of Canada's post-crisis housing affordability crisis.

Luckily, the alternative policy toolbox is full for those willing to make use of it. Here are some of the sharper implements:

* The direct provision of non-market housing. The public sector should be an aggressive "builder of first resort" that embarks on a massive build-out of high-quality, democratic, non-market housing that the poor, working and middle classes can afford. Direct publicly-provided housing, private non-profit housing, co-ops and community land trusts are all good options. Not only would a rapid build-out eliminate some of the current stigma around social housing, it would directly challenge both the primacy of the market and the prices it currently sets. And it would pay for itself in the long run courtesy of the joint magic of state-backed credit, existing public urban land, and cross-subsidization.

* Stronger tenant protections and rent controls. These measures help people stay in their homes, reduce potential future income streams from land and bring tenancy closer to ownership in terms of stability, security and control.

* An end to exclusive zoning in cities. We can carefully dismantle the system of exclusion that maintains a false scarcity of land and keeps significant portions of our cities off limits to renters and workers. At the same time, we should introduce measures to capture any increases in land values to incumbent owners and redirect that money to the public good.

* Reform of the tax system. Several tax changes would make housing less attractive as an investment relative to other assets and generally increase carrying costs. These include progressive and overall higher property taxes geared toward the taxation of land value at the local level, taxes on capital gains from short-term speculation at the provincial level, and an end to preferential treatment of capital gains at the federal level.

* More generous public pensions. Less pressure on housing as a retirement asset would bring the value of homes and land more in line with their role as places to live.

* With rising public anger about housing and rent costs, there might still be a window to use some combination of these tools to end our affordability crisis. As a bonus, meaningful housing reform would ensure that our next economic crisis doesn't start among the cranes dotting the Vancouver and Toronto skylines.

Michal Rozworski is an economist, writer, organizer and CCPA research associate. He podcasts and blogs at Political Eh-conomy.

# ਸਦੀਆਂ ਤੋਂ ਗ਼ੁਲਾਮੀ ਦੀ ਪੀੜਾ ਹੰਢਾਉਂਦਾ ਆ ਰਿਹੈ ਕਸ਼ਮੀਰ



ਕਸ਼ਮੀਰ ਇਕ ਅਜਿਹਾ ਭੂਗੋਲਿਕ ਖ਼ਿੱਤਾ ਹੈ, ਜਿਹੜਾ ਸਦੀਆਂ ਤੋਂ ਗ਼ੁਲਾਮੀ ਦੀ ਪੀੜ੍ਹਾ ਹੰਢਾਉਂਦਾ ਆ ਰਿਹਾ ਹੈ। ਗ਼ੁਲਾਮੀ ਦਾ ਇਹ ਸਰੂਪ ਕਦੀ ਅਫ਼ਗਾਨਾਂ ਦੇ ਰੂਪ ਵਿਚ ਉਸ ਦੀ ਹੋਣੀ ਬਣ ਨਿੱਬੜਦਾ ਹੈ ਤੇ ਕਦੀ ਮੁਗ਼ਲਾਂ, ਅੰਗਰੇਜ਼ਾਂ ਤੇ ਸਿੱਖਾਂ ਦੇ ਰਾਹੀਂ ਹੁੰਦਾ ਹੋਇਆ, ਮੌਜੂਦਾ ਭਾਰਤੀ ਹਕੂਮਤ ਦੀ ਧੌਂਸ ਸਵੀਕਾਰਨ ਲਈ ਮਜ਼ਬੂਰ ਹੁੰਦਾ ਹੈ। ਹਾਲਾਂਕਿ ਕਸ਼ਮੀਰ ਤੇ ਗ਼ੁਲਾਮੀ ਦਾ ਆਪਣਾ ਇਕ ਵਡੇਰਾ ਇਤਿਹਾਸ ਹੈ, ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਸ਼ਮੀਰੀ ਆਵਾਮ ਵੱਲੋਂ ਇਸ ਗ਼ੁਲਾਮੀ ਦੇ ਖ਼ਾਤਮੇ ਹਿਤ ਲੜੀ ਜਾਣ ਵਾਲੀ ਲੜਾਈ ਦੀ ਵੀ ਇਕ ਇਤਿਹਾਸਿਕ ਪ੍ਰਾਸੰਗਿਕਤਾ ਤੇ ਅਹਿਮੀਅਤ ਰਹੀ ਹੈ। ਕਸ਼ਮੀਰ ਦੀ ਦਾਸਤਾਨ ਇਸੇ ਅਹਿਮੀਅਤ ਦਾ ਇਕ ਪ੍ਰਗਟਾਵਾ ਮਾਤਰ ਹੈ।

ਸਾਬਕਾ ਰਾਅ ਮੁਖੀ ਏ.ਐਸ.ਦੁੱਲਟ ਦੁਆਰਾ ਲਿਖੀ ਗਈ ਇਹ ਕਿਤਾਬ ਬਿਨਾਂ ਸ਼ੱਕ ਜਦੋਂ ਪਹਿਲੀ ਵਾਰ ਆਪਣੇ ਅੰਗਰੇਜ਼ੀ ਰੂਪ ਵਿਚ ਜਾਰੀ ਹੋਈ ਸੀ, ਉਦੋਂ ਤੋਂ ਹੀ ਇਕ ਮਹੱਤਵਪੂਰਨ ਦਸਤਾਵੇਜ਼ ਦੇ ਰੂਪ ਵਿਚ ਪਛਾਣੀ ਜਾਣ ਲੱਗੀ ਸੀ, ਪਰ ਕਿਉਂਕਿ ਇਸ ਦਾ ਪੰਜਾਬੀ ਰੂਪ ਬੀਤੇ ਦਿਨੀਂ ਜਾਰੀ ਹੋਇਆ, ਇਸ ਲਈ ਲਾਜ਼ਮੀ ਹੈ ਕਿ ਪੰਜਾਬੀ ਪਾਠਕਾਂ ਅੰਦਰ ਇਸ ਦੀ ਚਰਚਾ ਛਿੜਨੀ ਸੁਭਾਵਿਕ ਸੀ ਤੇ ਉਹ ਹੋਈ ਵੀ ਹੈ, ਹਾਲਾਂਕਿ ਇਹ ਚਰਚਾ ਜਿਸ ਪੱਧਰ ਤੇ ਜਿਸ ਰਵਾਨਗੀ ਨਾਲ਼ ਹੋਣੀ ਚਾਹੀਦੀ ਸੀ, ਉਸ ਪ੍ਰਕਾਰ ਨਹੀਂ ਹੋਈ. ਇਸ ਦੇ ਕੀ ਕਾਰਨ ਹਨ? ਇਹ ਫ਼ਿਲਹਾਲ ਅਪਣਾ ਵਿਸ਼ਾ ਨਹੀਂ ਹੈ, ਆਪਾਂ ਅਜੇ ਸਿਰਫ਼ ਏਨਾ ਵੇਖਣਾ ਹੈ ਕਿ ਕਸ਼ਮੀਰ ਦੇ ਸੰਦਰਭ ਵਿਚ ਇਸ ਕਿਤਾਬ ਦੀ ਭੂਮਿਕਾ ਕੀ ਹੈ।

ਦਰਅਸਲ ਦੁੱਲਟ ਦੀ ਇਹ ਕਿਤਾਬ ਕਸ਼ਮੀਰ ਦੀ ਦਾਸਤਾਨ ਦੇ ਨਾਮ ਹੇਠ ਬੇਸ਼ੱਕ ਪ੍ਰਕਾਸ਼ਿਤ ਹੋਈ ਹੋਵੇ, ਪਰ ਨਾ ਤਾਂ ਇਹ ਕਸ਼ਮੀਰ ਦੀ ਕੋਈ ਪੁਖ਼ਤਾ ਇਤਿਹਾਸਕਾਰੀ ਹੀ ਹੈ ਤੇ ਨਾ ਹੀ ਕਸ਼ਮੀਰ ਸਮੱਸਿਆ ਦਾ ਕੋਈ ਢਾਂਚਾਗਤ ਹੱਲ ਹੀ ਸੁਝਾਉਂਦੀ ਹੈ. ਇਸ ਲਈ ਮੈਂ ਸਮਝਦਾ ਹਾਂ ਕਿ ਇਹ ਕਿਤਾਬ ਕਸ਼ਮੀਰ ਦੀ ਬਜਾਏ ਕਸ਼ਮੀਰ ਨਾਲ ਜਾਂ ਹੋਰ ਵਧੇਰੇ ਸਪਸ਼ਟ ਰੂਪ ਵਿਚ ਆਖਿਆ ਜਾਵੇ ਮਿ. ਦੁੱਲਟ ਨਾਲ ਜੁੜੇ ਹੋਏ ਇਲੀਟ ਵਰਗ ਦੀ ਕਹਾਣੀ ਮਾਤਰ ਹੈ, ਜਿਸ ਵਿਚੋਂ ਨਾ ਤਾਂ ਉਸ ਦੀ ਇਤਿਹਾਸਿਕ ਪਿੱਠ-ਭੂਮੀ ਦਿਖਾਈ ਦਿੰਦੀ ਹੈ ਤੇ ਨਾ ਹੀ ਇਕਬਾਲੀਆ ਜ਼ੁਰਅਤ. ਇਸ ਦਾ ਵੀ ਇਕ ਕਾਰਨ ਹੈ, ਜਿਸ ਨੂੰ ਦੁੱਲਟ ਖ਼ੁਦ ਸਵੀਕਾਰਦੇ ਹਨ. ਇਹ ਉਨ੍ਹਾਂ ਦੇ ਪੇਸ਼ੇ ਦੀ ਮਜ਼ਬੂਰੀ ਹੈ ਕਿ ਉਹ ਘਟਨਾਵਾਂ ਦੀ ਸਤਹੀ ਜਾਂ ਸਿਰਫ਼ ਉਹੀ ਵਿਆਖਿਆ ਕਰਨ ਲਈ ਮਜ਼ਬੂਰ ਹਨ, ਜਿਹੜੀ ਸਟੇਟ ਨੂੰ ਮਾਫ਼ਕ ਤੇ ਉਨ੍ਹਾਂ ਦੇ ਕਿੱਤੇ ਨਾਲ ਜੁੜੀਆਂ 'ਪੇਚੀਦਗੀਆਂ' ਨੂੰ ਬਣਾਈਂ ਰੱਖਣ ਵਿਚ ਸਫ਼ਲ ਹੁੰਦੀ ਹੈ. ਇਸ ਸਾਰੀ ਕਿਤਾਬ ਅੰਦਰ ਲੇਖਕ ਨੇ ਜੋ ਮੁੱਖ ਪ੍ਰਭਾਵ ਛੱਡੇ ਹਨ, ਉਹ ਇਸ ਪ੍ਰਕਾਰ ਹਨ:

ਪਹਿਲਾ ਇਹ ਕਿ ਕਸ਼ਮੀਰ ਸਮੱਸਿਆ ਵਾਸਤਵ ਵਿਚ ਕੋਈ ਸਮੱਸਿਆ ਹੀ ਨਹੀਂ ਹੈ, ਬਲਕਿ ਇਹ ਪਾਕਿਸਤਾਨ ਤੇ ਉਸ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੁਆਰਾ ਪਲਾਂਟ ਕੀਤੀ ਗਈ ਇਕ ਪ੍ਰਕਾਰ ਦੀ ਮਸਨੂਈਅਤ ਹੈ, ਜਿਸ ਦੀ ਵਰਤੋਂ ਪਾਕਿਸਤਾਨ ਭਾਰਤ ਖ਼ਿਲਾਫ਼ ਲਗਾਤਾਰ ਕਰਦਾ ਆ ਰਿਹਾ ਹੈ. ਇਸ ਗੱਲ ਵਿਚ ਕਿੰਨਾ 'ਕੁ ਸੱਚ ਹੈ ਜਾਂ ਕਿੰਨਾ ਝੂਠ ਜੇਕਰ ਤੱਥਾਂ ਤੇ ਆਧਾਰਿਤ ਵੇਰਵਿਆਂ ਵਿਚ ਆਪਾਂ ਪੈ ਕੇ ਦੇਖਣ ਲੱਗ ਪਏ ਤਾਂ ਸ਼ਾਇਦ ਇਕ ਪੂਰੀ ਕਿਤਾਬ ਬਣ ਜਾਵੇ, ਇਸ ਲਈ ਇਸ ਨੂੰ ਇੱਥੇ ਹੀ ਛੱਡਦੇ ਹੋਏ, ਅੱਗੇ ਵੱਧਦੇ ਹਾਂ।

ਦੂਜੇ ਨੰਬਰ ਤੇ ਦੁੱਲਟ ਦੁਆਰਾ ਇਹ ਪ੍ਰਭਾਵ ਛੱਡਿਆ ਗਿਆ ਹੈ ਕਸ਼ਮੀਰ ਮਸਲੇ ਹਿਤ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਆਈ.ਐਸ.ਆਈ. ਹੀ ਹੈ, ਭਾਰਤੀ ਖ਼ੁਫ਼ੀਆ-ਤੰਤਰ, ਰਾਅ ਤੇ ਆਈ.ਬੀ. ਇਸ ਹੱਮਾਮ ਵਿਚ ਬਿਲਕੁਲ ਦੁੱਧ ਧੋਤੀ ਹੈ. ਇਸ ਦੇ ਨਾਲ ਹੀ ਉਹ ਇਹ ਵੀ ਸਵੀਕਾਰਨ ਤੋਂ ਸਿੱਧੇ/ਅਸਿੱਧੇ ਰੂਪ ਵਿਚ ਇਨਕਾਰੀ ਹੋ ਜਾਂਦੇ ਹਨ ਕਿ ਅਰੁੰਧਤੀ ਰਾਏ ਵਰਗੀ ਲੇਖਿਕਾ ਦੁਆਰਾ ਲੱਭੀਆਂ ਗਈਆਂ 400 ਤੋਂ ਵਧੇਰੇ ਖ਼ੁਫ਼ੀਆ ਏਜੰਸੀਆਂ, ਜਿਹੜੀਆਂ ਕਿ ਵਰਤਮਾਨ ਦੌਰ ਵਿਚ ਕਸ਼ਮੀਰ ਅੰਦਰ ਕਾਰਜ਼ਸ਼ੀਲ ਹਨ, ਉਨ੍ਹਾਂ ਦੀ ਕਸ਼ਮੀਰ ਸਬੰਧੀ ਕਿਹੜੀ ਤੇ ਕਿਸ ਪ੍ਰਕਾਰ ਦੀ ਭੂਮਿਕਾ ਹੈ. ਹੁਣ ਇਹ ਪਾਠਕ ਨਿਰਣਾ ਕਰਨਗੇ ਕਿ ਰਾਅ ਮੁਖੀ ਦੁਆਰਾ ਅਜਿਹਾ ਕਿਉਂ ਕੀਤਾ ਗਿਆ? ਇਸ ਪਿੱਛੇ ਕੀ ਮਨੋਰਥ ਹੋ ਸਕਦੇ ਹਨ?

ਤੀਜੀ ਗੱਲ ਇਹ ਹੈ ਕਿ ਦੁੱਲਟ ਦੁਆਰਾ ਲਿਖੀ ਗਈ ਇਹ ਦਾਸਤਾਨ ਕਸ਼ਮੀਰੀ ਆਵਾਮ ਨਾਲੋਂ ਬਿਲਕੁਲ ਟੁੱਟੀ ਹੋਈ ਹੈ. ਇਸ ਵਿਚ ਕੁਝ 'ਕੁ ਉਨ੍ਹਾਂ ਚੋਣਵੇਂ ਬੰਦਿਆਂ ਦਾ ਜ਼ਿਕਰ ਮਾਤਰ ਹੈ, ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਦੁੱਲਟ ਦੇ ਕਰੀਬੀ ਰਹੇ ਸਨ ਜਾਂ ਹਨ. ਇਨ੍ਹਾਂ ਬੰਦਿਆਂ ਦਾ ਜ਼ਿਕਰ ਵੀ ਬਹੁਤ ਹੀ ਬਚਾਅ ਸਹਿਤ ਕੀਤਾ ਗਿਆ ਹੈ, ਉਦਾਹਰਨ ਵਜੋਂ ਮਕਬੂਲ ਭੱਟ।

ਚੌਥੀ ਗੱਲ ਇਹ ਕਿ ਲੇਖਕ ਨੇ ਮਿ. ਜਗਮੋਹਨ ਨੂੰ ਕਾਫ਼ੀ ਕੋਡ ਕੀਤਾ ਹੈ. ਜਿਨ੍ਹਾਂ ਦੋਸਤਾਂ ਨੇ ਜਗਮੋਹਨ ਦੀ ਕਿਤਾਬ My Frozen Turbulence in Kashmir ਪੜ੍ਹੀ ਹੈ, ਉਹ ਜਾਣਦੇ ਹੋਣਗੇ ਕਿ ਅਜਿਹਾ ਹੀ ਕੰਮ ਖ਼ੁਦ ਜਗਮੋਹਨ ਕਰ ਚੁੱਕੇ ਹਨ। ਮਤਲਬ ਇਹ ਕਿ ਦੋਵੇਂ ਅਫ਼ਸਰਸ਼ਾਹ ਜ਼ਿੰਮੇਵਾਰੀਆਂ ਚੁੱਕਣ ਤੋਂ ਬਚਣ ਦੀ ਤਾਕ ਵਿਚ, ਇਕ-ਦੂਜੇ ਉੱਪਰ ਇਲਜ਼ਾਮ ਲਗਾਉਣ ਦੀ ਰਾਜਨੀਤੀ ਭਰ ਕਰ ਰਹੇ ਸਨ/ਹਨ। ਇਸ ਲਈ ਜੇਕਰ ਕੋਈ ਇਹ ਸਮਝਦਾ ਹੈ ਕਿ ਉਹ ਸਿਰਫ਼ ਜਗਮੋਹਨ ਜਾਂ ਦੁੱਲਟ ਦੀਆਂ ਕਿਤਾਬਾਂ ਪੜ੍ਹ ਕੇ ਸਮੱਸਿਆ ਦੀ ਗੰਭੀਰਤਾ ਨੂੰ ਸਮਝ ਸਕਦਾ ਹੈ, ਉਹ ਗ਼ਲਤ ਹੈ, ਹਾਂ ਤੁਸੀਂ ਇਕ ਵਿਚਾਰ ਜਰੂਰ ਬਣਾ ਸਕਦੇ ਹੋ, ਪਰ ਅਫ਼ਸਰਸ਼ਾਹੀ ਦੁਆਰਾ ਪੇਸ਼ ਬਿਰਤਾਂਤ ਰਾਹੀਂ ਹੋਂਦ ਵਿਚ ਆਏ ਵਿਚਾਰ ਕਿੰਨੇ 'ਕੁ ਨਿਰਪੱਖ ਹੋ ਸਕਦੇ ਹਨ, ਇਹ ਫ਼ੈਸਲਾ ਪਾਠਕ ਨੂੰ ਖ਼ੁਦ ਕਰਨਾ ਪਵੇਗਾ।

ਸਾਨੂੰ ਇਹ ਵੀ ਧਿਆਨ ਰੱਖਣਾ ਪਵੇਗਾ ਕਿ ਇਹ ਕਿਤਾਬ, ਜਿਹੜੀ ਕਿ ਬਿਨਾਂ ਸ਼ੱਕ ਇਕ ਦਸਤਾਵੇਜ਼ ਹੈ, ਸਰਕਾਰੀ ਦਸਤਾਵੇਜ਼ ਤੋਂ ਵੱਧ ਕੁਝ ਵੀ ਨਹੀਂ ਹੈ. ਇਹੀ ਇਸ ਦੀਆਂ ਸੀਮਾਵਾਂ ਅਤੇ ਇਹੀ ਇਸ ਦੀ ਅਹਿਮੀਅਤ ਹੈ. ਰਾਜਨੀਤੀ ਸ਼ਾਸਤਰ ਦਾ ਵਿਦਿਆਰਥੀ ਇਨ੍ਹਾਂ ਦੋਵਾਂ ਨੂੰ ਭਲੀ-ਭਾਂਤ ਪਛਾਣਦਾ ਹੈ, ਤੇ ਲਾਜ਼ਮੀ ਹੈ ਕਿ ਜਿਸ ਨੂੰ ਗ਼ੁਲਾਮੀ ਦਾ ਅਹਿਸਾਸ ਹੈ, ਉਹ ਵੀ ਇਸ ਨੂੰ ਖ਼ੂਬ ਪਛਾਣੇਗਾ।

-Parminder Singh Shonkey.



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਮੱਧ ਵਰਗ ਦੇ ਲੋਕਾਂ ਦੀ ਫੇਸਬੁੱਕ ਦੇ ਅਰਥ

*ਪੂੰਜੀਵਾਦੀ ਦੇ ਕਿਰਦਾਰ ਨੂੰ ਵੇਖਦਿਆਂ ਫੇਸਬੁੱਕ ਆਦਿ ਦਾ ਭਵਿੱਖ ਲੰਮਾ ਨਹੀਂ ਜਾਪਦਾ। ਪੂੰਜੀਵਾਦ ਅਜਿਹੀ ਪ੍ਰਣਾਲੀ ਹੈ ਜੋ ਇਸ ਤਰ੍ਹਾਂ ਦੇ ਫੈਸ਼ਨ ਨੂੰ ਕਦੀ ਸਥਾਈ ਹੋਣ ਦਿੰਦੀ। ਕੁਝ ਸਮੇਂ ਪਿਛੋਂ ਇਸ ਦੇ ਬਦਲ ਦੀ ਨਵੀਂ ਚੀਜ਼ ਪੇਸ਼ ਕਰ ਦਿੰਦਾ ਹੈ ਜੋ ਇਸ ਲੋੜ ਨੂੰ ਦੂਜੇ ਤਰੀਕਿਆਂ ਨਾਲ ਪੂਰਾ ਕਰਦੀ ਹੋਵੇ।*



ਸਾਡੇ ਦੇਸ਼ ਦੇ ਮੱਧ ਵਰਗੀ ਹਲਕਿਆਂ ਵਿੱਚ ਫੇਸਬੁਕ ਇਕ ਜਾਣੀ ਪਹਿਚਾਣੀ ਚੀਜ਼ ਹੈ। ਇੰਟਰਨੈੱਟ ਤੇ ਵਿਚਰਨ ਵਾਲੇ ਬਹੁਤੇ ਮੱਧਵਰਗੀ ਲੋਕ ਫੇਸਬੁੱਕ ਦੇ ਮੈਂਬਰ ਹਨ ਅਤੇ ਇਹਨਾਂ ਦੀ ਆਪਸੀ ਦੁਨੀਆਂ ’ਚ ਇਹ ਸੈਂਕੜੇ ਲੋਕਾਂ ਨੂੰ ‘‘ਫਰੈਂਡ’’ ਬਣਾਉਂਦੇ ਹੋਏ ‘‘ਲਾਇਕ’’ ਤੇ ‘‘ਨਾਟ ਲਾਈਕ’’ ਦਾ ਇਜ਼ਹਾਰ ਕਰਦੇ ਰਹਿੰਦੇ ਹਨ। ਕੁੱਝ ਤਾਂ ਲਤ ਦੀ ਹੱਦ ਤੱਕ ਇਸ ਦੀ ਗਿਰਫਤ ਵਿੱਚ ਹਨ। ਫੇਸਬੁੱਕਾਂ ਦੀ ਅਮਲੀ ਦੁਨੀਆ ’ਚ ਜਿਸ ਦਾ ਕੋਈ ਦੋਸਤ ਨਾ ਹੋਵੇ ਉਹ ਫੇਸਬੁੱਕ ’ਤੇ ਸੈਂਕੜਿਆਂ ਦੀ ਗਿਣਤੀ ਵਿੱਚ ਅਭਾਸੀ ‘ਫਰੈਂਡ’ ਬਣਾ ਲੈਂਦੇ ਹਨ ਜਾਂ ਫਿਰ ਦੂਸਰਾ ਪਹਿਲੇ ਦਾ ਸਿੱਟਾ ਹੈ। ਪੂੰਜੀਵਾਦ ਦੇ ਵਿਕਾਸ ਦੇ ਨਾਲ ਹੀ ਦੋ ਬੰਦਿਆਂ ਵਿੱਚ ਆਪਸੀ ਦੋਸਤੀ ਇੱਕ ਤਰ੍ਹਾਂ ਨਾਲ ਨਾਮੁਮਕਿਨ ਹੋ ਗਈ ਹੈ। ਦੋਸਤੀ ਕੁੱਝ ਚੀਜ਼ਾਂ ਚਾਹੁੰਦੀ ਹੈ-ਖੁਲ੍ਹਾਪਣ, ਵਿਸਵਾਸ਼,ਨਿਹਚਾ ਤੇ ਇੱਕ ਦੂਜੇ ਨੂੰ ਸਮਝਣਾ। ਇਸ ਦੇ ਨਾਲ ਹੀ ਇੱਕ ਦੂਜੇ ਲਈ ‘ਵੱਡੀ’ ਪੱਧਰ ’ਤੇ ਕੁਰਬਾਨੀ ਵੀ ਦੋਸਤੀ ਦਾ ਹਿੱਸਾ ਹੈ। ਪੂੰਜੀਵਾਦ ਵਿੱਚ ਠੀਕ ਇਹ ਚੀਜ਼ਾਂ ਗਾਇਬ ਹੋ ਜਾਂਦੀਆਂ ਹਨ ਅਤੇ ਇਸੇ ਕਰਕੇ ਦੋਸਤੀ ਨਾਮੁਮਕਿਨ ਵਰਤਾਰਾ ਹੋ ਜਾਂਦੀ ਹੈ। ਪੂੰਜੀਵਾਦ ਵਿੱਚ ਸ਼ਖ਼ਸੀਅਤ ਦਾ ਵਿਕਾਸ ਜਿਸ ਤਰ੍ਹਾਂ ਹੁੰਦਾ ਹੈ ਉਸ ’ਚ ਵੱਡੇ ਪੱਧਰ ਦੀ ਨਿੱਜਤਾ ਉਸ ਦਾ ਹਿੱਸਾ ਹੁੰਦੀ ਹੈ। ਇਹ ਪੂੰਜੀਵਾਦੀ ਵਿਅਕਤੀਵਾਦ ਦੀ ਲੋੜ ਹੈ ਅਤੇ ਇਸੇ ਕਰਕੇ ਹੀ ਪੈਦਾ ਹੁੰਦੀ ਹੈ। ਇਸ ਨਿੱਜਤਾ ਕਾਰਨ ਬੰਦਾ ਇੱਕ ਹੱਦ ਤੋਂ ਵੱਧ ਸਾਹਮਣੇ ਵਾਲਿਆਂ ਨਾਲ ਨਹੀਂ ਖੁਲ੍ਹਦਾ। ਪਰ ਬਿਨਾਂ ਖੁਲ੍ਹੇਪਣ ਦੇ ਵਿਕਾਸ ਸੰਭਵ ਨਹੀਂ ਹੈ ਤੇ ਇਸ ਤਰ੍ਹਾਂ ਵਿਸਵਾਸ਼ ਖੰਡਿਤ ਹੋ ਜਾਂਦਾ ਹੈ। ਪੂੰਜੀਵਾਦ ਬੰਦੇ ਲਈ ਆਪਣਾ ਕੁੱਝ ਨਾ ਕੁੱਝ ਛਪਾਉਣ ਲਈ ਹੈ, ਜਿਸ ਨੂੰ ਉਹ ਹਰ ਕਿਸੇ ਤੋਂ ਲਕੋਂਦਾ ਹੈ। ਕਿਉਂਕਿ ਹਰ ਬੰਦਾ ਇਹ ਕਰਦਾ ਹੈ ਇਸ ਲਈ ਉਹ ਇਹ ਮੰਨ ਕੇ ਚਲਦਾ ਹੈ ਕਿ ਸਾਹਮਣੇ ਵਾਲਾ ਵੀ ਇਹੀ ਕਰ ਰਿਹਾ ਹੋਵੇਗਾ। ਜੇ ਕੋਈ ਬੰਦਾ ਪੂਰਾ ਖੁਲ੍ਹ ਗਿਆ ਤਾਂ ਉਸ ਦੇ ਮਾੜੇ ਅਸਰ ਪਿਛੋਂ ਉਹ ਸਬਕ ਸਿੱਖ ਲੈਂਦਾ ਹੈ ਤੇ ਆਪਣੇ ਖੋਲ੍ਹ ਵਿੱਚ ਸਿਮਟ ਜਾਂਦਾ ਹੈ, ਜਿਸ ਵਿੱਚ ਸਾਹਮਣੇ ਵਾਲੇ ਦਾ ਭਰੋਸਾ ਨਹੀਂ ਬਣ ਸਕਦਾ, ਕਿਉਂਕਿ ਅਚੇਤ ਮਨ ’ਚ ਇਹ ਗੱਲ ਹੁੰਦੀ ਹੈ ਕਿ ਸਾਹਮਣੇ ਵਾਲਾ ਕੁੱਝ ਛੁਪਾ ਰਿਹਾ ਹੈ। ਇਸ ਤਰ੍ਹਾਂ ਪੂੰਜੀਵਾਦੀ ਵਿਅਕਤੀਵਾਦ ਦੇ ਬਹੁਤ ਉਚੇ ਪੱਧਰ ’ਤੇ ਪਹੁੰਚ ਜਾਣ ਕਰਕੇ ਵਿਅਕਤੀ ਦੇ ਆਪਣੇ ਹਿੱਤ ਸਭ ਤੋਂ ਪਿਆਰੇ ਹੋ ਜਾਂਦੇ ਹਨ ਅਤੇ ਇਸ ਗੱਲ ਦੀ ਗੁੰਜਾਇਸ਼ ਖਤਮ ਹੋ ਜਾਂਦੀ ਹੈ ਕਿ ਲੋਕ ਇੱਕ ਦੂਜੇ ਪ੍ਰਤੀ ਨਹਿਚਾਵਾਨ ਰਹਿਣ ਜਾਂ ਇੱਕ ਦੂਜੇ ਨੂੰ ਸਮਝ ਕੇ ਚਲਣ। ਨਿਹਚਾ ਰੁਪਏ ਪੈਸੇ ਤੇ ਨਿੱਜੀ ਹਿਤਾਂ ਦੇ ਮਤਾਹਿਤ ਹੋ ਜਾਂਦੀ ਹੈ। ਇਹਨਾਂ ਕਾਰਨਾਂ ਕਰਕੇ ਇੱਕ ਦੂਜੇ ਲਈ ਕੁਰਬਾਨੀ ਵੀ ਮੁਸ਼ਕਲ ਹੋ ਜਾਂਦੀ ਹੈ। ਗੱਲ ਸਿਰਫ ਦੋਸਤਾਂ ਤੇ ਦੋਸਤੀ ਤਕ ਸੀਮਤ ਨਹੀਂ ਹੈ। ਪੂੰਜੀਵਾਦੀ ਵਿਅਕਤੀਵਾਦ ਹੋਰ ਨਜ਼ਦੀਕੀ ਦੋਸਤਾਂ ਵਿੱਚ ਵੀ ਨਜਦੀਕੀਪੁਣੇ ਨੂੰ ਮੁਸ਼ਕਲ ਬਣਾ ਦਿੰਦਾ ਹੈ। ਇਹ ਅੱਗੇ ਵਧ ਕੇ ਪਤੀ-ਪਤਨੀ ਵਿਚਕਾਰ ਜਾਂ ਮਾਪਿਆਂ ਤੇ ਬੱਚਿਆਂ ਦਰਮਿਆਨ ਦੇ ਰਿਸ਼ਤਿਆ ਨੂੰ ਮੁਸ਼ਕਲ ਬਣਾ ਦਿੰਦਾ ਹੈ। ਬੇਹੱਦ ਨਜ਼ਦੀਕੀ ਰਿਸ਼ਤੇ ਹੌਲੀ ਹੌਲੀ ਰਵਾਇਤੀ ਬਣ ਜਾਂਦੇ ਹਨ। ਇੱਕ ਹੀ ਛੱਤ ਹੇਠ ਰਹਿੰਦੇ ਲੋਕ ਇੱਕ ਦੂਜੇ ਲਈ ਅਣਭਿਜ ਤੇ ਓਪਰੇ ਬਣ ਜਾਂਦੇ ਹਨ। ਇੱਕ ਓਪਰਾਪਣ ਉਹਨਾਂ ਦਰਮਿਆਨ ਪਸਰ ਜਾਂਦਾ ਹੈ। ਰਿਸ਼ਤਿਆ ਦਾ ਇਹ ਖਾਲੀਪਣ ਬਹੁਤ ਠੇਸ ਪਹੁੰਚਾਉਣ ਤੇ ਕੱਟਣ ਵਾਲੀ ਚੀਜ਼ ਹੁੰਦੀ ਹੈ। ਹਰ ਬੰਦਾ ਇਸ ਨੂੰ ਮਹਿਸੂਸ ਕਰਦਾ ਹੈ ਪਰ ਕੋਈ ਵੀ ਇਸ ਵਿੱਚੋਂ ਉਭਰ ਨਹੀਂ ਸਕਦਾ। ਅਕਸਰ ਹੀ ਇਹ ਨਾ ਸਮਝ ਆਉਣ ਵਾਲੀ ਬੁਝਾਰਤ ਹੁੰਦੀ ਹੈ। ਜੇ ਬੰਦਾ ਰਿਸ਼ਤਿਆ ਦੇ ਇਸ ਖਾਲੀਪਣ ਜਾਂ ਸੁੰਨੇਪਣ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਾਹਮਣੇ ਵਾਲੇ ਨੂੰ ਦੋਸ਼ੀ ਮੰਨ ਕੇ ਖੁਦ ਉਸੇ ਖੋਲ੍ਹ ਵਿੱਚ ਸਿਮਟ ਜਾਂਦਾ ਹੈ। ਏਨੀ ਭੀੜਭਾੜ ਤੇ ਭੱਜਦੌੜ ਵਾਲੀ ਦੁਨਿਆਂ ਵਿੱਚ ਬੰਦਾ ਖਲਾਅ ਚ ਤ੍ਰਿਸ਼ੰਕੂ ਵਾਗ ਲਟਕ ਜਾਂਦਾ ਹੈ। ਪੂੰਜੀਵਾਦ ਬੰਦੇ ਲਈ ਢੀਠੀਤਾ ਦਾ ਦਾਇਰਾ ਸਿਰਫ ਨਜ਼ਦੀਕੀ ਰਿਸ਼ਤੇਦਾਰਾ ਤੱਕ ਹੀ ਸੀਮਤ ਨਹੀਂ ਰਹਿੰਦਾ, ਇਹ ਵਿਸ਼ਾਲ ਸਮਾਜਿਕ ਦਾਇਰਿਆ ਤੱਕ ਫੈਲ ਜਾਂਦਾ ਹੈ।ਬੰਦਿਆਂ ਦੀ ਸਮੁੱਚੀ ਸਮਾਜਕ ਅੰਤਰ ਕ੍ਰਿਆ ਰਵਾਇਤੀ ਹੋ ਜਾਂਦੀ ਹੈ।ਬੰਦਾ ਭੈਭੀਤ ਰਹਿੰਦਾ ਹੈ ਕਿ ਉਸ ਤੋਂ ਕੋਈ ਭਾਵਨਾਤਮਕ ਜਾਂ ਭੌਤਿਕ ਮੰਗ ਨਾ ਕਰ ਲਈ ਜਾਵੇ। ਉਹ ਸਿਰਫ ਉਹਨਾਂ ਸਬੰਧਾਂ ਤੱਕ ਖੁਦ ਨੂੰ ਸੀਮਤ ਕਰ ਲੈਂਦਾ ਹੈ ਜੋ ਪੂੰਜੀਵਾਦ ਵਿੱਚ ਬਚੇ ਰਹਿਣ ਲਈ ਜ਼ਰੂਰੀ ਹੁੰਦੇ ਹਨ। ਸੰਵੇਦਨਹੀਣਤਾ ਦੀ ਇਹ ਹਾਲਤ ਲੋਕਾਂ ਦਰਮਿਆਨ ਗੱਲਬਾਤ ਨੂੰ ਬੇਹੱਦ ਪੇਤਲੇ ਪੱਧਰ ਤੱਕ ਸੀਮਤ ਜਰ ਦਿੰਦੀ ਹੈ। ਕੋਈ ਵੀ ਬੰਦਾ ਉਹ ਨਹੀਂ ਕਹਿੰਦਾ ਜੋ ਉਸ ਦੇ ਮਨ ਵਿੱਚ ਹੁੰਦਾ ਹੈ।ਉਹ ਉਸ ਨੂੰ ਰੋਕ ਕੇ ਮਹਿਫਲ ਮੁਤਾਬਕ ਕੋਈ ਚਾਲੂ ਗੱਲ ਕਰ ਰਿਹਾ ਹੁੰਦਾ ਹੈ। ਕਿਉਂਕਿ ਹਰ ਬੰਦਾ ਇਹ ਕਰ ਰਿਹਾ ਹੁੰਦਾ ਹੈ ਤੇ ਇਸ ਨੂੰ ਜਾਣਦਾ ਹੈ, ਇਸ ਲਈ ਕੋਈ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ। ਪੇਤਲੇ ਪੱਧਰ ਦੀ ਇਹ ਗੱਲਬਾਤ ਟਾਇਮ ਪਾਸ ਜਾਂ ਸਮਾਂ ਖਰਚਣ ਦਾ ਇੱਕ ਤਰੀਕਾ ਹੁੰਦੀ ਹੈ। ਜਦ ਕੁਝ ਲੋਕ ਇਸ ਨੂੰ ਗੰਭੀਰਤਾ ਨਾਲ ਲੈਂਦੇ ਹਨ ਤਾਂ ਸਥਿਤੀ ਹੋਰ ਵੀ ਜਟਿਲ ਹੋ ਜਾਂਦੀ ਹੈ। ਪੇਤਲੇ ਪੱਧਰ ਦੀ ਇਸ ਗੱਲਬਾਤ ਜਾਂ ਗੱਪਸ਼ਪ ਦੀ ਇੱਕ ਵਜ੍ਹਾ ਹੋਰ ਵੀ ਹੈ। ਪੂੰਜੀਵਾਦ ਦੀ ਥੋਕ ਪੈਦਾਵਾਰ ਦੇ ਅਨੁਸਾਰ ਮੱਧਵਰਗੀ ਹਲਕਿਆਂ ਤੱਕ ਗਿਆਨ ਵਿਗਿਆਨ ਦੀਆਂ ਸਾਰੀਆਂ ਗੱਲਾਂ ਉਸ ਸਰਲੀਕ੍ਰਿਤ ਰੂਪ ਤੱਕ ਨਹੀਂ ਪਹੁੰਚਦੀਆ ਜਿਸ ਨੂੰ ਗ੍ਰਹਿਣ ਕਰਨ ਤੇ ਦੁਹਰਾਉਣ ਲਈ ਬਹੁਤ ਕੋਸ਼ਿਸ਼ ਦੀ ਲੋੜ ਨਹੀਂ ਹੁੰਦੀ। ਇੱਕ ਖਾਲੀ ਪਰ ਭੱਜ-ਦੌੜ ਵਾਲੇ ਜੀਵਨ ਲਈ ਵੀ ਇਹ ਚੀਜ਼ ਵੱਧ ਅਨਕੂਲ ਹੈ ਕਿਉਂਕਿ ਗੂੜ ਗੰਭੀਰ ਚੀਜ਼ਾਂ ਉਹਨਾਂ ਦੀ ਚੇਤਨਾ ਤੇ ਬਹੁਤ ਦਬਾਅ ਪਾਉਂਦੀਆਂ ਹਨ, ਜਿਸ ਲਈ ਉਹ ਤਿਆਰ ਨਹੀਂ ਹੁੰਦਾ। ਪਰ ਨਾਲ ਹੀ ਇਹ ਵੀ ਸੱਚ ਹੈ ਕਿ ਅਪਸ ਵਿੱਚ ਜੁੜੀ ਤੇ ਤੇਜ਼ ਰਫ਼ਤਾਰ ਦੁਨਿਆਂ ਬਾਰੇ ਬਿਨਾਂ ਕੁੱਝ ਜਾਣੇ ਜੀਵਨ ਚੱਲ ਵੀ ਨਹੀਂ ਸਕਦਾ। ਕੁੱਝ ਹਾਲਤਾਂ ਵਿੱਚ ਗੱਪਸ਼ਪ ਤੋਂ ਉਚੇ ਕਿਸੇ ਗੰਭੀਰ ਵਿਚਾਰ ਵਟਾਂਦਰੇ ਦੀ ਗੁੰਜਾਇਸ਼ ਖਤਮ ਹੋ ਜਾਂਦੀ ਹੈ। ਮੱਧਵਰਗੀ ਵਿਅਕਤੀ ਸੰਚਾਰ ਮਾਧਿਅਮਾਂ ਕਾਰਨ ਦੁਨੀਆਂ ਦੀ ਹਰ ਚੀਜ਼ ਬਾਰੇ ਆਪਣੀ ਰਾਇ ਰੱਖਦਾ ਹੈ ਅਤੇ ਕਿਸੇ ਵੀ ਮਸਲੇ ’ਚ ਉਸ ਨਾਲ ਗੰਭੀਰਤਾ ਤੇ ਗਹਿਰਾਈ ਨਾਲ ਗੱਲ ਕੀਤੀ ਜਾ ਸਕਦੀ ਹੈ। ਉਹ ਇਸ ਨੂੰ ਮਗਜ਼ ਖਪਾਉਣ ਦੀ ਸ਼੍ਰੇਣੀ ਵਿੱਚ ਪਾ ਦਿੰਦਾ ਹੈ। ਉਹ ਖੁਦ ਨੀਵੇਂ ਪੱਧਰ ਦੀ ਗੱਲਬਾਤ ਨਾਲ ਸੰਤੁਸ਼ਟ ਰਹਿੰਦਾ ਹੈ ਜਿਸ ਦਾ ਅਸਲ ਵਿੱਚ ਕੋਈ ਅਰਥ ਹੁੰਦਾ ਹੀ ਨਹੀਂ।

ਪੂੰਜੀਵਾਦੀ ਵਿਅਕਤੀਆਂ ਦੀਆਂ ਇਹੀ ਨਿੱਜੀ, ਪਰਿਵਾਰਕ ਤੇ ਸਮਾਜਿਕ ਹਾਲਾਤ ਹਨ ਜਿਹਨਾਂ ਵਿੱਚ ਇਹ ਫੇਸਬੁੱਕ ਵੱਲ ਖਿਚਿਆ ਜਾਂਦਾ ਹੈ ਅਤੇ ਕਈ ਵਾਰ ਲਤ ਦੀ ਹੱਦ ਤੱਕ ਇਸ ਨਾਲ ਚਿੰਬੜ ਜਾਂਦਾ ਹੈ। ਅਸਲ ਦੁਨੀਆ ਵਿੱਚ ਉਸ ਦੇ ਦੋਸਤ ਨਹੀਂ ਹਨ ਅਤੇ ਨਾ ਹੀ ਉਹ ਦੋਸਤੀ ਕਰ ਸਕਦਾ ਹੈ। ਇਸ ਲਈ ਉਹ ਫੇਸਬੁੱਕ ਤੇ ਹੀ ਵੱਡੀ ਗਿਣਤੀ ਵਿੱਚ ‘‘ਫਰੈਂਡ’’ ਬਣਾਉਂਦਾ ਹੈ। ਫੇਸਬੁੱਕ ਦੀ ਆਭਾਸੀ ਦੁਨਿਆਂ ਦੇ ਏਨੇ ਸਾਰੇ ‘‘ਫਰੈਂਡ’’ ਉਸ ਦੀ ਅਸਲ ਦੋਸਤੀ ਦੀ ਲੋੜ ਨੂੰ ਕਿਸੇ ਹੱਦ ਤੱਕ ਉਸ ਦੀਆਂ ਆਪਣੀਆ ਸ਼ਰਤਾਂ ਤੇ ਪੂਰਾ ਕਰਦੇ ਹਨ। ਇਹ ਮਹੱਤਵਪੂਰਣ ਹੈ ਕਿ ਇਸ ਆਭਾਸੀ ‘‘ਫਰੈਂਡਸ਼ਿਪ’’ ਦੇ ਮਾਮਲੇ ਵਿੱਚ ਖੁਲ੍ਹਾਪਣ, ਵਿਸ਼ਵਾਸ਼ ਤੇ ਨਹਿਚਾ ਦੀ ਕੋਈ ਲੋੜ ਨਹੀਂ ਹੈ। ਇਹਨਾਂ ‘‘ਫਰੈਂਡਾ’’ ਨਾਲ ਦੋਸਤੀ ਇਸ ਮਾਮਲੇ ’ਚ ਇਕਤਰਫਾ ਹੈ ਕਿ ਇਹਨਾਂ ਚੋਂ ਕਿਸੇ ਨੂੰ ਕਦੀ ਵੀ ‘‘ਡੀ ਫਰੈਂਡ’’ ਕੀਤਾ ਜਾ ਸਕਦਾ ਹੈ। ਅਸਲੀ ਦੁਨੀਆ ਵਿੱਚ ਦੋਸਤੀ ਤੋੜਨਾ ਕਾਫੀ ਮੁਸ਼ਕਲ ਸਾਬਿਤ ਹੁੰਦਾ ਹੈ ਪਰ ਫੇਸਬੁੱਕ ਦੀ ਆਭਾਸੀ ਦੁਨੀਆਂ ਵਿੱਚ ਦੋਸਤੀ ਤੋੜਨ ਲਈ ਮਾਊਸ ਦਾ ਬੱਸ ਇੱਕ ਕਲਿਕ ਹੀ ਕਾਫ਼ੀ ਹੈ। ਇਸ ਤਰ੍ਹਾਂ ਇਹ ਦੋਸਤੀ ਪੂਰੀ ਤਰ੍ਹਾਂ ਇਕਤਰਫਾ ਕੰਟਰੋਲ ਹੁੰਦੀ ਹੈ। ਪਰ ਦੋਸਤੀ ਤੇ ਇੱਕਤਰਫਾ ਕੰਟਰੋਲ ਦੀ ਚੀਜ਼ ਹੀ ਠੀਕ ਉਹ ਚੀਜ਼ ਹੈ ਜੋ ਫੇਸਬੁੱਕ ਤੇ ਦੋਸਤੀ ਨੂੰ ਏਨਾ ਖਿੱਚਵਾ ਬਣਾ ਦਿੰਦੀ ਹੈ। ਇਸ ਲਈ ਇਹ ਦੋਸਤੀ ਨਾ ਤਾਂ ਅਸਲੀ ਹੁੰਦੀ ਹੈ ਅਤੇ ਨਾ ਹੀ ਹੋ ਸਕਦੀ ਹੈ। ਅਸਲ ਜੀਵਨ ਵਿੱਚ ਦੋਸਤੀ ਬੇਹੱਦ ਮੁਸ਼ਕਲ ਹੋ ਜਾਣ ਦਾ ਕਾਰਣ ਪੂੰਜੀਵਾਦ ਵਿਅਕਤੀਵਾਦ ਹੈ ਜੋ ਉਹ ਮੰਗ ਕਰਦਾ ਹੈ ਕਿ ਸਾਹਮਣੇ ਵਾਲਾ ਬੰਦਾ ਉਸ ਦੇ ਹਿਸਾਬ ਨਾਲ ਚੱਲੇ। ਆਪਣੀ ਵਾਰੀ ਸਾਹਮਣੇ ਵਾਲਾ ਵੀ ਇਹੀ ਮੰਗ ਕਰਦਾ ਹੈ। ਇਸ ਲਈ ਦੋਸਤੀ ਬੇਹੱਦ ਮੁਸ਼ਕਲ ਹੋ ਜਾਂਦੀ ਹੈ ਪਰ ਫੈਸਬੁੱਕ ਦਾ ‘ਫਰੈਂਡ’ ਤੇ ਉਸ ਨਾਲ ‘ਫਰੈਂਡਸ਼ਿਪ’ ਇੱਕ ਪਾਸਿਉਂ ਕੰਟਰੋਲ ਕੀਤੀ ਜਾ ਸਕਦੀ ਹੈ। ਸਾਹਮਣੇ ਵਾਲੇ ਦੀ ਕਿਸੇ ਵੀ ਭਾਵਨਾਤਮਕ ਜਾਂ ਭੌਤਿਕ ਮੰਗ ਨੂੰ ਮਾਊਸ ਦੀ ਇੱਕ ਕਲਿਕ ਨਾਲ ਹੀ ਨਿਪਟਾਇਆ ਜਾ ਸਕਦਾ ਹੈ। ਰਿਸ਼ਤਿਆ ’ਤੇ ਇਹ ਇੱਕ ਤਰਫਾ ਤੇ ਪੂਰਾ ਕੰਟਰੋਲ ਉਦੋਂ ਬਹੁਤ ਦਿਲਖਿਚਵਾ ਹੋ ਜਾਂਦਾ ਹੈ ਜਦ ਅਸਲੀ ਦੁਨੀਆਂ ਵਿੱਚ ਵਿਅਕਤੀ ਦਾ ਆਪਣੇ ਰਿਸ਼ਤਿਆ ’ਤੇ ਭੋਰਾ ਵੀ ਕੰਟਰੋਲ ਨਾ ਹੋਵੇ ਤੇ ਜਿਸ ਦੀ ਵਜਾਹ ਨਾਲ ਇਹ ਭੱਜ ਕੇ ਆਪਣੀ ਖੇਡ ਵਿੱਚ ਸਿਮਟ ਜਾਂਦਾ ਹੋਵੇ। ਰਿਸ਼ਤਿਆ ਤੇ ਇਹ ਇੱਕ-ਤਰਫਾ ਕੰਟਰੋਲ ਪੂੰਜੀਵਾਦੀ ਵਿਅਕਤੀ ਦੀ ਉਸ ਮੈਂ ਨੂੰ ਬਹੁਤ ਸੰਤੁਸ਼ਟ ਕਰਦਾ ਹੈ ਜਿਸ ਤੇ ਅਸਲ ਵਿੱਚ ਹਰ ਸਮੇਂ ਮਾਰ ਪੈਂਦੀ ਰਹਿੰਦੀ ਹੈ ਤੇ ਇਸ ਦੇ ਹਿਸਾਬ ਨਾਲ ਲੱਗਭੱਗ ਕੁੱਝ ਨੂੰ ਹੁੰਦਾ ਹੈ। ਅਸਲੀ ਜ਼ਿੰਦਗੀ ਵਿੱਚ ਢੀਠਤਾ ਤੇ ਗੱਲਬਾਤ ਦਾ ਸਿਰਫ ਗੱਪਸ਼ਪ ਦੇ ਪੱਧਰ ’ਤੇ ਉਤਰ ਆਉਣਾ ਫੇਸਬੁੱਕ ਦੀ ਖਿੱਚ ਦਾ ਇੱਕ ਹੋਰ ਕਾਰਣ ਹੈ। ਫੇਸਬੁੱਕ ਆਪਣੇ ਤਾਣੇਬਾਣੇ ਵਿੱਚ ਹੀ ਕਿਸੇ ਗੰਭੀਰ ਸੰਵਾਦ ਬਦਲੇ ਗੱਪਸ਼ਪ ਨੂੰ ਹੱਲਾਸ਼ੇਰੀ ਦੇਣ ਵਾਲੀ ਹੈ। ਜੇ ਕੋਈ ਸੰਵਾਦ ਗੰਭੀਰ ਹੋਵੇ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਲੰਬੇ ਲੰਬੇ ਬਿਆਨਾ ’ਚ ਤਬਦੀਲ ਹੋ ਜਾਵੇ, ਪਰ ਫੇਸਬੁੱਕ ਤੇ ਏਨੀ ਲੰਬੀ ਪੋਸਟਿੰਗ ਕੌਣ ਕਰੂ? ਆਹਣੇ ਸਾਹਮਣੇ ਦੇ ਸੰਵਾਦ ਵਿੱਚ ਸਾਹਮਣੇ ਵਾਲੇ ਦਾ ਸੰਪੂਰਨ ਵਿਅਕਤਿਤਵ ਮੌਜੂਦ ਰਹਿੰਦਾ ਹੈ ਅਤੇ ਇਥੇ ਇਹ ਸੰਵਾਦ ਨੂੰ ਹੋਰ ਅਰਥ ਮਹੱਈਆ ਕਰਦਾ ਹੈ। ਪਰ ਫੇਸਬੁੱਕ ਤੇ ਉਹ ਮਹਿਜ਼ ਲਿਖੇ ਹੋਏ ਅੱਖਰ ਜਾਂ ਚਿੱਤਰ ਹੁੰਦੇ ਹਨ ਉਹ ਕਿਵੇਂ ਇਹ ਪ੍ਰਭਾਵ ਪੈਦਾ ਕਰਨਗੇ? ਕੁੱਲ ਮਿਲਾ ਕੇ ਫੈਸਬੁੱਕ ਗੱਪੱਸ਼ਪ ਦਾ ਉਹ ਅੱਡਾ ਹੈ ਜਿਥੇ ਕਿਸੇ ਵੀ ਵਿਸ਼ੇ ਤੇ ਕੋਈ ਚਾਲੂ ਟਿਪਣੀ ਕੀਤੀ ਜਾ ਸਕਦੀ ਹੈ। ਉਹ ਵਿਸ਼ਾ ਚਾਹੇ ਸਾਹਮਣੇ ਵਾਲੇ ਦਾ ਪਹਿਰਾਵਾ ਹੋਵੇ ਜਾਂ ਨਰੇਂਦਰ ਮੋਦੀ ਦੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਦੀ ਲਾਲਸਾ। ਇਸ ਤਰ੍ਹਾਂ ਦੀ ਗੱਪਸ਼ਪ ਦੀ ਮਹਿਜ ਅੱਜ ਬਹੁਤ ਜ਼ਰੂਰਤ ਪੈ ਗਈ ਹੈ ਕਿ ਗੱਪਸ਼ੱਪ ਦੇ ਰਵਾਇਤੀ ਅੱਡੇ ਖਤਮ ਹੋ ਗਏ ਹਨ। ਉਦਾਰੀਕਰਨ ਦੇ ਇਸ ਦੌਰ ਵਿੱਚ ਕੁਝ ਸਰਕਾਰੀ ਦਫਤਰਾਂ ਨੂੰ ਛੱਡ ਦਈਏ ਤਾਂ ਕੰਮ ਦੀਆਂ ਥਾਵਾਂ ਤੇ ਗੱਪਸ਼ਪ ਦੀ ਗੁੰਜਾਇਸ਼ ਨਹੀਂ ਬਚੀ ਹੈ। ਭੱਜ ਦੌੜ ਕਾਰਨ ਮਨੋਰੰਜਨ ਦੀਆਂ ਥਾਵਾਂ ਦੀ ਗੱਪਸ਼ੱਪ ਵੀ ਗਾਇਬ ਹੋ ਗਈ ਹੈ ਖਾਸ ਕਰਕੇ ਗੱਪਸ਼ੱਪ ਦੀ ਸਭ ਤੋਂ ਮੁੱਖ ਜਗ੍ਹਾ ਯਾਨੀ ਰਿਹਾਇਸ਼ ਦੀ ਥਾਂ ਤੇ ਵੀ ਇਹ ਹੁਣ ਨਹੀਂ ਹੋ ਪਾ ਰਹੀ ਹੈ। ਪਹਿਲਾਂ ਇੱਕ ਦੂਜੇ ਦੇ ਘਰ ਦੇ ਜਾਂ ਚਾਹਖਾਨੇ ਜਾਂ ਆਸ ਪਾਸ ਦੀਆਂ ਚਾਹ ਦੀਆਂ ਦੁਕਾਨਾਂ ਇਸ ਦੀਆਂ ਮੁੱਖ ਥਾਵਾਂ ਸਨ। ਅੱਜ ਕੱਲ੍ਹ ਦੀਆਂ ਗੇਟ ਬੰਦ ਕਾਲੋਨੀਆਂ ’ਚ ਲੋਕ ਆਪਣੇ ਘਰਾਂ ਤਕ ਸੀਮਤ ਰਹਿੰਦੇ ਹਨ। ਅਜਿਹੇ ’ਚ ਗੱਪ ਸੱਪ ਦੀ ਲੋੜ ਉਨ੍ਹਾਂ ਨੂੰ ਫੇਸਬੁੱਕ ਵੱਲ ਲੈ ਜਾਂਦੀ ਹੈ। ਕਈ ਮਾਅਨਿਆਂ ’ਚ ਇਹ ਗੱਪਸ਼ੱਪ ਵੱਧ ਸੌਖੀ ਵੀ ਸਾਬਤ ਹੁੰਦੀ ਰਹਿੰਦੀ ਹੈ ਤੇ ਇਸ ਵਿੱਚ ਕਿਧਰੇ ਹਿਲਣਾ ਵੀ ਨਹੀਂ ਪੈਂਦਾ ਅਤੇ ਇਸ ਗੱਪਸ਼ਪ ਨੂੰ ਆਪਣੀ ਸਹੂਲਤ ਅਨੁਸਾਰ ਕਦੇ ਵੀ ਚਾਲੂ ਰੱਖਿਆ ਜਾਂ ਬੰਦ ਕੀਤਾ ਜਾ ਸਕਦਾ ਹੈ। ਇੱਕ ਵਾਰ ਫਿਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਅਸਲ ਜ਼ਿੰਦਗੀ ਚ ਕਿਸੇ ਵੀ ਚੀਜ਼ ਤੇ ਆਪਣਾ ਕੰਟਰੋਲ ਨਾ ਮਹਿਸੂਸ ਕਰਨ ਵਾਲੇ ਬੰਦਿਆਂ ਲਈ ਆਭਾਸੀ ਦੁਨੀਆਂ ਦੇ ਕੰਟਰੋਲ ਅਤੇ ਅਚੇਤ ਮਨ ਦੇ ਤੌਰ ’ਤੇ ਬਹੁਤ ਤਸੱਲੀ ਮੁਹੱਈਆ ਕਰਨ ਵਾਲਾ ਹੁੰਦਾ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਵੇਖੀਏ ਤਾਂ ਫੇਸਬੁੱਕ ਦੀ ਖਿੱਚ ਦਾ ਕਾਰਨ ਇਹੀ ਹੈ ਕਿ ਇਹ ਅੱਜ ਦੇ ਪੂੰਜੀਵਾਦੀ ਵਿਅਕਤੀ ਦੀ ਅਸਲੀ ਜਿੰਦਗੀ ਦੀਆਂ ਕੁਝ ਲੋੜਾਂ ਨੂੰ ਇੰਟਰਨੈੱਟ ਦੀ ਅਭਾਸੀ ਦੁਨੀਆਂ ’ਚ ਪੂਰਾ ਕਰਦਾ ਹੈ। ਦੋਸਤ ਸੰਵਾਦ ਤੋਂ ਲੈ ਕੇ ਚੀਜ਼ਾਂ ਤੇ ਕੰਟਰੋਲ ਤੱਕ ਉਸ ਦੀਆਂ ਲੋੜਾਂ ਆਭਾਸੀ ਦੁਨੀਆ ’ਚ ਆਭਾਸੀ ਤਰੀਕੇ ਨਾਲ ਪੂਰੀਆਂ ਹੁੰਦੀਆਂ ਹਨ ਪਰ ਕਿਉਂਕਿ ਇਹ ਅਸਲ ’ਚ ਪੂਰੀਆਂ ਨਹੀਂ ਹੁੰਦੀਆਂ ਇਸ ਲਈ ਜਿਵੇਂ ਕਿ ਕਹਿੰਦੇ ਹਨ ਪਿਆਸ ਬਣੀ ਰਹਿੰਦੀ ਹੈ। ਥੋੜ੍ਹਾ ਹੋਰ ਡੂੰਘਾਈ ਵਿੱਚ ਦੇਖਿਆ ਜਾਵੇ ਤਾਂ ਫੇਸਬੁੱਕ ਤੇ ਇੰਟਰਨੈੱਟ ਦੀ ਇਹ ਅਵਾਸੀ ਦੁਨੀਆਂ ਸਰਮਾਏਦਾਰੀ ਨਿਜ਼ਾਮ ਦੇ ਵਿਅਕਤੀ ਦੇ ਅਲਗਾਵ ਦਾ ਹੀ ਇੱਕ ਹੋਰ ਨਵਾਂ ਹੀ ਇਜ਼ਹਾਰ ਹੈ। ਮੂਲ ਕਾਰਨ ਤਾਂ ਪੁਰਾਣਾ ਹੈ ਇਸ ਦਾ ਰੂਪ ਹੀ ਨਵਾਂ ਹੈ। ਸਰਮਾਏਦਾਰੀ ਜਾਂ ਅਰਧ-ਜਾਗੀਰੂ ਸਮਾਜ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਆਪਣੇ ਵਿਕਾਸ ਦੇ ਨਾਲ ਬੰਦਿਆਂ ਦੇ ਅਲਗਾਵ ਦੀ ਸਮੱਸਿਆ ਨੂੰ ਜਨਮ ਦਿੰਦਾ ਹੈ। ਹਰੇਕ ਬੰਦਾ ਖ਼ੁਦ ਤੋਂ ਅਤੇ ਆਪਣੀ ਦੂਜਿਆਂ ਤੋਂ ਇਕੱਲੇਪਣ ਵਿੱਚ ਪੈ ਜਾਂਦਾ ਹੈ। ਇਸ ਦੀ ਆੜ ’ਚ ਪੂੰਜੀਵਾਦ ਦੀ ਇਹ ਮੂਲ ਬੁਨਿਆਦੀ ਗਤੀ ਹੈ ਜਿਸ ਵਿੱਚ ਬੰਦੇ ਤਾਂ ਉਸ ਦੀ ਕਿਰਤ ਦੀ ਵਸਤੂ ਤੋਂ ਅਲਗਾਹ (ਸੁੰਨਾਪਣ) ਹੋ ਜਾਂਦੀ ਹੈ। ਪੂੰਜੀਵਾਦ ਚ ਮਜ਼ਦੂਰ ਜੋ ਪੈਦਾ ਕਰਦਾ ਹੈ ਇਹ ਉਹਦਾ ਨਹੀਂ ਬਲਕਿ ਸਰਮਾਏਦਾਰ ਦਾ ਹੁੰਦਾ ਹੈ। ਇਹੀ ਨਹੀਂ ਕਿਰਤ ਦੇ ਅਮਲ ਵਿੱਚ ਵੀ ਕਿਰਤ ਤੇ ਉਸ ਦਾ ਨਹੀਂ ਬਲਕਿ ਸਰਮਾਏਦਾਰ ਦਾ ਕੰਟਰੋਲ ਹੁੰਦਾ ਹੈ। ਇਸ ਤਰ੍ਹਾਂ ਮਜ਼ਦੂਰ ਦਾ ਉਸ ਦੀ ਮਾਨਵੀ ਹੋਂਦ ਦੀ ਬੁਨਿਆਦੀ ਚੀਜ਼ ਭਾਵ ਕਿਰਤ ਤੇ ਉਸ ਦੀ ਵਸਤ ਪੈਦਾਵਾਰ ਤੋਂ ਅਲਗਾਵ ਹੋ ਜਾਂਦਾ ਹੈ। ਵਸਤਾਂ ਦੀ ਖਰੀਦੋ ਫਰੋਖਤ ਦੇ ਜ਼ਰੀਏ ਇਕੱਲਤਾ ਦਾ ਇਹ ਅਮਲ ਸਮਾਜ ’ਚ ਇੱਕ ਵੱਖਰਾ ਰੂਪ ਧਾਰਨ ਕਰ ਲੈਂਦਾ ਹੈ। ਪੈਦਾਵਾਰ ਵੰਡ ਦੇ ਖੇਤਰ ਵਿੱਚ ਪੈਦਾ ਹੋਇਆ ਲਗਾਅ ਦਾ ਇਹ ਅਮਲ ਉਸ ਤੇ ਆਧਾਰਤ ਇਹ ਇਨਸਾਨਾਂ ਦੀ ਪਰਿਵਾਰਕ ਸਮਾਜਿਕ ਜ਼ਿੰਦਗੀ ’ਚ ਵੀ ਆਪਣੇ ਆਪ ਦਾ ਇਜ਼ਹਾਰ ਕਰਦਾ ਹੈ। ਬੰਦੇ ਦਾ ਖੁਦ ਤੋਂ ਵਿਛੋੜਾ ਅਤੇ ਬਾਕੀ ਲੋਕਾਂ ਤੋਂ ਨਿਖੇੜਾ ਆਮ ਚੀਜ਼ ਬਣ ਜਾਂਦੀ ਹੈ। ਰਿਸ਼ਤਿਆਂ ਦਾ ਖੋਖਲਾਪਣ, ਅਜਨਬੀਪਣ, ਓਪਰਾਪਨ, ਸੰਵਾਦਹੀਨਤਾ ਆਦਿ ਇਸ ਦੇ ਅਨੇਕਾਂ ਰੂਪ ਹਨ। ਨਿੱਜੀ ਜਾਇਦਾਦ ਦੀ ਮਾਰ ਧਾੜ ਤੇ ਪੂੰਜੀਵਾਦੀ ਵਿਅਕਤੀਵਾਦ ਨਾਲ ਮਿਲ ਕੇ ਇਹ ਪੀ-ਘਟਨਾ ਬੇਹੱਦ ਕਟੂ ਹੋ ਜਾਂਦੀ ਹੈ। ਫੇਸਬੁੱਕ ਬੰਦਿਆਂ ਵਿਚਾਲੇ ਇਸ ਨਿਖੇੜੇ ਦੀ ਆਵਾਸੀ ਦੁਨੀਆਂ ਨੂੰ ਤੋੜਨ ਦੀ ਕੋਸ਼ਿਸ਼ ਵੀ ਹੈ। ਅਸਲ ਦੁਨੀਆਂ ਦਾ ਨਿਖੇੜਾ ਜਿੰਨਾ ਵੱਧ ਦੁਖਦਾਈ ਹੁੰਦਾ ਹੈ ਆਭਾਸੀ ਦੁਨੀਆਂ ’ਚ ਉਸ ਤੋਂ ਪਾਰ ਲੰਘਣ ਦੀ ਕੋਸ਼ਿਸ਼ ਵੱਧ ਜਾਂਦੀ ਹੈ। ਅਸਲੀ ਦੁਨੀਆਂ ਵਿੱਚ ਲੋਕ ਆਪਣੇ ਗੁਆਂਢੀ ਨਾਲ ਵੀ ਨਹੀਂ ਜੁੜੇ ਹਨ ਪਰ ਫਰਜ਼ੀ ਦੁਨਿਆਂ ਵਿੱਚ ਕੋਨੇ ਕੋਨੇ ਨਾਲ਼ ਇਹ ਲੋਕ ਜੁੜੇ ਹਨ। ਫਿਰ ਫੇਸਬੁੱਕ ਵਰਗੀ ਫ਼ਰਜ਼ੀ ਆਭਾਸੀ ਦੁਨੀਆਂ ਦਾ ਕੀ ਭਵਿੱਖ ਹੈ? ਇਹ ਕਦੋਂ ਤੱਕ ਤੇ ਕਿਸ ਹੱਦ ਤੱਕ ਅਸਲ ਦੁਨੀਆਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਰਹੇਗੀ? ਪੂੰਜੀਵਾਦੀ ਦੇ ਕਿਰਦਾਰ ਨੂੰ ਵੇਖਦਿਆਂ ਫੇਸਬੁੱਕ ਆਦਿ ਦਾ ਭਵਿੱਖ ਲੰਮਾ ਨਹੀਂ ਜਾਪਦਾ। ਪੂੰਜੀਵਾਦ ਅਜਿਹੀ ਪ੍ਰਣਾਲੀ ਹੈ ਜੋ ਇਸ ਤਰ੍ਹਾਂ ਦੇ ਫੈਸ਼ਨ ਨੂੰ ਕਦੀ ਸਥਾਈ ਹੋਣ ਦਿੰਦੀ। ਕੁਝ ਸਮੇਂ ਪਿਛੋਂ ਇਸ ਦੇ ਬਦਲ ਦੀ ਨਵੀਂ ਚੀਜ਼ ਪੇਸ਼ ਕਰ ਦਿੰਦਾ ਹੈ ਜੋ ਇਸ ਲੋੜ ਨੂੰ ਦੂਜੇ ਤਰੀਕਿਆਂ ਨਾਲ ਪੂਰਾ ਕਰਦੀ ਹੋਵੇ। ਇੱਥੋਂ ਤੱਕ ਕਿ ਪੂੰਜੀਵਾਦ ਧਰਮ ਸਬੰਧੀ ਵੀ ਇਹੀ ਕਰਦਾ ਹੈ। ਜਦ ਢੇਰਾਂ ਬਾਬੇ ਪੈਦਾ ਹੁੰਦੇ ਤੇ ਅਲੋਪ ਹੁੰਦੇ ਰਹਿੰਦੇ ਹਨ ਪਰ ਫੇਸਬੁੱਕ ਬਨਾਉਟੀ ਫਰਜ਼ੀ ਜਾਂ ਆਵਾਸੀ ਢੰਗ ਨਾਲ ਪੂੰਜੀਵਾਦੀ ਬੰਦੇ ਦੀਆਂ ਜਿੰਨੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਉਹ ਤਾਂ ਅਸਲੀ ਹੈ। ਉਹ ਨਾ ਸਿਰਫ ਅਸਲੀ ਹਨ ਬਲਕਿ ਪੂੰਜੀਵਾਦੀ ਵਿਕਾਸ ਦੇ ਨਾਲ ਉਹ ਵਧਦੀਆਂ ਜਾਣਗੀਆਂ। ਜਦ ਮੱਧਵਰਗੀ ਲੋਕ ਖੁੱਲ੍ਹੇ ਮੁਹੱਲਿਆਂ ਚੋਂ ਨਿਕਲ ਕੇ ਬਹੁ ਮੰਜ਼ਿਲੀ ਗੇਟ ਬੰਦ ਕਾਲੋਨੀਆਂ ਚ ਪਹੁੰਚ ਜਾਂਦੇ ਹਨ ਤਾਂ ਉਨ੍ਹਾਂ ਦੀ ਨਿਖੇੜੇ ਦੀ ਸਮੱਸਿਆ ਹੋਰ ਵੱਧ ਜਾਂਦੀ ਹੈ। ਮੁਕਾਬਲਾ ਵਧਣ ਦੇ ਨਾਲ ਦੋਸਤੀ ਹੋਰ ਮੁਸ਼ਕਿਲ ਹੁੰਦੀ ਜਾਂਦੀ ਹੈ। ਜ਼ਿੰਦਗੀ ਦੇ ਹਰ ਹਿੱਸੇ ’ਚ ਪੂੰਜੀ ਦੇ ਦਖਲ ਨਾਲ ਪਰਿਵਾਰਕ ਸਬੰਧਾਂ ਵਿੱਚ ਨਜ਼ਦੀਕੀਪਣ ਦੀ ਗੁੰਜਾਇਸ਼ ਹੋਰ ਘਟ ਜਾਂਦੀ ਹੈ। ਪੂੰਜੀਵਾਦ ’ਚ ਮੰਗ ਦੇ ਮੁਤਾਬਕ ਸਪਲਾਈ ਦੇ ਸਿਧਾਂਤ ਅਨੁਸਾਰ ਪੂੰਜੀਵਾਦੀ ਤੋਂ ਪੈਦਾ ਇਨ੍ਹਾਂ ਸਮੱਸਿਆਵਾਂ ਤੇ ਫੇਸਬੁੱਕ ਨੁਮਾ ਹੱਲ ਹੀ ਸਾਹਮਣੇ ਆਉਣਗੇ ਪਰ ਇਹ ਸਿਰਫ ਵਕਤੀ ਹੀ ਸਾਬਤ ਹੋਣਗੇ ਕਿਉਂਕਿ ਨਾ ਤਾਂ ਉਹ ਅਸਲੀ ਸਮੱਸਿਆ ਦਾ ਹੱਲ ਹਨ ਤੇ ਨਾ ਹੋ ਸਕਦੇ ਹਨ। ਅਸਲ ਹੱਲ ਸਿਰਫ਼ ਪੂੰਜੀਵਾਦ ਦੇ ਖਾਤਮੇ ਨਾਲ ਹੋਣਾ ਹੈ।



ਹਰੀਪਾਲ
403-714-4816

# ਧਰਤੀ ਤੇ ਬੋਝ ਹਨ ਇਹ ਅਮੀਰ ਲੋਕ



*ਲੋਕਾਂ ਵਿੱਚ ਰੱਬ ਦਾ ਡਰ, ਧਰਮ ਦਾ ਡਰ, ਕਾਨੂੰਨ ਦਾ ਡਰ, ਗੱਲ ਕੀ ਇਹ ਚਹੁੰਦੇ ਹਨ ਕਿ ਲੋਕ ਡਰ ਵਿੱਚ ਹੀ ਜੰਮਣ, ਡਰ ਵਿੱਚ ਹੀ ਜਿਉਣ ਅਤੇ ਡਰ ਵਿੱਚ ਹੀ ਮਰਨ ਤਾਂ ਕਿ ਇਹਨਾਂ ਦੀਆਂ ਗੱਦੀਆਂ ਸਲਾਮਤ ਰਹਿਣ। ਜਦੋਂ ਵੀ ਗਰੀਬ ਲੋਕਾਂ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਨੱਕ ਚੜ੍ਹਾ ਕੇ ਇਹ ਗਰੀਬ ਲੋਕਾਂ ਨੂੰ ਆਲ਼ਸੀ, ਨਿਕੱਮੇ, ਲੇਜ਼ੀ ਵਗੈਰਾ ਦਾ ਖਿਤਾਬ ਦਿੰਦੇ ਹਨ।*

ਇਹਨਾਂ ਅਮੀਰਾਂ ਨੇ ਸਾਡੇ ਸੱਭਿਆਚਾਰ ਨੂੰ ਬਦਲ ਕੇ ਰੱਖ ਦਿੱਤਾ ਹੈ, ਸਾਡੀ ਆਰਥਿਕਤਾ ਨੂੰ ਖੋਰਾ ਲਾਇਆ ਹੈ, ਸਾਡੀ ਡੈਮੋਕਰੇਸੀ ਦਾ ਫਾਹਾ ਵੱਡ ਦਿੱਤਾ ਹੈ। ਇਹਨਾਂ ਰਾਇਸਾਂ ਦੀ ਅਮੀਰਜ਼ਾਦਿਆਂ ਦੀ ਕੋਈ ਨੈਤਿਕਤਾ ਨਹੀਂ। ਇਹਨਾਂ ਲੋਕਾਂ ਨੇ ਪੈਸੇ ਦੀ ਪ੍ਰਧਾਨਗੀ ਨੂੰ ਸਰਬਵਿਆਪੀ ਬਿਮਾਰੀ ਬਣਾ ਕੇ ਰੱਖ ਦਿੱਤਾ ਹੈ। ਇਕ ਇਸਾਈ ਸੰਤ ਫਰੈਡਰਿਕ ਹੇਕ ਨੇ ਵੀ ਕਹਿ ਦਿੱਤਾ ਕੇ ਸਮਾਜ ਨੂੰ ਅੱਗੇ ਲਿਜਾਣ ਵਿੱਚ ਅਮੀਰ ਲੋਕਾਂ ਦਾ ਬਹੁਤ ਵੱਡਾ ਹੱਥ ਹੈ। ਦੌਲਤ ਇਹਨਾਂ ਲੋਕਾਂ ਨੂੰ ਜ਼ਿੰਦਗੀ ਦਾ ਇੱਕ ਨਵਾਂ ਲਾਈਫ ਸਟਾਈਲ ਦਿੰਦੀ ਹੈ, ਨਵੇਂ ਵਿਚਾਰ ਪੈਦਾ ਕਰਦੀ ਹੈ ਅਤੇ ਇਹ ਅਮੀਰ ਆਪਣੇ ਸੱਭਿਆਚਾਰ ਨੂੰ ਹੋਰ ਅਮੀਰ ਕਰਦੇ ਹਨ। ਪਰ ਇਸੇ ਇਸਾਈ ਸੰਤ ਦੀ ਅਮੀਰ ਲੋਕਾਂ ਬਾਰੇ ਇਹ ਧਾਰਨਾ ਬਿਲਕੁਲ ਗਲਤ ਹੈ, ਅਸਲ ਵਿੱਚ ਇਹ ਅਮੀਰ ਹੀ ਹਨ, ਜਿਨ੍ਹਾਂ ਨੇ ਸਭ ਰਿਸ਼ਤੇ ਨਾਤੇ ਭਾਸ਼ਾਵਾਂ ਦਾ ਖਾਤਮਾ ਕਰ ਦਿੱਤਾ ਹੈ।

ਇਹਨਾਂ ਅਮੀਰ ਲੋਕਾਂ ਕੋਲ਼ ਪ੍ਰਾਈਵੇਟ ਜਹਾਜ਼ਾਂ ਦੀ ਗਿਣਤੀ ਦਾ ਵੀ ਕੋਈ ਅੰਤ ਨਹੀਂ। ਸੰਨ 1970 ਤੋਂ ਲੈ ਕੇ 2000 ਤੱਕ ਇਹਨਾਂ ਦੇ ਪ੍ਰਾਈਵੇਟ ਜੈਟਾਂ ਦੀ ਗਿਣਤੀ 10 ਗੁਣਾਂ ਵਧ ਗਈ ਹੈ ਪਰ ਸਵਾਰੀ ਹਿਸਾਬ, ਇਹ ਲਗ਼ਜਰੀ ਪਲੇਨ, ਕਮਰਸ਼ੀਅਲ ਜਹਾਜ਼ ਨਾਲ਼ੋਂ 6 ਗੁਣਾਂ ਜ਼ਿਆਦਾ ਕਾਰਬਨ ਹਵਾ ਵਿੱਚ ਰਲਾਉਂਦੇ ਹਨ। ਇਹਨਾਂ ਅਮੀਰਾਂ ਦੀਆਂ ਵੱਡੀਆਂ ਵੱਡੀਆਂ ਕਿਸ਼ਤੀਆਂ ਯਾਚਟਜ਼ ਫੁੱਟਬਾਲ ਦੇ ਗਰਾਊਂਡ ਜਿੱਡੀਆਂ ਵੱਡੀਆਂ ਹਨ, ਜਿਹੜੀਆਂ ਕਿ 200 ਗੈਲਣ ਪਰ ਘੰਟੇ ਦੀ ਗੈਸ ਮਚਾਉਂਦੀਆਂ ਹਨ। ਇਹਨਾਂ ਅਮੀਰਾਂ ਦੇ ਘਰਾਂ ਵਿੱਚ ਰੱਖੇ ਫਰਿੱਜ ਸਟੋਵ ਆਮ ਘਰਾਂ ਨਾਲੋਂ ਦੁਗਣੀ ਗਰੀਨ ਹਾਊਸ ਗੈਸ ਛੱਡਦੇ ਹਨ। ਔਕਸਫਾਮ ਦੇ ਇੱਕ ਸਰਵੇ ਦੇ ਮੁਤਾਬਿਕ ਇਹ ਅਮੀਰ ਲੋਕ ਆਮ ਲੋਕਾਂ ਨਾਲ਼ੋ ਦਸ ਗੁਣਾਂ ਵੱਧ ਪ੍ਰਦੂਸ਼ਣ ਫੈਲਾਉਂਦੇ ਹਨ। ਅਮਰੀਕਾ, ਸਿੰਘਾਪੁਰ, ਸਾਉਦੀ ਅਮੀਰ ਹਵਾ ਦੇ ਵਿੱਚ ਪਰ ਵਿਅਕਤੀ ਗਰੀਬ ਦੇਸ਼ਾਂ ਨਾਲ਼ੋਂ 2000 ਟਨ ਕਾਰਬਨ ਹਵਾ ਵਿੱਚ ਵੱਧ ਰਲ਼ਾਉਂਦੇ ਹਨ। ਜਿੰਨੀ ਵੱਧ ਦੌਲਤ ਇਹ ਲੋਕ ਇਕੱਠੀ ਕਰ ਰਹੇ ਹਨ, ਉਨੀਆਂ ਹੀ ਵੱਧ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਬਣਾਈਆਂ ਜਾ ਰਹੀਆਂ ਹਨ । ਅਮੀਰ ਲੋਕ ਚੀਜ਼ਾਂ ਦੀ ਕੀਮਤਾਂ ਹੀ ਨਹੀਂ ਵਧਾਉਂਦੇ ਉਹ ਇਹਨਾਂ ਦੀ ਕੁਆਲਿਟੀ ਵੀ ਘਟਾਉਂਦੇ ਹਨ। ਕਿਉਂਕਿ ਨਫਾ ਨਿਕਲਦਾ ਕਰ ਕੇ ਧੜਾ ਧੜ ਵਸਤਾਂ ਬਣਾਈਆਂ ਬਣਾਈਆਂ ਜਾਂਦੀਆਂ ਹਨ, ਫਿਰ ਜਦ ਖਰੀਦਦਾਰ ਘਟ ਜਾਂਦੇ ਹਨ ਤਾਂ ਇਹਨਾਂ ਵਸਤਾਂ ਨੂੰ ਕੋਈ ਨਹੀਂ ਪੁੱਛਦਾ। ਅਮਰੀਕਾ ਦੀ ਈਲੀਟ ਕਲਾਸ ਕੋਲ਼ ਔਸਤਨ 9 ਘਰ ਅਮਰੀਕਾ ਤੋਂ ਬਾਹਰਲੇ ਦੇਸ਼ਾਂ ਵਿੱਚ ਹਨ। ਇਹ ਘਰ ਖਾਲੀ ਪਏ ਹਨ ਤੇ ਗਲ਼ੀਆਂ ਭੂਤ ਗਲ਼ੀਆਂ ਲਗਦੀਆਂ ਹਨ। ਮੈਨਹੈਟਨ ਵਿੱਚ ਸੂਈ ਟਾਵਰ ਬਣਾਏ ਜਾ ਰਹੇ ਹਨ, ਨਿਊਯਾਰਕ ਦੇ ਟਾਵਰ 77 ਮੰਜ਼ਿਲੇ ਹਨ ਤੇ ਉਹਨਾਂ ਦਾ ਬੇਸ ਏਰੀਆ ਸਿਰਫ 60 ਫੁੱਟ ਚੌੜਾ ਹੈ। ਤੁਸੀਂ ਹੈਰਾਨ ਹੋਵੋਂਗੇ ਕਿ ਇਹ ਸੁਪਰ ਕਾਂਡੋ 99 ਮਿਲੀਅਨ ਦੀ ਕੀਮਤ ਤੱਕ ਦੇ ਹਨ। ਸਾਰਾ ਫਲੋਰ ਹੀ ਪੂਰੇ ਦਾ ਪੂਰਾ ਕਾਂਡੋ ਹੈ। ਚਾਰੇ ਪਾਸੇ ਸੀਨਰੀ ਹੀ ਸੀਨਰੀ ਹੈ।

ਅਸੀਂ ਆਮ ਲੋਕ ਜਿਹੜੇ ਆਪਦੇ ਨਿੱਤ ਦੇ ਕੰਮਾਂ ਝਮੇਲਿਆਂ ਇੰਨੀ ਬੁਰੀ ਤਰ੍ਹਾਂ ਭੱਜੇ ਫਿਰਦੇ ਹਾਂ ਕਿ ਸਾਡੇ ਕੋਲ਼ ਇਹਨਾਂ ਗੱਲ਼ਾਂ ਬਾਰੇ ਸੋਚਣ ਦਾ। ਇੱਕ ਸਵਾਲ ਉਠਦਾ ਹੈ ਅਸੀਂ ਇੰਨਾ ਦੌੜੇ ਭੱਜੇ ਕਿਉਂ ਫਿਰਦੇ ਹਾਂ ? ਅਸੀਂ ਇੰਨੇ ਉਲਝੇ ਹੋਏ ਹਾਂ ਕਿ ਰੋਜਮਰਾ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਮਸ਼ਰੂਫ ਹਾਂ ਸਾਡੇ ਕੋਲ਼ ਸੋਚਣ ਦਾ ਟਾਇਮ ਹੀ ਨਹੀਂ ਹੈ। ਇਹਨਾਂ ਅਮੀਰਾਂ ਦੇ ਖਰਚੇ ਇੰਨੇ ਵਧ ਗਏ ਹਨ ਕਿ ਕੋਈ ਵੀ ਵਿਸਵਾਸ਼ ਨਹੀਂ ਕਰ ਸਕਦਾ ਕਿ ਇਹ ਲੋਕ ਵਿਆਹਾਂ ਤੇ ਇੰਨਾ ਖਰਚ ਕਰਦੇ ਹਨ। ਫਿਰ ਇਸੇ ਉਪਰਲੀ ਕਲਾਸ ਦੀ ਰੀਸ ਮਿਡਲ ਕਲਾਸ ਵੀ ਕਰਦੀ ਹੈ ਅਤੇ ਬੈਂਕਰਪਸੀ ਨੂੰ ਸੱਦਾ ਦਿੰਦੀ ਹੈ ।

ਇਸ ਦੁਨੀਆਂ ਦੀ ਅੱਧੀ ਦੌਲਤ ਇੱਕ ਪਰਸੈਨਟ ਤੋਂ ਵੀ ਘੱਟ ਲੋਕਾਂ ਕੋਲ਼ ਹੈ ਜਾਂ ਸਹੀ ਅਰਥਾਂ ਵਿੱਚ ਕਹਿ ਲਈਏ ਤਾਂ 065% ਲੋਕਾਂ ਕੋਲ਼ ਦੁਨੀਆਂ ਦੀ ਅੱਧੀ ਦੌਲਤ ਹੈ। ਬਾਕੀ 99% ਲੋਕਾਂ ਕੋਲ਼ ਇਸ ਦੁਨੀਆਂ ਦੀ ਅੱਧੀ ਤੋਂ ਵੀ ਘੱਟ ਦੌਲਤ ਹੈ, ਯੂਨਾਈਟਿਡ ਨੇਸ਼ਨ ਦੇ ਇੱਕ ਸਰਵੇ ਮੁਤਾਬਿਕ 2030 ਤੱਕ ਇਹ ਅਮੀਰ ਲੋਕ ਦੁਨੀਆਂ ਦੀ 70% ਦੌਲਤ ਤੇ ਕਾਬਜ਼ ਹੋ ਜਾਣਗੇ। ਬੜੀ ਹੈਰਾਨੀ ਹੁੰਦੀ ਹੈ ਜਦ ਇਹ ਅਮੀਰ ਦੇਸ਼ ਜਿਵੇਂ ਅਮਰੀਕਾ ਰੂਸ ਚੀਨ ਵਗੈਰਾ ਭਾਰਤ ਵਰਗੇ ਗ਼ਰੀਬ ਮੁਲਕ ਵਿੱਚ ਵਪਾਰ ਕਰਨ ਜਾਦੇ ਹਨ, ਪਰ ਇਹਨਾਂ ਦੀ ਸੋਚ ਵੱਖਰੀ ਹੈ, ਇਹਨਾਂ ਨੂੰ ਪਤਾ ਹੈ ਕਿ ਭਾਰਤ ਵਿੱਚ 20% ਮਿਡਲ ਕਲਾਸ ਹੈ ਉਹਨਾਂ ਕੋਲ਼ ਸਭ ਕੁੱਝ ਹੈ, ਜਿਹੜੇ ਇਹਨਾਂ ਦੀਆਂ ਮਹਿੰਗੀਆਂ ਕਾਰਾਂ, ਟੀ.ਵੀ., ਘੜੀਆਂ ਕਿਸ਼ਤੀਆਂ ਅਤੇ ਹੋਰ ਐਸ਼ੋਇਸ਼ਰਤ ਦਾ ਸਮਾਨ ਖਰੀਦ ਸਕਦੇ ਹਨ। ਇਸ ਹਿਸਾਬ ਨਾਲ਼ 200 ਮਿਲੀਅਨ ਲੋਕ ਇਹਨਾਂ ਦੇ ਸਮਾਨ ਦੇ ਖ਼ਰੀਦਦਾਰ ਹਨ।

ਇਹਨਾਂ ਅਮੀਰਾਂ ਨੇ ਸਾਰੀ ਦੁਨੀਆਂ ਦੀ ਰਾਜਨੀਤਿਕ, ਆਰਥਿਕ, ਸਮਾਜਿਕ ਤਾਕਤ ਤੇ ਕਬਜ਼ਾ ਕਰ ਲਿਆ ਹੈ। ਆਮ ਲੋਕ ਇਹਨਾਂ ਦੇ ਤਰਸ ਦੇ ਪਾਤਰ ਬਣ ਗਏ ਹਨ। ਇਹ ਜਦੋਂ ਮਰਜ਼ੀ ਰਾਜਨੀਤਿਕ ਸਤਾਹ ਦੀ ਅਦਲਾ ਬਦਲੀ ਕਰ ਦਿੰਦੇ ਹਨ। ਸਿਆਸਤਦਾਨ ਇਹਨਾਂ ਦੇ ਜਮੂਰੇ ਬਣ ਗਏ ਹਨ ਇੰਨੀ ਦੌਲਤ ਕਮਾਉਣ ਦੇ ਬਾਵਜੂਦ ਇਹ ਟੈਕਸ ਵੀ ਨਹੀਂ ਦਿੰਦੇ, ਟੈਕਸ ਬਚਾਉਣ ਲਈ ਇਹਨਾਂ ਨੇ ਸਰਕਾਰਾਂ ਤੋਂ ਵੀਹ ਤਰ੍ਹਾਂ ਦੀਆਂ ਚੋਰ ਮੋਰੀਆ ਰਖਾਈਆਂ ਹੋਈਆਂ ਹਨ। ਅਮਰੀਕਾ ਵਿੱਚ 100 ਮਿਲੀਅਨ ਤੱਕ ਦੇ ਗਿਫਟ ਸਿਰਫ ਟੈਕਸ ਬਚਾਉਣ ਲਈ ਪਰਿਵਾਰਾਂ ਵਿੱਚ ਦਿੱਤੇ ਜਾਂਦੇ ਹਨ। ਟੈਕਸ ਦਾ ਬੋਝ ਵੀ ਗਰੀਬ ਲੋਕਾਂ 'ਤੇ ਹੀ ਪੈਂਦਾ ਹੈ। ਸ਼ਹਿਰੋਂ ਬਾਹਰ ਇਹ ਅਮੀਰਜ਼ਾਦੇ ਵੱਡੇ-ਵੱਡੇ ਮੈਨਸ਼ਨਾਂ ਵਿੱਚ ਰਹਿੰਦੇ ਹਨ ਅਤੇ ਕੰਮ ਡਾਊਨ ਟਾਊਨ ਵਿੱਚ ਕਰਦੇ ਹਨ, ਡਰਾਈਵਿੰਗ ਦਾ ਸਮਾਂ ਬਚਾਉਣ ਲਈ ਇਹਨਾਂ ਨੇ ਐਕਸਪ੍ਰੈਸ ਲੇਨਾਂ ਬਣਵਾਈਆਂ ਹੋਈਆਂ ਹਨ। ਜਦ ਆਮ ਲੋਕ ਟਰੇਫਿਕ ਵਿੱਚ ਫਸੇ ਹੁੰਦੇ ਹਨ ਤਾਂ ਇਹ ਬੜੇ ਆਰਾਮ ਨਾਲ਼ ਡਰਾਈਵ ਕਰਦੇ ਸਾਡੇ ਕੋਲ਼ ਦੀ ਲੰਘ ਜਾਦੇ ਹਨ। ਆਮ ਲੋਕ ਇਹਨਾਂ ਐਕਸਪ੍ਰੈਸ ਲੇਨਾਂ ਦੇ ਪੈਸੇ ਨਹੀਂ ਭਰ ਸਕਦੇ। ਜਿਹੜੇ ਇਲਾਕਿਆਂ ਵਿੱਚ ਇਹ ਰਹਿੰਦੇ ਹਨ, ਉਥੇ ਪੂਰੇ ਵਧੀਆ ਕਮਿਊਨਿਟੀ ਸੈਂਟਰ, ਪੂਰੇ ਵਧੀਆ ਸਕੂਲ ਹੁੰਦੇ ਹਨ ਪਰ ਫਿਰ ਵੀ ਇਹ ਆਪਦੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ, ਇਹਨਾਂ ਪ੍ਰਾਈਵੇਟ ਸਕੂਲਾਂ ਨੂੰ ਚਲਾਉਣ ਲਈ ਆਪਦੀਆਂ ਪੱਪਟ ਸਰਕਾਰਾਂ ਤੋਂ ਗਰਾਂਟਾਂ ਵੀ ਦਿਵਾਉਂਦੇ ਹਨ। ਇਹਨਾਂ ਨੇ ਪ੍ਰਾਈਵੇਟ ਮੈਡੀਕਲ ਕਲੀਨਿਕਾਂ ਸਰਕਾਰਾਂ ਤੋਂ ਮਨਜੂਰ ਕਰਾ ਲਈਆਂ ਹਨ, ਜਿਥੇ ਆਮ ਲੋਕ ਸਰਜਰੀ ਵਗੈਰਾ ਲਈ ਲਈਨਾਂ 'ਚ ਲੱਗ ਕੇ ਵੇਟ ਕਰਦੇ ਹਨ ਉਥੇ ਇਹ ਅਮੀਰ ਲੋਕ ਲਾਈਨ ਜੰਪ ਕਰਕੇ ਪ੍ਰਾਈਵੇਟ ਕਲੀਨਿਕਾਂ ਆਪਦਾ ਇਲਾਜ ਕਰਵਾ ਲੈਂਦੇ ਹਨ। ਇਹਨਾਂ ਪ੍ਰਾਈਵੇਟ ਕਲੀਨਿਕਾਂ ਨੂੰ ਗਰਾਂਟਾਂ ਜਾਂ ਫੰਡ ਵਗੈਰਾ ਵੀ ਸਰਕਾਰੀ ਖਜ਼ਾਨੇ 'ਚੋਂ ਦਿੱਤੇ ਜਾਂਦੇ ਹਨ। ਇਹਨਾਂ ਵੱਡੇ ਲੋਕਾਂ ਦੀਆਂ ਪਾਰਟੀਆਂ ਤੇ ਲੱਖਾਂ ਡਾਲਰਾਂ ਦਾ ਅਨਾਜ ਵੇਸਟ ਕੀਤਾ ਜਾਂਦਾ ਹੈ ਜਦੋਂ ਕਿ ਦੁਨੀਆਂ ਦੀ ਸੱਤਵਾਂ ਹਿੱਸਾ ਅਬਾਦੀ ਭੁੱਖੀ ਸੌਂਦੀ ਹੈ। ਇੱਕ ਸਰਵੇ ਦੇ ਮੁਤਾਬਿਕ ਇਹ ਦੁਨੀਆਂ ਦੋ ਹਜ਼ਾਰ ਬਿਲੀਅਨ ਡਾਲਰ ਦਾ ਫੂਡ ਵੇਸਟ ਕਰਦੀ ਹੈ ਜਿਸ ਦਾ 50% ਫੂਡ ਇਹ ਇਕੱਲੇ ਅਮੀਰ ਹੀ ਵੇਸਟ ਕਰਦੇ ਹਨ। ਇਹਨਾਂ ਨੇ ਸਮਾਜ ਵਿੱਚ ਪੈਸੇ ਦੀ ਅਹਿਮੀਅਤ ਇੰਨੀ ਵਧਾ ਦਿੱਤੀ ਹੈ ਕਿ ਅਸੀਂ ਸਮਾਜਿਕ ਰਿਸ਼ਤੇ ਭੁੱਲ ਕੇ ਬੱਸ ਪੈਸਾ ਹੀ ਪੈਸਾ ਕਰਨ ਲੱਗ ਪਏ। ਇਹਨਾਂ ਨੇ ਲੋਕਾਂ ਦਾ ਬਰੇਨ ਵਾਸ਼ ਕਰ ਦਿੱਤਾ ਹੈ। ਸਮਾਜ ਦੀ ਉਹ ਹਾਲਤ ਹੋ ਗਈ ਹੈ ਕਿ ਹਰ ਰਿਸ਼ਤਾ ਪੈਸੇ ਦੀ ਤੱਕੜੀ ਵਿੱਚ ਤੁਲਣ ਲੱਗ ਪਿਆ ਹੈ ।

ਇਹਨਾਂ ਅਮੀਰਾਂ ਨੇ ਮੀਡੀਆ ਵੀ ਖ਼ਰੀਦ ਲਿਆ ਹੈ। ਮੀਡੀਆ ਉਹੀ ਕੁੱਝ ਨਸ਼ਰ ਕਰਦਾ ਹੈ ਜੋ ਕੁੱਝ ਇਹ ਲੋਕਾਂ ਨੂੰ ਦੱਸਣਾਂ ਚਾਂਹੁੰਦੇ ਹਨ। ਟੀ. ਵੀ. ਵਗੈਰਾ ਨੂੰ ਇਹ ਆਮ ਲੋਕਾਂ ਵਿੱਚ ਅੰਧਵਿਸਵਾਸ਼ ਫੈਲਾਉਣ ਲਈ ਵਰਤਦੇ ਹਨ। ਜੇਕਰ ਕਿਤੇ ਕੋਈ ਲੋਕ ਹੱਕਾਂ ਦੀ ਗੱਲ ਕਰਦਾ ਹੈ ਉਸਨੂੰ ਅੱਤਵਾਦੀ ਗਰਦਾਨ ਕੇ ਰਸਤੇ 'ਚੋਂ ਹਟਾ ਦਿੱਤਾ ਜਾਂਦਾ ਹੈ। ਲੋਕਾਂ ਵਿੱਚ ਰੱਬ ਦਾ ਡਰ, ਧਰਮ ਦਾ ਡਰ, ਕਾਨੂੰਨ ਦਾ ਡਰ, ਗੱਲ ਕੀ ਇਹ ਚਹੁੰਦੇ ਹਨ ਕਿ ਲੋਕ ਡਰ ਵਿੱਚ ਹੀ ਜੰਮਣ, ਡਰ ਵਿੱਚ ਹੀ ਜਿਉਣ ਅਤੇ ਡਰ ਵਿੱਚ ਹੀ ਮਰਨ ਤਾਂ ਕਿ ਇਹਨਾਂ ਦੀਆਂ ਗੱਦੀਆਂ ਸਲਾਮਤ ਰਹਿਣ। ਜਦੋਂ ਵੀ ਗਰੀਬ ਲੋਕਾਂ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਨੱਕ ਚੜ੍ਹਾ ਕੇ ਇਹ ਗਰੀਬ ਲੋਕਾਂ ਨੂੰ ਆਲ਼ਸੀ, ਨਿਕੱਮੇ, ਲੇਜ਼ੀ ਵਗੈਰਾ ਦਾ ਖਿਤਾਬ ਦਿੰਦੇ ਹਨ। ਸਮਾਂ ਆ ਗਿਆ ਹੈ ਕਿ ਲੋਕ ਆਪਦੇ ਦੁੱਖਾਂ, ਤਕਲੀਫਾਂ, ਦੁਸ਼ਵਾਰੀਆਂ ਲਈ ਆਪਦੀ ਕਿਸਮਤ ਨੂੰ ਨਾ ਕੋਸਣ, ਨਾ ਹੀ ਕਿਸੇ ਅਦਿੱਖ ਸ਼ਕਤੀ ਤੋਂ ਕੋਈ ਝਾਕ ਕਰਨ, ਸਮੇਂ ਦੇ ਹਾਣੀ ਬਣਨ। ਲੋਕਾਂ ਨੂੰ ਇਹ ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਉਹਨਾਂ ਦੀ ਮੁਕਤੀ ਦਾ ਹੱਲ ਸਿਰਫ ਤੇ ਸਿਰਫ ਉਹਨਾਂ ਦੀ ਅਗਿਆਨਤਾ ਨੂੰ ਦੂਰ ਕਰੇ ਬਿਨਾਂ ਨਹੀਂ ਹੋ ਸਕਦੀ। ਲੋਕਾਂ ਨੂੰ ਇੱਕ ਅਜਿਹੇ ਸਮਾਜ ਦੀ ਸਿਰਜਣਾ ਲਈ ਯਤਨ ਕਰਨੇ ਹੋਣਗੇ, ਜਿੱਥੇ ਪੈਸੇ ਦੀ ਪ੍ਰਧਾਨਗੀ ਦੀ ਥਾਂ ਮਨੁੱਖਤਾ ਦੀ ਭਲਾਈ ਨੂੰ ਪਹਿਲ ਦਿੱਤੀ ਜਾਵੇਗੀ।











ਨਾਹਰ ਸਿੰਘ ਔਜਲਾ
416-728-5686

# ਕਿਊਬਾ ਦੀ ਸ਼ਾਨ ਵੱਖਰੀ



*ਬਹੁਤੇ ਬਿਜਨਿਸ ਸਰਕਾਰੀ ਕੰਟਰੋਲ ਅਧੀਨ ਹੀ ਹਨ। ਬੇਰੁਜ਼ਗਾਰੀ ਦੀ ਦਰ ਵੀ ਬਹੁਤ ਨੀਵੀ ਪੱਧਰ ਦੀ ਹੈ। ਬਹੁਤੇ ਕੰਮਾਂ 'ਤੇ ਵੱਡੀਆਂ ਮਸ਼ੀਨਾਂ ਲਾਉਣ ਦੀ ਬਜਾਏ ਮਨੁੱਖੀ ਲੇਬਰ 'ਚ ਹੀ ਕੰਮ ਦੀ ਵੰਡ ਕੀਤੀ ਜਾਂਦੀ ਹੈ। ਤਨਖਾਹਾਂ ਕਾਫ਼ੀ ਘਟ ਹਨ ਤੇ ਇਸ ਦੀ ਨਿਸਬਤ ਖਰਚੇ ਵੀ ਕਾਫ਼ੀ ਘੱਟ ਹਨ।*

ਦਹਾਕਿਆਂਬੱਧੀ ਸਾਰੀ ਦੁਨੀਆਂ 'ਚ ਚਰਚਾ ਦਾ ਵਿਸ਼ਾ ਰਿਹਾ ਦੇਸ਼ ਕਿਊਬਾ, ਦੁਨੀਆਂ ਭਰ ਦੇ ਬਹੁਤ ਸਾਰੇ ਸੈਲਾਨੀਆਂ ਲਈ ਉਨ੍ਹਾਂ ਦੀਆਂ ਪਹਿਲੀਆਂ ਪਸੰਦਾਂ 'ਚੋਂ ਆਉਂਦਾ ਹੈ। ਮਿਲੀਅਨਜ਼ ਦੀ ਗਿਣਤੀ 'ਚ ਲੋਕ ਹਰ ਸਾਲ ਇਸ ਧਰਤੀ 'ਤੇ ਸੈਰ ਸਪਾਟਾ ਕਰਨ ਜਾਂਦੇ ਹਨ। ਇਨ੍ਹਾਂ 'ਚ 1.5 ਮਿਲੀਅਨ ਕੈਨੇਡੀਅਨ ਵੀ ਸ਼ਾਮਲ ਹਨ। ਇਕੇ ਕਈ ਸ਼ਖਸ ਤਾਂ ਤੁਹਾਨੂੰ ਇਹੋ ਜਿਹੇ ਵੀ ਮਿਲਣਗੇ ਜੋ ਪਿਛਲੇ ਕਈ ਦਹਾਕਿਆਂ ਤੋਂ ਹਰ ਸਾਲ ਹੀ ਇਥੇ ਗੇੜੀ ਮਾਰਦੇ ਹਨ। ਠੰਡੇ ਮੁਲਕਾਂ ਤੋਨਂ ਜਾਣ ਵਾਲੇ ਬਹੁਤੇ ਸੈਲਾਨੀ ਤਾਂ ਇਸ ਨੂੰ ਆਪਣਾ ਸਵਰਗ ਹੀ ਸਮਝਦੇ ਹਨ। ਇਨ੍ਹਾਂ ਲੋਕਾਂ 'ਚ ਕੁਝ ਗਿਣਤੀ ਉਨ੍ਹਾਂ ਦੀ ਵੀ ਹੁੰਦੀ ਹੈ ਜਿਨ੍ਹਾਂ ਨੇ ਚੀ-ਗਵੇਰਾ ਨੂੰ ਪੜ੍ਹਿਆ ਜਾਦਿਆ ਤੇ ਫਿਰ ਵਿਚਾਰਧਾਰਕ ਤੇ ਜਜ਼ਬਾਤੀ ਤੌਰ 'ਤੇ ਉਸ ਨਾਲ ਜੁੜਿਆ ਮਹਿਸੂਸ ਕਰਦੇਹਨ। ਉਨ੍ਹਾਂ ਦੇ ਮਨ 'ਚ ਫੀਡਲ ਕਾਸਟਰੋ ਵਲੋਂ ਸਥਾਪਤ ਕੀਤੇ ਰਾਜਸੀ ਪ੍ਰਬੰਧ ਦੀਆਂ ਪ੍ਰਾਪਤੀਆਂ ਦੇਖਣ ਦੀ ਉਤਸੁਕਤਾ ਵੀ ਹੁੰਦੀ ਹੈ।



ਕਿਊਬਾ ਸਾਊਥ ਅਮਰੀਕਾ ਦੇ ਨਜ਼ਦੀਕ ਪੈਂਦਾ ਹੈ ਤੇ ਅਮਰੀਕਾ ਤੋਂ ਕੋਈ 90 ਮੀਲ ਦੀ ਦੂਰੀ 'ਤੇ ਹੈ। ਇੰਝ ਵੀ ਕਹਿ ਸਕਦੇ ਹਾਂ ਕਿ ਅਮਰੀਕਾ ਦੇ ਫੌਜੀ ਅੱਡੇ ਨਾਲ ਇਸ ਦਾ ਬਾਰਡਰ ਵੀ ਸਾਂਝਾ ਹੈ। ਸੰਨ 1903 'ਚ ਅਮਰੀਕਾ ਨੇ ਉਸ ਮੌਕੇ ਦੀ ਕਿਊਬਨ ਸਰਕਾਰ ਤੇ ਦਬਾਅ ਪਾ ਕੇ ਉਸ ਦਾ ਕੁਝ ਹਿਸਾ ਲੀਜ਼ 'ਤੇ ਲੈ ਲਿਆ ਸੀ। ਜਿਥੇ ਅੱਜ ਕੱਲ੍ਹ ਇਕ ਫੌਜੀ ਅੱਡਾ ਤੇ ਇਕ ਜੇਲ੍ਹ ਦੇ ਨਾਂ 'ਤੇ ਤਸੀਹਾ ਕੇਂਦਰ ਬਣਾ ਰੱਖਿਆ ਹੈ। ਜਦੋਂ ਤੋਂ ਫੀਲਡ ਕਾਸਟਰੋ ਦੀ ਸਰਕਾਰ ਬਣੀ ਹੈ ਉਨ੍ਹਾਂ ਨੇ ਕਦੀ ਵੀ ਉਸ ਲੀਜ਼ ਦਾ ਕਿਰਾਇਆ ਵਸੂਲ ਨਹੀਂ ਕੀਤਾ। ਖੇਤਰਫਲ ਦੇ ਹਿਸਾਬ ਨਾਲ ਕਿਊਬਾ ਅਮਰੀਕਾ ਦੀ ਇਕ ਸਟੇਟ ਪੈਨਸਲਵੇਨੀਆ ਤੋਂ ਵੀ ਛੋਟਾ ਹੈ। ਕੁਲ ਅਬਾਦੀ 11.4 ਮਿਲੀਅਨ ਦੀ ਹੈ। ਵਸੋਂ ਦਾ ਵੰਡਾ ਹਿੱਸਾ ਸਪੈਨਿਸ ਤੇ ਕਾਲੇ ਮੂਲ ਦੇ ਲੋਕਾਂ ਦਾ ਹੈ। ਆਦਿ ਵਾਸੀ ਲੋਕਾਂ ਦੀ ਗਿਣਤੀ ਕਾਫ਼ੀ ਥੋੜ੍ਹੀ ਹੈ। ਕੋਲੰਬਸ ਵਲੋਂ ਕਿਊਬਾ ਦੀ ਖੋਜ ਕਰਨ ਤੋਂ ਬਾਅਦ ਆ ਵਸੇ ਯੂਰਪੀਅਨ ਲੋਕਾਂ ਨੇ ਲੱਖਾਂ ਦੀ ਗਿਣਤੀ 'ਚ ਆਦਿਵਾਸੀ ਲੋਕਾਂ ਦਾ ਕਤਲੇਆਮ ਕਰ ਦਿੰਤਾ ਸੀ। ਦੁਨੀਆਂ ਭਰ ਦੇ ਲੇਖਕਾਂ ਨੇ ਕਿਊਬਾ ਬਾਰੇ ਬੜਾ ਕੁਝ ਲਿਖਿਆ, ਬੜੀਆਂ ਫਿਲਮਾਂ ਬਣੀਆਂ ਨੇ।

ਪਿਛਲੇ ਦੋ ਦਹਾਕਿਆਂ 'ਚ ਮੈਨੂੰ ਚੌਥੀ ਵਾਰ ਇਸ ਨਵੰਬਰ ਦੇ ਮਹੀਨੇ ਫੇਰ ਕਿਊਬਾ ਜਾਣ ਦਾ ਮੌਕਾ ਮਿਲਿਆ। ਮੈਂ ਹੋਰ ਵੀ ਬਹੁਤ ਸਾਰੇ ਦੇਸ਼ਾਂ 'ਚ ਘੁੰਮਿਆ ਹਾਂ, ਪਰ ਮੁਲਕ ਦੀ ਆਪਣੀ ਕੋਈ ਨਾ ਕੋਈ ਖੂਬਸੂਰਤੀ ਹੁੰਦੀ ਹੈ। ਕਿਊਬਾ 'ਚ ਵੀ ਬਹੁਤ ਸਾਰੀਆਂ ਖੂਬੀਆਂ ਹਨ ਜੋ ਸੈਲਾਨੀਆਂ ਨੂੰ ਇਥੇ ਆਉਣ ਲਈ ਆਕਰਸ਼ਤ ਕਰਦੀਆ ਹਨ। ਦਸੰਬਰ ਤੋਂ ਮਾਰਚ ਮਹੀਨੇ ਤੱਕ ਤਾਂ ਸੈਲਾਨੀ ਹੀ ਸੈਲਾਨੀ ਨਜ਼ਰ ਆਉਂਦੇ ਹਨ। ਇਨ੍ਹਾਂ 'ਚ ਥੋੜ੍ਹੀ ਜਿਹੀ ਗਿਣਤੀ ਉਨ੍ਹਾਂ ਲੋਕਾਂ ਦੀ ਵੀ ਹੁੰਦੀ ਹੈ, ਜੋ ਭੀੜ ਭੜੱਕਾ, ਤੇਜ਼ ਰੌਸ਼ਨੀਆਂ, ਮਸ਼ੀਨਾਂ ਦੀ ਖੜਖੜਾਹਣ ਤੇ ਤੇਜ਼ ਚਲਦੀਆਂ ਕਾਰਾਂ ਦਾ ਸ਼ੋਰ ਸ਼ਰਾਬਾ ਸੁਣਨ ਦੇ ਆਦੀ ਹੋ ਜਾਂਦੇ ਹਨ। ਉਨ੍ਹਾਂ ਨੂੰ ਕਿਊਬਾ ਪਛੜਿਆ ਹੋਇਆ ਤੇ ਗਰੀਬ ਮੁਲਕ ਲੱਗਦਾ ਹੈ। ਸ਼ਾਇਦ ਇਹ ਲੋਕ ਕਿਊਬਾ ਦੀ ਮੜਕ ਨਾਲ ਚਲਣ ਵਾਲੀ ਤੋਰ ਨੂੰ ਪਛਾਣਨ 'ਚ ਨਾਕਾਮਯਾਬ ਰਹਿੰਦੇ ਹਨ।

ਜੋ ਲੋਕ ਕੁਦਰਤ ਦੇ ਨੇੜੇ ਹੁੰਦੇ ਹਨ ਉਨ੍ਹਾਂ ਲਈ ਇਸ ਦਾ ਹਰ ਕੋਨਾ ਹੀ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਉਥੋਂ ਦੀਆਂ ਮਨਮੋਹਣੀਆਂ ਬੀਚਾਂ, ਸੁਹਾਵਣਾ ਮੌਸਮ, ਮੀਲਾਂ ਤੱਕ ਨਜ਼ਰੀਂ ਪੈਂਦੀ ਹਰਿਆਵਲ, ਸ਼ਾਂਤ ਵਾਤਾਵਰਣ ਤੇ ਲੋਕਾਂ ਦਾ ਸ਼ਾਂਤ ਸੁਭਾਅ ਸੈਲਾਨੀਆਂ ਨੂੰ ਜਾਦੂ ਵਾਂਗ ਕੀਲ ਲੈਂਦਾ ਹੈ। ਹਵਾ 'ਚ ਉੱਡਦੇ ਰੂੰ ਵਰਗੇ ਬੱਦਲ ਇੰਝ ਜਾਪਦੇ ਹਨ ਜਿਵੇਂ ਪਰਵਾਜ ਭਰਨ ਤੋਂ ਪਹਿਲਾਂ ਸਮੁੰਦਰ 'ਚ ਚੁੱਭੀ ਮਾਰਕੇ ਨਿੱਖਕੇ ਹੋਣਾ ਚੰਨ ਚਾਨਣੀ ਰਾਤ 'ਚ ਘਾਹ 'ਤੇ ਲੇਟ ਕੇ ਤਾਰਾ ਮੰਡਲ ਦੇਖਣਾ ਤੁਹਾਨੂੰ ਪਿੰਡ ਦੀਆਂ ਯਾਦਾਂ ਚੇਤੇ ਕਰਵਾ ਦਿੰਦਾ ਹੈ, ਜਦੋਂ ਛੋਟੇ ਹੁੰਦਿਆਂ ਕੋਠੇ 'ਤੇ ਮੰਜੇ ਡਾਹ ਕੇ ਉਪਰ ਅਸਮਾਨ ਵੱਲ ਟਿਕਟਿਕੀ ਲਾ ਕੇ ਤੱਕਿਆ ਕਰਦੇ ਸੀ। ਨਵੰਬਰ ਮਹੀਨੇ 'ਚ ਦਿਨ ਵੇਲੇ ਕਿਊਬਾ ਦਾ ਤਾਪਮਾਨ 25 ਤੋਂ 30 ਡਿਗਰੀ ਤੱਕ ਰਹਿੰਦਾ ਸੀ ਜਿਸ ਨਾਲ ਸੜਕਾਂ ਤੇ ਬੀਚ ਦਾ ਰੇਤਾ ਗਰਮ ਹੋ ਜਾਂਦੇ ਹਨ। ਇਸ 'ਤੇ ਨੰਗੇ ਪੈਰੀਂ ਤੁਰਨ ਵੇਲੇ ਉਹ ਸੀਨ ਸਾਹਮਣੇ ਆ ਜਾਂਦਾ ਸੀ ਜਦੋਂ ਬਚਪਨ ਵੇਲੇ ਗਰਮੀਆਂ 'ਚ ਟੁੱਟੇ ਜਿਹੇ ਛਿੱਤਰ ਪਾ ਕੇ ਮੱਝਾਂ ਚਾਰਨ ਜਾਂਦੇ ਸੀ। ਇਹੋ ਜਿਹੇ ਮੌਸਮ 'ਚ ਥੋੜ੍ਹਾ ਜਿਹਾ ਤੁਰਨ ਤੋਂ ਬਾਅਦ ਦਰਖਤ ਦੀ ਛਾਂ ਥੱਲੇ ਰੁਕਣਾ ਤੇ ਫਿਰ ਤੁਰਨਾ ਰੂਹ ਨੂੰ ਇਕ ਵੱਖਰਾ ਜਿਹਾ ਸਕੂਨ ਦਿੰਦਾ ਸੀ। ਕਦੀ ਕਦੀ ਦਰਖਤ ਦੀ ਛਾਂ ਹੇਠ ਕੁਰਸੀ 'ਤੇ ਬੈਠ ਕੇ ਕੁਦਰਤ ਦੇ ਨਜ਼ਾਰਿਆਂ ਨੂੰ ਛੱਕਣਾ। ਕਿਊਬਾ 'ਚ ਸੈਲਾਨੀਆਂ ਦੇ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਉਥੇ ਕਰਾਈਮ ਬਹੁਤ ਘੱਟ ਹੈ। ਔਰਤਾਂ ਨਾਲ ਬਲਾਤਕਾਰ ਕਰਨ ਵਾਲੇ ਜਾਂ ਕੋਈ ਹੋਰ ਗੈਰ ਕਾਨੂੰਨੀ ਧੰਦਾ ਭਾਵ ਡਰੱਗ ਵੇਚਣ ਵਾਲਿਆਂ ਲਈ ਸਜ਼ਾਵਾਂ ਕਾਫ਼ੀ ਸਖ਼ਤ ਹਨ। ਗੈਰ ਕਾਨੂੰਨੀ ਹਥਿਆਰ ਰੱਖਣ ਦਾ ਕਲਚਰ ਨਹੀਂ ਹੈ। ਕਿਸੇ ਨਾਗਰਿਕ ਦੇ ਕਤਲ ਹੋ ਜਾਣ ਨੂੰ ਬਹੁਤ ਵੱਡੀ ਤੇ ਹੈਰਾਨੀਜਨਕ ਘਟਨਾ ਸਮਝਿਆ ਜਾਂਦਾ ਹੈ। ਜਦੋਂ ਕਿ ਕੈਨੇਡਾ ਵਰਗੇ ਉਤਯੋਗਿਕ ਦੇਸ਼ 'ਚ ਵੀ ਇਹੋ ਜਿਹੀਆਂ ਘਟਨਾਵਾਂ ਆਮ ਹੀ ਵਾਪਰਦੀਆਂ ਰਹਿੰਦੀਆਂ ਹਨ। ਇਕੱਲੇ ਟੋਰੰਟੋ ਸ਼ਹਿਰ 'ਚ ਹੀ ਇਸ ਸਾਲ 90 ਕਤਲ ਹੋ ਚੁੱਕੇ ਹਨ। ਬਰੈਂਪਟਨ ਸ਼ਹਿਰ 'ਚ ਵੀ ਗੋਲੀ ਬਾਰੀ ਦੀਆਂ ਘਟਨਾਵਾਂ ਹੁਣ ਆਮ ਜਿਹੀ ਗੱਲ ਹੈ। ਅਮਰੀਕਾ ਤਾਂ ਇਹੋ ਜਿਹੀਆਂ ਘਟਨਾਵਾਂ ਲਈ ਦੁਨੀਆਂ ਦਾ ਨੰਬਰ ਵਨ ਦੇਸ਼ ਕਿਹਾ ਜਾ ਸਕਦਾ ਹੈ। ਕਿਊਬਾ ਦਾ ਐਜੂਕੇਸ਼ਨ ਤੇ ਹੈਲਥ ਸਿਸਟਮ ਦੁਨੀਆਂ ਦੇ ਕੁਝ ਗਿਣੇ ਚੁਣੇ ਦੇਸ਼ਾਂ ਦੇ ਮੁਕਾਬਲੇ ਦਾ ਹੈ। ਉੱਚੀ ਪੱਧਰ ਤੱਕ ਦੀ ਵਿਦਿਅਰ ਹਰ ਨਾਗਰਿਕ ਲਈ ਫ੍ਰੀ ਹੈ। ਕੈਂਸਰ ਦੀਆਂ ਕੁਝ ਬਿਮਾਰੀਆਂ ਜਿਵੇਂ ਲੰਗ ਕੈਂਸਰ ਦੇ ਇਲਾਜ ਦੀ ਮੈਡੀਸਨ ਪਹਿਲਾਂ ਕਿਊਬਾ 'ਚ ਹੀ ਤਿਆਰ ਹੋਈ ਹੈ। ਖੇਡਾਂ 'ਚ ਦਿਲਚਸਪੀ ਰੱਖਣ ਵਾਲੇ ਖਿਡਾਰੀਆਂ ਨੂੰ ਸਾਰੀਆਂ ਸਹੂਲਤਾਂ ਸਰਕਾਰ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸੰਨ 1992 'ਚ ਕਿਊਬਾ ਦੇ ਖਿਡਾਰੀਆਂ ਨੇ ਸਮਰ ਉਲੰਪਿਕ ਸਮੇਂ 30 ਮੈਡਲ ਜਿੱਤੇ ਸਨ ਜਿਨ੍ਹਾਂ 'ਚ 14 ਮੈਡਲ ਸੋਨੇ ਦੇ ਸਨ।

ਕਿਊਬਾ 'ਚ ਧਰਮ ਹਰ ਕਿਸੇ ਦਾ ਨਿੱਜੀ ਮਾਮਲਾ ਹੈ। ਐਜੂਕੇਸ਼ਨ ਅਤੇ ਰਾਜਨੀਤਕ ਮਾਮਲਿਆਂ 'ਚ ਧਰਮ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੈ। ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ ਮੁਕਾਬਲਤਨ ਕਾਫ਼ੀ ਘੱਟ ਹੈ। ਰੰਗ, ਨਸਲ ਤੇ ਧਰਮ ਦੇ ਨਾਂ 'ਤੇ ਕਿਸੇ ਨਾਲ ਕੋਈ ਭੇਦ ਭਾਵ ਨਹੀਂ ਹੈ। ਮੁਲਕ ਦੀ ਆਰਥਿਕਤਾ ਬੜੀ ਪਲਾਨਿੰਗ ਨਾਲ ਸੈਟ ਕੀਤੀ ਹੋਈ ਹੈ। ਬਹੁਤੇ ਬਿਜਨਿਸ ਸਰਕਾਰੀ ਕੰਟਰੋਲ ਅਧੀਨ ਹੀ ਹਨ। ਬੇਰੁਜ਼ਗਾਰੀ ਦੀ ਦਰ ਵੀ ਬਹੁਤ ਨੀਵੀ ਪੱਧਰ ਦੀ ਹੈ। ਬਹੁਤੇ ਕੰਮਾਂ 'ਤੇ ਵੱਡੀਆਂ ਮਸ਼ੀਨਾਂ ਲਾਉਣ ਦੀ ਬਜਾਏ ਮਨੁੱਖੀ ਲੇਬਰ 'ਚ ਹੀ ਕੰਮ ਦੀ ਵੰਡ ਕੀਤੀ ਜਾਂਦੀ ਹੈ। ਤਨਖਾਹਾਂ ਕਾਫ਼ੀ ਘਟ ਹਨ ਤੇ ਇਸ ਦੀ ਨਿਸਬਤ ਖਰਚੇ ਵੀ ਕਾਫ਼ੀ ਘੱਟ ਹਨ। ਕੋਈ ਵੀ ਨਾਗਰਿਕ ਢਿੱਡੋਂ ਭੁੱਖਾ ਤੇ ਹੋਮਲੈਸ ਨਹੀਂ ਸੌਂਦਾ। ਹਰ ਨਾਗਰਿਕ ਆਪਣੇ ਤੇ ਆਪਣੇ ਪਰਿਵਾਰ ਨੂੰ ਤਿੰਨ ਵਕਤ ਦੀ ਰੋਟੀ, ਕੱਪੜਾ, ਮਕਾਨ ਜਾਂ ਮਕਾਨ ਦਾ ਕਿਰਾਇਆ ਦੇਣ ਜੋਗਾ ਧਨ ਕਮਾ ਹੀ ਲੈਂਦਾ ਹੈ। ਲੋਕੀਂ ਬੱਚੇ ਘੱਟ ਪੈਦਾ ਕਰਦੇ ਹਨ ਜਿਸ ਕਾਰਨ ਹੀ ਰਿਟਾਇਰਮੈਂਟ ਲੈਣ ਦੀ ਉਮਰ 65 ਸਾਲ ਕਰਨੀ ਪਈ ਜੋ ਪਹਿਲਾਂ 60 ਸਾਲਸੀ।

ਬਹੁਤ ਕੁਝ ਚੰਗਾ ਹੋਣ ਦੇ ਨਾਲ ਨਾਲ ਹੀ ਸਿਸਟਮ 'ਚ ਕੁਝ ਘਾਟਾਂ ਵੀ ਆਮ ਨਜ਼ਰ ਆਉਣ ਲੱਗ ਪਈਆਂ ਹਨ। ਨਿੱਜੀ ਪੂੰਜੀ ਨੂੰ ਖ਼ੁੱਲ ਦੇ ਦਿੱਤੀ ਗਈ ਹੈ। ਕਿਊਬਨ ਸਰਕਾਰ ਨੇ ਪਿਛਲੇ ਕਾਫ਼ੀ ਸਮੇਂ ਤੋਂ ਚੀਨੀ ਆਰਥਿਕਤਾ ਵਾਲਾ ਮਾਡਲ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਨਿੱਜੀ ਪੂੰਜੀ ਦੀ ਦਖ਼ਲ-ਅੰਦਾਜ਼ੀ ਟੂਰਇਜ਼ਮ ਨਾਲ ਜੁੜੇ ਵਰਕਰਾਂ ਦੇ ਸੁਭਾਅ ਵੀ ਬਦਲਣੇ ਸ਼ੁਰੂ ਹੋ ਗਏ ਹਨ। ਹੁਣ ਵੱਧ ਟਿਪ ਦੇਣ ਵਾਲੇ ਨੂੰ ਵੱਧ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਅਜੇ ਇੰਟਰਨੈਟ ਦਾ ਵੀ ਕੋਈ ਬਹੁਤਾ ਚੰਗਾ ਪ੍ਰਬੰਧ ਨਹੀਂ ਹੈ ਜਿਸਨੂੰ ਚੰਗਾ ਬਣਾਉਣ ਲਈ ਪ੍ਰੋਜੈਕਟ ਤਿਆਰ ਕੀਤੇ ਜਾ ਰਹੇ ਹਨ। ਪ੍ਰਾਈਵੇਟ ਪੂੰਜੀ ਨੂੰ ਖੁੱਲ੍ਹ ਦੇਣ ਦੇ ਬਾਵਜੂਦ ਵੀ ਬਿਜਨਿਸ 'ਚ ਵੱਡਾ ਹਿੱਸਾ ਸਰਕਾਰ ਆਪਣੇ ਹੀ ਕੰਟਰੋਲ ਹੇਠ ਰੱਖਦੀ ਹੈ। ਕਾਰਾਂ ਖਰੀਦਣ ਵਾਲੇ ਲੋਕਾਂ ਦੀ ਗਿਣਤੀ 'ਚ ਵੀ ਵਾਧਾ ਹੋ ਰਿਹੈ। ਅੱਜ ਕੱਲ੍ਹ ਹਰ ਮਾਡਲ ਦੀ ਕਾਰ ਰੋਡ 'ਤੇ ਦੇਖੀ ਜਾ ਸਕਦੀ ਹੈ। ਗਰੀਬੀ ਅਮੀਰੀ ਦਾ ਪਾੜਾ ਵੀ ਹੁਣ ਵੱਧ ਲੱਗ ਪਿਆ ਹੈ। ਟੂਰਇਜ਼ਮ ਦੇ ਸੀਜ਼ਨ ਸਮੇਂ ਇਕ ਟੈਕਸੀ ਡਰਾਇਵਰ ਇਕ ਪ੍ਰੋਫੈਸ਼ਨਲ ਡਾਕਟਰ ਨਾਲੋਂ ਵੱਧ ਪੈਸਾ ਕਮਾ ਲੈਂਦਾ ਹੈ ਤੇ ਉਸ ਨੂੰ ਕਿਸੇ ਨਾ ਕਿਸੇ ਇੰਨਵੈਸਟਮੈਂਟ 'ਚ ਖਰਚ ਕਰ ਲੈਂਦਾ ਹੈ। ਕੁਝ ਕਮੀਆਂ, ਘਾਟਾਂ ਦੇ ਬਾਵਜੂਦ ਵੀ ਸਿਸਟਮ ਅਜੇ ਲੋਕਪੱਖੀ ਹੈ ਤੇ ਲੋਕਾਂ ਦੀਆਂ ਲੋੜਾਂ ਨੂੰ ਹਮੇਸ਼ਾ ਹੀ ਧਿਆਨ 'ਚ ਰੱਖਿਆ ਜਾਂਦਾ ਹੈ।

ਜਦੋਂ ਵੀ ਇਨਕਲਾਬੀ ਹਕੂਮਤ ਕਿਊਬਾ ਦੀ ਸੱਤਾ 'ਤੇ ਕਾਬਜ਼ ਹੋਈ ਹੈ ਉਸ ਤੋਂ ਕੁਝ ਸਮਾਂ ਬਾਅਦ ਹੀ ਸਾਮਰਾਜੀ ਅਮਰੀਕਾ ਨੇ ਇਸ ਦੇਸ਼ ਤੇ ਵਾਪਰਕ ਪਾਬੰਦੀਆਂ ਲਾ ਦਿੱਤੀਆ ਸਨ ਜੋ ਅੱਜ ਤੱਕ ਜਾਰੀ ਹਨ। ਬਹੁਤੇ ਦੇਸ਼ ਅਮਰੀਕਾ ਦੀਆਂ ਧਮਕੀਆਂ 'ਤੇ ਭਾਰੀ ਜੁਰਮਾਨਿਆਂ ਤੋਂ ਡਰਦੇ ਕਿਊਬਾ ਨਾਲ ਵਪਾਰਕ ਸਬੰਧ ਨਹੀਂ ਜੋੜਦੇ। ਕੁਝ ਗਿਣਤੀ ਦੇ ਦੇਸ਼ ਹਨ ਜੋ ਅਮਰੀਕਾ ਦੀ ਪ੍ਰਵਾਹ ਨਾ ਕਰਦਿਆਂ ਕਿਊਬਾ ਨਾਲ ਵਪਾਰ ਕਰਦੇ ਹਨ। ਬਰਾਕ ਓਬਾਮਾ ਨੇ ਹਵਾਨਾ ਪਹੁੰਚ ਕੇ ਇਨ੍ਹਾਂ ਸਬੰਧਾਂ 'ਚ ਕੁਝ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਨਵੇਂ ਬੜੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਭ ਕੁਝ ਤੇ ਮੁੜ ਪਾਣੀ ਫੇਰ ਦਿੱਤਾ ਹੈ।

ਮੁੱਕਦੀ ਗੱਲ ਅਮਰੀਕੀ ਸਾਮਰਾਜ ਕੁਝ ਵੀ ਕਰਦਾ ਰਹੇ ਪਰ ਕਿਊਬਾ ਦੀ ਸਰਕਾਰ ਉਸ ਦੀ ਕੋਈ ਪ੍ਰਵਾਹ ਕੀਤਿਆਂ ਬਿਨਾਂ ਆਪਣੇ ਰਾਹ 'ਤੇ ਅੱਗੇ ਵਧ ਰਹੀ ਹੈ। ਟੂਰਇਜ਼ਮ 'ਚ ਕਾਫ਼ੀ ਵਾਧਾ ਹੋ ਰਿਹੈ ਨਿੱਤ ਨਵੇਂ ਰਿਜ਼ੋਰਟ ਬਣ ਰਹੇ ਹਨ। ਕੁਝ ਕੁ ਮੁਲਕਾਂ ਨੂੰ ਛੱਡ ਕੇ ਬਾਕੀ ਸਾਰੀ ਦੁਨੀਆਂ ਦੇ ਨਾਗਰਿਕ ਬਿਨਾਂ ਵੀਜ਼ਾ ਲੈਣ ਤੋਂ ਕਿਊਬਾ ਦੀ ਸੈਰ ਕਰਨ ਲਈ ਜਾ ਸਕਦੇ ਹਨ। ਏਅਰਪੋਰਟ 'ਤੇ ਉਤਰਨ ਤੋਂ ਬਾਅਦ ਹੀ ਇਕ ਵੀਜ਼ਾ ਪੇਪਰ ਦਿੱਤਾ ਜਾਂਦਾ ਹੈ। ਇਹ ਸਾਰੀ ਜਾਣਕਾਰੀ ਸਾਂਝੀ ਕਰਨ ਤੋਂ ਭਾਵ ਸੀ ਕਿ ਜੇ ਸਰਕਾਰ ਲੋਕਪੱਖੀ ਤੇ ਇਮਾਨਦਾਰ ਹੋਵੇ ਤਾਂ ਇਕ ਛੋਟੇ ਜਿਹੇ ਟਾਪੂ 'ਤੇ ਰਹਿੰਦੇ ਲੋਕਾਂ ਦੀ ਵੀ ਜ਼ਿੰਦਗੀ ਕਿਤੇ ਬੇਹਤਰ ਬਦਾਈ ਜਾ ਸਕਦੀ ਹੈ। ਮਾੜੇ ਪ੍ਰਬੰਧ ਅਧੀਨ ਤਾਂ ਕਈ ਵੱਡੇ ਵੱਡੇ ਦੇਸ਼ਾਂ ਦੇ ਕਰੋੜਾਂ ਹੀ ਲੋਕ ਢਿੱਡੋਂ ਭੁੱਖੇ ਤੇ ਬਿਨਾਂ ਛੱਤ ਤੋਂ ਸੌਂਦੇ ਹਨ ਤੇ ਕਰਜ਼ੇ ਦੇ ਮਾਰੇ ਖੁਦਕਸ਼ੀਆਂ ਕਰਦੇ ਹਨ। ਰੁਜ਼ਗਾਰ ਨਾ ਮਿਲਣ 'ਤੇ ਨੌਜਵਾਨ ਬਾਹਰਲੇ ਮੁਲਕਾਂ ਨੂੰ ਭੱਜ ਰਹੇ ਹਨ।

Veerpal Brar, RIBO
[Broker]
veerpal@custominsure.ca

CI CUSTOM INSURANCE
INSURANCE BROKERS
A DIVISION OF ORACLE RMS

Tel: (416) 816-4595 ext 103
Direct: (416) 712-3737
Fax: (416) 710-8976

Unit 8 - 670 Rexdale Blvd, Etobicoke, ON, M9W 0B5
AUTO HOME COMMERCIAL LIFE

# ਸਿਨੇਮਾ, ਵਿਚਾਰਧਾਰਾ ਤੇ ਮੁਹੱਬਤ ਦੀ ਪੇਚੀਦਗੀ

ਕੁਲਦੀਪ ਕੌਰ

***ਬਜ਼ੁਰਗ ਔਰਤ ਦੀ ਜ਼ਿੰਦਗੀ ਵਿਚ ਖੁਸ਼ੀ ਦੇ ਕੁਝ ਪਲ ਸ਼ਾਮਿਲ ਕਰਨ ਦੇ ਚੱਕਰ ਵਿਚ ਸ਼ੁਭਾਸ ਡਰਾਮਾ ਕਰਦਾ ਹੈ ਕਿ ਅਸਲ ਵਿਚ ਉਹੀ ਜੈਮਿਨੀ ਦਾ ਪਤੀ ਹੈ।***

ਸਿਨੇਮਾ ਤੇ ਵਿਚਾਰਧਾਰਾ ਦਾ ਆਪਸੀ ਰਿਸ਼ਤਾ ਪੇਚੀਦਾ ਹੈ। ਇਸ ਪੇਚਦਗੀ ਨੂੰ ਉਦੋਂ ਕਈ ਗੁਣਾ ਜ਼ਰਬ ਆ ਜਾਂਦੀ ਹੈ ਜਦੋਂ ਕਿਸੇ ਕਲਾ ਮਾਧਿਅਮ ਨਾਲ ਜੁੜਿਆ





ਸਿਰਜਕ ਇਸ ਰਿਸ਼ਤੇ ਦੀਆਂ ਹੱਦਾਂ ਤੇ ਬੰਦਿਸ਼ਾਂ ਪਰਖਣ ਦਾ ਤਹੱਈਆ ਕਰਦਾ ਹੈ। ਮੁੰਬਈ ਦੇ ਇਕ ਸਿਨੇਮਾ ਵਿਚ ਜਦੋਂ ਮ੍ਰਿਣਾਲ ਸੇਨ ਦੀ ਚੌਥੀ ਫਿਲਮ 'ਖੰਡਹਰ' ਦਾ ਪਹਿਲਾ ਸ਼ੋਅ ਦਰਸ਼ਕਾਂ ਲਈ ਖੋਲ੍ਹਿਆ ਗਿਆ ਤਾਂ ਦਰਸ਼ਕਾਂ ਨੇ ਦੰਦਾਂ ਥੱਲੇ ਜੀਭ ਲੈ ਲਈ। ਉਦੋਂ ਤੱਕ ਮ੍ਰਿਣਾਲ ਖੱਬੇ-ਪੱਖੀ ਫਿਲਮਸਾਜ਼ ਅਤੇ ਕਲਾ ਚਿੰਤਕ ਦੇ ਤੌਰ 'ਤੇ ਆਪਣੀ ਜਗ੍ਹਾ ਬਣਾ ਚੁੱਕਾ ਸੀ। ਉਨ੍ਹਾਂ ਦੀਆਂ ਪਹਿਲੀਆਂ ਤਿੰਨ ਫਿਲਮਾਂ 'ਭੁਵਨ ਸ਼ੋਮ', 'ਕਲਕੱਤਾ-71' ਅਤੇ 'ਮ੍ਰਿਗਿਆ' ਨੇ ਉਹ ਨੂੰ ਮਾਰਕਸਵਾਦੀ ਚਿੰਤਕ ਵਜੋਂ ਚਰਚਿਤ ਕਰ ਦਿੱਤਾ ਸੀ।

ਫਿਲਮ 'ਖੰਡਹਰ' ਨੇ ਉਹਦੀ ਫਿਲਮਸਾਜ਼ੀ ਦਾ ਅਣਛੂਹਿਆ ਪਹਿਲੂ ਸਾਹਮਣੇ ਲਿਆਂਦਾ ਜਿਥੇ ਉਹਨੇ ਜਜ਼ਬਾਤ ਅਤੇ ਭਾਵਨਾਵਾਂ 'ਤੇ ਆਧਾਰਿਤ ਅਜਿਹੀ ਪ੍ਰੇਮ ਕਹਾਣੀ ਪਰਦੇ ਉਤੇ ਸਾਕਾਰ ਕੀਤੀ ਜਿਸ ਦੀ ਅਸਫਲਤਾ ਦਰਸ਼ਕਾਂ ਨੂੰ ਧੁਰ ਅੰਦਰ ਤੱਕ ਉਦਾਸ ਕਰ ਦਿੰਦੀ ਹੈ। ਇਸ ਸਾਧਾਰਨ ਜਿਹੀ ਪ੍ਰੇਮ ਕਹਾਣੀ ਨੂੰ ਮ੍ਰਿਣਾਲ ਆਪਣੀ ਬੌਧਿਕ ਕਲਾਤਮਿਕਤਾ ਅਤੇ ਤੀਖਣ ਫਿਲਮਸਾਜ਼ੀ ਰਾਹੀਂ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਾਰ ਲੈ ਜਾਂਦਾ ਹੈ। ਫਿਲਮ ਵਿਚ ਕੋਈ ਸਿਆਸੀ ਘੁਣਤਰ ਨਹੀਂ, ਸਗੋਂ ਇਹ ਪ੍ਰੇਮ ਦੇ ਆਰ- ਪਾਰ ਦੇਖਣ ਦੀ ਇਮਾਨਦਾਰ ਕੋਸ਼ਿਸ਼ ਕਰਦੀ ਹੈ। ਫਿਲਮ ਪ੍ਰੇਮ ਦੀਆਂ ਮਿਥੀਆਂ ਧਾਰਨਾਵਾਂ ਤੋਂ ਪਾਰ ਇਸ ਦੇ ਨਵੇਂ ਕੋਣਾਂ ਅਤੇ ਤ੍ਰਿਕੋਣਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀ ਹੈ। ਫਿਲਮ ਦੀ ਕਹਾਣੀ ਮੁਤਾਬਿਕ ਸ਼ਹਿਰੀ ਫੋਟੋਗ੍ਰਾਫਰ ਸੁਭਾਸ਼ (ਨਸੀਰੂਦੀਨ ਸ਼ਾਹ) ਆਪਣੇ ਦੋ ਦੋਸਤਾਂ ਨਾਲ ਅਜਿਹੇ ਪਿੰਡ ਵਿਚ ਘੁੰਮਣ ਜਾਂਦਾ ਹੈ ਜਿਥੇ ਬਿਜਲੀ-ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਬਿਨਾਂ ਜ਼ਿੰਦਗੀ ਦੀ ਉਮੀਦ ਵੀ ਸੰਸਿਆਂ ਵਿਚ ਘਿਰੀ ਹੋਈ ਹੈ। ਕਿਸੇ ਸਮੇਂ ਕਿਸੇ ਰਈਸ ਦੀ ਹਵੇਲੀ ਰਹੀ ਇਹ ਜਗ੍ਹਾ ਇਸ ਸਮੇਂ ਢਹਿ-ਢੇਰੀ ਹੋਣ ਕੰਢੇ ਹੈ। ਹੁਣ ਹਵੇਲੀ ਵਿਚ ਦੋ ਪਰਿਵਾਰ ਰਹਿ ਰਹੇ ਹਨ। ਪਹਿਲਾ ਪਰਿਵਾਰ ਚੌਕੀਦਾਰ ਤੇ ਉਸ ਦੀ ਬੇਟੀ (ਸ਼ੀਲਾ ਮਜੂਮਦਾਰ) ਦਾ ਹੈ ਜੋ ਕਦੀ-ਕਦੀ ਚੱਕਰ ਮਾਰਦੀ ਹੈ। ਦੂਜੇ ਪਰਿਵਾਰ ਵਿਚ ਬਿਮਾਰ ਤੇ ਅੱਖਾਂ ਤੋਂ ਵਿਰਵੀਂ ਬਜ਼ੁਰਗ ਔਰਤ (ਗੀਤਾ ਸੇਨ) ਤੇ ਉਸ ਦੀ ਸਾਊ ਕੁੜੀ ਜੈਮਿਨੀ (ਸ਼ਬਾਨਾ ਆਜ਼ਮੀ) ਹਨ। ਜੈਮਿਨੀ ਨੂੰ ਸ਼ਹਿਰ ਦਾ ਕੋਈ ਮੁੰਡਾ ਵਿਆਹ ਕਰ ਕੇ ਛੱਡ ਗਿਆ ਹੈ ਅਤੇ ਉਸ ਦੀ ਮਾਂ ਦੇ ਸਾਹ ਉਸ ਦਿਨ ਦੇ ਇੰਤਜ਼ਾਰ ਵਿਚ ਅਟਕੇ ਪਏ ਹਨ ਜਦੋਂ ਉਹ ਜੈਮਿਨੀ ਨੂੰ ਆਪਣੇ ਨਾਲ ਲੈ ਜਾਵੇਗਾ। ਉਸ ਬਜ਼ੁਰਗ ਔਰਤ ਦੀ ਜ਼ਿੰਦਗੀ ਵਿਚ ਖੁਸ਼ੀ ਦੇ ਕੁਝ ਪਲ ਸ਼ਾਮਿਲ ਕਰਨ ਦੇ ਚੱਕਰ ਵਿਚ ਸ਼ੁਭਾਸ ਡਰਾਮਾ ਕਰਦਾ ਹੈ ਕਿ ਅਸਲ ਵਿਚ ਉਹੀ ਜੈਮਿਨੀ ਦਾ ਪਤੀ ਹੈ। ਉਥੇ ਮੌਜੂਦ ਸਾਰਿਆਂ ਨੂੰ ਇਹ ਝੂਠ ਨਾਗਵਾਰ ਗੁਜ਼ਰਦਾ ਹੈ, ਪਰ ਉਹ ਇਸ ਨੂੰ ਅਣਦੇਖਿਆ ਕਰ ਦਿੰਦੇ ਹਨ। ਫਿਲਮਸਾਜ਼ ਅਨੁਸਾਰ ਅਸੀਂ ਵੀ ਤਾਂ ਇੱਦਾਂ ਹੀ ਜ਼ਿੰਦਗੀ ਵਿਚ ਬਹੁਤ ਸਾਰੇ ਨਾਗਵਾਰ ਹਾਲਾਤ ਨੂੰ ਅਣਦੇਖਿਆ ਕਰ ਜਾਂਦੇ ਹਾਂ!

ਦੋਵਾਂ ਕਿਰਦਾਰਾਂ ਵਿਚ ਮਾੜੀ-ਮੋਟੀ ਗੱਲਬਾਤ ਹੁੰਦੀ ਹੈ ਤੇ ਫਿਰ ਵਿਛੜ ਜਾਂਦੇ ਹਨ। ਇਹ ਫਿਲਮ ਉਨ੍ਹਾਂ ਦੇ ਮਿਲਣ ਨਾਲੋਂ ਵਿਛੜਨ ਦੀ ਕਹਾਣੀ ਜ਼ਿਆਦਾ ਹੈ। ਦਰਸ਼ਕ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੈ ਕਿ ਕਹਾਣੀ ਅਸਲ ਵਿਚ ਉਨ੍ਹਾਂ ਦੇ ਵਿਛੋੜੇ ਤੋਂ ਬਾਅਦ ਸ਼ੁਰੂ ਹੁੰਦੀ ਹੈ ਤੇ ਕਹਾਣੀ ਦੀ ਸ਼ੁਰੂਆਤ ਤੋਂ ਹੀ ਪਤਾ ਹੈ ਕਿ ਇਹ ਖੰਡਰਾਤ ਦੀ ਕਹਾਣੀ ਹੈ, ਇਸ ਦਾ ਅੰਤ ਕਿਸੇ ਨਵੇਂ ਖੰਡਰਾਤ ਵਿਚ ਨਿਕਲਣ ਵਾਲਾ ਹੈ। ਫਿਲਮਸਾਜ਼ ਇਥੇ ਕਈ ਜ਼ਰੂਰੀ ਸਵਾਲਾਂ ਨੂੰ ਜਨਮ ਦਿੰਦਾ ਹੈ। ਕੀ ਅਸੀਂ ਆਪਣੀ ਜ਼ਿੰਦਗੀ ਦੇ ਫੈਸਲੇ ਆਪਣੀ ਚੇਤਨਾ ਅਨੁਸਾਰ ਕਰਦੇ ਹਾਂ, ਜਾਂ ਆਪਣੇ-ਆਪ ਨੂੰ ਵਕਤ ਦੀ ਧਾਰਾ ਵਿਚ ਬੇਰੋਕ ਵਹਿੰਦੇ ਚਲੇ ਜਾਣ ਦੀ ਇਜਾਜ਼ਤ ਦੇ ਦਿੰਦੇ ਹਾਂ? ਫਿਲਮਸਾਜ਼ ਅਨੁਸਾਰ, ਬਹੁਗਿਣਤੀ ਲੋਕ ਬਿਨਾਂ ਕੋਈ ਉਜ਼ਰ ਕੀਤਿਆਂ, ਆਪਣੇ ਮਨਾਂ ਨੂੰ ਆਪਣੀਆਂ ਖਾਹਿਸ਼ਾਂ ਦੇ ਖੰਡਰਾਤ ਵਿਚ ਤਬਦੀਲ ਹੁੰਦਿਆਂ ਦੇਖਦੇ ਰਹਿੰਦੇ ਹਨ। ਕਿੰਨੇ ਹੀ ਲੋਕਾਂ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਉਨ੍ਹਾਂ ਦੇ ਹਾਲਾਤ ਨਾਲ ਹੁੰਦੇ ਟਕਰਾਓ ਵਿਚ ਗੁੰਮ-ਗੁਆਚ ਜਾਂਦੀਆਂ ਹਨ। ਇਸ ਫਿਲਮ ਦੀ ਖੂਬਸੂਰਤੀ ਕੈਮਰੇ ਰਾਹੀਂ ਉਸ ਅਣਕਹੀ ਮੁਹੱਬਤ ਦੇ ਅਨੰਤ ਪਰਛਾਵੇਂ ਫੜਨ ਵਿਚ ਹੈ ਜਿਸ ਨੂੰ ਜ਼ੁਬਾਨ ਦੇਣ ਵਿਚ ਕਈ ਵਾਰ ਸ਼ਬਦ ਵੀ ਅਸਫਲ ਹੋ ਜਾਂਦੇ ਹਨ। ਫਿਲਮ ਵਿਚ ਬਹੁਤ ਸਾਰਾ ਬਿਰਤਾਂਤ ਖੰਡਰਾਂ ਵਿਚ ਵਾਪਰਦਾ ਹੈ। ਇਸ ਪ੍ਰਕਿਰਿਆ ਵਿਚ ਅੱਖਾਂ ਦੀ ਜ਼ੁਬਾਨ ਅਤੇ ਚੁੱਪ ਦੀ ਭਾਸ਼ਾ ਸੂਤਰਧਾਰ ਦਾ ਕੰਮ ਕਰਦੀਆਂ ਹਨ।

ਫਿਲਮ ਦੇਖਦਿਆਂ ਸੁਭਾਵਿਕ ਹੀ ਮ੍ਰਿਣਾਲ ਸੇਨ ਦੀਆਂ ਪਹਿਲੀਆਂ ਫਿਲਮਾਂ ਦੇ ਦ੍ਰਿਸ਼ ਅੱਖਾਂ ਅੱਗੇ ਘੁੰਮਦੇ ਹਨ। ਦਰਸ਼ਕਾਂ ਦੀ ਅੱਖ ਇਸ ਫਿਲਮ ਵਿਚ ਵੀ ਵਿਚਾਰਧਾਰਾ, ਸਿਆਸਤ, ਸਮਾਜਿਕ ਤਰਾਸਦੀਆਂ ਲੱਭਣ ਦੀ ਕੋਸ਼ਿਸ਼ ਕਰਦੀ ਹੈ, ਪਰ ਇਸ ਵਾਰ ਫਿਲਮਸਾਜ਼ ਕੈਮਰਾ ਲੈ ਕੇ ਆਪਣੇ ਹੀ ਅੰਦਰ ਲੱਥ ਗਿਆ ਲਗਦਾ ਹੈ। ਦਰਸ਼ਕ ਉਸ ਦੇ ਆਪੇ ਤੋਂ ਭੈਅ-ਭੀਤ ਵੀ ਹੁੰਦਾ ਹੈ ਅਤੇ ਉਸ ਉਤੇ ਉਸ ਨੂੰ ਮਣਾਂ-ਮੂੰਹੀਂ ਪਿਆਰ ਵੀ ਆਉਂਦਾ ਹੈ। ਇਕ ਫਿਲਮਸਾਜ਼ ਇਸ ਤੋਂ ਵੱਧ ਆਪਣੇ ਲਈ ਹੋਰ ਮੰਗ ਵੀ ਕੀ ਸਕਦਾ ਹੈ।

# 'ਬਾਤਾਂ ਸੜਕ ਦੀਆਂ' ਕਿਤਾਬ ਵਿੱਚ




...ਸਟੇਅਰਿੰਗ ਵਾਲਾ ਪਹੀਆ ਫੜਕੇ ਕਈ ਵਾਰ ਬਹੁਤ ਸਾਰੇ ਵਿਚਾਰ ਮਨ ਦੀ ਸੜਕ 'ਤੇ ਭੱਜਣ ਲੱਗ ਜਾਂਦੇ ਸਨ।...ਪਹੀਆ ਕਮਾਲ ਦੀ ਚੀਜ਼ ਹੈ। ਪਹੀਆ ਘੁੰਮਦਾ ਹੈ, ਵਾਟ ਨਿੱਬੜਦੀ ਹੈ। ਪਹੀਆ ਭਾਰ ਢੋਂਦਾ ਹੈ। ਕਈ ਵਾਰ ਇਹ ਕੱਚੇ ਰਾਹਾਂ 'ਤੇ ਚੱਲਦਾ ਹੈ, ਕਈ ਵਾਰ ਪੱਕੀਆਂ ਸੜਕਾਂ 'ਤੇ। ਪਹੀਆ ਰੁਜ਼ਗਾਰ ਦਾ ਸਾਧਨ ਹੈ। ਬਹੁਤ ਲੋਕਾਂ ਦੀ ਜ਼ਿੰਦਗੀ ਪਹੀਏ ਨਾਲ ਜੁੜੀ ਹੋਈ ਹੈ। ਦੇਖਿਆ ਜਾਵੇ ਤਾਂ ਜ਼ਿੰਦਗੀ ਵੀ ਪਹੀਆ ਹੀ ਹੈ, ਚੱਲਦਾ ਹੋਇਆ। ਕਈਆਂ ਦਾ ਬਹੁਤ ਤੇਜ਼ ਭੱਜਦਾ ਹੈ, ਵੱਡੇ ਗੇਅਰ 'ਚ ਤੇ ਕਈਆਂ ਦਾ ਲੋਅ ਗੇਅਰ 'ਚ ਹੀ ਤੁਰਦਾ ਹੈ। 'ਬਾਤਾਂ ਸੜਕ ਦੀਆਂ' ਇਹੋ ਜਿਹੀਆਂ ਸੋਚਾਂ ਦੀ ਉਪਜ ਹੈ। ਹੱਡੀਂ ਹੰਢਾਏ ਤਜਰਬੇ ਦਾ ਅਨੁਭਵ ਹੈ। ਅੱਖੀਂ ਦੇਖੀਆਂ ਘਟਨਾਵਾਂ ਦਾ ਵਰਣਨ ਹੈ।

ਟਰੱਕ ਚਲਾਉਣ ਵੇਲੇ ਲਗਭਗ ਪੂਰਾ ਉੱਤਰੀ ਅਮਰੀਕਾ ਗਾਹ ਦਿੱਤਾ ਹੈ। ਸੜਕਾਂ 'ਤੇ ਭਾਂਤ-ਭਾਂਤ ਦੇ ਲੋਕ ਮਿਲੇ। ਭੱਜ-ਭੱਜ ਕੇ ਹੰਭੇ ਹੋਏ ਲੋਕ ਮਿਲੇ। ਬਰਫ਼ਾਂ ਮਿੱਧਦੇ ਲੋਕ ਮੈਂ ਦੇਖੇ। ਉੱਤਰੀ ਅਮਰੀਕਾ ਦੇ ਟਰਾਂਸਪੋਰਟ ਉਦਯੋਗ 'ਚ ਔਰਤਾਂ ਦੀ ਭੂਮਿਕਾ ਨੂੰ ਨੇੜਿਉਂ ਦੇਖਣ ਦਾ ਮੌਕਾ ਮਿਲਿਆ। ਸਖ਼ਤ ਕਾਨੂੰਨਾਂ ਵਿੱਚ ਬੱਝੀ ਜ਼ਿੰਦਗੀ ਦੇਖੀ।...ਤੇ ਲੋਕਾਂ ਕੋਲੋਂ ਸੜਕਾਂ ਬਾਰੇ ਬਹੁਤ ਕੁਛ ਸੁਣਿਆ। 'ਬਾਤਾਂ ਸੜਕ ਦੀਆਂ' ਮਰਦ ਤੇ ਔਰਤ ਡਰਾਇਵਰਾਂ ਕੋਲੋਂ ਸੁਣੀਆਂ ਗੱਲਾਂ ਹਨ। ਉਨ੍ਹਾਂ ਦੇ ਸੁਣਾਏ ਦੁਖੜੇ ਹਨ।

ਸੜਕਾਂ 'ਤੇ ਜਿਸਮ ਵੇਚਦੀਆਂ ਮਜਬੂਰ ਔਰਤਾਂ ਮੈਂ ਤੱਕੀਆਂ। ਔਰਤਾਂ ਦੇ ਨੰਗੇ ਨਾਚ ਦੇਖ ਕੇ ਖੁਸ਼ ਹੁੰਦੇ ਡਰਾਇਵਰ ਮੈਂ ਦੇਖੇ। ਕਈ ਡਰਾਇਵਰ ਮਜਬੂਰ ਔਰਤਾਂ ਦੀ ਸਹਾਇਤਾ ਕਰਦੇ ਵੀ ਮੈਂ ਦੇਖੇ। ਖੁਸ਼ੀ ਵਿੱਚ ਮੈਂ ਕਈ ਵਾਰ ਬੋਲੀਆਂ ਪਾਉਂਦੇ ਵੀ ਡਰਾਇਵਰ ਸੁਣੇ। ਮੈਂ ਡਰਾਇਵਰ ਨੱਚਦੇ ਵੀ ਦੇਖੇ। ਕਈ ਔਖਾਂ ਵਿੱਚ ਰੋਂਦੇ ਵੀ ਮੈਂ ਤੱਕੇ। ਮੈਂ ਆਪ ਵੀ ਬਹੁਤ ਵਾਰ ਖੁਸ਼ੀ 'ਚ ਖੀਵਾ ਹੋਕੇ ਨੱਚਿਆ ਹਾਂ ਤੇ ਕਈ ਵਾਰ ਦੁੱਖਾਂ ਨੇ ਮੈਨੂੰ ਵੀ ਰੁਆਇਆ ਹੈ। ਮੈਂ ਮਹਿਸੂਸ ਕੀਤਾ ਹੈ ਕਿ ਪ੍ਰਵਾਸੀ ਬਣਨਾ ਕੋਈ ਸੌਖਾ ਨਹੀਂ ਹੁੰਦਾ।

ਇਨਸਾਨ ਜ਼ਿੰਦਗੀ ਲਈ ਖੁਸ਼ੀਆਂ ਬੀਜਦਾ ਹੈ। ਸੋਚਦਾ ਹੈ ਕਿ ਹਾਸੇ ਉੱਗਣਗੇ। ਪਰ ਕਿੰਨਾ ਔਖਾ ਹੁੰਦਾ ਹੈ, ਜਦ ਉਸ ਨੂੰ ਗਮੀ ਤੇ ਉਦਾਸੀ ਦੀ ਫ਼ਸਲ ਵੱਢਣੀ ਪੈਂਦੀ ਹੈ।

ਇਨਸਾਨ ਦਾ ਮਨ ਬਹੁਤ ਉਤਰਾ-ਚੜ੍ਹਾਅ ਹੰਢਾਉਂਦਾ ਰਹਿੰਦਾ ਹੈ। ਕਈ ਵਾਰ ਮੈਂ ਮਹਿਸੂਸ ਕੀਤਾ ਹੈ ਜਿਵੇਂ ਦਰਿਆਵਾਂ 'ਤੇ ਬਣੇ ਪੁਲ਼ ਵੀ ਗੱਲਾਂ ਕਰ ਰਹੇ ਹੋਣ। ਜਿਵੇਂ ਉਹ ਵੀ ਦੁੱਖ-ਸੁੱਖ ਹੰਢਾਅ ਰਹੇ ਹੋਣ। ਉਹ ਵੀ ਰੋਣੇ ਰੋ ਰਹੇ ਹੋਣ।

...ਕਈ ਟੈਕਸੀ ਡਰਾਇਵਰ ਮੇਰੇ ਜਮਾਤੀ ਹਨ। ਉਨ੍ਹਾਂ ਕੋਲੋਂ ਉਨ੍ਹਾਂ ਦੇ ਕੰਮ ਬਾਰੇ ਮੈਂ ਜਾਣਿਆ। ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਬੱਸਾਂ ਦੇ ਡਰਾਇਵਰ ਵੀ ਕਈ ਮੇਰੇ ਜਮਾਤੀ ਹਨ, ਉਨ੍ਹਾਂ ਨਾਲ ਬੈਠਕੇ ਉਨ੍ਹਾਂ ਦੀ ਜ਼ਿੰਦਗੀ ਦੇ ਅਨੁਭਵ ਮੈਂ ਕਾਗਜ਼ਾਂ 'ਤੇ ਉਤਾਰੇ।

ਉੱਤਰੀ ਅਮਰੀਕਾ ਦੀਆਂ ਸੜਕਾਂ ਲੋਕਾਂ ਦੇ ਪਰਿਵਾਰਾਂ ਅਤੇ ਬੱਚਿਆਂ ਨਾਲ ਕਿਵੇਂ ਜੁੜੀਆਂ ਹੋਈਆਂ ਹਨ? ਸਮਾਜ ਤੇ ਆਰਥਿਕਤਾ ਕਿਵੇਂ ਸੜਕਾਂ ਨਾਲ ਜੁੜੀ ਹੋਈ ਹੈ ? ਚੰਗੇ ਤੇ ਬੁਰੇ ਲੋਕਾਂ ਦਾ ਸੜਕਾਂ 'ਤੇ ਕੀ ਅਸਰ ਹੈ ? ਕਈ ਥਾਂਵਾਂ 'ਤੇ ਧਰਮ ਤੇ ਰਾਜਨੀਤੀ ਦਾ ਭੈੜਾ ਰੰਗ ਵੀ ਮੈਂ ਸੜਕਾਂ ਉੱਤੇ ਜੰਮੀ ਬਰਫ਼ 'ਚ ਘੁਲ਼ਿਆ ਹੋਇਆ ਦੇਖਿਆ। ਰੰਗ ਤੇ ਨਸਲ ਦਾ ਹੁੰਦਾ ਵਿਤਕਰਾ ਦੇਖਿਆ।...ਤੇ ਇਸ ਤੋਂ ਕਿਤੇ ਵੱਧ 'ਬਾਤਾਂ ਸੜਕ ਦੀਆਂ' ਵਿੱਚ ਹੈ।

'ਬਾਤਾਂ ਸੜਕ ਦੀਆਂ' ਵਿਚਲੇ ਪਾਤਰ ਰੰਗ ਬਿਰੰਗੇ ਹਨ। ਬਹੁਤੇ ਮੇਰੇ ਨਜ਼ਦੀਕੀ ਮਿੱਤਰ ਹੀ ਹਨ। ਕਿਤੇ-ਕਿਤੇ ਕਾਲਪਨਿਕ ਪਾਤਰ ਵੀ ਹਨ।

**-ਗੁਰਮੇਲ ਬੀਰੋਕੇ**

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD.
REALTOR
REAL ESTATE BOARD
MaxValue Reality Ltd.
Taranjit "T.J" Mand
Real Estate Associate



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week
Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹਾਂ।
ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com





# ਪਿੰਡ ਜੀਰਖ 'ਚ ਲੱਗੇ ਅੱਖਾਂ ਦੇ ਫਰੀ ਕੈਂਪ ਵਿੱਚ 130 ਮਰੀਜ਼ਾਂ ਦੀਆਂ ਅੱਖਾਂ ਦੇ ਮੁਆਇਨੇ ਹੋਏ




ਲੁਧਿਆਣਾ, (ਜਸਵੰਤ ਜੀਰਖ) : ਪਿੰਡ ਜੀਰਖ ਵਿਖੇ ਤਰਕਸ਼ੀਲ ਆਗੂ ਜਸਵੰਤ ਜੀਰਖ ਦੀ ਪਤਨੀ ਸ੍ਰੀਮਤੀ ਸ਼ੇਰ ਕੌਰ ਦੀ ਯਾਦ ਵਿੱਚ ਪਹਿਲੀ ਬਰਸੀ ਮੌਕੇ ਉਹਨਾਂ ਦੇ ਪਰਿਵਾਰ ਵੱਲੋਂ ਲਗਾਏ ਫਰੀ ਅੱਖਾਂ ਦੇ ਕੈਂਪ ਵਿੱਚ ਕੁੱਲ 130 ਮਰੀਜ਼ਾਂ ਨੇ ਆਪਣੀਆਂ ਅੱਖਾਂ ਦੇ ਮੁਆਇਨੇ ਕਰਵਾਏ। ਵਿਸ਼ਵ ਪ੍ਰਸਿੱਧ ਅੱਖਾਂ ਦੇ ਮਾਹਰ ਡਾ: ਰਮੇਸ (ਐਮ ਡੀ ਅੱਖਾਂ) ਲੁਧਿਆਣਾ ਦੇ ਸੁਪਰ ਸਪੈਸਿਲਟੀ ਅੱਖਾਂ ਦੇ ਹਸਪਤਾਲ ਦੀ ਟੀਮ ਵੱਲੋਂ ਇਸ ਕੈਂਪ ਦੌਰਾਨ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਲਈ 9 ਅਤੇ ਅੱਖਾਂ ਦੀ ਸਫਾਈ ਲਈ ਦੋ ਮਰੀਜ਼ਾਂ ਦੀ ਚੋਣ ਕੀਤੀ ਗਈ। ਇਸ ਤੋਂ ਬਿਨਾਂ 70 ਮਰੀਜ਼ਾਂ ਨੂੰ ਮੁਫਤ ਐਨਕਾਂ ਵੰਡੀਆਂ ਗਈਆਂ। ਸਾਰੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਮੋਤੀਏ ਵਾਲੇ ਮਰੀਜ਼ਾਂ ਦੇ ਅਪਰੇਸ਼ਨ 27 ਨਵੰਬਰ ਨੂੰ ਡਾ: ਰਮੇਸ ਵੱਲੋਂ ਆਪਣੇ ਉਪਰੋਕਤ ਲੁਧਿਆਣਾ ਵਾਲੇ ਹਸਪਤਾਲ ਵਿੱਚ ਕਰਨਗੇ। ਇਸ ਸਮੇਂ ਸ੍ਰੀ ਰਛਪਾਲ ਵੱਲੋਂ ਅੱਖਾਂ ਦੀ ਸਾਂਭ ਸੰਭਾਲ਼ ਕਰਨ ਲਈ, ਆਏ ਮਰੀਜ਼ਾਂ ਨੂੰ ਜਾਣਕਾਰੀ ਦਿੱਤੀ। ਜਸਵੰਤ ਜੀਰਖ ਨੇ ਲੋਕਾਂ ਦੀਆਂ ਸਿਹਤ ਸਹੂਲਤਾਂ ਬਾਰੇ ਸਰਕਾਰਾਂ ਵੱਲੋਂ ਕੀਤੀ ਜਾਂਦੀ ਬੇਧਿਆਨੀ ਨੂੰ ਬੇਪੜਦ ਕੀਤਾ। ਉਹਨਾਂ ਕਿਹਾ ਕਿ ਮਿਹਨਤੀ ਲੋਕਾਂ ਵੱਲੋਂ ਦਿੱਤੇ ਟੈਕਸਾਂ ਨਾਲ ਭਰੇ ਦੇਸ਼ ਦੇ ਖ਼ਜ਼ਾਨੇ ਰਾਹੀਂ ਹਾਕਮ ਲੋਕ ਆਪਣੇ ਇਲਾਜ ਤਾਂ ਵਿਦੇਸ਼ਾਂ ਵਿੱਚ ਜਾਕੇ ਇਸ ਖ਼ਜ਼ਾਨੇ ਚੋਂ ਮੁਫ਼ਤ ਕਰਵਾ ਲੈਂਦੇ ਹਨ, ਪਰ ਜਿਹੜੇ ਲੋਕ ਇਹ ਖ਼ਜ਼ਾਨਾ ਭਰਦੇ ਹਨ, ਉਹਨਾਂ ਦੀ ਸਿਹਤ ਸਹੂਲਤ ਲਈ ਕੋਈ ਢੁਕਵਾਂ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਇਸ ਸਮੇਂ ਸਰਪੰਚ ਬਲਦੇਵ ਸਿੰਘ, ਦਲਬਾਗ ਸਿੰਘ ਜੀਰਖ, ਐਡਵੋਕੇਟ ਹਰਪ੍ਰੀਤ ਜੀਰਖ, ਤਰਲੋਚਨ ਸਿੰਘ ਜੀਰਖ, ਸਤਨਾਮ ਸਿੰਘ, ਅਰੁਣ ਕੁਮਾਰ, ਰਾਕੇਸ ਆਜਾਦ,ਗੁਰਦੀਪ ਸਿੰਘ ਜੀਰਖ, ਕਰਨਜੀਤ ਸਿੰਘ,ਤਰਸੇਮ ਸਿੰਘ ਨੇ ਪ੍ਰਬੰਧਕੀ ਕੰਮਾਂ ਦੀ ਜ਼ੁੰਮੇਵਾਰੀ ਨਿਭਾਈ।

# ਕਾਲੇ ਕਾਨੂੰਨਾਂ ਤਹਿਤ ਗ੍ਰਿਫਤਾਰ ਉੱਘੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ : ਜਮਹੂਰੀ ਅਧਿਕਾਰ ਸਭਾ ਇਕਾਈ



ਬਠਿੰਡਾ : (ਡਾ. ਅਜੀਤਪਾਲ ਸਿੰਘ) ਕਾਲੇ ਕਾਨੂੰਨਾਂ ਤਹਿਤ ਗ੍ਰਿਫਤਾਰ ਜਮਹੂਰੀ ਹੱਕਾਂ ਦੀ ਲਹਿਰ ਦੀਆਂ 5 ਉੱਘੀਆ ਸ਼ਖਸੀਅਤਾਂ (ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ,ਐਡਵੋਕੇਟ ਅਨੁਨ ਫਰੇਰਾ, ਪ੍ਰੋ. ਵਰਨੋਨ ਗੋਂਜ਼ਾਲਵਿਜ਼ ਤੇ ਪ੍ਰੋ. ਵਰਵਰਾ ਰਾਓ ਜੋ ਜਮਹੂਰੀ ਹੱਕਾਂ ਦੀ ਲਹਿਰ ਦੀਆਂ ਵਕਾਰੀ ਕਲਗੀਆਂ ਹਨ, ਜਿਨ੍ਹਾਂ ਨੇ ਜ਼ਿੰਦਗੀ ਭਰ ਲੋਕਾਂ ਦੇ ਜਮਹੂਰੀ ਹੱਕਾਂ ਦੀ ਪਹਿਰੇਦਾਰੀ ਕੀਤੀ, ਸਰਕਾਰ ਦੀਆਂ ਲੋਕ ਦੋਖੀ ਨੀਤੀਆਂ ਦਾ ਬੇਕਿਰਕੀ ਨਾਲ ਪਰਦਾ ਚਾਕ ਕੀਤਾ ਅਤੇ ਲੋਕ ਸੰਘਰਸ਼ਾਂ ਦੇ ਘਸਮਾਨੀ ਮੈਦਾਨਾਂ 'ਚ ਬਿਨਾਂ ਲਿਫਿਆ ਜਾਂ ਝੁੱਕਿਆ ਹਿੱਕਾਂ ਤਾਣ ਕੇ ਖੜ੍ਹੇ ਹਨ, ਨੂੰ ਤੁਰੰਤ ਰਿਹਾ ਕੀਤਾ ਜਾਵੇ। ਇਹ ਵਿਚਾਰ ਦਸੰਬਰ ਮਹੀਨੇ ਮਨੁੱਖੀ ਅਧਿਕਾਰ ਦਿਵਸ ਮਨਾਉਣ ਲਈ ਸੂਬਾ ਕਮੇਟੀ ਵੱਲੋਂ ਜਾਰੀ ਇੱਕ ਬੱਝਵੀ ਲਿਖਤ ਤੇ ਵਿਚਾਰ ਵਟਾਂਦਰਾ ਕਰਨ ਲਈ ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਇਕਾਈ ਬਠਿੰਡਾ ਦੀ ਸਮੁੱਚੀ ਮੈਂਬਰਸ਼ਿਪ ਦੀ ਇੱਕ ਭਰਵੀਂ ਮੀਟਿੰਗ ਨੂੰ ਸੰਬੰਧਿਤ ਹੁੰਦਿਆਂ ਸਭਾ ਦੇ ਜਿਲ੍ਹਾ ਪ੍ਰਧਾਨ ਪ੍ਰਿੰ ਬੱਗਾ ਸਭਾ, ਸੂਬਾ ਕਮੇਟੀ ਮੈਂਬਰ ਐਡਵੋਕੇਟ ਐਨ ਕੇ ਜੀਤ ਤੇ ਡਾਕਟਰ ਅਜੀਤਪਾਲ ਸਿੰਘ ਨੇ ਰੱਖੇ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਵਿੱਚ ਚਾਲੀ ਦੇ ਕਰੀਬ ਮਾਓਵਾਦੀਆਂ ਤੇ ਕਬਾਇਲੀਆਂ ਨੂੰ ਝੂਠੇ ਮੁਕਾਬਲੇ ਵਿੱਚ ਮਾਰਨ ਦੀ ਕਹਾਣੀ ਦਾ ਇਨ੍ਹਾਂ ਬੁੱਧੀਜੀਵੀਆਂ ਨੇ ਪਰਦਾਫਾਸ਼ ਕੀਤਾ ਸੀ। ਇਨ੍ਹਾਂ ਵਕਾਰੀ ਕਲਗੀਆਂ ਨੂੰ ਹੱਥ ਪਾ ਕੇ ਭਾਰਤੀ ਹਾਕਮ ਲੋਕਾਂ ਲਈ ਗੰਭੀਰ ਚੁਣੌਤੀ ਪੇਸ਼ ਕਰ ਰਹੇ ਹਨ। ਇਨ੍ਹਾਂ ਸਾਰੇ ਬੁੱਧੀਜੀਵੀਆਂ ਅਤੇ ਲੋਕਾਂ ਦੇ ਜਮੂਹਰੀ ਹੱਕਾਂ ਦੇ ਪਹਿਰੇਦਾਰਾਂ ਨੂੰ ਪ੍ਰੋਫੈਸਰ ਜੀ ਐੱਨ ਸਾਈਂ ਬਾਬਾ ਵਾਂਗ "ਦੇਸ਼ਧ੍ਰੋਹ" ਤੇ "ਗੈਰ ਕਨੂੰਨੀ" ਸਰਗਰਮੀਆਂ ਦੇ ਝੂਠੇ ਦੋਸ਼ਾਂ ਤਹਿਤ ਲੰਮੇ ਸਮੇਂ ਦੀਆਂ ਸਜ਼ਾਵਾਂ ਦੇ ਕੇ ਜੇਲ੍ਹ ਵਿੱਚ ਡੱਕਣਾ ਤੇ ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਬਰਬਾਦ ਕਰਨਾ ਇੱਥੋਂ ਦੇ ਹਾਕਮਾਂ ਦਾ ਸਪੱਸ਼ਟ ਨਿਸ਼ਾਨਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਜਾਬਰ ਸਰਕਾਰੀ ਮਸ਼ੀਨਰੀ ਦੀ ਵਰਤੋਂ ਦੇ ਨਾਲ ਧਾਰਮਿਕ ਕੱਟੜਤਾ ਨੂੰ ਉਤਸ਼ਾਤਹਿਤ ਕੀਤਾ ਹੈ ਜਿਵੇਂ ਕਿ ਕੁਲਬਰਗੀ ਡਾ. ਦਬੋਲਕਰ ਪਨਸਾਰੇ ਦੇ ਗੋਰੀ ਲੰਕੇਸ਼ ਦੇ ਕਤਲਾ ਤੋਂ ਸਪਸ਼ਟ ਹੈ। ਮੀਟਿੰਗ ਨੂੰ ਸੰਬੋਧਿਤ ਹੁੰਦਿਆਂ ਜ਼ਿਲ੍ਹਾ ਕਮੇਟੀ ਮੈਂਬਰ ਸੁਖਦੇਵ ਪਾਂਧੀ ਨੇ "ਕੌਮਾਂਤਰੀ ਮਨੁੱਖੀ ਹੱਕਾਂ ਦੇ ਐਲਾਨਨਾਮੇ" ਤੇ ਸਖਤੀ ਨਾਲ ਪਹਿਰਾ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਐਲਾਨਨਾਮਾ ਲੋਕਾਂ ਵੱਲੋਂ ਕੀਤੇ ਸੰਘਰਸ਼ਾਂ ਦਾ ਸਿੱਟਾ ਹੈ ਤੇ ਸਾਮਰਾਜੀ ਤਾਕਤਾਂ ਅੱਜ ਵੀ ਇਸ ਐਲਾਨਨਾਮੇ ਨੂੰ ਠੰਢੇ ਬਸਤੇ ਵਿੱਚ ਪਾਉਣ ਲਈ ਕਾਹਲੀਆਂ ਹਨ। ਬੁਲਾਰਿਆਂ ਨੇ ਅੱਗੇ ਕਿਹਾ ਕਿ ਮੋਦੀ ਦੀ ਸੰਘੀ ਸਰਕਾਰ ਕਾਰਪੋਰੇਟ ਨੀਤੀਆਂ ਦੇ ਪੱਖ ਵਿੱਚ ਭੁਗਤਦੀ ਹੋਈ ਸਾਰੀਆਂ ਸੰਸਥਾਵਾਂ ਦਾ ਭਗਵਾਂਕਰਨ ਕਰਨ ਲੱਗੀ ਹੋਈ ਹੈ ਡਾਕਟਰ ਅਜੀਤਪਾਲ ਸਿੰਘ ਨੇ ਕਿਹਾ ਕਿ ਨੋਟਬੰਦੀ ਅਤੇ ਜੀ ਐੱਸ ਟੀ ਮੋਦੀ ਸਰਕਾਰ ਵੱਲੋਂ ਚੁੱਕੇ ਦੋ ਲੋਕ ਵਿਰੋਧੀ ਕਦਮਾਂ ਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਦੇਸ਼ ਨੂੰ ਕੰਗਾਲੀ ਦੇ ਰਾਹ ਤੇ ਤੋਰ ਰਹੀ ਹੈ।ਵੇਲਾ ਵਿਹਾ ਚੁੱਕੇ ਧਾਰਮਿਕ ਸੰਸਕਾਰਾਂ ਨੂੰ ਜਿਉਂਦੇ ਰੱਖਣ ਲਈ ਤੇ ਲੋਕਾਂ ਵਿੱਚ ਵਿਗਿਆਨ ਅਤੇ ਤਰਕ ਸੰਗਤ ਵਿਚਾਰਾਂ ਦਾ ਸੰਚਾਰ ਹੋਣ ਤੋਂ ਰੋਕਣ ਲਈ ਸਰਕਾਰ ਧਾਰਮਿਕ ਬੇਅਦਬੀਆਂ ਵਰਗੇ ਕਾਨੂੰਨਾਂ ਨੂੰ ਹੋਰ ਵੱਧ ਮਾਰੂ ਬਣਾ ਰਹੀਆਂ ਹਨ। ਧਾਰਾ 295 ਏਏ ਤਹਿਤ ਪੰਜਾਬ ਵਿਚ ਧਾਰਮਿਕ ਬੇਅਦਬੀ ਦੀ ਸਜ਼ਾ ਤਿੰਨ ਸਾਲ ਦੀ ਕੈਦ ਤੋਂ ਵਧਾ ਉਮਰ ਕੈਦ ਕਰ ਦਿੱਤੀ ਗਈ ਹੈ। ਲੋਕਾਂ ਦੇ ਵਿਚਾਰ ਪ੍ਰਗਟਾਉਣ, ਜਥੇਬੰਦ ਹੋਣ ਤੇ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ ਅਨੁਸਾਰ ਆਵਦੀ ਦੀ ਬਿਹਤਰ ਜ਼ਿੰਦਗੀ ਲਈ ਸੰਘਰਸ਼ ਕਰਨ ਦੇ ਅਧਿਕਾਰਾਂ ਨੂੰ ਹਕੂਮਤ ਆਪਣੇ ਜਾਬਰ ਪੈਰਾਂ ਹੇਠ ਕੁਚਲ ਰਹੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਛਲ ਕਪਟ ਤੇ ਜਬਰ ਦੀ ਨੀਤੀ ਅਪਣਾ ਕੇ, ਜਿੱਥੇ ਇੱਕ ਪਾਸੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚ ਗਰਕ ਕਰ ਦਿੱਤਾ ਗਿਆ ਹੈ ਉਥੇ ਦੂਜੇ ਪਾਸੇ ਥਰਮਲ ਪਲਾਂਟ ਵਰਗੇ ਜਨਤਕ ਅਦਾਰਿਆਂ ਨੂੰ ਬੰਦ ਕਰਨ ਦੇ ਫੈਸਲਿਆ ਨਾਲ ਮੁਲਾਜ਼ਮਾਂ ਮਜ਼ਦੂਰਾਂ ਤੇ ਕਿਸਾਨਾਂ ਪ੍ਰਤੀ ਆਪਣੀ ਚੋਣ ਵਾਅਦਿਆਂ ਤੋਂ ਭੱਜ ਕੇ ਹੁਣ ਅਧਿਆਪਕਾਂ ਉੱਪਰ ਜਬਰ ਦਾ ਹੱਲਾ ਵਿੱਢਿਆ ਹੋਇਆ ਹੈ।ਵੱਡੀ ਗਿਣਤੀ ਵਿੱਚ ਹਾਜਰ ਜਮਹੂਰੀ ਕਾਰਕੁਨਾਂ ਨੂੰ ਗਗਨਦੀਪ, ਹਰੀ ਰਾਮ, ਪੁਸ਼ਪਲਤਾ, ਅਤਰਜੀਤ, ਜਗਦੇਵ ਰਾਮਪੁਰਾ, ਸੰਤੋਖ ਮੱਲਣ, ਸੁਰਜੀਤ ਸੋਢੀ, ਮਹੇਸ਼,ਮਾਸਟਰ ਕਰਮ ਸਿੰਘ, ਪ੍ਰਿੰਸੀਪਲ ਰਣਜੀਤ ਸਿੰਘ, ਦਰਸ਼ਨ ਬਾਜਾਖਾਨਾ, ਦਰਸ਼ਨ ਪੀਟੀ ਤੇ ਪ੍ਰੋਫੈਸਰ ਬਲਵਿੰਦਰ ਬਰਾੜ ਨੇ ਵੀ ਸੰਬੋਧਨ ਕੀਤਾ। ਸਮੁੱਚੇ ਇਕੱਠ ਨੇ ਯੂ ਏ ਪੀ ਏ ਪਬਲਿਕ ਸੇਫਟੀ ਐਕਟ ਅਫਸਪਾ ਧਾਰਾ 295 ਏ, ਧਾਰਾ 295ਏਏ ਅਤੇ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਆਦਿ ਕਾਲੇ ਕਨੂੰਨਾ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ। ਲੋਕਾਂ ਲਈ ਮੁਫਤ ਵਿੱਦਿਆ ਅਤੇ ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦਾ ਪ੍ਰਬੰਧ ਕੀਤੇ ਜਾਣ ਦਾ ਵੀ ਮਤਾ ਪਾਸ ਕੀਤਾ ਗਿਆ ਹੈ। ਸਟੇਜ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਬਾਖੂਬੀ ਨਿਭਾਈ।

# ਉਹਨਾਂ ਮਿੱਤਰਾਂ ਦੀ ਯਾਦ ਪਿਆਰੀ, ਯਾਰੋ ਸਾਨੂੰ ਨਹੀਂ ਭੁਲਣੀ।




ਉਹਨਾਂ ਮਿੱਤਰਾਂ ਦੀ ਯਾਦ ਪਿਆਰੀ, ਯਾਰੋ ਸਾਨੂੰ ਨਹੀਂ ਭੁਲਣੀ। ਸਾਡਾ ਰੰਗਲਾ ਯਾਰ, ਬੇਵਾਕ, ਸੱਚੀ ਗੱਲ ਮੂੰਹ 'ਤੇ ਕਹਿਣ ਵਾਲਾ ਅਤੇ ਕਿਸੇ ਵੀ ਖੱਬੀਖਾਨ ਦੀ ਈਨ ਨਾ ਮੰਨਣ ਵਾਲਾ, ਨੌਜਵਾਨੀ ਤੋਂ ਹੁਣ ਤੱਕ ਇਨਕਲਾਬੀ ਲਹਿਰ ਦਾ ਪੱਕਾ ਹਮਾਇਤੀ ਸਾਧੂ ਸਿੰਘ ਭਰੋਵਾਲ (ਲੁਧਿਆਣਾ) ਅੱਜ ਸਦਾ ਲਈ ਵਿਦਾ ਹੋ ਗਿਆ। ਜਦੋਂ ਦਾ ਉਹ 30 ਸਾਲਾਂ ਬਾਅਦ ਡੁਬਈ 'ਚੋਂ ਮੁੜਿਆ ਉਸਨੂੰ ਜਦੋਂ ਵੀ ਹਾਕ ਮਾਰੀ, ਉਹ ਹਾਜ਼ਰ ਹੋ ਜਾਂਦਾ ਸੀ। ਜੱਥੇਬੰਦੀਆਂ ਦਾ ਜਦੋਂ ਵੀ ਕੋਈ ਪ੍ਰੋਗਰਾਮ ਹੁੰਦਾ, ਭੂੰਦੜੀ ਇਲਾਕੇ ਅੰਦਰ ਹਾਜ਼ਰ ਰਹਿੰਦਾ ਸੀ। ਜੂਨ ਵਿੱਚ ਜਦੋਂ ਨੌਜਵਾਨ ਭਾਰਤ ਸਭਾ ਵਲੋਂ ਬੱਚਿਆਂ ਦਾ ਹਫਤੇ ਦਾ ਬਾਲ ਕੈਂਪ ਲੱਗਾ ਤਾਂ ਉਹ ਸੱਤੇ ਦਿਨ ਹਾਜ਼ਰ ਰਿਹਾ। ਜਦੋਂ ਦੀ ਭੂੰਦੜੀ ਇਲਾਕੇ ਅੰਦਰ ਸ਼ਹੀਦ ਕਰਤਾਰ ਸਿੰਘ ਪਬਲਿਕ ਲਾਇਬਰੇਰੀ ਦੀ ਜ਼ਿੰਮੇਵਾਰੀ ਸਾਂਭੀ ਹੈ ਤਾਂ ਕਿਤਾਬਾਂ ਦੀ ਸਾਰੀ ਮੁਰੰਮਤ ਅਤੇ ਜਿਲਦਾਂ ਬੜੀ ਸੋਹਣੇ ਤਰੀਕੇ ਨਾਲ ਸੰਵਾਰੀਆਂ। ਸਾਥੀ ਨੂੰ ਗੋਡਿਆਂ ਦੀ ਤਕਲੀਫ ਕਾਰਨ ਹਸਪਤਾਲ ਇਲਾਜ ਕਰਾਉਣ ਜਾਣਾ ਪਿਆ, ਲਾਲਚ ਅਤੇ ਮੁਨਾਫੇ ਦੇ ਕਾਰਨ ਸਿਹਤ ਠੀਕ ਕਰਨ ਦੇ ਵਪਾਰੀਆਂ ਨੇ ਸਿਹਤ ਨਾਲ ਖਿਲਵਾੜ ਕੀਤਾ। 18-11-18 ਨੂੰ ਭੂੰਦੜੀ ਵਿਖੇ ਰੱਖੇ ਮੈਡੀਕਲ ਕੈਂਪ ਦੀ ਤਿਆਰੀ ਵਿੱਚ ਵੱਡਾ ਯੋਗਦਾਨ ਪਾ ਰਿਹਾ ਸੀ ਤੇ ਕਹਿ ਕੇ ਗਿਆ ਕਿ ਮੈਂ ਗੋਡੇ ਨਵੇਂ ਪੁਵਾ ਕੇ ਚਾਰ ਦਿਨਾਂ ਨੂੰ ਤੁਹਾਡੇ ਵਿੱਚ ਸ਼ਾਮਲ ਹੋ ਜਾਵਾਂਗਾ। ਪਰ ਉਹ ਮੁੜ ਕੇ ਨਾ ਆਇਆ....। ਅੱਜ ਉਸਦੇ ਸਾਥੀਆਂ ਅਤੇ ਸੁਨੇਹੀਆਂ ਨੇ ਆਖਰੀ ਅਲਵਿਦਾ ਕਹੀ। ਇਸ ਮੌਕੇ ਪੇਂਡੂ ਮਜਦੂਰ ਯੂਨੀਅਨ (ਮਸ਼ਾਲ), ਇਨਕਲਾਬੀ ਕੇਂਦਰ, ਪੰਜਾਬ, ਨੌਜਵਾਨ ਭਾਰਤ ਸਭਾ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ, ਸ਼ਹੀਦ ਕਰਤਾਰ ਸਿੰਘ ਸਰਾਭਾ ਲਾਇਬਰੇਰੀ ਭੂੰਦੜੀ ਦੇ ਨੁਮਾਇੰਦੇ ਡਾ ਸੁਖਦੇਵ ਭੂੰਦੜੀ, ਕੰਵਲਜੀਤ ਖੰਨਾ, ਸਿੰਦਰਪਾਲ, ਮੇਜਰ ਸਿੰਘ, ਚਿਮਨ, ਬਿੰਨੀ, ਸੂਰਜ ਲੁਧਿਆਣਾ, ਸੁਖਿਵੰਦਰ ਹੰਬੜਾ, ਮਨਜੀਤ, ਕੰਢਾ ਸਿੰਘ, ਮੇਘ ਸਿੰਘ, ਰਾਮਸ਼ਰਨ ਜੰਡੀ ਰਸੂਲਪੁਰ, ਸੰਤੋਖ ਸਿੰਘ ਤੂਰ ਆਦਿ ਹਾਜਰ ਸਨ।

ਬਹੁਤ ਦੁਖਦਾਈ ਖ਼ਬਰ! ਅਦਾਰਾ 'ਸਰੋਕਾਰਾਂ ਦੀ ਅਵਾਜ਼' ਪ੍ਰੀਵਾਰ ਨਾਲ ਦੁਖ ਸਾਂਝਾਂ ਕਰਦਾ ਹੈ।


ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ।ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫੀਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੇਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਪੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
416-886-9400
info@metroimmigration.com
www.metroimmigration.com
12-2355 Derry Road East, Mississauga, Ont. L5S 1V6

# ਮੁੰਡੇ ਕੁੜੀਆਂ ਦੀ ਆਜ਼ਾਦੀ ਤੇ ਬਰਾਬਰੀ ਦਾ ਮਸਲਾ



- ਸੋਹਜ ਦੀਪ
98724-27960



ਕੀ ਮੁੰਡੇ ਅਤੇ ਕੁੜੀਆਂ ਸੱਚਮੁੱਚ ਬਰਾਬਰ ਹਨ? ਕੀ ਉਨ੍ਹਾਂ ਨੂੰ ਸੱਚਮੁਚ ਹੀ ਬਰਾਬਰਤਾ ਦੇਣੀ ਚਾਹੀਦੀ ਹੈ? ਸਾਡੀ ਵਿਹਾਰਕ ਜ਼ਿੰਦਗੀ ਵਿਚ ਅਜਿਹੇ ਕਈ ਪ੍ਰਸ਼ਨ ਹਨ, ਜਿਹੜੇ ਜਵਾਬਾਂ ਦੀ ਤਲਾਸ਼ ਵਿਚ ਭਟਕਦੇ ਰਹਿ ਜਾਂਦੇ ਹਨ। ਭਾਰਤੀ ਸਮਾਜ ਵਿਚ ਲਿੰਗ ਆਧਾਰਿਤ ਵਿਤਕਰੇ ਦਾ ਵਰਤਾਰਾ ਆਮ ਹੈ, ਜਿਸ ਤਹਿਤ ਔਰਤਾਂ/ਲੜਕੀਆਂ ਵੱਡੇ ਪੱਧਰ 'ਤੇ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਦੇਸ਼ ਦੇ ਕਣ-ਕਣ ਵਿਚ ਪਿਤਰ ਸੱਤਾ ਦੁਆਰਾ ਕੀਤੀ ਜਾਂਦੀ ਹਿੰਸਾ ਗ੍ਰਸੀ ਹੋਈ ਹੈ। ਇਹ ਹਿੰਸਾ ਸਰੀਰਕ ਵੀ ਹੈ ਅਤੇ ਮਾਨਸਿਕ ਵੀ। ਔਰਤ, ਪੁਰਸ਼, ਬਜ਼ੁਰਗ ਤੇ ਬੱਚੇ ਪੜਾਅ ਦਰ ਪੜਾਅ ਹਿੰਸਕ ਪ੍ਰਵਿਰਤੀਆਂ ਦਾ ਸ਼ਿਕਾਰ ਅਤੇ ਸ਼ਿਕਾਰੀ ਹਨ। ਫ਼ਰਕ ਮਹਿਜ਼ ਇੰਨਾ ਹੈ ਕਿ ਇਨ੍ਹਾਂ ਦੀ ਭੂਮਿਕਾ ਬਦਲਦੀ ਰਹਿੰਦੀ ਹੈ। ਪਿਛਲੇ ਲੰਮੇ ਸਮੇਂ ਤੋਂ ਭਾਵੇਂ ਔਰਤ ਖ਼ੁਦਕੁਸ਼ੀ ਦੇ ਰੂਪ ਵਿਚ ਆਪਣਾ ਵਿਰੋਧ ਪਿਤਰ ਸੱਤਾ ਅੱਗੇ ਦਰਜ ਕਰਵਾਉਂਦੀ ਰਹੀ ਹੈ, ਪਰ ਸਥਾਪਤੀ ਲਈ ਹਰ ਹਾਲਤ ਵਿਚ ਆਪਣੀ ਹੋਂਦ ਬਣਾਈ ਰੱਖਣਾ ਜ਼ਰੂਰੀ ਹੈ।

ਪੁਰਸ਼ ਦੀ ਹਿੰਸਾ ਦੀ ਵਡਿਆਈ ਕੀਤੀ ਜਾਂਦੀ ਹੈ। ਪੁਰਸ਼ ਦੇ ਰੋਅਬਦਾਰ ਅਕਸ ਨੂੰ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਸਾਨੂੰ ਸਿਖਾਇਆ ਜਾਂਦਾ ਹੈ ਕਿ ਔਰਤ ਦੀ 'ਸੁੱਘੜਤਾ ਅਤੇ ਸਿਆਣਪ' ਉਸ ਦਾ ਗਹਿਣਾ ਹੈ। ਮਾਪਿਆਂ ਅਤੇ ਸਮਾਜ ਵੱਲੋਂ ਪ੍ਰਵਾਨਿਤ ਲੀਹ ਉਤੇ ਚੱਲਣ ਵਾਲੀ ਔਰਤ ਹੀ ਸੁਚੱਜੀ ਦੱਸੀ ਜਾਂਦੀ ਹੈ। ਚੁੱਪ-ਚਾਪ ਅੱਖਾਂ ਝੁਕਾ ਕੇ ਸਕੂਲ/ਕਾਲਜ/ਯੂਨੀਵਰਸਿਟੀ/ਨੌਕਰੀ ਤੋਂ ਘਰ ਆਉਣ ਵਾਲੀ ਔਰਤ, ਪਤੀ ਦੀ ਹਿੰਸਾ ਬਰਦਾਸ਼ਤ ਕਰਕੇ ਘਰ ਚਲਾਉਣ ਵਾਲੀ ਔਰਤ, ਆਪਣੀਆਂ ਮਾਮੂਲੀ ਇੱਛਾਵਾਂ ਦਾ ਤਿਆਗ ਕਰਨ ਵਾਲੀ ਔਰਤ ਨੂੰ 'ਭਲੀ ਔਰਤ' ਦਾ ਇਨਾਮ ਦਿੱਤਾ ਜਾਂਦਾ ਹੈ। ਇਸੇ ਸੰਦਰਭ ਵਿਚ ਮਹੱਤਵਪੂਰਨ ਸਵਾਲ ਇਹ ਹੈ ਕਿ ਪੁਰਸ਼ ਹਿੰਸਾ ਕਿਉਂ ਕਰਦਾ ਹੈ? ਔਰਤ ਉਸ ਹਿੰਸਾ ਨੂੰ ਬਰਦਾਸ਼ਤ ਕਿਉਂ ਕਰਦੀ ਹੈ? ਅਸੀਂ ਪਿਆਰ ਕਿਉਂ ਕਰਦੇ ਹਾਂ? ਜਿਊਂਦੇ ਕਿਉਂ ਹਾਂ? ਜਿਊਣਾ ਕਿਉਂ ਚਾਹੀਦਾ ਹੈ? ਖ਼ੁਸ਼ ਕਿਉਂ ਹੋਣਾ ਚਾਹੁੰਦੇ ਹਾਂ? ਦੁਖੀ ਕਿਉਂ ਹੁੰਦੇ ਹਾਂ? ਮਨਮਰਜ਼ੀਆਂ ਕਰਨ ਵਿਚ ਹਰਜ਼ ਕੀ ਹੈ? ਸਾਡੇ ਫ਼ੈਸਲਿਆਂ ਦੀ ਜਵਾਬਦੇਹੀ ਸਾਡੀ ਕਿਉਂ ਨਹੀਂ ਹੋਣੀ ਚਾਹੀਦੀ? ਅਸੂਲ ਮੁੰਡੇ ਤੇ ਕੁੜੀ ਲਈ ਵੱਖੋ-ਵੱਖਰੇ ਕਿਉਂ ਹੁੰਦੇ ਹਨ? ਵੰਸ਼ ਚਲਾਉਣ ਲਈ ਮੁੰਡਾ ਚਾਹੀਦਾ ਹੈ, ਪਰ ਇੱਜ਼ਤ ਦਾ ਭਾਰ ਕੁੜੀ ਸਿਰ ਲੱਦਿਆ ਜਾਂਦਾ ਹੈ, ਅਜਿਹਾ ਕਿਉਂ?

ਹਰ ਸਮਾਜ ਵਿਚ ਅੰਤਰ-ਵਿਰੋਧਤਾਵਾਂ ਹੁੰਦੀਆਂ ਹਨ, ਸਾਡੇ ਵਿਚ ਵੀ ਹਨ। ਸਾਨੂੰ ਉਨ੍ਹਾਂ ਨੂੰ ਸਮਝਣਾ ਅਤੇ ਪਾਰ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਪਰ ਅਸੀਂ ਬਦਲਾਅ ਪ੍ਰਵਾਨ ਕਰਨ ਦੀ ਬਜਾਏ ਪੁਰਾਤਨਤਾ ਨੂੰ ਜੋਕ ਵਾਂਗ ਚੰਬੜੇ ਰਹਿਣਾ ਪਸੰਦ ਕਰਦੇ ਹਾਂ। ਆਪ ਰਾਹ ਬਣਾਉਣ ਜਾਂ ਤਲਾਸ਼ਣ ਦੀ ਮੁਸ਼ੱਕਤ ਤੋਂ ਬਚੇ ਰਹਿਣਾ ਚਾਹੁੰਦੇ ਹਾਂ, ਕਿਉਂਕਿ ਅਸੀਂ ਬਣੇ-ਬਣਾਏ ਰਾਹਾਂ ਉਤੇ ਤੁਰ ਕੇ ਘਰ ਸਮੇਂ ਸਿਰ ਪਹੁੰਚ ਜਾਂਦੇ ਹਾਂ। ਮਨ ਜੇਕਰ ਨਵੇਂ ਰਸਤਿਆਂ ਉਤੇ ਦੌੜਨਾ ਚਾਹੇ ਤਾਂ ਵੀ ਦੇਰ ਹੋਣ ਜਾਂ ਬੇਵਕਤੇ ਹੋਣ ਦੇ ਡਰ ਕਾਰਨ ਰੁਕ ਜਾਂਦੇ ਹਾਂ। ਦਿਨ ਜਾਂ ਰਾਤ ਸਾਡੇ ਨਾਲ ਭੇਦਭਾਵ ਨਹੀਂ ਕਰਦੇ, ਅਸੀਂ ਖ਼ੁਦ ਆਪਣੇ ਆਪ ਤੇ ਆਪਣੀ ਹੋਂਦ ਦੇ ਇਕ ਹਿੱਸੇ ਨਾਲ ਭੇਦਭਾਵ ਕਰਦੇ ਹਾਂ। ਅਸੀਂ ਪੁਰਸ਼ ਨੂੰ ਬਿਹਤਰ ਅਤੇ ਔਰਤ ਨੂੰ ਘੱਟ ਸਮਝਦੇ ਹਾਂ। ਔਰਤ ਵੀ ਖ਼ੁਦ ਨੂੰ ਕਮਜ਼ੋਰ ਸਮਝਦੇ ਹੋਏ ਪੁਰਸ਼ ਨਾਲ ਹੱਥ ਵਟਾਉਣ ਦੀ ਬਜਾਏ ਆਪਣੇ ਅੰਦਰ ਡਰ ਵਧਾ ਲੈਂਦੀ ਹੈ, ਇਸ ਨਾਲ ਦੋਵਾਂ ਦਾ ਨੁਕਸਾਨ ਹੈ। ਇਸ ਨਾਲ ਸਿਰਫ਼ ਔਰਤ ਨਹੀਂ, ਪੁਰਸ਼ ਵੀ ਇਨ੍ਹਾਂ ਕਮਜ਼ੋਰੀਆਂ ਦੇ ਗੁਲਾਮ ਬਣਦੇ ਹਨ। ਗੁਲਾਮ ਸਿਰਫ਼ ਗੁਲਾਮ ਹੁੰਦਾ ਹੈ। ਮੁਹੱਬਤ ਵਿਚ ਵੀ ਗੁਲਾਮੀ ਬਰਦਾਸ਼ਤਯੋਗ ਨਹੀਂ ਹੁੰਦੀ ਹੈ, ਪਿਆਰ ਸੁਤੰਤਰ ਹੋ ਕੇ ਕਰਨਾ ਹੀ ਸੰਭਵ ਹੈ।

ਸਾਡੇ ਸਮਾਜ ਵਿਚ ਹਿੰਸਕ ਰੁਚੀਆਂ ਦਾ ਕਾਰਨ ਸ਼ਾਇਦ ਇਹ ਹੈ ਕਿ ਅਸੀਂ ਖ਼ੁਦ ਨੂੰ ਪਿਆਰ ਨਹੀਂ ਕਰਦੇ। ਅਸੀਂ ਆਪਣੀਆਂ ਇੱਛਾਵਾਂ ਦਾ ਆਦਰ ਨਹੀਂ ਕਰਦੇ। ਖ਼ੁਦ ਦਾ ਅਨਾਦਰ ਕਰਨ ਵਾਲਾ ਵਿਅਕਤੀ ਦੂਜੇ ਨੂੰ ਪਿਆਰ ਕਰਨ ਦੇ ਵੀ ਸਮਰੱਥਾ ਨਹੀਂ ਹੁੰਦਾ। ਉਹ ਦੂਜੇ ਦਾ ਸਤਿਕਾਰ ਕਰਨ ਦੀ ਬਜਾਏ ਅਪਮਾਨ ਹੀ ਕਰੇਗਾ, ਕਿਉਂਕਿ ਉਹ ਆਪਣੀਆਂ ਅਧੂਰੀਆਂ ਚਾਹਤਾਂ ਦੀਆਂ ਕਬਰਾਂ ਉਤੇ ਬੈਠਾ ਹੱਸਣ ਦਾ ਦਿਖਾਵਾ ਕਰ ਰਿਹਾ ਹੁੰਦਾ ਹੈ। ਪੁਰਸ਼ ਬਹੁਤ ਲੰਮੇ ਸਮੇਂ ਤੋਂ ਇਹੀ ਕਰਨ ਲਈ ਮਜਬੂਰ ਹਨ, ਇਹ ਮਜਬੂਰੀ ਉਸ ਨਾਲ ਚੰਬੜੀ ਹੋਈ ਹੈ। ਸਾਨੂੰ ਚੰਗਾ ਪੁਰਸ਼, ਸਾਊ ਔਰਤ, ਸਿਆਣੀ ਧੀ ਤੇ ਪੁੱਤ ਆਦਿ ਦੀਆਂ ਪਰਿਭਾਸ਼ਾਵਾਂ ਨੂੰ ਬਦਲਣਾ ਚਾਹੀਦਾ ਹੈ। ਸਾਊ ਹੋਣਾ ਕੀ ਹੈ? ਸਾਡੀ ਪਰੰਪਰਾ ਸਾਊ ਉਸ ਨੂੰ ਮੰਨਦੀ ਹੈ, ਜੋ ਆਪਣੀਆਂ ਇੱਛਾਵਾਂ ਦਾ ਤਿਆਗ ਕਰਦਾ ਹੈ। ਆਪਣੇ ਜੀਵਨ ਦੇ ਬੇਹੱਦ ਮਹੱਤਵਪੂਰਨ ਫ਼ੈਸਲੇ ਘਰਦਿਆਂ ਦੀ ਮਰਜ਼ੀ ਨਾਲ ਲੈਣ ਵਾਲਾ ਵਿਅਕਤੀ ਸਾਊ ਮੰਨਿਆ ਜਾਂਦਾ ਹੈ। ਖ਼ਾਸ ਕਰ ਕੇ ਔਰਤ ਜੇਕਰ ਆਪਣੀ ਮਰਜ਼ੀ ਨਾਲ ਨੌਕਰੀ ਜਾਂ ਵਿਆਹ ਕਰਵਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਬਦਚਲਨ, ਬੇਸ਼ਰਮ ਤੇ ਬੇਗ਼ੈਰਤ ਗਰਦਾਨਿਆ ਜਾਂਦਾ ਹੈ। ਸਾਊ ਹੋਣ ਦਾ ਮਤਲਬ ਆਪਣੀਆਂ ਅਤੇ ਦੂਜਿਆਂ ਦੀਆਂ ਇੱਛਾਵਾਂ ਦਾ ਸਤਿਕਾਰ ਕਰਨ ਵਾਲਾ ਹੋਣਾ ਚਾਹੀਦਾ ਹੈ।

ਅਸੀਂ ਕਾਰਾਂ, ਰਿਸ਼ਤਿਆਂ ਤੇ ਅਹੁਦਿਆਂ ਉਤੇ ਸਵਾਰ ਹੋਣਾ ਸਿੱਖਦੇ ਹਾਂ, ਸਾਨੂੰ ਪੈਦਲ ਤੁਰਨਾ ਨਹੀਂ ਸਿਖਾਇਆ ਜਾਂਦਾ ਜਾਂ ਅਸੀਂ ਤੁਰਦੇ ਨਹੀਂ। ਸੰਵਾਦ ਨਹੀਂ ਰਚਾਉਂਦੇ। ਤੁਰਨ, ਗਾਉਣ ਤੇ ਬਾਤਾਂ ਪਾਉਣ ਲਈ ਸਾਹਸ ਚਾਹੀਦਾ ਹੈ। ਉਹ ਸਾਹਸ ਜਿਸ ਨੂੰ ਅਸੀਂ ਦੁਸਾਹਸ ਕਹਿ ਕੇ ਭੰਡਦੇ ਹਾਂ। ਹਿੰਸਾ ਨੂੰ ਮੂਰਖਤਾ ਮੰਨ ਕੇ ਨਕਾਰਿਆ ਜਾਣਾ ਚਾਹੀਦਾ ਹੈ। ਚੰਗਾ ਪੁਰਸ਼ ਅਤੇ ਔਰਤ ਉਹ ਹੋਣੇ ਚਾਹੀਦੇ ਹਨ, ਜੋ ਵਿਅਕਤੀਗਤ ਆਜ਼ਾਦੀ ਦੇ ਰੱਖਿਅਕ ਹੋਣ, ਨਾ ਕਿ ਉਹਦੇ ਵਿਚ ਵਿਘਨ ਪਾਉਣ ਵਾਲੇ ਹੋਣ। ਬੇਵਕਤਾ ਉਹ ਹੁੰਦਾ ਹੈ, ਜੋ ਸਮਾਜ ਵਿਚ ਆ ਰਹੀ ਤਬਦੀਲੀ ਅਤੇ ਜਾਗਰੂਕਤਾ ਨੂੰ ਸਵੀਕਾਰ ਕਰਨ ਦਾ ਹਾਜ਼ਮਾ ਨਹੀਂ ਰੱਖਦਾ। ਬੇਵਕਤਾ ਉਹ ਪ੍ਰਬੰਧ ਹੈ, ਜਿਹੜਾ ਸਾਡੀ ਪੀੜ੍ਹੀ ਤੋਂ ਯੋਗ ਰੁਜ਼ਗਾਰ ਦੇ ਮੌਕੇ ਖੋਹ ਰਿਹਾ ਹੈ। ਬੇਵਕਤਾ ਉਹ ਸਮਾਜ ਹੈ, ਜਿਹੜਾ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਹੱਥੀਂ ਵਿਦੇਸ਼ਾਂ ਵਿਚ ਭੇਜ ਕੇ ਗੁਲਾਮ ਬਣਨ ਲਈ ਮਜਬੂਰ ਕਰ ਰਿਹਾ ਹੈ। ਬੇਵਕਤੀਆਂ, ਉਹ ਸਰਕਾਰਾਂ ਹਨ, ਜਿਹੜੀਆਂ ਪੰਜਾਬ ਨੂੰ ਸੰਭਾਲਣ ਦੇ ਯੋਗ ਨਹੀਂ ਹਨ।

ਇਸ ਲਈ ਸਾਨੂੰ ਇਕ-ਦੂਜੇ ਨੂੰ ਵਕਤ ਦੀ ਪ੍ਰਵਾਹ ਕੀਤੇ ਬਿਨਾ ਮਿਲਣਾ ਚਾਹੀਦਾ ਹੈ। ਬਹੁਤ ਸਾਰੀਆਂ 'ਚੰਗੀਆਂ ਅਲਾਮਤਾਂ' ਸਾਨੂੰ ਵਕਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਮਿਲਦੀਆਂ ਹਨ। ਸਮੇਂ ਦੀ ਸੀਮਾ ਸਾਰਨੀ ਵਿਚ ਰਹਿ ਕੇ ਕੌਣ ਹੱਸਦਾ ਹੈ? ਸਾਡੀ ਸੋਚ ਤੋਂ ਸਮੇਂ ਦੇ ਬੰਧਨ ਹਟਣੇ ਚਾਹੀਦੇ ਹਨ। ਛੋਟੀ ਜਿਹੀ ਜ਼ਿੰਦਗੀ ਵਿਚ ਮਿਲੇ ਤਾਰਿਆਂ ਨਾਲ ਚਮਕਦੇ ਵਕਤ ਨੂੰ ਅਸੀਂ ਲਗਾਨ ਵਜੋਂ ਕਿਉਂ ਸਮਾਜ ਨੂੰ ਚੁਕਾਉਂਦੇ ਰਹੀਏ? ਮਨ ਵਿਚ ਉਠਦੇ ਬੇਅੰਤ ਸਵਾਲਾਂ ਦੇ ਜਵਾਬ ਅਸੀਂ ਰਾਤ ਨੂੰ ਬੰਦ ਕਮਰਿਆਂ ਵਿਚ ਬੈਠ ਕੇ ਪੜ੍ਹੀਆਂ ਕਿਤਾਬਾਂ ਵਿਚੋਂ ਲੱਭ ਕੇ ਸੰਤੁਸ਼ਟ ਕਿਉਂ ਹੋਈਏ ? ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਜਿਊਣ ਦਾ ਹੱਕ ਹੈ। ਉਸ ਦੇ ਮਨ 'ਤੇ ਸਮੇਂ ਦੇ ਬੰਧਨ ਲਾ ਕੇ ਜ਼ਿੰਦਗੀ ਵਿਚੋਂ ਉਸ ਦਾ ਸਮਾਂ ਘਟਾਉਣ ਦਾ ਹੱਕ ਕਿਸੇ ਨੂੰ ਨਹੀਂ ਹੋਣਾ ਚਾਹੀਦਾ। ਰਾਤ ਨੂੰ ਕੰਮ ਕਰਨ, ਪੜ੍ਹਨ ਜਾਂ ਸੁਪਨੇ ਬੁਣਨ ਦਾ ਅਧਿਕਾਰ ਔਰਤਾਂ/ਲੜਕੀਆਂ ਤੋਂ ਇਸ ਲਈ ਨਹੀਂ ਖੋਹਣਾ ਚਾਹੀਦਾ ਕਿ ਉਨ੍ਹਾਂ ਦੀ ਇੱਜ਼ਤ ਨੂੰ ਖ਼ਤਰਾ ਹੋ ਸਕਦਾ ਹੈ, ਉਨ੍ਹਾਂ ਨੂੰ ਇਹ ਅਧਿਕਾਰ ਇਸ ਲਈ ਮਿਲਣਾ ਚਾਹੀਦਾ ਹੈ ਕਿ ਉਹ ਮਾਤ-ਲੋਕ ਵਿਚ ਬਰਾਬਰ ਦੀ ਧਿਰ ਹਨ। ਔਰਤਾਂ ਨਾਲ ਹੁੰਦੀ ਇਸ ਵਧੀਕੀ ਲਈ ਸਾਨੂੰ ਸ਼ਰਮਸਾਰ ਹੋਣਾ ਚਾਹੀਦਾ ਹੈ। ਕੀ ਭਾਰਤੀ/ਪੰਜਾਬੀ ਸੰਸਕ੍ਰਿਤੀ ਇੰਨੀ ਕਮਜ਼ੋਰ ਹੈ ਕਿ ਇਸ ਵਿਚ ਰਹਿਣ ਵਾਲੀ ਅੱਧੀ ਆਬਾਦੀ ਨੂੰ ਰਾਤ ਸਮੇਂ 'ਤੁਰਨ-ਫਿਰਨ' ਤੋਂ ਖ਼ਤਰਾ ਹੋ ਸਕਦਾ ਹੈ? ਕੀ ਭਾਰਤੀ/ਪੰਜਾਬੀ ਪੁਰਸ਼ ਅਜਿਹੇ ਹਨ, ਜਿਨ੍ਹਾਂ ਤੋਂ ਰਾਤ ਵੇਲੇ ਸੜਕ ਉਤੇ ਤੁਰੀਆਂ ਜਾਂਦੀਆਂ ਔਰਤਾਂ ਨੂੰ ਖ਼ਤਰਾ ਹੈ? ਅਜਿਹੇ ਸਵਾਲਾਂ ਦੇ ਜਵਾਬ ਲੱਭਣਾ ਸਮੇਂ ਦੀ ਮੁੱਖ ਲੋੜ ਹੈ।

# ਪਰੋਲੇਤਾਰੀ ਕੌਮਾਂਤਰੀਵਾਦ ਦਾ ਮਹਾਨ ਪ੍ਰਤੀਕ ਕਾ: ਨਾਰਮਨ ਬੈਥਿਊਨ

## 12 ਨਵੰਬਰ 1939 ਨੂੰ ਵਿਛੜੇ ਕਾਮਰੇਡ ਦੀ ਯਾਦ 'ਚ



ਕਾ: ਨਾਰਮਨ ਬੈਥਿਊਨ-ਕਮਿਊਨਿਸਟ ਪਾਰਟੀ ਕੈਨੇਡਾ ਦਾ ਮੈਂਬਰ-ਸੰਸਾਰ ਪ੍ਰਸਿੱਧ ਚੈਸਟ ਸਰਜਨ ਸੀ। ਸੰਨ 1936 ਈਸਵੀ 'ਚ ਜਦੋਂ ਜਰਮਨ ਅਤੇ ਇਟਲੀ ਦੇ ਫਾਸਿਸਟ ਲੁਟੇਰਿਆਂ ਨੇ ਸਪੇਨ 'ਤੇ ਹਮਲਾ ਕੀਤਾ ਤਾਂ ਉਸ ਨੇ ਮੋਰਚੇ 'ਤੇ ਜਾ ਕੇ ਫਾਸਿਸਟ ਵਿਰੋਧੀ ਸਪੇਨੀ ਜਨਤਾ ਦੀ ਸੇਵਾ ਕੀਤੀ।ਸੰਨ 1937 ਈਸਵੀ 'ਚ ਹਜ਼ਾਰਾਂ ਮੀਲ ਦਾ ਸਫ਼ਰ ਤਹਿ ਕਰਕੇ ਉਹ ਉਸ ਵੇਲੇ ਡਾਕਟਰਾਂ ਦੀ ਇੱਕ ਟੀਮ ਸਮੇਤ ਚੀਨੀ ਲੋਕਾਂ ਦੀ ਮਦਦ ਲਈ ਬਹੁੜਿਆ ਜਦੋਂ ਚੀਨ ਵਿੱਚ ਜਪਾਨ ਵਿਰੋਧੀ ਟਾਕਰੇ ਦੀ ਜੰਗ ਚੱਲ ਰਹੀ ਸੀ।ਜੰਗ ਦੇ ਉਹਨਾਂ ਔਖੇ ਸਮਿਆਂ ਵਿੱਚ ਉਸ ਨੇ ਲੋਕਾਂ ਦੇ ਦੁਖ-ਦਰਦ ਵੰਡਾਏ।ਉਸ ਨੇ ਚੀਨੀ ਲੋਕਾਂ ਦੀ ਮੁਕਤੀ ਦੇ ਕਾਜ ਨੂੰ ਆਪਣੇ ਕਾਜ ਵਜੋਂ ਅਪਣਾ ਲਿਆ। ਨਿੱਜ-ਰਹਿਤ ਜੋਸ਼ ਨਾਲ ਕੰਮ 'ਚ ਖੁਭ ਕੇ ਤੇ ਪ੍ਰੋਲੇਤਾਰੀ ਕੌਮਾਂਤਰੀਵਾਦ ਦੀ ਭਾਵਨਾ ਨਾਲ ਲੈਸ ਹੋ ਕੇ ਉਸ ਨੇ ਚੀਨੀ ਲੋਕਾਂ ਦੀ ਮੁਕਤੀ-ਜੰਗ 'ਚ ਸ਼ਾਨਦਾਰ ਰੋਲ ਨਿਭਾਇਆ।

ਸ਼ੂਕਦੇ ਦਰਿਆ ਪਾਰ ਕਰਕੇ ਤੇ ਅਨੇਕਾਂ ਪਹਾੜਾਂ ਵਿੱਚੋਂ ਲੰਘਦਾ ਹੋਇਆ, ਉਹ ਲਾਲ ਫੌਜ ਦੇ ਜਖਮੀਂ ਸਿਪਾਹੀਆਂ ਕੋਲ ਪਹੁੰਚਿਆ। ਉਸ ਨੇ ਅਣਥੱਕ ਮਿਹਨਤ ਨਾਲ ਦਿਨ-ਰਾਤ ਇੱਕ ਕਰਕੇ ਲਾਲ ਸਿਪਾਹੀਆਂ ਨੂੰ ਰਾਜੀ ਕਰ ਕਰ ਕੇ ਮੋਰਚਿਆਂ 'ਤੇ ਭੇਜਿਆ। ਉਸ ਦੀ ਬੇਲਾਗ ਸੇਵਾ ਦਾ ਇਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੀਲਾ ਖੇਤਰ 'ਚ ਪਹੁੰਚਦਿਆਂ ਹੀ ਉਸ ਨੇ ਪਹਿਲੇ ਹਫਤੇ 520 ਜਖਮੀਆਂ ਦੀ ਮਰੱਹਮ-ਪੱਟੀ ਕੀਤੀ ਤੇ ਪਹਿਲੇ ਮਹੀਨੇ 'ਚ 147 ਉਪਰੇਸ਼ਨ ਕੀਤੇ। ਦਿਨ ਰਾਤ ਸੇਵਾ ਕਰਨ ਦੇ ਨਾਲ ਨਾਲ ਉਸਨੇ ਜਖਮੀ ਸਿਪਾਹੀਆਂ ਵਾਸਤੇ ਆਪਣਾ ਖੂਨ ਤੱਕ ਦੇਣ ਤੋਂ ਵੀ ਗੁਰੇਜ ਨਹੀਂ ਕੀਤਾ ਤੇ ਕਈ ਕੀਮਤੀ ਜਾਨਾਂ ਬਚਾਈਆਂ ਤੇ ਇੰਜ ਕੌਮਾਂਤਰੀ ਪ੍ਰੋਲੇਤਾਰੀਏ ਦੇ ਇਸ ਮਹਾਨ ਯੋਧੇ, ਕੈਨੇਡੀਅਨ ਲੋਕਾਂ ਦੇ ਮਹਾਨ ਸਪੂਤ ਦਾ ਖੂਨ ਬਿਨਾਂ ਕਿਸੇ ਭੇਦ ਭਾਵ ਤੋਂ ਸਭ ਹੱਦਾ ਬੰਨੇ ਟੱਪ ਕੇ ਚੀਨੀ ਯੋਧਿਆਂ ਦੇ ਖੂਨ ਵਿੱਚ ਰਚ ਗਿਆ। ਉਹ ਇਥੋਂ ਤੱਕ ਹੀ ਸੀਮਤ ਨਹੀਂ ਰਿਹਾ ਉਸਨੇ ਥੋੜ੍ਹੇ ਅਰਸੇ ਲਈ ਵਾਪਸ ਕੈਨੇਡਾ ਜਾਣ ਦਾ ਫੈਸਲਾ ਕੀਤਾ, ਉਸ ਦਾ ਮਕਸਦ ਸੀ ਕਿ ਇਸ ਹੱਕੀ ਜੰਗ ਬਾਰੇ ਦੁਨੀਆਂ ਭਰ ਦੇ ਲੋਕਾਂ ਨੂੰ ਦੱਸਾਂ ਅਤੇ ਮਦਦ ਲਈ ਅਪੀਲ ਕਰਾਂ ਪਰ ਜਪਾਨੀ ਹਮਲਾਵਰਾਂ ਵੱਲੋਂ ਤੁਰੰਤ ਹਮਲਾ ਕਰ ਦੇਣ ਨਾਲ ਉਸ ਦੀ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਪਰ ਉਸ ਦੀ ਲਗਨ ਕਿਸੇ ਤਰ੍ਹਾਂ ਵੀ ਨਹੀਂ ਘਟੀ ਤੇ ਆਖੀਰ ਜ਼ਖਮੀ ਸਿਪਾਹੀਆਂ ਦੇ ਉਪਰੇਸ਼ਨ ਕਰਦਿਆਂ, ਬਦ-ਕਿਸਮਤੀ ਨਾਲ ਉਸਦੀ ਉਂਗਲ ਕੱਟੀ ਜਾਣ ਨਾਲ ਲਹੂ ਰਾਹੀਂ ਜਹਿਰ ਸਰੀਰ 'ਚ ਫੈਲ ਗਿਆ ਤੇ ਬਚਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਉਹ 12 ਨਵੰਬਰ 1939 ਈਸਵੀ ਨੂੰ ਸਾਥੋਂ ਸਦਾ ਲਈ ਵਿੱਛੜ ਗਿਆ।

21 ਦਸੰਬਰ,1939 ਨੂੰ ਚੇਅਰਮੈਨ ਮਾਓ ਨੇ 'ਨਾਰਮਨ ਬੈਥਿਊਨ ਦੀ ਯਾਦ ਵਿਚ' ਲੇਖ ਲਿਖਿਆ, ਜਿਸ 'ਚ ਚੀਨੀ ਲੋਕਾਂ ਨੂੰ ਕਾ: ਨਾਰਮਨ ਬੈਥਿਊਨ ਤੋਂ ਸਿੱਖਣ ਲਈ ਸੱਦਾ ਦਿੱਤਾ ਕਾ: ਮਾਓ ਨੇ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ ਕਿ, "ਆਖਰ ਉਹ ਕਿਹੜੀ ਭਾਵਨਾ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਇੱਕ ਵਿਦੇਸ਼ੀ ਨੇ ਚੀਨੀ ਜਨਤਾ ਦੀ ਮੁਕਤੀ ਜੰਗ ਨੂੰ ਨਿਰਸਵਾਰਥ ਭਾਵਨਾ ਨਾਲ ਖੁਦ ਦਾ ਆਪਣਾ ਕੰਮ ਸਮਝ ਲਿਆ? ਉਹ ਹੈ ਕੌਮਾਂਤਰੀਵਾਦ ਦੀ ਭਾਵਨਾ, ਕਮਿਊਨਿਸਟ ਭਾਵਨਾ - ਜਿਸ ਤੋਂ ਹਰ ਚੀਨੀ ਕਮਿਊਨਿਸਟ ਨੂੰ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ। ਲੈਨਿਨ ਸਾਨੂੰ ਇਹ ਸਿਖਾਉਂਦਾ ਹੈ ਕਿ ਸਰਮਾਏਦਾਰ ਦੇਸ਼ਾਂ ਦੀ ਪਰੋਲੇਤਾਰੀ ਜਮਾਤ ਨੂੰ ਬਸਤੀਆਂ ਅਤੇ ਅਰਧ-ਬਸਤੀਆਂ ਦੀ ਜਨਤਾ ਦੇ ਮੁਕਤੀ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਬਸਤੀਆਂ ਤੇ ਅਰਧ-ਬਸਤੀਆਂ ਦੀ ਪਰੋਲੇਤਾਰੀ ਜਮਾਤ ਨੂੰ ਸਰਮਾਏਦਾਰ ਦੇਸ਼ਾਂ ਦੀ ਪਰੋਲੇਤਾਰੀ ਜਮਾਤ ਦੇ ਮੁਕਤੀ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ; ਸਿਰਫ ਤਾਂ ਹੀ ਸੰਸਾਰ ਇਨਕਲਾਬ ਜੇਤੂ ਹੋ ਸਕਦਾ ਹੈ। ਤਾਂ ਹੀ ਅਸੀਂ ਸਾਮਰਾਜ ਦਾ ਤਖਤਾ ਪਲਟਾਅ ਸਕਾਂਗੇ, ਆਪਣੇ ਦੇਸ਼ ਅਤੇ ਆਪਣੀ ਜਨਤਾ ਨੂੰ ਮੁਕਤ ਕਰਾਉਣ, ਅਰਥਾਤ ਦੁਨੀਆਂ ਦੇ ਹੋਰ ਦੇਸ਼ਾਂ ਅਤੇ ਲੋਕਾਂ ਨੂੰ ਮੁਕਤ ਕਰਾਉਣ 'ਚ ਕਾਮਯਾਬੀ ਹਾਸਲ ਕਰ ਸਕਾਂਗੇ। ਇਹੀ ਸਾਡਾ ਕੌਮਾਂਤਰੀਵਾਦ ਹੈ। ਇੱਕ ਅਜਿਹਾ ਕੌਮਾਂਤਰੀਵਾਦ ਜਿਸ ਰਾਹੀਂ ਅਸੀ ਸੌੜੇ ਕੌਮਵਾਦ ਅਤੇ ਸੌੜੀ ਦੇਸ਼ ਭਗਤੀ ਦਾ ਵਿਰੋਧ ਕਰਦੇ ਹਾਂ।"

ਨਾਰਮਨ ਬੈਥਿਊਨ ਆਪਣੇ ਪੇਸ਼ੇ - ਡਾਕਟਰੀ - 'ਚ ਮਾਹਿਰ ਤਾਂ ਸੀ ਪਰ ਉਸਨੇ ਮੈਡੀਕਲ ਸਾਇੰਸ ਨੂੰ ਚੀਨ ਦੀਆਂ ਠੋਸ ਹਾਲਤਾਂ ਨਾਲ ਮੇਲ ਕਿ ਚਲਾਇਆ ਪ੍ਰੋਲੇਤਾਰੀ ਦੀ ਕੌਮਾਂਤਰੀ ਸਮਝ - ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ - ਨਾਲ ਜੋੜ ਕੇ ਚਲਾਇਆ। ਉਸ ਨੇ ਵੇਲੇ ਦੀਆਂ ਲਿਖਤਾਂ 'ਤੇ ਕਮਿਊਨਿਸਟ ਪਾਰਟੀ ਦੇ ਕਿਤਾਬਚਿਆਂ ਦਾ ਡੂੰਘਾ ਅਧਿਅਨ ਕੀਤਾ। ਕਾ: ਮਾਓ ਦੇ 'ਲਮਕਵੇਂ ਯੁੱਧ ਬਾਰੇ' ਲੇਖ ਦਾ ਅਧਿਅਨ ਕਰਦਿਆਂ ਉਸਨੇ ਕਿਹਾ, "ਬਿਲਕੁਲ ਠੀਕ! ਜੋ ਅਸੀਂ ਲੜਾਈ ਲੜ ਰਹੇ ਹਾਂ, ਇਹ ਬਿਲਕੁਲ ਬਦਲਵੀਂ ਹਾਲਤ 'ਚ ਲਮਕਵਾਂ ਲੋਕ ਯੁੱਧ ਹੀ ਹੈ। ਹੁਣ 'ਫਰੰਟ' ਅਤੇ 'ਪਿਛਵਾੜੇ' ਵਿਚ ਕੋਈ ਵਖਰੇਵਾਂ ਨਹੀਂ ਰਿਹਾ। ਜਖਮੀ ਜਿਥੇ ਕਿਤੇ ਵੀ ਹੋਣ ਸਾਨੂੰ ਲਾਜ਼ਮੀ ਹੀ ਉਥੇ ਜਾਣਾ ਚਾਹੀਦਾ ਹੈ।" ਚੀਨੀ ਕਮਿਊਨਿਸਟ ਪਾਰਟੀ ਦੀ ਜਨਤਕ ਲੀਹ ਲਾਗੂ ਕਰਦਿਆਂ ਉਸ ਨੇ ਗੁਰੀਲਾ ਯੁੱਧ ਖੇਤਰਾਂ ਵਿੱਚ ਲੋਕਲ ਹਸਪਤਾਲਾਂ ਨੂੰ ਵਿਸ਼ੇਸ ਸਰਜਰੀ ਹਸਪਤਾਲਾਂ 'ਚ ਪਲਟ ਦਿੱਤਾ: ਕਿਸਾਨਾਂ ਦੇ ਘਰਾਂ ਨੂੰ ਮੈਡੀਕਲ ਵਾਰਡਾਂ ਵਿੱਚ ਬਦਲਿਆ ਤੇ ਉਹਨਾਂ ਦੀਆਂ ਕੰਗਾਂ (ਸੋਣ ਵਾਲੇ ਥੜ੍ਹੇ) ਨੂੰ ਬੈਡ ਬਣਾਇਆ। ਲੋਕਾਂ ਵਿਚਕਾਰ ਚਲਦੇ ਇਹਨਾਂ ਹਸਪਤਾਲਾਂ ਨੂੰ ਦੁਸ਼ਮਣ ਕਦੇ ਵੀ ਤਬਾਹ ਨਾ ਕਰ ਸਕਿਆ। ਬਾਰਡਰ ਰਿਜਨ ਦੀ ਪਾਰਟੀ ਕਾਂਗਰਸ 'ਚ ਸ਼ਾਮਿਲ ਹੁੰਦਿਆਂ ਤੇ ਉਸੇ ਕੌਮਾਂਤਰੀ ਭਾਵਨਾ ਨਾਲ ਲੈਸ ਚੀਨੀ ਲੋਕਾਂ ਦੀ ਹੌਸਲਾ-ਅਫਜਾਈ ਕਰਦਿਆਂ ਉਸ ਨੇ ਕਿਹਾ, " ਜਿਹੜੀ ਜੰਗ ਤੁਸੀਂ ਵਿੱਢੀ ਹੈ, ਤੁਸੀਂ ਕਿਸੇ ਤਰ੍ਹਾਂ ਵੀ ਇਕੱਲੇ ਨਹੀਂ-ਦੁਨੀਆਂ ਭਰ ਦੇ ਲੋਕ ਤੁਹਾਡੇ ਨਾਲ ਹਨ।" ਆਪਣੇ ਸਾਥੀ ਮੈਡੀਕਲ-ਵਰਕਰਾਂ ਨੂੰ ਬਹੁ-ਪੱਖੀ ਬਨਣ ਦੀ ਪ੍ਰੇਰਨਾ ਦਿੰਦਿਆਂ ਉਸਨੇ ਕਿਹਾ "ਇੱਕ ਚੰਗਾ ਸਰਜਨ ਬਨਣ ਲਈ ਤੁਹਾਨੂੰ ਇੱਕੋ ਵੇਲੇ ਲੁਹਾਰ,ਤਰਖਾਨ, ਨਾਈ ਅਤੇ ਦਰਜੀ ਵੀ ਹੋਣਾ ਚਾਹੀਦਾ ਹੈ।"

ਕਾ: ਬੈਥਿਊਨ ਨੇ ਜਿੱਥੇ ਅਣਥੱਕ ਮਿਹਨਤ, ਸਿਆਣਪ ਅਤੇ ਲਗਨ ਨਾਲ ਲਾਲ ਰਾਖਿਆਂ ਦੀ ਸੇਵਾ ਕੀਤੀ ਉਥੇ ਉਸਨੇ ਚੀਨ ਦੀਆਂ ਹਾਲਤਾਂ ਅਤੇ ਲੁਟੇਰੇ ਸੰਸਾਰ ਸਾਮਰਾਜੀ ਪ੍ਰਬੰਧ ਦਾ ਵੀ ਗਹਿਰ ਗੰਭੀਰ ਅਧਿਅਨ ਕੀਤਾ। ਲੋਟੂ ਜੰਗਾਂ, ਸਰਮਾਏਦਾਰੀ ਵੱਲੋਂ ਕੀਤੀ ਜਾਂਦੀ ਲੁੱਟ ਬਾਰੇ ਉਸ ਨੇ ਸਪੱਸ਼ਟ ਬਿਆਨ ਕੀਤਾ," ਉਹ (ਸਾਮਰਾਜੀਏ) ਕਤਲਾਂ ਰਾਹੀਂ ਮੰਡੀਆਂ 'ਤੇ ਕਬਜਾ ਕਰਨ ਲਈ ਜੰਗਾਂ ਛੇੜਦੇ ਹਨ ਉਹਨਾਂ ਨੂੰ ਵਟਾਂਦਰੇ ਨਾਲੋਂ ਚੋਰੀ ਕਰਨੀ ਸਸਤੀ ਲਗਦੀ ਹੈ, ਖਰੀਦਣ ਨਾਲੋਂ ਗਲ ਵੱਢਣਾ ਸਸਤਾ ਲਗਦਾ ਹੈ। ਇਹ ਸਾਰੀਆਂ ਜੰਗਾਂ ਦੀ ਸਚਾਈ : ਨਫ਼ਾ, ਖੂਨ, ਪੈਸਾ ਇਸ ਸਭ ਕੁਝ ਪਿੱਛੇ ਵਪਾਰ ਅਤੇ ਖੂਨ ਦਾ ਉਹ ਭਿਆਨਕ ਭੁੱਖੜ ਦੇਵਤਾ ਖੜ੍ਹਾ ਹੈ, ਜਿਸਦਾ ਨਾਉਂ ਨਫ਼ਾ ਹੈ। ਪੈਸਾ ਨਾ ਰੱਜਣ ਵਾਲੇ ਦੈਂਤ ਵਾਂਗ ਆਪਣਾ ਵਿਆਜ ਮੰਗਦਾ ਹੈ, ਨਫ਼ਾ ਮੰਗਦਾ ਹੈ ਅਤੇ ਆਪਣੇ ਲਾਲਚ ਨੂੰ ਪੂਰਾ ਕਰਨ ਲਈ ਕੋਈ ਕਸਰ ਨਹੀਂ ਛੱਡਦਾ, ਲੱਖਾਂ ਕਤਲਾਂ ਨਾਲ ਵੀ ਸਬਰ ਨਹੀਂ ਆਉਂਦਾ, ਫੌਜ ਪਿਛੇ ਫੌਜੀ ਮਾਹਰ ਖੜ੍ਹੇ ਹਨ, ਫੌਜੀ ਮਾਹਿਰਾਂ ਪਿਛੇ ਸਰਮਾਇਆ ਅਤੇ ਸਰਮਾਏਦਾਰ ਖੜ੍ਹੇ ਹਨ। ਸਭ ਲਹੂ ਦੇ ਰਿਸ਼ਤਿਉਂ ਭਰਾ ਅਤੇ ਇੱਕ ਦੂਜੇ ਦੇ ਭਾਈਵਾਲ ਹਨ ਜੇ ਇਨਸਾਨੀਅਤ ਨੂੰ ਜਿਉਂਦਿਆਂ ਰੱਖਣਾ ਹੈ ਤਾਂ ਅਜਿਹੇ ਬੰਦੇ (ਸਾਮਰਾਜੀਏ) ਖਤਮ ਹੋਣੇ ਜਰੂਰੀ ਹਨ। ਜਦੋਂ ਤੱਕ ਇਹ ਜਿਉਂਦੇ ਹਨ, ਸੰਸਾਰ ਵਿੱਚ ਪੱਕਾ ਅਮਨ ਨਹੀਂ ਹੋ ਸਕਦਾ। ਮਨੁੱਖੀ ਸਮਾਜ ਦੀ ਉਸ ਬਣਤਰ ਨੂੰ ਜੋ ਅਜਿਹੇ ਦੈਂਤਾਂ ਨੂੰ ਜਿਉਂਦੇ ਰਹਿਣ ਦੀ ਆਗਿਆ ਦਿੰਦੀ ਹੈ, ਖਤਮ ਕਰਨਾ ਜਰੂਰੀ ਹੈ।"

ਕਾ: ਬੈਥਿਊਨ ਸ਼ਬਦ ਦੇ ਸਹੀ ਅਰਥਾਂ 'ਚ ਖਰਾ ਪਰੋਲੇਤਾਰੀ ਕੌਮਾਂਤਰੀਵਾਦੀ ਸੀ ਸਦਾ ਲਈ ਵਿੱਛੜਣ ਲੱਗੇ ਕਾ: ਬੈਥਿਊਨ ਦੇ ਇਹ ਬੋਲ ਹਮੇਸ਼ਾ ਲਈ ਸਾਡਾ ਰਾਹ ਰੁਸ਼ਨਾਉਂਦੇ ਰਹਿਣਗੇ, "ਲੜਾਈ ਜਾਰੀ ਰੱਖੋ! ਉਸ ਮਹਾਨ ਰਾਹ 'ਤੇ ਅੱਗੇ ਵਧੋ ਤੇ ਕਾਜ ਨੂੰ ਹੋਰ ਅੱਗੇ ਤੋਰੋ!"

(ਜ਼ਫ਼ਰਨਾਮਾ, 1983 ਦੇ ਅੰਕ 'ਚੋਂ)

## ਕਿੰਤੂ ਤੋਂ ਮਰਿਯਾਦਾ ਤੀਕਰ

ਸ਼ੁਰੂ ਹੋਇਆ ਸੀ
ਜੋ ਫਲਸਫ਼ਾ ਹੀ ਕਿੰਤੂ ਤੋਂ........
ਉਹ ਤਾਂ ਸਿਮਟ ਕੇ ਰਹਿ ਗਿਆ ਹੈ
ਸ਼ਰਧਾ ਦੇ ਰੁਮਾਲਿਆਂ ਵਿਚ !
ਨਾਨਕਧਾਰਾ........
ਮਰਿਯਾਦਾ ਵਿਚ ਕੈਦ ਹੈ !
ਤਰਕ ਕਰਨਾ ਅਵੈਧ ਹੈ !

ਸੁੱਕੇ ਪਏ ਨੇ........
ਅਜੇ ਵੀ ਅਮਲਾਂ ਦੇ ਖੇਤ,
ਪਰ ਮਰਮਰ ਦੀਆਂ ਦੁਧੀਆਂ ਸਿਲ੍ਹਾਂ ਨੂੰ
ਦੁੱਧ ਨਾਲ ਧੋਇਆ ਜਾ ਰਿਹੈ !
ਪਾਵਿਆਂ ਨੂੰ.......
ਘੁਟਿਆ ਜਾ ਰਿਹੈ !
ਪਰ ਫਲਸਫ਼ੇ ਨੂੰ ਭੁੱਲਿਆ ਜਾ ਰਿਹੈ !

ਜਿਸ ਫਲਸਫ਼ੇ ਨੇ.......
"ਤੈਂ" ਨੂੰ ਵੀ ਸਵਾਲ ਕਰਨੇ ਸੀ !
ਵਰਤਿਆ ਜਾ ਰਿਹਾ ਹੈ
ਹੁਣ ਤਾਂ ਕੇਵਲ........
ਰਜ਼ਾ ਦੀਆਂ ਚੱਕੀਆਂ ਪਿਸਵਾਉਣ ਲਈ !
ਤਾਹੀਓਂ ਤਾਂ ਪਾਪ ਦੀ ਜੰਞ
ਆਏ ਦਿਨ ਢੁੱਕਦੀ ਹੈ
ਸਾਡੀ ਚੁੱਪ ਦੇ........
ਭਿੜੇ ਹੋਏ ਦਰਵਾਜ਼ਿਆਂ ਮੂਹਰੇ !
ਰਣਸਿੰਙੇ ਗੂੰਜਦੇ ਨੇ........
ਨਗਾਰਿਆਂ 'ਤੇ ਚੋਟ ਪੈਂਦੀ ਹੈ
ਨਿੱਤ ਸੰਖ ਪੂਰੇ ਜਾ ਰਹੇ........
ਪਰ ਬਾਬਰਾਂ ਨੂੰ ਚੁਣੌਤੀ ਕੌਣ ਦਿੰਦਾ ਹੈ ?

ਚਿੱਟੇ ਚਾਨਣ ਨੂੰ........
ਕਵਰ ਚਾੜ ਦਿੱਤੇ ਗਏ ਨੇ !
ਚੰਦੋਏ ਤਾਣ ਦਿੱਤੇ ਗਏ ਨੇ !
ਚੌਰਾਂ ਦੀ ਲੋੜ........
ਤੇਰੀ ਬਾਣੀ ਨੂੰ ਕਦੋਂ ਸੀ ?
ਜ਼ਿਹਨਾਂ 'ਤੇ ਜੰਮੀ ਹੋਈ ਗਰਦ
ਅਸੀਂ ਕਦੇ....ਦੂਰ ਕੀਤੀ ਹੀ ਨਹੀਂ !

ਹਾਲੇ ਵੀ........
ਸਾਡੇ ਹਿਰਦਿਆਂ ਵਿਚ,
ਦਇਆ ਨਾਮ ਦੀ ਕਪਾਹ ਨਹੀਂ ਉਗਦੀ
ਸੰਤੋਖ ਦਾ ਸੂਤ.......
ਸੰਕੀਰਣ ਸੋਚ ਦੀਆਂ ਖੱਡੀਆਂ ਉਤੇ
ਕਿਵੇਂ ਬੁਣਿਆ ਜਾ ਸਕਦਾ ਸੀ ?
ਜਤੁ ਦੀਆਂ ਗੰਢਾਂ ਤਾਂ,
ਕਿਰਤੀ ਹੱਥ ਹੀ ਦੇ ਸਕਦੇ ਨੇ !
ਬੁਥਨਿਆਂ ਕੋਲ ਤਾਂ,
ਸਿਰਫ਼ ਮਾਲਾ ਫ਼ੇਰਨ ਦੀ ਕਲਾ ਹੈ !

ਜਤੁ ਵਾਲਾ ਵੱਟ.......
ਅਗਰ ਪਾਂਡੇ ਲਈ ਔਖਾ ਸੀ
ਤਾਂ ਔਖਾ ਸੀ,
ਭਾਈ ਵਾਸਤੇ ਵੀ.......
ਨਾਈਲਨ ਦੀ ਡੋਰੀ ਨੂੰ ਵੱਟ ਦੇਣਾ !

ਜੇ ਮਸ਼ੀਨ ਨਾ ਹੁੰਦਾ,
ਜੇ ਸਾਹਾਂ ਨਾਲ ਨਿਭ ਜਾਂਦਾ........
ਜੇ ਜਲਦਾ ਨਾ ਹਾਉਮੈਂ ਦੀ ਅੱਗ ਵਿਚ
ਕਾਸ਼ !
ਕਿਤਿਓਂ ਉਹ ਜਨੇਊ ਮਿਲ ਸਕਦਾ !!!

-ਸਰਬਜੀਤ ਸੋਹੀ

## ਅਸੀਂ ਬਾਗ਼ੀ ਤੇਰੀ ਬਾਣੀ ਤੋਂ...

ਅਸੀਂ ਬਾਗ਼ੀ ਤੇਰੀ ਬਾਣੀ ਤੋਂ,
ਇਕ ਸ਼ਬਦ ਨਾ ਖ਼ਾਨੇ ਪਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ।

ਅਸੀਂ ਸਤੀਆਂ ਨੂੰ ਵੀ ਮੰਨਦੇ ਆਂ,
ਅਸੀਂ ਸਾਧਾਂ ਨੂੰ ਵੀ ਮੰਨਦੇ ਆਂ।
ਅਸੀਂ ਟੇਕੀਏ ਮੱਥਾ ਮੜ੍ਹੀਆਂ ਨੂੰ,
ਤੇ ਸ਼ਰਾਧਾਂ ਨੂੰ ਵੀ ਮੰਨਦੇ ਆਂ॥
ਅਸੀਂ ਘਰ ਦੀ ਸੁੱਖ-ਸ਼ਾਂਤੀ ਲਈ,
ਅੱਜ ਤੜਕੇ ਹਵਨ ਕਰਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗਾ ਕਮਾਇਆ ਏ॥

ਤੈਨੂੰ ਕੌਤਕੀ ਅਸਾਂ ਬਣਾ ਦਿੱਤਾ,
ਤੇਰੇ ਕੋਲੋਂ ਮੱਕਾ ਘੁਮਾ ਦਿੱਤਾ।
ਵਿਚ ਵੇਈਂ ਲੋਪ ਕਰਾ ਦਿੱਤਾ,
ਤੇਰਾ ਅਸਲੋਂ ਰੂਪ ਵਟਾ ਦਿੱਤਾ॥
ਤੇਰੀ ਫ਼ੋਟੋ ਪੂਜੀ ਜਾਂਦੇ ਆਂ,
ਤੇਰੇ ਕਹੇ ਨੂੰ ਫਾਹੇ ਲਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ॥

ਅਸੀਂ ਪੱਕੇ ਹਮਾਇਤੀ ਜਾਤਾਂ ਦੇ,
ਅਸੀਂ ਖ਼ੁਦ ਨੂੰ "ਜੱਟ" ਕਹਾਉਂਦੇ ਆਂ।
ਅਸੀਂ ਪਾਠ ਰਖਾਈਏ ਡੇਰਿਆਂ 'ਤੇ,
ਬੜਾ ਭਾਰੀ ਲੰਗਰ ਲਾਉਂਦੇ ਆਂ॥
ਲੈ ਨਿਸ਼ਾਨ ਸਾਹਿਬ ਵੀ ਗੱਡ ਦਿੱਤਾ,
ਗੁਰਦਵਾਰਾ ਦਲਿਤਾਂ ਬਣਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ॥

ਅਸੀਂ ਸ਼ੌਕੀ ਗੁਰੂ ਘਰ ਜਾਵਣ ਦੇ,
ਨਾਲੇ ਠੱਗੀਆਂ-ਠੋਰੀਆਂ ਮਾਰਦੇ ਆਂ।
ਅਸੀਂ ਲੜੀ ਚਲਾਈਏ ਪਾਠਾਂ ਦੀ,
ਬਸ ਪੜ੍ਹ-ਪੜ੍ਹ ਬੁੱਤਾ ਸਾਰਦੇ ਆਂ॥
ਕੋਈ ਸੁਣਨ ਤੋਂ ਕਿਵੇਂ ਰਹਿ ਸਕਦੈ,
ਕੰਨ-ਪਾੜੂ ਸਪੀਕਰ ਲਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ॥

ਅਸੀਂ ਮੁੱਲ ਦੇ ਪਾਠ ਚਲਾ ਛੱਡੇ,
ਬੜੇ ਸੁੰਦਰ ਰੁਮਾਲੇ ਪਾ ਛੱਡੇ।
ਦਰਬਾਰ ਵੀ ਦੁੱਧ ਨਾਲ ਧੋ ਛੱਡੇ,
ਗ੍ਰੰਥ ਸਾਹਿਬ ਲਈ ਏ.ਸੀ. ਲਾ ਛੱਡੇ॥
ਫੁੱਲਾਂ ਦੀ ਵਰਖਾ ਵੇਖ ਜ਼ਰਾ,
ਕਿੱਡਾ ਨਗਰ-ਕੀਰਤਨ ਸਜਾਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ॥

ਅਸੀਂ "ਸੇਵਾ" ਲਈ ਲੜ ਮਰਦੇ ਆਂ,
ਚੋਰੀ ਗੋਲਕਾਂ ਵਿਚੋਂ ਕਰਦੇ ਆਂ।
ਸੰਗਤ ਦਾ ਚੜ੍ਹਾਵਾ ਛਕ ਜਾਈਏ,
ਤਾਹੀਉਂ ਤਾਂ ਚੋਣਾਂ ਲੜਦੇ ਆਂ॥
ਸਿੱਖੀ ਨੂੰ ਸਾਂਭਣ ਖ਼ਾਤਰ ਜੀ,
ਚਿੱਠੀ 'ਚੋਂ ਜਥੇਦਾਰ ਆਇਆ ਏ।
ਨਾਨਕ ਜੀ ਤੇਰੇ ਸਿੱਖਾਂ ਨੇ,
ਸਿੱਖੀ ਨਾਲ ਦਗ਼ਾ ਕਮਾਇਆ ਏ॥

ਸਿੱਖੀ ਨਾਲ ਧ੍ਰੋਹ ਕਮਾਇਆ ਏ॥
ਸਿੱਖੀ ਨਾਲ ਦਗ਼ਾ ਕਮਾਇਆ ਏ॥

• • •

## ਬਾਬੇ ਨੂੰ ਯਾਦ ਕਰਦਿਆਂ..

ਨੀਚਾ ਅੰਦਰ ਨੀਚ ਜਾਤ
ਮਾਮਲਾ ਸਿਰਫ ਨੀਚਾਂ ਨਾਲ
ਖੜਣ ਦਾ ਨਹੀਂ ਸੀ।
ਹਮਦਰਦੀ ਕਰਨ ਦਾ ਨਹੀਂ ਸੀ।
ਨੀਚਾਂ ਨਾਲ ਨੀਚ ਹੋਕੇ
ਦੁਨੀਆ ਨੂੰ ਤਸੱਵਰ ਕਰਨ ਦਾ ਸੀ।
ਨੀਚਾਂ ਅੰਦਰ ਨੀਚ ਹੋਕੇ
ਸਭਿਅਤਾ ਦੀਆਂ ਪਵਿੱਤਰ ਸਥਾਪਨਾਵਾਂ ਨੂੰ
ਗੋਡਿਆਂ ਪਰਨੇ ਕਰਨ ਦਾ ਸੀ।
ਨੀਚਾਂ ਅੰਦਰ ਨੀਚ ਹੋਕੇ
ਇਤਿਹਾਸ ਦੇ ਹਰ ਸੁਨਿਹਰੇ ਪੰਨੇ ਤੇ
ਨਹੁੰਦਰਾਂ ਮਾਰਨ ਦਾ ਸੀ।
ਹਰ ਉਸਰੇ ਉਸਾਰ ਦੇ ਮੂੰਹ ਝਰੀਟ ਕੇ
ਨੀਚਾਂ ਨਾਲ ਖੜਣ ਦਾ ਸੀ।
ਹਾਂ ਉਏ ਭਈਆ ਦੇ
ਸ਼ਬਦ ਨਾਨਕ ਦੇ ਦੁਸ਼ਮਣ ਨੇ।
ਪਹਿਰਾਵਿਆਂ, ਖਾਣਿਆਂ,
ਵਿਚਰਨਾਂ ਦੀ ਉੱਚਤਾ ਤੇ ਟਿਕੀ ਹੋਂਦ
ਨੀਚਾ ਅੰਦਰ ਨੀਚ ਨਾਲ ਕਿਵੇਂ ਖੜੇਗੀ ?
ਨੀਚਾਂ ਅੰਦਰ ਨੀਚ ਨਾਲ ਖੜ੍ਹਣ ਲਈ
ਨੀਚਤਾ ਤੇ ਮਾਣ ਕਰਨਾ ਪੈਂਦਾ ਹੈ।
ਉੱਚਤਾ ਤੇ ਥੁੱਕਣਾ ਪੈਂਦਾ ਹੈ।
ਸਭਿਅਕ ਮਰਿਆਦਾਵਾਂ ਨੂੰ
ਪਿੱਠ ਪਰਨੇ ਕਰਨਾ ਪੈਂਦਾ ਹੈ।
ਜੀ.ਬੀ.ਰੋਡ ਦੀਆਂ ਰੰਡੀਆਂਨੂੰ
ਭੈਣਾਂ ਕਹਿਣਾ ਪੈਂਦਾ ਹੈ।

ਲੋਕ ਕਹਿੰਦੇ ਨੇ,
ਬਾਬਾ ਇਹ ਸੰਵਾਦ ਦਾ ਯੁੱਗ ਨਹੀਂ,
ਵਿਵਾਦ ਦਾ ਯੁੱਗ ਹੈ,
ਕਦੇ ਸੰਵਾਦ ਦਾ ਯੁੱਗ ਵੀ ਹੋਇਆ ਹੈ ?
ਕਹਿੰਦੇ, ਸੰਵਾਦ ਦੀ ਤਾਂ ਯੁਕਤ ਹੁੰਦੀ ਹੈ।
ਪਰ ਯੁਕਤ ਦਾ ਤਾਂ ਕੱਲਾ ਮਾਮਲਾ ਨਹੀਂ
ਮਾਮਲਾ ਤਾਂ ਨੀਚਾਂ ਅੰਦਰ ਹੂੰ ਅੱਤ ਨੀਚ
ਦਾ ਹੈ।
ਨੀਚਾਂ ਨਾਲ ਨੀਚ ਹੋਕੇ,
ਜਦੋਂ ਦੇਖਾਂਗੇ ਦੁਨੀਆਂ ਨੂੰ
ਤੇਰੀ ਯੁਕਤ ਵੀ ਆਵੇਗੀ ਕੋਲ ਸਾਡੇ।

ਨਾਨਕ ਤੇਰੇ ਨਾਮ ਲੇਵਾ ਹੁੰਦੇ ਰਹਿਣਗੇ,
ਨੀਚਾ ਹੂੰ ਅੱਤ ਨੀਚ ਨਾਲ ਹੀ ਸਦਾ
ਖੜਣਗੇ।
ਬੇਤਾਲੇ, ਭੂਤਣੇ ਸਦੀਂਣਗੇ।

-ਮਨਪ੍ਰੀਤ ਜਸ

## ਮਾਫ਼ ਕਰਨਾ

ਸਾਡੇ ਲਈ ਬਹੁਤ ਮੁਸ਼ਕਿਲ ਹੈ
ਨਾਨਕ ਦੀ ਅਸਲੀ ਤਸਵੀਰ ਦਾ ਧਿਆਨ ਧਰਨਾ
ਪੈਂਡੇ ਦੀ ਧੂੜ ਨਾਲ ਲੱਥ ਪੱਥ ਪਿੰਜਣੀਆਂ
ਤਿੜਕੀਆਂ ਅੱਡੀਆਂ
ਨ੍ਹੇਰੀ ਨਾਲ ਉਲਝੀ ਖੁਸ਼ਕ ਦਾਹੜੀ
ਤੇ ਚਿਹਰੇ ਦੀਆਂ ਉਭਰੀਆਂ ਹੱਡੀਆਂ ਦੇ ਡੂੰਘ 'ਚ
ਦਗਦੀਆਂ ਮਘਦੀਆਂ ਤੇਜ਼ ਅੱਖਾਂ
ਅੱਖਾਂ ਜੋ –
ਪਰਿਵਾਰ ਨੂੰ
ਸਰਕਾਰ ਨੂੰ
ਤੇ ਹਰ ਸੰਸਕਾਰ ਨੂੰ
ਟਿੱਚ ਜਾਣਦੀਆਂ
ਬਹੁਤ ਖਤਰਨਾਕ ਸਿੱਧ ਹੋ ਸਕਦੈ
ਸਾਡੇ ਲਈ ਅਸਲੀ ਨਾਨਕ

ਸਾਨੂੰ ਤਾਂ ਸੋਭਾ ਸਿੰਘੀ ਮੂਰਤਾਂ ਵਾਲਾ
ਨਾਨਕ ਹੀ ਸੂਟ ਕਰਦਾ ਹੈ
ਸ਼ਾਂਤ
ਲੀਨ
ਲਕਸ਼ਮੀ ਦੇਵੀ ਵਾਂਗ ਉਠਾਇਆ ਹੱਥ
ਹੱਥ 'ਚੋਂ ਫੁਟਦੀ ਮਿਹਰ
ਤੇ ਅੱਖਾਂ 'ਚੋਂ ਡੁੱਲ ਡੁੱਲ ਪੈਂਦੀ ਕੋਮਲਤਾ
ਸਨ ਸਿਲਕੀ ਸ਼ਫਾਫ ਦਾਹੜੀ
ਗੋਲ ਮਟੋਲ ਗੋਰੀਆਂ ਗੁਲਾਬੀ ਗੱਲ੍ਹਾਂ
ਫੇਅਰ ਐਂਡ ਲਵਲੀ
ਸੁਰਖ ਟਿਪਸੀ ਹੋਂਠ
ਮੁਲਾਇਮ ਜੈਮਿਨੀ ਪੈਰ
ਕੂਲੇ ਬਾਰਬੀ ਹੱਥ
ਪੈਗੰਬਰੀ ਵਸਤਰਾਂ ਦਾ ਏਰੀਅਲੀ ਨਿਖਾਰ

ਸਾਡੇ ਇਨ੍ਹਾਂ ਘਰਾਂ ਦੀਆਂ ਕੰਧਾਂ ਤੇ
ਨਾਨਕ ਦੇ ਸੋਭਾ ਸਿੰਘੀ
ਚਿੱਤਰ ਹੀ ਟਿਕ ਸਕਦੇ
ਰਾਹਾਂ ਨੂੰ ਰੱਦ ਕਰਨ ਵਾਲੇ
ਖਤਰਨਾਕ ਨਾਨਕ ਦੀ ਅਸਲੀ ਤਸਵੀਰ ਦਾ ਭਾਰ
ਸਾਡੀ ਕੋਈ ਕੰਧ ਨਹੀਂ ਝੱਲ ਸਕਦੀ
ਮਾਫ਼ ਕਰਨਾ ਅਸੀਂ ਮਰ ਮਰ ਕੇ ਬਣਾਏ
ਘਰ ਨਹੀਂ ਢੁਆਉਣੇ
ਮਸਾਂ ਮਸਾਂ ਰੱਬ ਤੋਂ ਲਾਏ ਨਿਆਣੇ
ਹੱਥੋਂ ਨਹੀਂ ਗੁਆਉਣੇ
ਅਸੀਂ ਅਸਲੀ ਨਾਨਕ ਦੀ ਤਸਵੀਰ ਦਾ
ਧਿਆਨ ਨਹੀਂ ਧਰ ਸਕਦੇ
ਮਾਫ਼ ਕਰਨਾ

- ਜਸਵੰਤ ਸਿੰਘ ਜ਼ਫਰ

## ਘਬਰਾ ਗਏ ਹਨ..

ਘਬਰਾ ਗਏ ਹਨ ਉਹ
ਸੂਰਜ ਦੇ ਤੇਜ ਤੋਂ

ਚੋਣ ਲੱਗ ਪਈਆਂ ਹਨ
ਉਨ੍ਹਾਂ ਦੀਆਂ ਛਤਰੀਆਂ...
ਮੁੜ੍ਹਕੇ ਨਾਲ

ਏਅਰ ਕੰਡੀਸ਼ਨਰਾਂ ਨੇ
ਹੋਰ ਗਰਮਾ ਦਿੱਤਾ ਹੈ
ਉਨ੍ਹਾਂ ਦੇ ਦਿਮਾਗਾਂ ਨੂੰ

ਉਨ੍ਹਾਂ ਦੀਆਂ ਉਂਗਲਾਂ ਵਿੱਚ
ਸੋਨੇ ਦੀਆਂ ਮੁੰਦਰੀਆਂ
ਅਤੇ ਮੁੰਦਰੀਆਂ ਵਿੱਚ
ਹੀਰੇ ਜੜੇ ਨਗ
ਉਨ੍ਹਾਂ ਦੀ ਕੰਗਾਲੀ ਦਾ
ਖੁੱਬ-ਖੁੱਬ ਕੇ ਪ੍ਰਦਰਸ਼ਨ ਕਰ ਰਹੇ ਨੇ

ਕਿਰਤ ਤੋਂ ਡਰਦੇ
ਇਹ ਲੋਕ
ਕਿਰਤੀਆਂ ਦੀ ਲੁੱਟ ਨੂੰ
ਅਪਣੀ ਉਪਜੀਵਕਾ ਬਣਾ ਚੁੱਕੇ ਹਨ

ਇਹਨਾਂ ਦੇ ਗੁਰਗੇ
ਜੇ ਮਿਲ ਜਾਣ ਕਿਤੇ
ਹਥਿਆਰਾਂ ਨਾਲ ਦਨਦਨਾਉਂਦੇ
ਨਸ਼ਿਆਂ ਨਾਲ ਡੱਕੇ ਹੋਏ

ਤੂੰ ਮੁੱਕਰ ਜਾਣਾ
ਕਿ ਤੂੰ ਕੋਈ ਕਵੀ ਨਹੀਂ

ਕਵੀ ਤਾਂ
ਗਲ਼ ਵਿੱਚ ਸੋਨੇ ਦੀ ਸੰਗਲੀ ਪਾ ਕੇ
ਰਾਜਮਹੱਲਾਂ ਦੀ
ਚਾਕਰੀ ਕਰਨ ਵਾਲੇ ਹੁੰਦੇ ਹਨ।

- ਗੱਗਬਾਣੀ

## ਕਵਿਤਾ ਦਾ ਵਿਸ਼ਾ
## ਪਿਓ ਪੁੱਤ 'ਚ ਵਾਰਤਾਲਾਪ ਤੇ ਭਗਤ ਸਿੰਘ ਵਿਚਾਰਧਾਰਾ

1. ਇਕ ਦਿਨ ਮੇਰਾ ਪੁੱਤਰ ਮੈਨੂੰ ਆਖਣ ਲੱਗਾ ਆ ਕੇ।
ਉਹ ਹੁੰਦਾ ਕਿੰਨਾ ਖਾ ਜਾਂਦਾ ਹੈ ਦੇਖੋ ਪਾਪਾ ਜਾ ਕੇ।

2. ਪਹਿਲਾਂ ਪੇਟ ਭਰ ਰੋਟੀ ਖਾਂਦਾ ਖਾਂਦਾ ਫੇਰ ਮਿਠਾਈ।
ਖੂਬ ਮਿਠਾਈ ਖਾ ਲੈਂਦਾ ਜਦ, ਦੁੱਧ ਪੀਂਦਾ ਸਣੇ ਮਲਾਈ।
ਪਰ ਦੂਜੀ ਤਰ੍ਹਫ ਨੇ ਭੁੱਖੇ ਮਰਦੇ, ਨਾ ਰੱਖਵੀਂ ਰੋਟੀ ਖਾਂਦੇ।

3. ਦਿਨੇ ਰਾਤ ਜੋ ਮਿਹਨਤ ਕਰਦੇ ਭੁੱਖੇ ਨੇ ਸੌਂ ਜਾਂਦੇ।
4. ਕੀ ਇਸ ਵਿਚ ਹੈ ਘੁੰਡੀ ਪਾਪਾ, ਕੀ ਉਸ ਵਿਚ ਬੁਝਾਰਤ
ਰਗੜਾ ਝਗੜਾ ਇਸ ਵਿਚ ਕੀ ਹੈ, ਕਿਸ ਦੀ ਇਹ ਸ਼ਰਾਰਤ
5. ਨਾਲ ਪੂਰੇ ਵਿਸਥਾਰ ਦੇ ਪਾਪਾ ਇਹ ਗੱਲ ਸਾਰੀ ਦੱਸੋ।
ਨਾ ਟਾਲੋ ਬੱਚਿਆਂ ਵਾਲੀ ਕਹਿਕੇ, ਨਾ ਤੁਸੀਂ ਇਸ 'ਤੇ ਰੱਖ
6. ਪਾਪਾ ਜੀ ਤੁਸੀਂ ਦੱਸੋ ਜਲਦੀ, ਅੱਜ ਮੈਂ ਪੁੱਛ ਕੇ ਛੱਡਣਾ
ਇਸ ਵਿਚ ਹੈ ਜੋ ਕੋਈ ਬੁਝਾਰਤ, ਉਸ ਦਾ ਫਸਤਾ ਕੱਢਣਾ
7. ਜਲਦੀ ਨਾ ਕਰ ਬਹੁਤੇ ਬਦ, ਹਰ ਇਕ ਗੱਲ ਸਮਝਾਵਾਂ
ਇਕ ਇਕ ਕੜੀ ਖੋਲ੍ਹ ਕੇ ਤੈਨੂੰ, ਸਾਰੀ ਆਖ ਸੁਣਾਵਾਂ
8. ਦੋ ਧੜਿਆਂ ਵਿਚ ਦੁਨੀਆ ਵੰਡੀ, ਇਕ ਛੋਟਾ ਇਕ ਮੋਟਾ
ਉਪਰੋਂ ਬੜਾ ਜੋ ਚੰਗਾ ਲਗਦਾ, ਅੰਦਰੋਂ ਹੈ ਮੋਟਾ।
9. ਮੋਟਾ ਜਿਹੜਾ ਕੰਮ ਨਹੀਂ ਕਰਦਾ ਉਹ ਸਭ ਕੁਝ ਖਾ ਜਾਂਦਾ
ਦਿਨੇ ਰਾਤ ਜੋ ਮਿਹਤਨ ਕਰਦਾ ਹੈ ਭੁੱਖਾ ਸੌਂ ਜਾਂਦਾ
10. ਨਾ ਘੁੰਡੀ ਨਾ ਬੜੀ ਬੁਝਾਰਤ, ਗੱਲ ਬੜੀ ਹੈ ਸੌਖੀ
ਤੇਰੇ ਵਰਗੇ ਬੱਚਿਆਂ ਲਈ ਵੀ ਨਹੀਂ ਸਮਝਣੀ ਔਖੀ
11. ਮੋਟੇ ਦੇ ਹੱਕ ਵਿਚ ਨੇ ਸਾਧਨ, ਜੋ ਸਭ ਕੁਝ ਨੇ ਉਪਜਾਂਦੇ
ਬਿਨਾਂ ਸਾਧਨਾਂ ਵਾਲਿਆਂ ਦੀ ਉਹ ਮਿਹਨਤ ਲੁੱਟ ਲਿਜਾਂਦੇ।
12. ਸੱਪ ਵਾਂਗੂੰ ਮੋਟਾ ਸਾਧਨਾਂ ਉਤੇ, ਬੈਠਾ ਕੁੰਡਲੀ ਮਾਰੀ
ਬਿਨਾਂ ਸਾਧਨੋਂ, ਸਾਧਨਾਂ ਵਾਲਾ ਇਹ ਘੁੰਡੀ ਹੈ ਸਾਰੀ
13. ਇਸ ਘੁੰਡੀ ਨੂੰ ਖੋਲ੍ਹਣ ਦੇ ਲਈ, ਪੁੱਤ ਕਰਨੀ ਪਿਊ ਲੜਾਈ
ਛੋਟੇ ਤਕੜੇ ਕਰਨ ਲਈ, ਕੱਠੀ ਕਰਨੀ ਪਊ ਲੋਕਾਈ
14. ਛੋਟੇ ਕੱਠੇ ਕਰਨ ਲਈ ਪਾਪਾ, ਹੈ ਕੀ ਕਰਨਾ ਪੈਣਾ
ਜਿਸ ਨਾਲ ਛੋਟੇ ਮੋਟੇ ਵਾਲਾ, ਫਰਕ ਨਾ ਇਥੇ ਰਹਿਣਾ
15. ਛੋਟੇ ਮੋਟੇ ਦੇ ਅੰਤਰ ਵਾਲਾ ਜੇ ਪੁੱਤ ਵੱਢਣਾ ਫਸਤਾ
ਇਸ ਦੇ ਲਈ ਅਪਣਾਉਣਾ ਪੈਣਾ ਭਗਤ ਸਿੰਘ ਦਾ ਰਸਤਾ
16. ਭਗਤ ਸਿੰਘ ਦੇ ਰਸਤੇ 'ਤੇ ਚੱਲ, ਇਨਕਲਾਬ ਹੈ ਲਿਆਈ
ਜਿਸ ਨੇ ਸੁਣ ਲੈ ਸਭ ਨੂੰ ਬੱਚੇ ਪੱਧਰ ਇਕ ਬਣਾਉਣਾ।
17. ਜਿਸ ਵਿਚ ਨਾ ਕੋਈ ਰਹਿਣਾ ਛੋਟਾ ਨਾ ਕੋਈ ਮੋਟਾ
ਨਾ ਕੋਈ ਬਹੁਤ ਖਾਊ ਉਥੇ ਨਾ ਕੋਈ ਭੁੱਖਾ ਸੌਊ।
18. ਉਸ ਸਮਾਜ ਦੇ ਅੰਦਰ ਬੱਚੇ ਨਾ ਕੋਈ ਹੋਊ ਭੁੱਖਾ ਨੰਗਾ
ਸਭ ਦੇ ਲਈ ਸਾਵੀਂ ਜਿੰਦੀ ਹੋਊ, ਹੋਊ ਖੁਸ਼ੀਆਂ ਵਾਂਗ
19. ਉਸ ਵਿਚ ਸਭ ਕਰਨਗੇ ਮਿਹਨਤ ਰੱਖਣਗੇ
ਇੰਨੀ ਘੁੰਡੀ ਹੈ ਬੱਸ ਬੱਚੇ, ਇਹੀ ਬੁਝਾਰਤ
20. ਪਰ ਜੇਕਰ ਇਸ 'ਤੇ ਚੱਲਣਾ ਪਾਪਾ, ਹੈਗਾ ਬੜਾ ਜ਼ਰੂਰੀ
ਤਾਂ ਕਿਸ ਗੱਲ ਦੀ ਹਿਚਕਚਾਹਟ ਹੈ ਕਿਸ ਗੱਲ
21. ਇਸ ਵਿਚ ਨਾ ਕੋਈ ਹਿਚਕਚਾਹਟ ਹੈ ਨਾ ਕੋਈ
ਬੱਚੇ ਜਿੰਦ ਵਾਰਨੀ ਪੈ ਸਕਦੀ ਹੈ, ਖਤਮ ਕਰਨ ਲਈ।
22. ਇਸ ਦੀ ਖਾਤਰ ਜਿੰਦ ਵਾਰਨ ਲਈ, ਮੈਂ ਤਿਆਰ ਹਾਂ
ਮੈਂ ਤਾਂ ਜਿੰਨੀ ਜਲਦੀ ਚਾਹੁਣਾ ਮੁੱਕ ਜਾਏ ਇਹ
ਮੁੱਕ ਜਾਏ ਇਹ ਸਿਆਪਾ
ਮੁੱਕ ਜਾਏ ਇਹ ਸਿਆਪਾ

ਡਾ. ਕ੍ਰਿਸ਼ਨ ਚੰਦ 'ਕੌਮੀ' +1-365-338-5130

## ਪਰਦੇਸੀ

ਅਸੀਂ ਹੋਏ ਪਰਦੇਸੀ ਮਜਬੂਰੀਆਂ ਦੇ ਮਾਰੇ
ਹੁਣ ਮੁੜ ਵੀ ਨੀ ਹੋਣਾ, ਦੂਰੀਆਂ ਦੇ ਮਾਰੇ.....

ਨਿੱਕੇ ਹੁੰਦੇ ਨੇ ਬਚਪਨ, ਹੰਝੂਆਂ 'ਚ ਰੋੜ੍ਹਿਆ
ਬਾਪੂ ਨੇ ਟੱਕ ਵੇਚ ਸੀ, ਮੈਨੂੰ ਪਰਦੇਸੀ ਤੋਰਿਆ
ਹੁਣ ਆ ਗਏ ਕੈਨੇਡਾ, ਦੂਰ ਰਹਿ ਗਏ ਸਹਾਰੇ...

ਇਮਾਰਤਾਂ ਤਾਂ ਬਹੁਤ, ਪਰ ਦਿਲ ਵਿਚ ਜਗ੍ਹਾ ਨੀ
ਮਿਠੀ ਜੇਲ੍ਹ ਲੱਗੇ, ਕਾਲੇ ਪਾਣੀ ਵਾਲੀ ਸਜ਼ਾ ਨੀ
ਕੁਝ ਕਿਸਮਤ ਦੇ ਰੋਣੇ, ਕੁਝ ਸਰਕਾਰੇ ਦਰਬਾਰੇ...

ਦਿਨ ਰਾਤ ਸ਼ਿਫਟਾਂ ਲਾਉਣੀਆਂ ਨੇ ਪੈਂਦੀਆਂ
ਭਾਂਡੇ ਧੋ ਕੇ ਰੋਟੀਆਂ ਕਮਾਉਣੀਆਂ ਹੀ ਪੈਂਦੀਆਂ
ਸਾਕ ਤੇ ਸੰਬੰਧੀ ਸਾਥੋਂ ਕਰੀ ਜਾਂਦੇ ਨੇ ਕਿਨਾਰੇ...

ਬੇਸਮੈਂਟਾਂ ਵਿਚ ਰਹਿਣਾ ਕੰਮ ਸੌਖਾ ਨਹੀਓਂ ਹੁੰਦਾ
ਆਪੇ ਕੀਤੇ ਫੈਸਲੇ 'ਤੇ ਪਰ ਰੋਸਾ ਨਹੀਓਂ ਹੁੰਦਾ
1 ਤੋਂ 60 ਬਣਾਉਣੇ, ਪੁੱਛ ਕਿੰਨੇ ਪੈਂਦੇ ਭਾਰੇ...

ਅਸੀਂ ਹੋਏ ਪਰਦੇਸੀ ਮਜਬੂਰੀਆਂ ਦੇ ਮਾਰੇ
ਹੁਣ ਮੁੜ ਵੀ ਨੀ ਹੋਣਾ, ਦੂਰੀਆਂ ਦੇ ਮਾਰੇ....



ਤਲਵਿੰਦਰ ਕੌਰ
75298-513022

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਨਵੀਂ ਫ਼ਸਲ ਖਰੀਦ ਨੀਤੀ: ਕਿਸਾਨਾਂ ਨਾਲ ਧੋਖਾ

ਮੋਹਨ ਸਿੰਘ



*ਕੇਂਦਰ ਸਰਕਾਰ ਵੱਲੋਂ ਬਣਾਈ ਰਮੇਸ ਚੰਦਰ ਕਮੇਟੀ ਨੇ ਤਾਂ ਕੈਂਪ ਨੂੰ ਕਾਨੂੰਨੀ ਸੰਸਥਾ ਦਾ ਦਰਜਾ ਦੇਣ, ਲਾਗਤ ਖ਼ਰਚੇ 'ਚ 10 ਪ੍ਰਤੀ ਹੋਰ ਖ਼ਰਚਾ ਜੋੜਨ, ਕਿਸਾਨ ਨੂੰ ਮੇਨੇਜਰ ਗਿਣਨ, ਪਰਿਵਾਰਕ ਮਜਦੂਰੀ ਨੂੰ ਤਕਨੀਕੀ ਮਜ਼ਦੂਰ ਗਿਣਨ ਅਤੇ ਫ਼ਸਲਾਂ ਦੀ ਲਾਗਤ ਨੂੰ ਗਿਣਨ ਦੀ ਪ੍ਰਕਿਰਿਆ ਨੂੰ ਪਾਰਲੀਮੈਂਟ ਵਿਚ ਪੇਸ਼ ਕਰਨ ਆਦਿ ਹੋਰ ਵੀ ਸੁਝਾਅ ਦਿੱਤੇ ਸਨ।*

ਮੋਦੀ ਸਰਕਾਰ ਨੇ ਪੰਜ ਸੂਬਾਈ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ਚੋਣਾਂ ਦੀ ਵੋਟ ਨੀਤੀ ਤਹਿਤ 3 ਅਕਤੂਬਰ 2018 ਨੂੰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਜੁਮਲੇ ਹੇਠ ਪ੍ਰਧਾਨ ਮੰਤਰੀ-ਅੰਨਦਾਤਾ ਆਮਦਨ ਸੁਰੱਖਿਆ ਅਭਿਐਨ' (ਪੀਐਮ-ਆਸਾ) ਨਾਂ ਦੀ ਨਵੀਂ ਫ਼ਸਲ ਖ਼ਰੀਦ ਨੀਤੀ ਦਾ ਐਲਾਨ ਕੀਤਾ ਹੈ। ਇਸ ਨੀਤੀ ਅਨੁਸਾਰ ਰਾਜਾਂ ਨੂੰ ਤਿੰਨ ਸੁਝਾਈਆਂ ਯੋਜਨਾਵਾਂ ਵਿਚੋਂ ਇਕ ਦੀ ਚੋਣ ਕਰਨ ਦਾ ਅਖਤਿਆਰ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਪਹਿਲੀ ਹੈ: ਮੌਜੂਦਾ ਚਲ ਰਹੀ ਘੱਟੋ ਘੱਟ ਸਮੱਰਥਨ ਮੁੱਲ ਯੋਜਨਾ, ਦੂਜੀ ਮਹਰਾਸ਼ਟਰ ਦੀ ਤਰਜ਼ 'ਤੇ ਕੀਮਤ ਘਾਟਾ ਅਦਾਇਗੀ ਯੋਜਨਾ ਅਤੇ ਤੀਜੀ ਜਿਣਸਾਂ ਦੇ ਭਾਅ ਘੱਟੋ ਘੱਟ ਸਮੱਰਥਨ ਮੁੱਲ ਤੋਂ ਥੱਲੇ ਵਿਕਣ ਸਮੇਂ ਸਰਕਾਰ ਵੱਲੋਂ ਖੁਦ ਖ਼ਰੀਦਨ ਦੀ ਯੋਜਨਾ। ਇਸ ਤੋਂ ਇਲਾਵਾ 8 ਰਾਜਾਂ ਵਿਚ ਪਾਇਲਾਟ ਪ੍ਰੋਜੈਕਟ ਵਜੋਂ ਦਾਲਾਂ ਅਤੇ ਖ਼ਾਣ ਵਾਲੇ ਤੇਲ ਬੀਜਾਂ ਲਈ ਨਿੱਜੀ ਵਪਾਰੀਆਂ ਨੂੰ ਖ਼੍ਰੀਦਨ ਦੀ ਯੋਜਨਾ। ਨਵੀਂ ਫ਼ਸਲ ਖ਼ਰੀਦ ਨੀਤੀ ਤਹਿਤ ਕੇਂਦਰ ਸਰਕਾਰ ਨੇ 23 ਫ਼ਸਲਾਂ ਦਾ ਘੱਟੋ ਘੱਟ ਸਮੱਰਥਨ ਮੁੱਲ ਤੈਅ ਕੀਤਾ ਹੈ ਅਤੇ ਨਵੀਂ ਨੀਤੀ ਨੂੰ ਲਾਗੂ ਕਰਨ ਲਈ ਅਗਲੇ ਦੋ ਸਾਲਾਂ ਲਈ 15,053 ਕਰੋੜ ਰੁਪਏ ਦੀ ਮਨਜ਼ੂਰੀ ਦੇ ਕੇ ਇਸ ਸਾਲ ਲਈ 6250 ਕਰੋੜ ਰੁਪਏ ਰੱਖੇ ਹਨ ਅਤੇ ਖ਼ਰੀਦ ਏਜੰਸੀਆਂ ਦੀ ਵਾਧੂ ਉਧਾਰ ਲਿਮਿਟ 16550 ਕਰੋੜ ਤੋਂ ਵਧਾ ਕੇ 45550 ਕਰੋੜ ਰੁਪਏ ਕਰਨ ਦਾ ਐਲਾਨ ਕੀਤਾ ਹੈ।

ਸਰਕਾਰ ਵੱਲੋ ਉਪਰੋਕਤ ਐਲਾਨ ਕੀਤੀਆਂ ਤਿੰਨ ਯੋਜਨਾਵਾਂ ਵਿਚੋਂ ਦੂਜੀ ਯੋਜਨਾ ਮਹਾਰਾਸ਼ਟਰ ਦੀ ਤਰਜ਼ 'ਤੇ ਕੀਮਤ ਘਾਟਾ ਅਦਾਇਗੀ ਯੋਜਨਾ (ਭਾਵੰਤਰ ਯੋਜਨਾ)। ਮਹਾਰਾਸ਼ਟਰ 'ਚ ਇਹ ਯੋਜਨਾ ਇਕ ਪਾਸੇ ਨਿੱਜੀ ਵਪਾਰੀਆਂ ਅਤੇ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਅਤੇ ਦੂਜੇ ਪਾਸੇ ਕਿਸਾਨਾਂ ਨੂੰ ਫ਼ਸਲਾਂ ਦਾ ਭੁਗਤਾਨ ਨਾ ਹੋਣ ਕਰਕੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਤੀਜੀ ਸਮੱਰਥਨ ਮੁੱਲ ਤੋਂ ਥੱਲੇ ਵਿਕਣ ਸਮੇਂ ਸਰਕਾਰ ਵੱਲੋਂ ਖੁਦ ਫ਼ਸਲ ਖ਼ਰੀਦਨ ਯੋਜਨਾ ਅਨੁਸਾਰ ਸਰਕਾਰ 25 ਪ੍ਰਤੀਸ਼ਤ ਫ਼ਸਲ ਹੀ ਖਰੀਦੇਗੀ ਅਤੇ 75 ਪ੍ਰਤੀਸ਼ਤ ਫ਼ਸਲ ਵਪਾਰੀਆ ਦੇ ਰਹਿਮੋਕਰਮ 'ਤੇ ਹੋਵੇਗੀ । ਇਸ ਰਮਿਹੋ ਕਰਮ ਦਾ ਸਿੱਟਾ ਕੁਝ ਮੰਡੀਆਂ ਦੀਆਂ ਉਦਾਹਰਨਾਂ ਤੋਂ ਦੇਖਿਆ ਸਕਦਾ ਹੈ ਕਿ ਕਿਵੇਂ 8 ਅਕਤੂਬਰ 2018 ਨੂੰ ਭਾਰਤ ਦੀਆਂ 11 ਮੰਡੀਆਂ ਵਿਚ ਵਪਾਰੀਆਂ ਨੇ ਘੱਟੋ ਘੱਟ ਸਮੱਰਥਨ ਮੁੱਲ ਤੋਂ ਥੱਲੇ ਫ਼ਸਲਾਂ ਖ਼੍ਰੀਦ ਕੇ ਕਿਸਾਨਾਂ ਦੀ ਅੰਨੀ ਲੁਟ ਕੀਤੀ। ਬਾਜਰਾ ਮੰਡੀ ਜੈਪੂਰ 'ਚ ਪ੍ਰਤੀ ਕਵਿੰਟਲ ਸਮੱਰਥਨ 1950 ਤੋਂ ਥੱਲੇ 1350 ਰੁਪਏ ਪ੍ਰਤੀ ਕਵਿੰਟਲ, ਜਵਾਰ, ਮੰਡੀ ਜਲਗਾਓਂ (ਮਹਾਰਸ਼ਟਰ) 'ਚ ਘੱਟੋ ਘੱਟ ਸਮੱਰਥਨ ਮੁੱਲ 2490 ਤੋਂ ਥੱਲੇ 1300, ਮੱਕੀ ਦੇਵਨਗੋਰ (ਕਰਨਾਟਕ) 'ਚ 1700 ਤੋਂ 1400, ਰਾਗੀ ਨਾਗਮੰਗਾਲਾ (ਕਰਨਾਟਕ) 'ਚ 2897 ਤੋਂ 2200, ਅਰਹਰ/ਤੂਰ ਮੰਡੀ ਲਤੂਰ (ਮਹਾਰਾਸਟਰ) 'ਚ 5675 ਤੋਂ 3400, ਮੂੰਗ ਮੰਡੀ ਪਾਲੀ (ਰਾਜਸਥਾਨ) 'ਚ 6975 ਤੋਂ 5200, ਮਾਂਹ ਮੰਡੀ ਤਿਕਮਗੜ੍ਹ (ਮੱਧ ਪ੍ਰਦੇਸ਼) 'ਚ 5600 ਤੋਂ 2900, ਮੂੰਗਫਲੀ ਗੌਂਡਲ (ਗੁਜਰਾਤ) 'ਚ 4890 ਤੋਂ 3750, ਸੋਇਆਬੀਨ ਮੰਡੀ ਉਜੈਨ (ਮਹਾਰਾਸਟਰ) 'ਚ 3399 ਤੋਂ 2990, ਨਾਈਜਰ ਸੀਡ ਮੰਡੀ ਦਿੰਦਰੀ (ਮੱਧ ਪ੍ਰਦੇਸ) 'ਚ 5877 ਤੋਂ 3900, ਸੂਰਜਮੁਖੀ ਮੰਡੀ ਚਿਤਰਾਦੁਰਗਾ (ਕਰਨਾਟਕ) 'ਚ 5388 ਤੋਂ 3700 ਰਪਏ ਪ੍ਰਤੀ ਕਵਿੰਟਲ ਵਿਕੀ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਇਸ ਦੇਸ਼ ਵਿਚ 'ਅੰਨ ਦਾਤੇ' ਕਹੇ ਜਾਂਦੇ ਕਿਸਾਨਾਂ ਦੀ ਕਿੰਨੀ ਦੁਰਦਸ਼ਾ ਹੋ ਰਹੀ ਹੈ।

ਇਸ ਤੋਂ ਅੱਗੇ 8 ਰਾਜਾਂ ਵਿਚ ਪਾਇਲਾਟ ਪ੍ਰੋਜੈਕਟ ਵਜੋਂ ਦਾਲਾਂ ਅਤੇ ਖ਼ਾਣ ਵਾਲੇ ਤੇਲ ਬੀਜਾਂ ਲਈ ਨਿੱਜੀ ਵਪਾਰੀਆਂ ਨੂੰ ਖ਼੍ਰੀਦਨ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਹ ਸਰਕਾਰ ਦੀ ਅਸਲੀ ਭਵਿੱਖਤ ਯੋਜਨਾ ਹੈ। ਵਿਸ਼ਵ ਸੰਸਾਰ ਸੰਸਥਾ ਦੀਆਂ ਨੀਤੀਆਂ ਤਹਿਤ ਕਿਸਾਨਾਂ ਦੀਆਂ ਫ਼ਸਲਾਂ ਦੀ ਸਰਕਾਰੀ ਖ਼ਰੀਦ ਕਰਨ, ਫ਼ਸਲਾਂ ਦਾ ਘੱਟੋ ਘੱਟ ਸਮੱਰਥਨ ਮੁੱਲ ਦੇਣ ਅਤੇ ਖੇਤੀ ਉਤਪਾਦਾਂ ਦੇ ਭੰਡਾਰੀਕਰਨ ਤੋਂ ਭੱਜਣਾ ਚਾਹੁੰਦੀ ਹੈ। ਇਸ ਕਰਕੇ ਆਉਂਦੇ ਸਮੇਂ ਵਿਚ ਇਸ ਪਾਈਲਾਟ ਪ੍ਰੋਜੈਕਟ ਦਾ ਸਾਰੇ ਭਾਰਤ ਅੰਦਰ ਵਿਸਤਾਰ ਕੀਤਾ ਜਾਵੇਗਾ ਅਤੇ ਕਿਸਾਨਾਂ ਨੂੰ ਕਾਰਪੋਰੇਟਾਂ ਅਤੇ ਵੱਡੇ ਵਪਾਰੀਆਂ ਦੇ ਰਹਿਮੋਕਰਮ 'ਤੇ ਛੱਡ ਦਿੱਤਾ ਜਾਵੇਗਾ।

ਮੋਦੀ ਸਰਕਾਰ ਨੇ 2018-19 'ਚ ਆਪਣੇ ਪੰਜਵੇਂ ਅਤੇ ਆਖਰੀ ਬਜਟ ਨੂੰ ਵੀ ਕਿਸਾਨ ਮੁਕਤੀ ਬਜਟ ਦੇ ਤੌਰ 'ਤੇ ਪੇਸ਼ ਕੀਤਾ ਸੀ। 2014 ਦੀ ਲੋਕ ਸਭਾ ਚੋਣ ਮੁਹਿੰਮ 'ਚ ਨਰਿੰਦਰ ਮੋਦੀ ਨੇ ਭਾਰਤ ਭਰ 'ਚ 500 ਰੈਲੀਆਂ ਵਿਚੋਂ 300 ਰੈਲੀਆਂ 'ਚ ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਲਾਗੂ ਕਰਨ ਦਾ ਜ਼ੋਰਦਾਰ ਢੰਗ ਨਾਲ ਵਾਅਦਾ ਕੀਤਾ ਸੀ। ਪਰ ਸੱਤ੍ਹਾ 'ਚ ਆਉਣ ਤੋਂ ਬਾਅਦ ਇਸ ਨੇ ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਤੋਂ ਪਿਛਲ ਮੋੜਾ ਕੱਟਦਿਆਂ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਪੇਸ਼ ਕਰਦਿਆ ਕਿਹਾ ਸੀ ਕਿ ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਇੰਜ ਕਰਨ ਨਾਲ ਭਾਰਤੀ ਆਰਥਿਕਤਾ 'ਚ ਵੱਡੇ ਪੱਧਰ 'ਤੇ ਅਸੰਤੁਲਨ ਪੈਦਾ ਹੋਣ ਨਾਲ ਇਕ ਵੱਡਾ ਤੂਫਾਨ ਖੜ੍ਹਾ ਹੋ ਜਾਵੇਗਾ। (ਹਾਲਾਂਕਿ ਕਰਜ਼ੇ ਥੱਲੇ ਡੁੱਬੇ ਸਾਢੇ ਤਿੰਨ ਲੱਖ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਦਾ ਵਰਤਾਰਾ ਕਿਸੇ ਵੀ ਵੱਡੇ ਤੂਫਾਨ ਨਾਲੋ ਘੱਟ ਨਹੀਂ ਹੈ)। ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਨਰਿੰਦਰ ਮੋਦੀ ਨੇ ਸਵਾਮੀਨਾਥਨ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਕਦੇ ਵੀ ਵਾਅਦਾ ਕੀਤਾ ਹੀ ਨਹੀਂ ਸੀ। ਪਰ ਹੁਣ 2018-19 ਦਾ ਬਜਟ ਪੇਸ਼ ਕਰਦਿਆ ਅਰੁਨ ਜੇਤਲੀ ਨੇ ਜੋਰਸ਼ੋਰ ਨਾਲ ਐਲਾਨ ਕਰਕੇ ਸਭ ਨੂੰ ਅਚੰਭੇ 'ਚ ਪਾ ਦਿੱਤਾ ਕਿ ਕੇਂਦਰੀ ਸਰਕਾਰ ਪਿਛਲੇ ਹਾੜੀ ਸੀਜ਼ਨ 'ਚ ਕਿਸਾਨਾਂ ਨੂੰ ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਅਨੁਸਾਰ ਫ਼ਸਲੀ ਲਾਗਤਾਂ ਦਾ ਡੇਢ ਗੁਣਾਂ ਦੇ ਦੇਣ ਦਾ ਵਾਅਦਾ ਪੂਰਾ ਕਰ ਚੁੱਕੀ ਹੈ। ਮੋਦੀ ਸਰਕਾਰ ਨੇ ਬਜਟ ਵਿਚ ਭਾਰਤ ਅੰਦਰ 12.60 ਲੱਖ ਕਰੋੜ ਰੁਪਏ ਦੇ ਕਰਜ਼ੲਈ ਅਤੇ ਸਾਢੇ ਤਿੰਨ ਲੱਖ ਖੁਦਕੁਸ਼ੀਆਂ ਕਰ ਚੁੱਕੇ ਪੀੜਤ ਕਿਸਾਨ ਪਰਿਵਾਰਾਂ ਦਾ ਜ਼ਿਕਰ ਤੱਕ ਨਹੀਂ ਕੀਤਾ। ਖੇਤੀ ਲਾਗਤਾਂ ਘਟਾਉਣ ਲਈ ਦੇਸ਼ੀ ਵਿਦੇਸ਼ੀ ਕੰਪਨੀਆਂ ਦੇ ਏਕਾਅਧਿਕਾਰ ਰਾਹੀਂ ਮਹਿੰਗੀ ਮਸ਼ੀਨਰੀ ਅਤੇ ਰਸਾਇਣਾਂ ਦੇ ਰੇਟਾਂ ਨੂੰ ਕੰਟਰੋ ਕਰਨ ਅਤੇ ਪੇਂਡੂ ਮਜ਼ਦੂਰਾਂ ਲਈ ਮਨਰੇਗਾ ਫੰਡ ਵਧਾਉਣ ਲਈ ਕੋਈ ਕਦਮ ਨਹੀਂ ਪੁੱਟੇ ਗਏ। ਰਾਸ਼ਟਰੀ ਕਿਸਾਨ ਵਿਕਾਸ ਯੋਜਨਾ ਦੇ 45000 ਕਰੋੜ ਰੁਪਏ ਤੋਂ 36000 ਕਰੋੜ ਰੁਪਏ ਕਰ ਦਿਤੇ ਗਏ।ਸੰਕਟ ਵਿਚ ਫਸੇ ਖੇਤੀ ਖੇਤਰ ਦਾ ਬਜਟ ਵਧਾਉਣ ਦੀ ਬਜਾਏ 2.38 ਪ੍ਰਤੀਸ਼ਤ ਤੋਂ ਘਟਾ ਕੇ 2018-19 ਦੇ ਬਜਟ 'ਚ 2.36 ਪ੍ਰਤੀਸ਼ਤ ਅਤੇ ਜ਼ਮੀਨ 'ਤੇ ਪੇਂਡੂ ਭੂਮੀਪਤੀਆਂ ਅਤੇ ਦੇਸੀ ਵਿਦੇਸ਼ੀ ਕੰਪਨੀਆਂ ਦੇ ਕਬਜ਼ੇ ਰੋਕਣ, ਔਰਤਾਂ ਨੂੰ ਜ਼ਮੀਨ ਦੇ ਹੱਕ ਦੇਣ, ਕਬਾਇਲੀ ਲੋਕਾਂ ਅਤੇ ਪੇਂਡੂ ਮਜ਼ਦੂਰਾਂ ਨੂੰ ਜ਼ਮੀਨ ਦੇ ਹੱਕ ਅਤੇ ਹੋਰ ਰਾਹਤਾਂ ਦੇਣ, ਗ਼ਰੀਬ ਅਤੇ ਸੀਮਾਂਤ ਕਿਸਾਨਾਂ ਲਈ ਲੈਂਡ ਲੀਜ਼ ਕਾਨੂੰਨ ਬਣਾਉਣ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਇਸ ਤਰ੍ਹਾਂ 2018-19 ਦੇ ਪੂਰੇ ਬਜਟ ਵਿਚ ਫਸਲਾਂ ਦੀ ਕੁੱਲ ਲਾਗਤ ਦਾ ਡੇਢ ਗੁਣਾਂ ਮੁੱਲ ਦੇਣ ਦਾ ਝੂਠ ਬੋਲਣ ਤੋਂ ਇਲਾਵਾ ਕੁਝ ਨਹੀਂ ਦਿੱਤਾ ਗਿਆ।

ਹੁਣ ਅਸੀਂ ਮੋਦੀ ਸਰਕਾਰ ਦੇ ਫ਼ਸਲ ਉਤਪਾਦਨ ਲਾਗਤਾਂ ਦਾ ਦੁਗਣਾ ਮੁੱਲ ਦੇਣ ਦੇ ਦਾਅਵੇ ਦੀ ਹਕੀਕਤ ਦੇਖਦੇ ਹਾਂ।ਖੇਤੀ ਲਾਗਤਾਂ ਨੂੰ ਗਿਣਨ ਲਈ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਕੈਕਪ) ਵੱਲੋ ਤਿੰਨ ਫਾਰਮੂਲੇ ਬਣਾਏ ਹੋਏ ਹਨ। ਪਹਿਲ ਫਾਰਮੂਲਾ ਏ2 ਹੈ ਜਿਸ 'ਚ ਬੀਜ, ਖਾਦ, ਰਸਾਇਣ, ਮਜਦੂਰੀ ਅਤੇ ਠੇਕੇ 'ਤੇ ਲਈ ਜ਼ਮੀਨ ਲਗਾਨ ਦੇ ਨਗਦ ਭੁਗਤਾਨ ਆਦਿ ਸ਼ਾਮਿਲ ਕੀਤੇ ਜਾਂਦੇ ਹਨ। ਦੂਜਾ ਫਾਰਮੂਲਾ ਏ2+ਐਫਐਲ ਹੈ ਜਿਸ ਏ2 ਤੋਂ ਇਲਾਵਾ ਪਰਿਵਾਰਕ ਮਜ਼ਦੂਰੀ ਦਾ ਮੁੱਲ ਸ਼ਾਮਲ ਕੀਤਾ ਜਾਂਦਾ ਹੈ। ਤੀਜਾ ਫਾਰਮੂਲਾ ਸੀ2 ਹੈ ਜਿਸ ਨੂੰ ਫ਼ਸਲ ਦੀ ਵਿਆਪਕ ਆਰਥਿਕ ਲਾਗਤ ਕਿਹਾ ਜਾਂਦਾ ਹੈ ਜਿਸ ਵਿਚ ਏ2+ਐਫਐਲ਼ 'ਤੋਂ ਇਲਾਵਾ ਕਿਸਾਨ ਆਪਣੀ ਮਾਲਕੀ ਵਾਲੀ ਜ਼ਮੀਨ ਦਾ ਲਗਾਨ+ਫ਼ਸਲ ਲਾਗਤ ਪੂੰਜੀ ਦਾ ਵਿਆਜ+ਫਸਲ ਦਾ ਮੰਡੀ ਤੱਕ ਟਰਾਂਸਪੋਰਟ ਖ਼ਰਚਾ+ਕੋਲਡ ਸਟੋਰ ਆਦਿ ਦਾ ਖ਼ਰਚਾ ਗਿਣਿਆ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਬਣਾਈ ਰਮੇਸ ਚੰਦਰ ਕਮੇਟੀ ਨੇ ਤਾਂ ਕੈਂਪ ਨੂੰ ਕਾਨੂੰਨੀ ਸੰਸਥਾ ਦਾ ਦਰਜਾ ਦੇਣ, ਲਾਗਤ ਖ਼ਰਚੇ 'ਚ 10 ਪ੍ਰਤੀ ਹੋਰ ਖ਼ਰਚਾ ਜੋੜਨ, ਕਿਸਾਨ ਨੂੰ ਮੇਨੇਜਰ ਗਿਣਨ, ਪਰਿਵਾਰਕ ਮਜਦੂਰੀ ਨੂੰ ਤਕਨੀਕੀ ਮਜ਼ਦੂਰ ਗਿਣਨ ਅਤੇ ਫ਼ਸਲਾਂ ਦੀ ਲਾਗਤ ਨੂੰ ਗਿਣਨ ਦੀ ਪ੍ਰਕਿਰਿਆ ਨੂੰ ਪਾਰਲੀਮੈਂਟ ਵਿਚ ਪੇਸ਼ ਕਰਨ ਆਦਿ ਹੋਰ ਵੀ ਸੁਝਾਅ ਦਿੱਤੇ ਸਨ। ਪਰ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਗੁੰਮਰਾਹ ਕਰਨ ਵਾਸਤੇ ਘੱਟੋ ਘੱਟ ਸਮੱਰਥਨ ਮੁੱਲ ਦੇਣ ਦਾ ਫਾਰਮੂਲਾ ਹੀ ਤਬਦੀਲ ਕਰ ਦਿੱਤਾ ਹੈ ਅਤੇ ਸਿਆਸੀ ਨੈਤਿਕਤਾ ਅਤੇ ਸਦਾਚਾਰ ਦੇ ਸਾਰੇ ਸਿਆਸੀ ਮਿਆਰਾਂ ਨੂੰ ਛਿੱਕੇ ਟੰਗ ਕੇ ਸੀ2 ਦੀ ਜਗ੍ਹਾ ਏ2+ਐਫਐਲ ਫਾਰਮੂਲਾ ਅਪਣਾਅ ਕੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਹੈ। ਅਸਲ 'ਚ ਸਵਾਮੀਨਾਥਨ ਨੇ ਕਿਸਾਨਾਂ ਨੂੰ ਸੀ2 ਭਾਵ ਕੁੱਲ ਆਰਥਿਕ ਲਾਗਤਾਂ ਦੇ ਦੁਗਣੇ ਦੇਣ ਦੀ ਸਿਫਾਰਸ਼ ਕੀਤੀ ਸੀ। ਮੋਦੀ ਸਰਕਾਰ ਝੋਨੇ ਦੇ 1550 ਰੁਪਏ ਪ੍ਰਤੀ ਕਵਿੰਟਲ 'ਤੇ 200 ਰੁਪਏ ਵਧਾ ਕੇ ਝੋਨੇ ਦਾ ਸਮੱਰਥਨ ਮੁੱਲ 1750 ਰੁਪਏ ਪ੍ਰਤੀ ਕਵਿੰਟਲ ਕਰ ਦਿੱਤਾ ਹੈ। ਪਰ ਸੀ2 ਮੁਤਾਬਿਕ ਫ਼ਸਲਾਂ ਦਾ ਆਰਥਿਕ ਖ਼ਰਚਾ 1484 ਰੁਪੈ ਪ੍ਰਤੀ ਕਵਿੰਟਲ ਅਤੇ ਸਵਾਮੀਨਾਥਨ ਸਿਫਾਰਸ਼ਾਂ ਅਨੁਸਾਰ ਇਸ ਵਿਚ 50 ਪ੍ਰਤੀਸ਼ਤ ਜੋੜ ਕੇ ਝੋਨੇ ਦਾ ਘੱਟੋ ਘੱਟ ਸਮੱਰਥਨ ਮੁੱਲ 2226 ਰੁਪੈ ਪ੍ਰਤੀ ਕਵਿੰਟਲ ਬਣਦਾ ਹੈ। ਇਹ ਮੋਦੀ ਸਰਕਾਰ ਦੇ 1750 ਨਾਲੋ 476 ਰੁਪਏ ਪ੍ਰਤੀ ਕਵਿੰਟਲ ਵੱਧ ਹੈ। ਭਾਰਤ ਅੰਦਰ ਝੋਨੇ ਦੀ 2018-19 'ਚ ਅੰਦਾਜਨ ਪੈਦਾਵਾਰ 11100 ਲੱਖ ਕਵਿੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਇਕ ਸਾਲ ਝੋਨੇ ਵਿਚੋਂ 528 ਅਰਬ ਰੁਪਏ ਦਾ ਘਾਟਾ ਪੈਂਦਾ ਹੈ।

ਮੋਦੀ ਸਰਕਾਰ ਨੇ ਪਿਛਲੇ ਸਾਲ ਨਾਲੋ ਕਣਕ ਦਾ 105 ਰੁਪਏ ਕਵਿੰਟਲ ਮੁੱਲ ਵਧਾ ਕੇ ਘੱਟੋ ਘੱਟ ਸਮੱਰਥਨ ਮੁੱਲ 1840 ਰੁਪਏ ਤੈਅ ਕੀਤਾ ਹੈ। ਸੀਏਸੀਪੀ ਨੇ ਜੁਲਾਈ 2018-19 'ਚ ਕਣਕ ਦਾ ਸੀ2 ਆਰਥਿਕ ਲਾਗਤ ਖ਼ਰਚਾ 1339 ਰੁਪਏ ਪ੍ਰਤੀ ਕਵਿੰਟਲ ਅੰਕਤ ਕੀਤਾ ਸੀ ਪਰ ਉਸ ਤੋਂ ਬਾਅਦ ਡੀਜਲ, ਰਸਾਇਣਾਂ ਅਤੇ ਖਾਦ ਦੇ ਰੇਟਾਂ ਵਿਚ ਵਾਧੇ ਦੇ ਹਿਸਾਬ ਨਾਲ ਜੇ ਘੱਟੋ ਘੱਟ 100 ਰੁਪਏ ਹੋਰ ਜੋੜ ਲਏ ਜਾਣ ਤਾਂ ਕਣਕ ਦੀ ਸੀ। ਆਰਥਿਕ ਲਾਗਤ 1439 ਰਪਏ ਪ੍ਰਤੀ ਕਵਿੰਟਲ ਬਣ ਜਾਂਦੀ ਹੈ। ਸਵਾਮੀਨਾਥਨ ਦੀਆਂ ਸਿਫਾਰਸ਼ਾਂ ਮੁਤਾਬਕ ਇਸ ਵਿਚ 50 ਪ੍ਰਤੀ ਵਾਧਾ ਜੋੜ ਕੇ ਇਹ 2158 ਰਪਏ ਪ੍ਰਤੀ ਕਵਿੰਟਲ ਬਣਦਾ ਹੈ। ਇਸ ਤਰ੍ਹਾਂ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨ ਨਾਲ ਕਿਸਾਨਾਂ ਨੂੰ 2158-1840=318 ਰੁਪਏ ਪ੍ਰਤੀ ਕਵਿੰਟਲ ਅਤੇ ਸਾਲ 2018-19 ਦੀ ਕੁੱਲ ਅੰਦਾਜਨ ਕਣਕ ਦੀ ਪੈਦਾਵਾਰ 9711 ਲੱਖ ਕਵਿੰਟਲ 'ਤੇ 318 ਗੁਣਾਂ ਕਰਨ 'ਤੇ ਇਹ ਘਾਟਾ 1672 ਅਰਬ ਰੁਪਏ ਬਣਦਾ ਹੈ। ਪ੍ਰਸਿੱਧ ਖਾਧ ਅਤੇ ਖੇਤੀ ਅਰਥਸ਼ਾਸਤਰੀ ਦੇਵਿੰਦਰ ਕੁਮਾਰ ਸ਼ਰਮਾ ਅਨੁਸਾਰ 1970 ਤੋਂ ਹੁਣ ਤੱਕ ਮੁਲਾਜ਼ਮਾਂ ਅਤੇ ਅਫ਼ਸਰਾਂ ਦੀਆਂ ਤਨਖਾਹਾਂ ਵਿਚ 150 ਤੋਂ 300 ਗੁਣਾਂ ਤੱਕ ਤਨਖਾਹਾਂ ਵਿਚ ਵਾਧਾ ਹੋਇਆ ਹੈ ਅਤੇ ਕਣਕ ਦੇ ਰੇਟਾਂ ਵਿਚ ਸਿਰ ਗੁਣਾਂ ਵਾਧਾ ਹੋਇਆ ਹੇ, ਉਸ ਮਸੇ ਕਣਕ ਦੀ ਕੀਮਤ 76 ਰੁਪਏ ਕਵਿੰਟਲ ਸੀ ਪਰ ਇਸ ਵਿਚ ਜੇ 100 ਗੁਣਾ ਵੀ ਵਾਧਾ ਕੀਤਾ ਜਾਵੇ ਤਾਂ ਕਣਕ ਦੀ ਹੁਣ ਕੀਮਤ 760 ਰੁਪਏ ਹੋਣੀ ਚਾਹੀਦੀ ਸੀ।

ਮੋਦੀ ਸਰਕਾਰ ਕਿਸਾਨਾਂ ਦੀ 2022 ਤੱਕ ਆਮਦਨ ਦੁਗਣੀ ਕਰਨ ਦੇ ਵਾਰ ਵਾਰ ਦਮਗਜੇ ਮਾਰ ਰਹੀ ਹੈ। 2016 ਦੇ ਆਰਥਕ ਸਰਵੇ ਅਨੁਸਾਰ ਭਾਰਤ ਦੇ 29 ਰਾਜਾਂ ਵਿਚੋਂ 17 ਰਾਜਾਂ ਦੇ ਕਿਸਾਨ ਪਰਿਵਾਰਾਂ ਦੀ ਸਾਲਾਨਾ ਆਮਦਨ 20,000 ਰੁਪਏ, ਮਹੀਨੇ ਦੀ 1700 ਰੁਪਏ, ਪ੍ਰਤੀ ਪਰਿਵਾਰਕ ਮੈਂਬਰ ਦੀ ਦਿਹਾੜੀ ਦੀ ਆਮਦਨ 425 ਰੁਪਏ ਅਤੇ ਹਰ ਪਰਿਵਾਰਕ ਮੈਂਬਰ ਦੀ ਇਕ ਦਿਨ ਦੀ ਦਿਹਾੜੀ ਦੀ ਆਮਦਨ 35 ਰੁਪਏ ਬਣਦੀ ਸੀ । ਇਸ ਦਾ ਅਰਥ ਹੈ ਕਿ ਜੇ ਮੋਦੀ ਸਰਕਾਰ ਦੇ 2022 ਤੱਕ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਜੁਮਲੇ ਪੂਰੇ ਹੋ ਵੀ ਜਾਣ ਤਾਂ ਵੀ ਕਿਸਾਨਾਂ ਦੀ ਪਰਿਵਾਰਕ ਦਿਹਾੜੀ 70 ਰੁਪਏ ਹੋਵੇਗੀ ਅਤੇ ਕਿਸਾਨ ਗ਼ਰੀਬੀ ਰੇਖਾ ਦੇ ਥੱਲੇ ਹੀ ਰਹਿਣਗੇ। ਇਸ ਤੋਂ ਅੱਗੇ ਕਿਸਾਨ ਲਈ ਘੱਟੋ ਘੱਟ ਸਮੱਰਥਨ ਮੁੱਲ ਮੰਡੀਆਂ ਵਿਚ ਹੀ ਸੰਭਵ ਹੋ ਸਕਦਾ ਹੈ ਅਤੇ ਅਜਿਹਾ ਕਰਨ ਲਈ ਦੇਸ਼ 'ਚ 42 ਹਜਾਰ ਮੰਡੀਆਂ ਦੀ ਜ਼ਰੂਰਤ ਹੈ ਪਰ ਭਾਰਤ ਅੰਦਰ ਅੱਜ 7600 ਮੰਡੀਆਂ ਹਨ ਜੋ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਵਿਚ ਹੀ ਕੇਂਦਰਤ ਹਨ। 2018-19 ਦੇ ਬਜਟ ਵਿਚ ਅਰੁਨ ਜੇਤਲੀ ਨੇ ਭਾਰਤ 'ਚ 22 ਹਜ਼ਾਰ ਮੰਡੀਆਂ ਬਣਾਉਣ ਦਾ ਇਕ ਹੋਰ ਜੁਮਲਾ ਛੱਡਿਆ ਹੈ। ਪਰ ਰੱਬ ਕਰੇ ਜੇਤਲੀ ਦਾ 2200 ਮੰਡੀਆਂ ਬਨਾਉਣ ਦਾ ਟੀਚਾ ਕਿਤੇ ਜਾ ਕੇ ਪੂਰਾ ਹੋ ਜਾਵੇ ਤਾਂ ਵੀ ਹਰ ਮੰਡੀ ਦਾ ਘੇਰਾ 150 ਕਿਲੋਮੀਟਰ ਹੋਵੇਗਾ ਪਰ ਛੋਟੇ ਸੀਮਾਂਤ ਕਿਸਾਨਾਂ ਨੂੰ ਘੱਟੋ ਘੱਟ ਸਮੱਰਥਨ ਮੁੱਲ ਲੈਣ ਲਈ ਮੰਡੀ ਵਿਚ ਪਹੁੰਚ ਲਈ ਹਰ 5 ਕਿਲੋਮੀਟਰ ਦੇ ਘੇਰੇ ਵਿਚ ਮੰਡੀ ਹੋਣੀ ਚਾਹੀਦੀ ਹੈ, ਨਹੀਂ ਤਾਂ ਛੋਟੇ ਕਿਸਾਨ ਮੰਡੀ ਤੱਕ ਪਹੁੰਚ ਹੀ ਨਹੀਂ ਸਕਦੇ ਤੇ ਉਹ ਪਿੰਡਾਂ ਵਿਚ ਹੀ ਵਪਾਰੀਆਂ ਨੂੰ ਕੌਡੀਆ ਦੇ ਭਾਅ ਫ਼ਸਲ ਵੇਚਣ ਲਈ

(ਬਾਕੀ ਸਫ਼ਾ 31 'ਤੇ)



# ਬਰੇਨ ਪੀਡੀਆ ਵਾਲੇ ਚਲਾਕੀ ਕਿਵੇਂ ਕਰਦੇ ਸਨ ?

ਮੇਘ ਰਾਜ ਮਿੱਤਰ



*ਬੱਚਿਆਂ ਨੂੰ ਮਾਹਿਰ ਬਣਾਉਣ ਦੀਆਂ ਫੀਸਾਂ ਦੇ ਰੂਪ ਵਿੱਚ ਵੀਹ ਤੋਂ ਚਾਲੀ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਵਸੂਲੇ ਜਾਂਦੇ ਹਨ। ਹਾਲਾਂਕਿ, ਇਹ ਇਕੱਲੀ ਠੱਗੀ ਦਾ ਮਾਮਲਾ ਨਹੀਂ ਹੈ, ਸਗੋਂ ਬੱਚਿਆਂ ਨੂੰ ਝੂਠ ਬੋਲਣਾ ਅਤੇ ਮੱਕਾਰ ਬਣਨਾ ਵੀ ਸਿਖਾਇਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡਾ ਨੱਕ ਸਾਡੇ ਚਿਹਰੇ ਤੋਂ ਇੱਕ ਇੰਚ ਉੱਭਰਵਾਂ ਹੁੰਦਾ ਹੈ।*

ਤਰਕਸ਼ੀਲ ਸੁਸਾਇਟੀ ਪਿਛਲੇ 34 ਵਰਿਆਂ ਤੋਂ ਲੋਕਾਂ ਨੂੰ ਅੰਧਵਿਸ਼ਵਾਸ਼ਾਂ ਵਿੱਚੋਂ ਬਾਹਰ ਨਿਕਲਣ ਦਾ ਸੱਦਾ ਦੇ ਰਹੀ ਹੈ। ਇਸ ਵਕਫ਼ੇ ਦੌਰਾਨ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਤਰਕਸ਼ੀਲ ਸੁਸਾਇਟੀ ਦੀਆਂ ਸ਼ਾਖਾਵਾਂ ਸਰਗਰਮ ਰਹੀਆਂ ਹਨ। ਗੁਰਚਰਨ ਨੂਰਪੁਰ ਅਤੇ ਗੁਰਪਰੀਤ ਮੱਲੋਕੇ ਜ਼ੀਰਾ ਤੋਂ ਸਾਡੀ ਸੰਸਥਾ ਦੇ ਮੈਂਬਰ ਹਨ। ਜੂਨ ਦੇ ਪਹਿਲੇ ਹਫ਼ਤੇ ਮੈਨੂੰ ਉਨਾਂ ਦਾ ਫੋਨ ਆਇਆ। ਕਹਿਣ ਲੱਗੇ ਕਿ ਇੱਕ ਸੈਮੀਨਾਰ ਦੌਰਾਨ ਸਾਡੀ ਬਹਿਸ ਬਰੇਨ ਪੀਡੀਆ ਵਾਲਿਆਂ ਨਾਲ ਹੋ ਗਈ। ਇਹ ਸੰਸਥਾ ਹੇਠ ਲਿਖੇ ਦਾਅਵੇ ਕਰਦੀ ਹੈ

1. ਉਨ੍ਹਾਂ ਦੇ ਟਰੇਂਡ ਕੀਤੇ ਹੋਏ (ਸਿਖਲਾਈ ਪ੍ਰਾਪਤ) ਵਿਦਿਆਰਥੀ ਅੱਖਾਂ 'ਤੇ ਪੱਟੀ ਬੰਨ ਕੇ ਅਤੇ ਨੱਕ ਨਾਲ ਸੁੰਘ ਕੇ ਕਿਸੇ ਕਿਤਾਬ ਦਾ ਸਫ਼ਾ ਪੜ ਸਕਦੇ ਹਨ।

2. ਉਹ ਵਿਦਿਆਰਥੀਆਂ ਦੇ ਫਿੰਗਰ ਪਰਿੰਟ ਲੈ ਕੇ ਉਹਨਾਂ ਦਾ ਭਵਿੱਖ ਦੱਸ ਸਕਦੇ ਹਨ।

3. ਉਹ ਵਿਦਿਆਰਥੀਆਂ ਨੂੰ ਕਿਸੇ ਵੀ ਹੁਨਰ ਵਿੱਚ ਮਾਹਿਰ ਬਣਾ ਸਕਦੇ ਹਨ।

4. ਉਨਾਂ ਦੀ ਟਰੇਨਿੰਗ ਨਾਲ ਵਿਦਿਆਰਥੀਆਂ ਦੀ ਪੜਾਈ ਵਿੱਚ ਆਪਣੀ ਮਨੋਬਿਰਤੀ ਕੇਂਦਰਿਤ ਕਰਨ ਲੱਗ ਜਾਂਦੇ ਹਨ।

5. ਗਰਭਵਤੀ ਇਸਤਰੀਆਂ ਨੂੰ ਛੇਵੇਂ ਮਹੀਨੇ ਤੋਂ ਲੈ ਕੇ ਅੱਠਵੇਂ ਮਹੀਨੇ ਤੱਕ ਟਰੇਨਿੰਗ ਦੇ ਕੇ ਉਨਾਂ ਦੇ ਹੋਣ ਵਾਲੇ ਬੱਚੇ ਨੂੰ ਬੁੱਧੀਮਾਨ ਬਣਾਇਆ ਜਾਂਦਾ ਹੈ।

ਇਨਾਂ ਮੁਹਾਰਤਾਂ ਦੇ ਨਾਮ 'ਤੇ ਉਹ ਵੱਡੀਆਂ-ਵੱਡੀਆਂ ਰਕਮਾਂ ਵਸੂਲ ਲੈਂਦੇ ਹਨ। ਹਰੇਕ ਮਾਂ-ਬਾਪ ਚਾਹੁੰਦਾ ਹੈ ਕਿ ਉਨਾਂ ਦਾ ਬੱਚਾ ਪੜਾਈ ਵਿੱਚ ਹੁਸ਼ਿਆਰ ਹੋਵੇ ਅਤੇ ਉਸ ਦੀ ਦਿਲਚਸਪੀ ਵਧੇ। ਤਾਂ ਜੋ ਉਹ ਭਵਿੱਖ ਵਿੱਚ ਕੁੱਝ ਕਰਨ ਦੇ ਕਾਬਲ ਹੋ ਜਾਵੇ।

**ਚੁਣੌਤੀ** : ਤਰਕਸ਼ੀਲ ਸੁਸਾਇਟੀ ਨੇ ਹਰੇਕ ਕਿਸਮ ਦੇ ਠੱਗਾਂ, ਸਾਧਾਂ-ਸੰਤਾਂ, ਜੋਤਸ਼ੀਆਂ, ਵਾਸਤੂ ਸ਼ਾਸ਼ਤਰ ਦੇ ਮਾਹਰਾਂ ਆਦਿ ਨੂੰ ਚੁਣੌਤੀ ਦਿੱਤੀ ਹੋਈ ਹੈ। ਇਸ ਚੁਣੌਤੀ ਅਨੁਸਾਰ ਚੁਣੌਤੀ ਕਬੂਲ ਕਰਨ ਵਾਲਿਆਂ ਨੇ ਦਸ ਹਜ਼ਾਰ ਰੁਪਇਆ ਸਾਡੇ ਕੋਲ ਜਮਾਂ ਕਰਵਾਉਣਾ ਹੁੰਦਾ ਹੈ। ਜਿੱਤ ਜਾਣ ਦੀ ਸੂਰਤ ਵਿੱਚ ਅਸੀ ਦਸ ਹਜ਼ਾਰ ਰੁਪਏ ਦੀ ਜ਼ਮਾਨਤੀ ਰਾਸ਼ੀ ਅਤੇ ਇੱਕ ਕਰੋੜ ਰੁਪਏ ਦੀ ਰਾਸ਼ੀ ਜਿੱਤਣ ਵਾਲੇ ਨੂੰ ਦੇਣੀ ਹੁੰਦੀ ਹੈ। ਸਾਨੂੰ ਪਤਾ ਹੈ ਕਿ ਦੁਨੀਆਂ 'ਤੇ ਕੋਈ ਵੀ ਵਿਅਕਤੀ ਗੈਬੀ ਸ਼ਕਤੀ ਦਾ ਮਾਲਕ ਨਹੀਂ ਹੈ। ਹਾਂ, ਕਿਸੇ ਵਰਤਾਰੇ ਦਾ ਮਾਹਿਰ ਜ਼ਰੂਰ ਹੋ ਸਕਦਾ ਹੈ। ਅਸੀਂ ਵੇਖਿਆ ਹੈ ਕਿ ਗੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲੇ ਵਿਅਕਤੀ ਇਸ ਗੱਲ ਤੋਂ ਭਲੀਭਾਂਤ ਜਾਣੂ ਹੁੰਦੇ ਹਨ ਕਿ ਉਨਾਂ ਵਿੱਚ ਕਿਸੇ ਕਿਸਮ ਦੀ ਗੈਬੀ ਸ਼ਕਤੀ ਨਹੀਂ ਹੈ, ਪਰ ਆਪਣੇ ਸ਼ਰਧਾਲੂਆਂ ਮੂਹਰੇ ਉਨਾਂ ਨੇ ਆਪਣੀਆਂ ਗੈਬੀ ਸ਼ਕਤੀਆਂ ਦਾ ਦਾਅਵਾ ਕੀਤਾ ਹੁੰਦਾ ਹੈ। ਉਨਾਂ ਦੇ ਚੇਲੇ-ਚਾਟੜਿਆਂ ਨੂੰ ਆਪਣੇ ਪੀਰਾਂ-ਫਕੀਰਾਂ ਵਿੱਚ ਵਿਸ਼ਵਾਸ਼ ਹੁੰਦਾ ਹੈ, ਇਸ ਲਈ ਉਹ ਜ਼ਮਾਨਤੀ ਰਾਸ਼ੀ ਜਮਾਂ ਕਰਵਾ ਬੈਠਦੇ ਹਨ। ਪਰਖ ਸਮੇਂ ਵੀ ਅਜਿਹੇ ਵਿਅਕਤੀ ਧਰਮ ਦੀ ਆੜ ਲੈਂਦੇ ਅਸੀਂ ਵੇਖੇ ਹਨ।

ਬਹੁਤੇ ਜੋਤਸ਼ੀ ਆਪਣੀਆਂ ਗੱਦੀ 'ਤੇ ਮੂਰਤੀਆਂ ਸਜਾਉਂਦੇ ਅਤੇ ਜੋਤਾਂ ਲਗਾ ਕੇ ਰੱਖਦੇ ਹਨ। ਜਦ ਕੋਈ ਵਿਅਕਤੀ ਉਨਾਂ ਨੂੰ ਚੁਣੌਤੀ ਦਿੰਦਾ ਹੈ ਤਾਂ ਉਹ ਆਪ ਹੀ ਮੂਰਤੀਆਂ ਤੋੜ ਦਿੰਦੇ ਹਨ ਜਾਂ ਜੋਤ ਰਾਹੀਂ ਕੱਪੜੇ ਅਤੇ ਪੁਸਤਕਾਂ ਆਦਿ ਨੂੰ ਸਾੜ ਦਿੰਦੇ ਹਨ। ਜਿਸ ਦਾ ਦੋਸ਼ ਤਰਕਸ਼ੀਲਾਂ ਉੱਪਰ ਮੜ ਦਿੱਤਾ ਜਾਂਦਾ ਹੈ। ਅਸੀਂ ਇਨਾਂ ਗੱਲਾਂ ਤੋਂ ਸੁਚੇਤ ਸਾਂ। ਇਹ ਸਾਰੀਆਂ ਹਦਾਇਤਾਂ ਮੈਂ ਜ਼ੀਰੇ ਵਾਲਿਆਂ ਨੂੰ ਫੋਨ 'ਤੇ ਹੀ ਦੱਸ ਦਿੱਤੀਆਂ ਸਨ। ਨਾਲ ਹੀ ਮੈਂ ਗੁਰਚਰਨ ਨੂਰਪੁਰ ਅਤੇ ਗੁਰਪਰੀਤ ਮੱਲੋਕੇ ਨੂੰ ਹਦਾਇਤ ਕੀਤੀ ਸੀ ਕਿ ਚੁਣੌਤੀ ਸਿਰਫ਼ ਲਿਖਤੀ ਇਕਰਾਰਨਾਮੇ ਰਾਹੀਂ ਸਵੀਕਾਰ ਕਰਨੀ ਹੈ। ਉਨਾਂ ਨੇ ਅਜਿਹਾ ਹੀ ਕੀਤਾ। ਅਸੀਂ ਤਰਕਸ਼ੀਲ ਜਦੋਂ ਮੇਲੇ ਲਾਉਂਦੇ ਹਾਂ ਤਾਂ ਉੱਥੇ ਲੋਕਾਂ ਦਾ ਇਕੱਠ ਕਰਨ ਲਈ ਅੱਖਾਂ 'ਤੇ ਪੱਟੀ ਬੰਨ ਕੇ ਮੋਟਰਸਾਈਕਲ ਵੀ ਚਲਾਉਂਦੇ ਹਾਂ। ਇਸ ਲਈ ਅੱਖਾਂ 'ਤੇ ਪੱਟੀ ਬੰਨਣ ਵਾਲੇ ਟਰਿੱਕ ਦੇ ਰਹੱਸ ਤੋਂ ਅਸੀਂ ਭਲੀ-ਭਾਂਤ ਜਾਣੂ ਸਾਂ। ਸਾਨੂੰ ਪਤਾ ਸੀ ਕਿ ਜੇ ਕਿਸੇ ਵਿਅਕਤੀ ਦੀਆਂ ਅੱਖਾਂ 'ਤੇ ਤੈਰਨ ਸਮੇਂ ਲਾ ?ਣ ਵਾਲੀਆਂ ਐਨਕਾਂ (ਜਿਹੜੀਆਂ ਤੈਰਾਕ ਤੈਰਨ ਸਮੇਂ ਲਾਉਂਦੇ ਹਨ) ਲਗਾ ਦਿੱਤੀਆਂ ਜਾਣ ਤਾਂ ਉਹ ਵਿਅਕਤੀ ਅੱਖਾਂ ਦੇ ਹੇਠਲੇ ਪਾਸਿਓਂ ਵੇਖਣ ਤੋਂ ਅਸਮਰੱਥ ਹੋ ਜਾਂਦਾ ਹੈ।

**ਟਾਲ-ਮਟੋਲ** : ਬਰੇਨ ਪੀਡੀਆ ਵਾਲੇ ਜ਼ਮਾਨਤੀ ਰਾਸ਼ੀ ਜਮਾਂ ਕਰਵਾਉਣ ਤੋਂ ਟਾਲਾ ਵੱਟ ਰਹੇ ਸਨ। ਜਿਸ ਤੋਂ ਸਾਫ਼ ਜ਼ਾਹਿਰ ਸੀ ਕਿ ਉਹ ਸਾਡੀ ਚੁਣੌਤੀ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਕਰ ਰਹੇ ਸਨ। ਮੌਸਮ ਖਰਾਬ ਹੋਣ ਕਰਕੇ ਅਤੇ ਬਰੇਨ ਪੀਡੀਆ ਵਾਲਿਆਂ ਦੀ ਜ਼ਮਾਨਤ ਰਾਸ਼ੀ ਜਮਾਂ ਕਰਵਾਉਣ ਤੋਂ ਟਾਲ-ਮਟੋਲ ਕਰਕੇ ਮੈਂ ਚੰਡੀਗੜ੍ਹ ਤੋਂ ਜੀਰੇ ਪਹੁੰਚਣ ਲਈ ਗੁਰੇਜ਼ ਕਰ ਗਿਆ। ਪਰ ਉਸ ਦਿਨ ਅਚਾਨਕ ਹੀ ਉਨਾਂ ਨੇ ਪੰਜ ਹਜ਼ਾਰ ਰੁਪਇਆ ਜਮਾਂ ਕਰਵਾ ਦਿੱਤਾ ਅਤੇ ਬਾਕੀ ਪੰਜ ਹਜ਼ਾਰ ਅਗਲੇ ਦਿਨ ਜਮਾਂ ਕਰਵਾਉਣ ਦਾ ਵਾਅਦਾ ਕਰ ਲਿਆ। ਸਾਡੇ ਕੁੱਝ ਹੋਰ ਤਰਕਸ਼ੀਲ ਸਾਥੀ ਉੱਥੇ ਪੁੱਜ ਗਏ। ਪੈਸੇ ਜਮਾਂ ਕਰਵਾਉਣ ਵਾਲੇ ਦਿਨ ਹੀ ਬਰੇਨ ਪੀਡੀਆ ਵਾਲਿਆਂ ਨੇ ਆਰ.ਐਸ.ਐਸ. ਦੇ ਕੁੱਝ ਵਰਕਰਾਂ ਨੂੰ ਆਪਣੀ ਹਮਾਇਤ 'ਤੇ ਬੁਲਾਇਆ ਹੋਇਆ ਸੀ। ਪਰਖ ਦੀ ਮਿਤੀ, ਸਮਾਂ ਅਤੇ ਸਥਾਨ ਦਾ ਫੈਸਲਾ ਕਰ ਲਿਆ ਗਿਆ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ 17 ਜੂਨ 2015 ਨੂੰ ਇੱਕ ਵਜੇ ਇਸ ਸਬੰਧੀ ਪ੍ਰੋਗਰਾਮ ਰੱਖਿਆ ਗਿਆ। ਬਹੁਤ ਸਾਰੇ ਪੱਤਰਕਾਰ ਅਤੇ ਪੁਲਿਸ ਮੁਲਾਜ਼ਮਾਂ ਸਮੇਤ 800 ਦੇ ਕਰੀਬ ਵਿਅਕਤੀ ਇਸ ਪਰਖ ਸਮੇਂ ਹਾਜ਼ਰ ਸਨ। ਫੈਸਲੇ ਅਨੁਸਾਰ, ਦੇਸ਼ਭਗਤ ਯਾਦਗਾਰ ਹਾਲ ਦੇ ਟਰੱਸਟੀਆਂ ਨੂੰ ਜੱਜ ਬਣਾਇਆ ਗਿਆ। ਪੰਜ ਲੱਖ ਦਸ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਉਨਾਂ ਕੋਲ ਜਮਾਂ ਕਰਵਾਈ ਗਈ। ਦੋ ਸੀਲਬੰਦ ਲਿਫਾਫਿਆਂ ਵਿੱਚ ਪੜੀ ਜਾਣ ਵਾਲੀ ਸਮੱਗਰੀ ਰੱਖੀ ਗਈ। ਟਾਲ-ਮਟੋਲ ਕਰਦੇ ਬਰੇਨ ਪੀਡੀਆ ਵਾਲੇ ਆਪਣੇ ਟਰੇਂਡ ਕੀਤੇ ਹੋਏ ਚਾਰ ਵਿਦਿਆਰਥੀਆਂ ਨੂੰ ਸਟੇਜ 'ਤੇ ਲੈ ਆਏ। ਇੱਕ ਵਿਦਿਆਰਥੀ ਦੀਆਂ ਅੱਖਾਂ 'ਤੇ ਕਾਲੀ ਪੱਟੀ ਬੰਨੀ ਗਈ। ਇਸ ਦੇ ਨਾਲ ਹੀ ਸਟੇਜ ਸਕੱਤਰ ਨੇ ਪੱਟੀ ਦੇ ਉੱਪਰ ਦੀ ਤੈਰਨ ਸਮੇਂ ਲਗਾਉਣ ਵਾਲੀਆਂ ਐਨਕਾਂ ਲਗਾ ਦਿੱਤੀਆਂ। ਵਿਦਿਆਰਥੀ ਨੂੰ ਪੁੱਛਿਆ ਕਿ ਉਸ ਨੂੰ ਕੋਈ ਤਕਲੀਫ਼ ਤਾਂ ਨਹੀਂ। ਵਿਦਿਆਰਥੀ ਨੇ ਕਿਹਾ, "ਮੈਂ ਠੀਕ ਹਾਂ।" ਇਸ ਤੋਂ ਬਾਅਦ ਇੱਕ ਲਿਫਾਫਾ ਖੋਲ ਕੇ ਸਮੱਗਰੀ ਉਸ ਨੂੰ ਪੜਨ ਲਈ ਦੇ ਦਿੱਤੀ ਗਈ ਅਤੇ ਨਾਲ ਹੀ ਇਸ ਸਮੱਗਰੀ ਦੀ ਇੱਕ ਫੋਟੋ ਕਾਪੀ ਜੱਜਾਂ ਦੇ ਹਵਾਲੇ ਕਰ ਦਿੱਤੀ, ਤਾਂ ਜੋ ਉਹ ਵਿਦਿਆਰਥੀ ਵੱਲੋਂ ਪੜੇ ਗਏ ਸ਼ਬਦ ਫੋਟੋ ਕਾਪੀ ਨਾਲ ਮਿਲਾ ਸਕਣ। ਪਹਿਲਾ ਵਿਦਿਆਰਥੀ ਕਹਿਣ ਲੱਗਿਆ ਕਿ ਉਹ ਪੰਜਾਬੀ ਨਹੀਂ ਪੜ ਸਕਦਾ, ਪਰ ਪੜਨ ਵਾਲੀ ਲਿਖਤ ਤਾਂ ਪਹਿਲਾਂ ਹੀ ਅੰਗਰੇਜ਼ੀ ਵਿੱਚ ਸੀ। ਇਹ ਵਿਦਿਆਰਥੀ ਅਸਫਲ ਹੋ ਗਿਆ।

ਦੂਸਰੀ ਵਿਦਿਆਰਥਣ 'ਤੇ ਵੀ ਇਹ ਪਰਕਿਰਿਆ ਦੁਹਰਾਈ ਗਈ। ਉਹ ਵੀ ਅਸਫਲ ਹੋ ਗਈ। ਇਸ ਤਰਾਂ ਬਰੇਨ ਪੀਡੀਆ ਵਾਲਿਆਂ ਨੇ ਮੰਨਿਆਂ, "ਸਾਡੇ ਬੱਚੇ ਇਹ ਲਿਖਤ ਅੱਜ ਨਹੀਂ ਪੜ ਸਕੇ, ਪਰ ਅਸੀਂ ਇਨਾਂ ਨੂੰ ਭਵਿੱਖ ਵਿੱਚ ਹੋਰ ਟਰੇਂਡ ਕਰਾਂਗੇ ਤਾਂ ਜੋ ਇਹ ਪੜ ਸਕਣ।" ਬਰੇਨ ਪੀਡੀਆ ਦਾ ਦਾਅਵਾ ਅਸਫਲ ਹੋ ਗਿਆ ਸੀ।

**ਧੰਦਾ ਕਿਵੇਂ ਕੀਤਾ ਜਾਂਦਾ ਸੀ ? :** ਟੈਲੀਵਿਜ਼ਨ ਚੈਨਲਾਂ 'ਤੇ ਅਜਿਹੇ ਵਿਦਿਆਰਥੀਆਂ ਤੋਂ ਅੱਖਾਂ 'ਤੇ ਪੱਟੀ ਬੰਨ ਕੇ ਪੜਾਇਆ ਜਾਂਦਾ ਮੈਂ ਕਈ ਵਾਰ ਆਪਣੇ ਅੱਖੀਂ ਵੇਖਿਆ ਸੀ ਅਤੇ ਮੈਂ ਟੈਲੀਫੋਨ 'ਤੇ ਉਨਾਂ ਨੂੰ ਇਸ ਟਰਿੱਕ ਬਾਰੇ ਸੂਚਿਤ ਕਰਨਾ ਵੀ ਚਾਹੁੰਦਾ ਸਾਂ, ਪਰ ਫੋਨ ਨਾ ਮਿਲਣ ਕਰਕੇ ਅਜਿਹਾ ਕੁੱਝ ਨਾ ਕਰ ਸਕਿਆ। ਬਰੇਨ ਪੀਡੀਆ ਦੀ ਚਲਾਕੀ ਦਾ ਇਹ ਧੰਦਾ ਇਕੱਲੇ ਪੰਜਾਬ ਵਿੱਚ ਹੀ ਨਹੀਂ, ਸਗੋਂ ਭਾਰਤ ਦੇ ਹੋਰ ਸੂਬਿਆਂ ਵਿੱਚ ਵੀ ਇਸ ਦੀਆਂ ਬਰਾਂਚਾਂ ਹਨ। ਭਾਰਤ ਤੋਂ ਬਾਹਰ 'ਗੂਗਲ ਗਰਲ' ਅਤੇ 'ਜੀਨੀਅਸ' 'ਬਰੇਨ ਮਾਸਟਰ' 'ਬਰੇਨ ਐਕਟੀਵੇਸ਼ਨ' ਆਦਿ ਦੇ ਅਲੱਗ-ਅਲੱਗ ਨਾਵਾਂ ਥੱਲੇ ਅਜਿਹੀਆਂ ਸੰਸਥਾਵਾਂ ਲੋਕਾਂ ਦੀ ਲੁੱਟ ਕਰ ਰਹੀਆਂ ਹਨ। ਬੱਚਿਆਂ ਨੂੰ ਮਾਹਿਰ ਬਣਾਉਣ ਦੀਆਂ ਫੀਸਾਂ ਦੇ ਰੂਪ ਵਿੱਚ ਵੀਹ ਤੋਂ ਚਾਲੀ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਵਸੂਲੇ ਜਾਂਦੇ ਹਨ। ਹਾਲਾਂਕਿ, ਇਹ ਇਕੱਲੀ ਠੱਗੀ ਦਾ ਮਾਮਲਾ ਨਹੀਂ ਹੈ, ਸਗੋਂ ਬੱਚਿਆਂ ਨੂੰ ਝੂਠ ਬੋਲਣਾ ਅਤੇ ਮੱਕਾਰ ਬਣਨਾ ਵੀ ਸਿਖਾਇਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡਾ ਨੱਕ ਸਾਡੇ ਚਿਹਰੇ ਤੋਂ ਇੱਕ ਇੰਚ ਉੱਭਰਵਾਂ ਹੁੰਦਾ ਹੈ। ਪੱਟੀ ਬੰਨਣ ਸਮੇਂ ਲਗਭਗ ਇੰਚ ਦੇ ਚੌਥੇ ਹਿੱਸੇ ਦੀ ਵਿਰਲ ਇਸ ਵਿੱਚ ਰਹਿ ਜਾਂਦੀ ਹੈ, ਜਿਸ ਰਾਹੀਂ ਇਹ ਵਿਦਿਆਰਥੀ ਪੜ ਸਕਦੇ ਹਨ। ਚਾਲਾਕ ਬੰਦੇ ਕੁੱਝ ਭੋਲੇ-ਭਾਲੇ ਵਿਅਕਤੀਆਂ ਨੂੰ ਅੱਡ-ਅੱਡ ਸ਼ਹਿਰਾਂ ਵਿੱਚ ਇਸ ਚਲਾਕੀ ਦੇ ਧੰਦੇ ਦੇ ਹਿੱਸੇਦਾਰ ਬਣਾ ਲੈਂਦੇ ਹਨ। ਛੁੱਟੀਆਂ ਵਿੱਚ ਸਕੂਲ ਦੇ ਵਿਦਿਆਰਥੀ ਅਤੇ ਇਮਾਰਤਾਂ ਵਿਹਲੀਆਂ ਹੁੰਦੀਆਂ ਹਨ। ਇਸ ਲਈ ਸਮਰ ਕੈਂਪਾਂ ਲਈ ਇਹ ਸਮਾਂ ਅਤੇ ਥਾਵਾਂ ਢੁੱਕਵੇਂ ਹੁੰਦੇ ਹਨ। ਕੈਂਪਾਂ ਅਤੇ ਅੱਖਾਂ 'ਤੇ ਪੱਟੀ ਬੰਨਣ ਵਾਲੇ ਟਰਿੱਕ ਦੀ ਵਰਤੋਂ ਨਾਲ ਪੜਨ ਦੇ ਦਾਅਵੇ ਰਾਹੀਂ ਲੋਕ ਇਨਾਂ ਦੇ ਝਾਂਸਿਆਂ ਵਿੱਚ ਫਸ ਜਾਂਦੇ ਹਨ। 16 ਜੂਨ ਦੀ ਰਾਤ ਨੂੰ ਹੀ ਡੱਬਵਾਲੀ ਵਿਖੇ ਤਰਕਸ਼ੀਲਾਂ ਨੇ ਇਸ ਟਰਿੱਕ ਦਾ ਪਰਦਾ ਫਾਸ਼ ਹੀ ਨਹੀਂ ਕੀਤਾ, ਸਗੋਂ ਵਸੂਲ ਕੀਤੀ ਰਕਮ ਦੇ ਇੱਕ ਲੱਖ ਅੱਸੀ ਹਜ਼ਾਰ ਰੁਪਏ ਪੁਲਿਸ ਦੀ ਮੱਦਦ ਨਾਲ ਥਾਣੇ ਵਿੱਚ ਵਾਪਸ ਵੀ ਕਰਵਾਏ। ਇਸੇ ਤਰਾਂ ਹੀ ਹਰਿਆਣੇ ਵਿੱਚ ਤਰਕਸ਼ੀਲ ਸੁਸਾਇਟੀ ਦੇ ਉੱਘੇ ਆਗੂ ਫਰਿਆਦ ਸੁਨਿਆਣੇ ਨੇ ਵੀ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਬਰੇਨ ਪੀਡੀਆ ਵਾਲਿਆਂ ਦੇ ਪਰਦੇ ਫਾਸ਼ ਕਰਦੇ ਹੋਏ ਜਿੱਤੀ। ਆਪਣੇ ਧੰਦੇ ਨੂੰ ਵਧਾਉਣ ਲਈ ਕਈ ਵੱਡੇ ਅਫ਼ਸਰ ਵੀ ਅਜਿਹੇ ਠੱਗੀ ਵਾਲੇ ਸੈਮੀਨਾਰਾਂ ਦਾ ਉਦਘਾਟਨ ਕਰਦੇ ਆਮ ਵੇਖੇ ਜਾਂਦੇ ਹਨ। ਅਜਿਹੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਵੀ ਬਣਦੀਆਂ ਰਹਿੰਦੀਆਂ ਹਨ। ਸਾਡੇ ਦੇਸ਼ ਦਾ ਤਾਣਾ-ਬਾਣਾ ਹੀ ਅਜਿਹਾ ਹੈ ਕਿ ਕਿਸੇ ਗਰੀਬ ਆਦਮੀ ਨੂੰ ਤਾਂ 100-200 ਰੁਪਏ ਦੀ ਚੋਰੀ ਜਾਂ ਠੱਗੀ ਵਾਸਤੇ ਸਾਲਾਂਬੱਧੀ ਜ਼ੇਲਾਂ ਵਿੱਚ ਸੁੱਟ ਦਿੰਦੇ ਹਨ ਪਰ ਵੱਡੀਆਂ ਠੱਗੀਆਂ ਮਾਰਨ ਵਾਲੇ ਪੈਸੇ ਦੇ ਜ਼ੋਰ 'ਤੇ ਅਦਾਲਤਾਂ ਵਿੱਚੋਂ ਬਰੀ ਹੋ ਜਾਂਦੇ ਹਨ।

**ਕੁੱਝ ਸਵਾਲ** : ਬਰੇਨ ਪੀਡੀਆ ਨੇ ਆਮ ਵਿਅਕਤੀਆਂ ਦੇ ਮਨਾਂ ਵਿੱਚ ਕੁੱਝ ਸਵਾਲ ਵੀ ਖੜੇ ਕੀਤੇ ਹਨ। ਮਹਾਂਭਾਰਤ ਦੀ ਕਥਾ ਵਿੱਚ ਕੌਰਵਾਂ ਦਾ ਪਿਤਾ ਧ੍ਰਿਤਰਾਸ਼ਟਰ ਅੰਨਾਂ ਦਰਸਾਇਆ ਗਿਆ ਹੈ। ਉਸ ਦੀ ਧਰਮ ਪਤਨੀ ਅੱਖਾਂ 'ਤੇ ਪੱਟੀ ਬੰਨ ਕੇ ਵੀ ਸਭ ਕੁੱਝ ਉਸ ਨੂੰ ਦੱਸਦੀ ਰਹਿੰਦੀ ਹੈ। ਇਸ ਲਈ ਅੱਜ ਦੇ ਯੁੱਗ ਵਿੱਚ ਕੀ ਇਹ ਸੰਭਵ ਨਹੀਂ ਹੋ ਸਕਦਾ? ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਬਿੱਲੀ ਹਨੇਰੇ ਵਿੱਚ ਵੀ ਦੇਖ ਸਕਦੀ ਹੈ ਅਤੇ ਭੂਚਾਲਾਂ ਦਾ ਕੁੱਤਿਆਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ। ਹਾਥੀ ਕਈ ਮੀਲ ਦੂਰੋਂ ਹੀ ਦੂਸਰੇ ਹਾਥੀਆਂ ਦੀ ਅਵਾਜ਼ ਸੁਣ ਕੇ ਦਹਾੜਨਾਂ ਸ਼ੁਰੂ ਕਰ ਦਿੰਦੇ ਹਨ। ਅਜਿਹਾ ਕਿਉਂ ਹੁੰਦਾ ਹੈ? ਕਿਉਂਕਿ ਪਸ਼ੂਆਂ ਵਿੱਚ ਸੁਣਨ, ਵੇਖਣ ਅਤੇ ਸੁੰਘਣ ਦੀਆਂ ਸਮੱਰਥਾਵਾਂ ਮਨੁੱਖ ਨਾਲੋਂ ਵੱਧ ਜਾਂ ਘੱਟ ਹੁੰਦੀਆਂ ਹਨ। ਅੱਖਾਂ ਬੰਦ ਕਰਨ ਤੋਂ ਬਾਅਦ ਜੇ ਤੁਹਾਡੇ ਖੱਬੇ ਹੱਥ ਵਿੱਚ ਕੇਲਾ ਅਤੇ ਸੱਜੇ ਹੱਥ ਵਿੱਚ ਸੇਬ ਫੜਾਇਆ ਜਾਂਦਾ ਹੈ ਤਾਂ ਤੁਸੀਂ ਬਗੈਰ ਦੇਖੇ ਹੀ ਦੱਸ ਸਕਦੇ ਹੋ ਕਿ ਕਿਹੜੇ ਹੱਥ ਵਿੱਚ ਕੇਲਾ ਹੈ ਅਤੇ ਕਿਹੜੇ ਵਿੱਚ ਸੇਬ। ਅੰਨੇ ਵਿਅਕਤੀ ਨਾ ਦੇਖਦੇ ਹੋਏ ਵੀ ਬਰੇਲ ਲਿੱਪੀ ਵਿੱਚ ਅੱਖਰਾਂ ਨੂੰ ਛੂਹ ਕੇ ਪੜ ਸਕਦੇ ਹਨ। ਅਸਲ ਵਿੱਚ ਮਨੁੱਖ ਕੋਲ ਸੁੰਘਣ, ਸੁਣਨ, ਵੇਖਣ, ਸੁਆਦ ਅਤੇ ਸਪੱਰਸ਼ (ਛੂਹਣ) ਦੀਆਂ ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ। ਹਰੇਕ ਦਾ ਕੰਮ ਅਲੱਗ-ਅਲੱਗ ਹੁੰਦਾ ਹੈ। ਅੱਖਾਂ ਵੇਖਣ ਦਾ, ਕੰਨ ਸੁਣਨ ਦਾ, ਨੱਕ ਸੁੰਘਣ ਦਾ, ਜੀਭ ਸੁਆਦ ਦਾ ਅਤੇ ਚਮੜੀ ਸਪੱਰਸ਼ ਕਰਨ ਦਾ ਕੰਮ ਕਰਦੀਆਂ ਹਨ। ਭਾਵੇਂ ਹਰੇਕ ਮਨੁੱਖ ਵਿੱਚ ਇਨਾਂ ਗਿਆਨ ਇੰਦਰੀਆਂ ਨੂੰ ਮਹਿਸੂਸ ਕਰਨ ਦੀ ਸਮਰੱਥਾ ਘੱਟ ਜਾਂ ਵੱਧ ਹੁੰਦੀ ਹੈ ਪਰ ਨੱਕ ਰਾਹੀਂ ਸੁੰਘ ਕੇ ਪੜਨ ਵਾਲੀ ਗੱਲ ਅਸੰਭਵ ਹੈ। ਭਾਵੇਂ ਗੇਂਦਾਂ 'ਤੇ ਪਾਈ ਹੋਈ ਸੁਗੰਧ ਰਾਹੀਂ ਰੰਗ ਆਦਿ ਦੱਸਣ ਦੀਆਂ ਮੁਹਾਰਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਪਰ ਇੱਕ-ਦੋ ਸਫ਼ੇ ਵੇਖਣ ਤੋਂ ਬਗੈਰ ਪੜਨਾ ਅਸੰਭਵ ਹੈ। ਕਈ ਵਿਅਕਤੀ ਕਹਿ ਦਿੰਦੇ ਹਨ ਕਿ ਕਿਸੇ ਵਿਅਕਤੀ ਦੀ ਇੱਕ ਗਿਆਨ ਇੰਦਰੀ ਘੱਟ ਹੋਣ ਕਾਰਨ ਉਸ ਦੀਆਂ ਦੂਸਰੀਆਂ ਗਿਆਨ ਇੰਦਰੀਆਂ ਵੱਧ ਕਾਰਜਸ਼ੀਲ ਹੋ ਜਾਂਦੀਆਂ ਹਨ। ਇਹ ਸਭ ਮੁਹਾਰਤ ਕਰਕੇ ਹੁੰਦਾ ਹੈ, ਕਿਉਂਕਿ ਇੱਕ ਗਿਆਨ ਇੰਦਰੀ ਦੀ ਗੈਰ ਹਾਜ਼ਰੀ ਕਾਰਨ ਉਹ ਵਿਅਕਤੀ ਦੂਸਰੀਆਂ ਗਿਆਨ ਇੰਦਰੀਆਂ 'ਤੇ ਆਪਣੇ ਆਪ ਨੂੰ ਵੱਧ ਕੇਂਦਰਿਤ ਕਰ ਦਿੰਦਾ ਹੈ। ਮੈਂ ਅਜਿਹੀਆਂ ਸੁਰੰਗਾਂ ਵਿੱਚੋਂ ਘਿਸੜ ਕੇ ਲੰਘਿਆਂ ਹਾਂ, ਜਿੰਨਾਂ ਵਿੱਚ ਘੁੱਪ ਹਨੇਰਾ ਸੀ। ਮੇਰੀਆਂ ਸਪੱਰਸ਼ ਇੰਦਰੀਆਂ ਉਸ ਸਮੇਂ ਵੱਧ ਕਾਰਜਸ਼ੀਲ ਸਨ। ਉਂਗਲੀਆਂ ਦੇ ਨਿਸ਼ਾਨਾਂ ਨੂੰ ਵੇਖ ਕੇ ਕਿਸੇ ਬੱਚੇ ਦਾ ਭਵਿੱਖ ਪਤਾ ਲਾਉਣਾ ਅਸੰਭਵ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਹਿਰ ਅਧਿਆਪਕ ਵਧੀਆ ਸਾਧਨਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੀ ਵੱਖ-ਵੱਖ ਵਿਸ਼ਿਆਂ ਵਿੱਚ ਦਿਲਚਸਪੀ ਪੈਦਾ ਕਰ ਸਕਦੇ ਹਨ। ਪਰ ਗਰਭ ਵਿਚਲੇ ਬੱਚੇ ਨੂੰ ਗਰਭ ਵਿੱਚ ਹੀ ਮਾਹਿਰ ਬਣਾ ਦੇਣ ਦਾ ਦਾਅਵਾ ਕਰਨਾ ਨਿਰਾ ਧੋਖਾ ਹੈ। ਇਹ ਠੀਕ ਹੈ ਕਿ ਮਾਪਿਆਂ ਦੇ ਗੁਣ ਡੀ.ਐਨ.ਏ. ਰਾਹੀਂ ਬੱਚਿਆਂ ਵਿੱਚ ਪਰਵੇਸ਼ ਕਰਦੇ ਹਨ ਪਰ ਬੱਚੇ ਦਾ ਦਿਮਾਗ ਤਾਂ ਜਨਮ ਦੇ ਪਹਿਲੇ ਦਿਨ ਤੋਂ ਲੈ ਕੇ ਤੀਜੇ ਸਾਲ ਤੱਕ ਗਿਆਨ ਨੂੰ ਗਰਿਹਣ ਕਰਨ ਦੇ ਕਾਬਲ ਹੁੰਦਾ ਜਾਂਦਾ ਹੈ। ਤੁਸੀਂ ਕਿਸੇ ਵੀ ਬੱਚੇ ਨੂੰ ਜਨਮ ਤੋਂ ਤੁਰੰਤ ਬਾਅਦ ਲਿਖਣ ਜਾਂ ਪੜਨ ਨਹੀਂ ਲਾ ਸਕਦੇ। ਮੈਨੂੰ ਉਮੀਦ ਹੈ ਕਿ ਪੰਜਾਬ ਅਤੇ ਹਰਿਆਣਾ ਦੇ ਤਰਕਸ਼ੀਲ ਬਰੇਨ ਪੀਡੀਆ ਅਤੇ ਅਜਿਹੀਆਂ ਹੋਰ ਸੰਸਥਾਵਾਂ ਦੇ ਸੁੰਘ ਕੇ ਪੜਨ ਵਾਲੇ ਇਸ ਚਲਾਕੀ ਵਾਲੇ ਧੰਦੇ ਦਾ ਸਦਾ ਲਈ ਖਾਤਮਾ ਕਰ ਦੇਣਗੇ।

**ਸੰਸਥਾਪਕ ਤਰਕਸ਼ੀਲ ਸੁਸਾਇਟੀ**
**ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ**
**ਮੋਬਾਈਲ ਨੰ. 98887874400**

# ਤੇਰੀ ਯਾਦ ਦਿਲਾਂ 'ਚ ਧੜਕਦੀ ਰਹੇਗੀ



ਜਵਾਨੀ ਪਹਿਰੇ ਤੋਂ ਸਾਥੀ ਸ਼ਿੰਦਰ ਨੱਥੂਵਾਲਾ ਦਾ ਇਨਕਲਾਬੀ ਜਮਹੂਰੀ ਲਹਿਰ ਲਈ ਚੁੱਕਿਆ ਕਦਮ ਆਖਰੀ ਸਾਹ ਤੱਕ ਵਫਾ ਪਾਲਦਾ ਹੋਇਆ ਨਵੇਂ ਲੋਕ ਪੱਖੀ ਜਮਹੂਰੀ ਨਿਜ਼ਾਮ ਦੀ ਸਿਰਜਣਾ ਦਾ ਸੁਨੇਹਾ ਦੇਣ ਦੀ ਪਿਰਤ ਪਾ ਕੇ ਇਨਕਲਾਬੀ ਕਾਫਲੇ ਨੂੰ ਅਲਵਿਦਾ ਆਖ ਗਿਆ। ਸਾਥੀ ਸ਼ਿੰਦਰ ਨੱਥੂਵਾਲ ਦੇ ਬੇਵਕਤੀ ਚਲੇ ਜਾਣ ਨਾਲ ਪ੍ਰੀਵਾਰ ਸਮੇਤ ਇਨਕਲਾਬੀ ਜਮਹੂਰੀ ਲਹਿਰ ਦੇ ਵੱਡੇ ਪ੍ਰੀਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਆਖਰੀ ਸਮੇਂ ਸਾਥੀ ਸ਼ਿੰਦਰ ਨੱਥੂਵਾਲਾ ਪੰਜਾਬ ਦੀਆਂ ਸੰਘ੍ਰਸ਼ਸ਼ੀਲ ਕਿਸਾਨ ਜਥੈਬੰਦੀਆਂ ਦਾ ਅਹਿਮ ਅੰਗ ਕ੍ਰਾਂਤਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਪ੍ਰਧਾਨਗੀ ਦੀ ਵਡੇਰੀ ਜ਼ਿੰਮੇਵਾਰੀ ਨਿਭਾ ਰਿਹਾ ਸੀ। ਪਹਿਲਾਂ ਉਹ ਇਨਕਲਾਬੀ ਕੇਂਦਰ,ਪੰਜਾਬ ਦਾ ਲੰਬਾ ਸਮਾਂ ਸੂਬਾ ਕਮੇਟੀ ਮੈਂਬਰ ਵਜੋਂ ਵੀ ਅਹਿਮ ਜ਼ਿੰਮੇਵਾਰੀ ਨਿਭਾਉਂਦਾ ਰਿਹਾ ਹੈ। ਸਾਥੀ ਸ਼ਿੰਦਰ ਨੱਥੂਵਾਲਾ ਦੀ ਜ਼ਿੰਦਗੀ ਵਿੱਚ ਅਨੇਕਾਂ ਉਤਰਾਅ ਚੜਾਅ ਆਏ,ਆਰਥਿਕ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਨਾ ਪਿਆ,ਪਰ ਕੋਈ ਵੀ ਮੁਸ਼ਕਲ ਸਾਥੀ ਸ਼ਿੰਦਰ ਨੱਥੂਵਾਲਾ ਦੇ ਇਨਕਲਾਬੀ ਰਾਹ'ਚ ਰੋੜਾ ਨਾਂ ਬਣ ਸਕੀ। ਸਗੋਂ ਸਾਥੀ ਸ਼ਿੰਦਰ ਨੱਥੂਵਾਲਾ ਨੇ ਤਾਂ ਪ੍ਰੀਵਾਰ ਸਮੇਤ ਇਨਕਲਾਬੀ ਲਹਿਰ ਵਿੱਚ ਕੰਮ ਕਰਕੇ ਨਿਵੇਕਲੀ ਮਿਸਾਲ ਕਾਇਮ ਕੀਤੀ। ਅਜਿਹਾ ਕੁੱਝ ਸਾਥੀ ਸ਼ਿੰਦਰ ਨੱਥੂਵਾਲਾ ਆਪਣੇ ਲੋਕ ਪੱਖੀ ਇਨਕਲਾਬੀ ਵਿਗਿਆਨਕ ਵਿਚਾਰਾਂ ਦੀ ਪ੍ਰਪੱਕਤਾ,ਦ੍ਰਿੜ ਵਿਸ਼ਵਾਸ਼,ਫੌਲਾਦੀ ਇਰਾਦੇ ਕਰਕੇ ਹੀ ਕਰ ਸਕਿਆ। ਸਾਥੀ ਸ਼ਿੰਦਰ ਦੇ ਲੋਕ ਪੱਖੀ ਪੰਧ ਵਿੱਚ ਸਰੀਰਕ ਬਿਮਾਰੀ ਅਤੇ ਹਕੂਮਤੀ ਹੱਲੇ ਵੀ ਰੋੜਾ ਨਾ ਬਣ ਸਕੇ। ਜਦ ਪਿਛਲੇ ਸਾਲ ਪੰਜਾਬ ਦੀਆਂ ਸੱਤ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੇ ਅਗਸਤ ਮਹੀਨੇ ਬਰਨਾਲਾ ਮਹਾਂਰੈਲੀ ਕਰਕੇ ਸਤੰਬਰ ਮਹੀਨੇ ਰਾਜੇ ਦੇ ਮਹਿਲਾਂ ਵੱਲ ਚਾਲੇ ਪਾਉਣ ਦਾ ਫੈਸਲਾ ਕੀਤਾ ਤਾਂ ਹਰਲ ਹਰਲ ਕਰਦੀ ਹਕੂਮਤੀ ਧਾੜ(ਪੁਲਿਸ) ਨੇ ਬਿਮਾਰ ਹੋਣ ਦੇ ਬਾਵਜੂਦ ਵੀ ਚੁੱਕ ਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰ ਦਿੱਤਾ। ਹਕੂਮਤੀ ਹੱਲਾ ਵੀ ਸਾਥੀ ਸ਼ਿੰਦਰ ਦੇ ਹੌਂਸਲੇ ਅੱਗੇ ਹੀਣਾ ਪੈ ਗਿਆ ਜਦ ਜੇਲ੍ਹ 'ਚੋਂ ਬਾਹਰ ਆਉਂਦਿਆਂ ਹੀ ਘਰ ਦੀ ਥਾਂ ਸੰਘ੍ਰਸ਼ਸ਼ੀਲ ਪਿੜ ਮਹਿਮਦਪੁਰ ਦੀ ਦਾਣਾ ਮੰਡੀ'ਚ ਜਾ ਗਰਜਿਆ। ਸਟੇਜ ਉੱਪਰ ਹੀ ਬੋਲਦੇ ਸਮੇਂ ਘਬਰਾਹਟ ਹੋਣ ਤੋਂ ਬਾਅਦ ਪਟਿਆਲਾ ਹਸਪਤਾਲ ਇਲਾਜ ਕਰਵਾਕੇ ਕੁੱਝ ਠੀਕ ਹੋਣ ਤੋਂ ਬਾਅਦ ਫਿਰ ਸੰਘ੍ਰਸ਼ਸ਼ੀਲ ਕਿਸਾਨ ਕਾਫਲਿਆਂ ਦਾ ਹਿੱਸਾ ਬਣ ਰਣ ਤੱਤੇ 'ਚ ਜੂਝਦਾ ਹੋਇਆ ਹਾਕਮਾਂ ਦੇ ਢਿੱਡੀਂ ਹੌਲ਼ ਪਾ ?ਂਦਾ ਰਿਹਾ। ਅੱਜ ਇਨਕਲਾਬੀ ਲਹਿਰ ਦੇ ਸੰਗੀ ਸਾਥੀ ਉਸ ਨੂੰ ਸੰਗਰਾਮੀ ਸ਼ਰਧਾਂਜਲੀਆਂ ਭੇਂਟ ਕਰਕੇ ਉਸ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਜ਼ੋਰਦਾਰ ਅਹਿਦ ਕਰਨਗੇ।

## ਬਰਗਾੜੀ ਦੀਆਂ ਘਟਨਾਵਾਂ ਬਾਰੇ ਉਸ ਸਮੇਂ

# ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਪੜਤਾਲੀਆ ਰਿਪੋਰਟ

ਮਾਨਸਾ (29 ਦਸੰਬਰ 2015): 'ਬੇਅਦਬੀ ਨਾਲ ਜੁੜੇ ਘਟਨਾਕਰਮ ਰਾਹੀਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਪੰਜਾਬ ਦੀ ਫ਼ਿਜ਼ਾ ਨੂੰ ਫ਼ਿਰਕੂ ਰੰਗਤ ਦੇਣ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਨ ਲਈ ਮੁਖ ਦੋਸ਼ੀ ਹੈ' ਇਹ ਬਿਆਨ ਬਰਗਾੜੀ ਕਾਂਡ ਨਾਲ ਜੁੜੇ ਘਟਨਾ ਕਰਮ ਸਬੰਧੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਰਿਪੋਰਟ ਜਾਰੀ ਕਰਦਿਆਂ ਸਭਾ ਦੇ ਸਰਪ੍ਰਸਤ ਪ੍ਰੋ. ਅਜਮੇਰ ਔਲਖ ਅਤੇ ਸੂਬਾ ਜਥੇਬੰਦਕ ਸਕੱਤਰ ਨਰਭਿੰਦਰ ਨੇ ਦਿੱਤਾ। ਸਭਾ ਘਟਨਾ ਦੀ ਜਾਂਚ ਤੋਂ ਇਸ ਨਤੀਜੇ ਤੇ ਪਹੁੰਚੀ ਕਿ ਇਹ ਘਟਨਾਵਾਂ ਲੋਕਾਂ ਦੀ ਜਥੇਬੰਦ ਹੋਣ ਦੀ ਚੇਤਨਤਾ ਅਤੇ ਤਾਕਤ ਨੂੰ ਧਾਰਮਿਕ ਭਾਵਨਾਵਾਂ 'ਚ ਗੁੰਮਰਾਹ ਕਰਨ ਅਤੇ ਭੜਕਾਉਣ ਦੀ ਇੱਕ ਸੋਚੀ ਸਮਝੀ ਚਾਲ ਹੈ। ਪੁਲਸ ਵੱਲੋਂ ਸਿੱਖ ਧਾਰਮਕ ਗ੍ਰੰਥ ਦੀ ਚੋਰੀ, ਇਸ ਮੌਕੇ ਲਾਏ ਗਏ ਭੜਕਾਊ ਪੋਸਟਰਾਂ ਅਤੇ ਪਾੜ ਕੇ ਸੁੱਟੇ ਪੰਨਿਆਂ ਤੋਂ ਉਂਗਲਾਂ ਦੇ ਨਿਸ਼ਾਨ ਨਾ ਲੈਣਾ; ਪੋਸਟਰਾਂ ਦੀ ਜਾਂਚ ਵਿਗਿਆਨਕ ਢੰਗ ਨਾਲ ਨਾ ਕਰਨਾ ਅਤੇ ਮੋਬਾਈਲ ਟਾਵਰਾਂ ਰਾਹੀ ਦੋਸ਼ੀਆਂ ਦੀ ਗਤੀ ਵਿਧੀਆਂ ਦੀ ਪੈੜ ਨੱਪਣ ਦੀ ਬਜਾਏ ਛੱਪੜ ਖਾਲੀ ਕਰਵਾਉਣ ਦੀ ਕਾਰਵਾਈ ਪੁਲਸ ਦੇ ਰੋਲ ਨੂੰ ਸ਼ੱਕੀ ਬਣਾਉਂਦਾ ਹੈ। ਪੋਸਟਰ ਦੀ ਭਾਸ਼ਾ ਕਿਸੇ ਡੇਰਾ ਪ੍ਰੇਮੀ ਦੀ ਭਾਸ਼ਾ ਨਹੀਂ ਜਾਪਦੀ। ਕੋਟਕਪੂਰਾ ਅਤੇ ਬਹਿਬਲ ਕਲਾਂ 'ਚ ਰੋਸ ਪ੍ਰਗਟ ਕਰ ਰਹੇ ਲੋਕਾਂ ਦੀਆਂ ਭਾਵਨਾਵਾਂ ਨੂੰ ਨਜਰ ਅੰਦਾਜ਼ ਕਰ ਕੇ, ਨਿਯਮਾਂ ਅਤੇ ਕਾਨੂੰਨ ਦੀਆਂ ਧੱਜੀਆਂ ਉੜਾ ਕੇ, ਬਿਨਾ ਕਿਸੇ ਭੜਕਾਹਟ ਅਤੇ ਚਿਤਾਵਨੀ ਤੋਂ ਲਾਠੀ ਚਾਰਜ ਅਤੇ ਫਾਇਰਿੰਗ ਕਰ ਕੇ ਦੋ ਨੌਜਵਾਨਾਂ ਦੀ ਜਾਨ ਲੈਣਾ ਅਤੇ ਕਈਆਂ ਨੂੰ ਜਖ਼ਮੀ ਕਰਨਾਂ ਸਪਸ਼ਟ ਰੂਪ ਚ ਮੁਜਰਮਾਨਾ ਕਾਰਵਾਈ ਨੇ ਮਾਹੌਲ ਨੂੰ ਹੋਰ ਵਿਗਾੜਨ 'ਚ ਵੱਡਾ ਰੋਲ ਅਦਾ ਕੀਤਾ। ਪੁਲਸ ਨੇ ਬੀੜ ਚੋਰੀ ਹੋਣ ਅਤੇ ਪੱਤਰੇ ਪਾੜੇ ਜਾਣ ਦੀਆਂ ਘਟਨਾਵਾਂ ਦੇ ਦੋਸ਼ 'ਚ ਰੁਪਿੰਦਰ ਸਿੰਘ ਪੰਜਗਰਾਈਂ ਅਤੇ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਕੁਝ ਦਿਨ ਬਾਦ ਹੀ ਓਹਨਾਂ ਨੂੰ ਨਿਰਦੋਸ਼ ਕਹਿ ਕੇ ਰਿਹਾ ਕਰਨ ਦਾ ਅਮਲ ਅਸਲ ਦੋਸ਼ੀਆਂ ਤੋਂ ਧਿਆਨ ਲਾਂਭੇ ਕਰਕੇ ਉਹਨਾਂ ਨੂੰ ਬਚਾਉਣ ਦੀ ਕਾਰਵਾਈ ਲਗਦੀ ਹੈ। ਹੋਮ ਮਨਿਸਟਰ ਦੇ ਰੋਲ 'ਤੇ ਉਂਗਲ ਉਠਦੀ ਹੈ। ਗੁਰਵਾਰਿਆਂ ਦੀਆਂ ਗੋਲਕਾਂ ਜਾਂ ਜਮੀਨਾਂ 'ਤੇ ਕਬਜ਼ੇ ਦੇ ਮਾਮਲਿਆਂ 'ਚ ਝੂਠੇ ਪਰਚੇ ਦਰਜ਼ ਕਰਵਾਉਣ ਅਤੇ ਗੋਲੀਆਂ ਵਰਾਹ ਕੇ ਲੋਕਾਂ ਨੂੰ ਕਤਲ ਕਰਨ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਇਹਨਾਂ ਘਟਨਾਵਾਂ ਦੌਰਾਨ ਨਖਿੱਧ ਰਹੀ ਹੈ। ਬਰਗਾੜੀ ਦੀ ਘਟਨਾ ਤੋਂ ਬਾਦ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਲਗਾਤਾਰ ਵਾਪਰੀਆਂ ਘਟਨਾਵਾਂ ਇਸ ਵਰਤਾਰੇ ਨੂੰ ਸ਼ੁਰੂ ਕਰਨ ਵਾਲੀਆਂ ਤਾਕਤਾਂ ਤੋਂ ਧਿਆਨ ਲਾਂਭੇ ਕਰਨ ਦਾ ਯਤਨ ਹੋ ਸਕਦਾ ਹੈ। ਪੁਲਸ ਜਬਰ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਬਜਾਏ ਸਰਕਾਰ ਨੇ ਕੇਵਲ ਪੀੜਿਤ ਪ੍ਰੀਵਾਰਾਂ ਨੂੰ ਮੁਆਵਜ਼ਾ ਦੇਣ ਪ੍ਰਿਤ ਪਾ ਲਈ। ਨਿਆਇਕ ਕਮਿਸ਼ਨ ਦੇ ਘੇਰੇ ਵਿੱਚ ਪੁਲਸ ਜਬਰ ਦੀਆਂ ਕਾਰਵਾਈਆਂ ਹੋਣਾ ਸਪਸ਼ਟ ਨਹੀਂ ਹੈ।

ਡੇਰਾ ਸੱਚਾ ਸੌਦਾ ਦੇ ਮਾਮਲਾ ਅਕਾਲੀ ਦਲ ਬਾਦਲ ਦੀ ਵੋਟ ਸਿਆਸਤ ਦੀਆਂ ਲੋੜਾਂ ਤਹਿਤ ਹੀ ਨਜਿਠਕੇ ਧਰਮ ਦੀ ਸਿਆਸਤ ਲਈ ਦੁਰਵਰਤੋਂ ਕੀਤੀ ਹੈ। ਇਸ ਮਸਲੇ ਨੂੰ ਲੈ ਕੇ ਅਨੇਕਾਂ ਵਾਰ ਪੰਜਾਬ ਦੇ ਸਮਾਜਿਕ ਮਾਹੌਲ ਚ ਤਲਖੀ ਪੈਦਾ ਕੀਤੀ ਜਾਂਦੀ ਰਹੀ ਹੈ।

ਕੱਟੜ ਪੰਥੀਆਂ ਨੇ ਦੋਸ਼ੀਆਂ ਨੂੰ ਲੱਭਣ ਦੀ ਥਾਂ ਧਰਮ ਅਧਾਰਿਤ ਰਾਜ ਸਿਰਜਣ ਦੇ ਸੰਕਲਪ ਨੂੰ ਅੱਗੇ ਵਧਾਉਣ ਅਤੇ ਦਿਵਾਲੀ ਨਾ ਮਨਾਉਣ ਦੇ ਹੁਕਮਾਂ ਰਾਹੀ ਹਿੰਦੂ-ਸਿਖਾਂ 'ਚ ਪਾਟਕ ਪਾਉਣ ਅਤੇ ਪੰਜਾਬ ਨੂੰ ਇੱਕ ਵਾਰ ਫਿਰ ਕਾਲੇ ਦੌਰ ਵਿਚ ਸੁੱਟਣ ਦੇ ਯਤਨ ਕੀਤੇ ਹਨ। ਵਿਰੋਧੀ ਪਾਰਟੀਆਂ ਓਹਨਾਂ ਨੂੰ ਹੱਲਾ ਸ਼ੇਰੀ ਦੇ ਕੇ ਇਤਿਹਾਸ ਮੁੜ ਦੂਹਰਾ ਰਹੀਆਂ ਹਨ। ਘਟਨਾ ਕ੍ਰਮ ਦੌਰਾਨ ਸਾਜਿਸ਼ੀ ਅਤੇ ਭੜਕਾਊ ਮਹੌਲ ਨੂੰ ਨਕਾਰਦਿਆਂ ਪੰਜਾਬ ਦੇ ਲੋਕਾਂ ਵੱਲੋਂ ਆਪਸੀ ਸਾਂਝ ਅਤੇ ਭਾਈਚਾਰਕ ਏਕਤਾ ਬਣਾਈ ਰਖਣ ਦੀ ਤਾਂਘ ਅਤੇ ਕੋਸ਼ਿਸ਼ਾਂ ਇੱਕ ਅਹਿਮ ਹਾਂ-ਪੱਖੀ ਤੱਥ ਹੈ। ਪੰਜਾਬ ਦੀਆਂ ਅਨੇਕਾਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਵੱਡੀ ਪਧਰ 'ਤੇ ਪਿੰਡਾਂ ਅਤੇ ਸ਼ਹਿਰਾਂ 'ਚ ਵਰਤਾਰੇ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੇ ਸ਼ਾਂਤੀ ਅਤੇ ਸਦਭਾਵਨਾ ਮਾਰਚ ਕੀਤੇ ਗਏ।

ਜਮਹੂਰੀ ਅਧਿਕਾਰ ਸਭਾ ਮੰਗ ਕਰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋਣ ਤੋਂ ਲੈ ਕੇ ਸਰਬੱਤ ਖਾਲਸਾ ਹੋਣ ਤੱਕ ਦੇ ਸਾਰੇ ਘਟਨਾ ਕ੍ਰਮ ਦੀ ਜਾਂਚ ਹਾਈ ਕੋਰਟ ਦੇ ਕਿਸੇ ਮਾਨਯੋਗ ਜੱਜ ਤੋਂ ਕਰਵਾਈ ਜਾਵੇ। ਇਸ ਘਟਨਾ ਦੇ ਦੋਸ਼ੀ ਮੰਤਰੀਆਂ, ਸਿਆਸੀ ਆਗੂਆਂ ਅਤੇ ਪੁਲਸ ਅਧਿਕਾਰੀਆਂ ਨੂੰ ਟਿੱਕਿਆਂ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਕਿਸਾਨਾਂ, ਖੇਤ ਮਜਦੂਰਾਂ, ਮੁਲਾਜਮਾਂ, ਬੇਰੁਜ਼ਗਾਰ ਅਤੇ ਗਰੀਬ ਲੋਕਾਂ ਦੇ ਆਪਣੀਆਂ ਮੰਗਾਂ ਮਸਲਿਆਂ ਤੇ ਚੱਲ ਰਹੇ ਤਿਖ਼ੇ ਘੋਲਾਂ ਨੂੰ ਤਾਰਪੀਡੋ ਕਰਨ, ਲੋਕਾਂ ਦਾ ਧਿਆਨ ਭਟਕਾਉ ਅਤੇ ਪਾਟਕਪਾਊ ਮਸਲਿਆਂ ਵੱਲ ਲਿਜਾਣ ਲਈ ਵਾਪਰੀਆਂ ਬੇਅਦਬੀ ਦੀਆਂ ਸਾਜ਼ਸੀ ਘਟਨਾਵਾਂ ਅਤੇ ਇਸ ਤੋਂ ਉਭਰੇ ਰੋਸ ਨਾਲ ਨਜਿਠਣ ਲਈ ਪੁਲਸ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਭਾਜਪਾ ਸਰਕਾਰ ਦੇ ਅਪਣਾਏ ਸ਼ੱਕੀ ਰਵੱਈਏ ਦੀ ਨਿਆਇਕ ਪੜਤਾਲ ਹੋਣੀ ਚਾਹੀਦੀ ਹੈ। ਘਟਨਾ ਦੀ ਆੜ ਵਿੱਚ ਪਾਸ ਕੀਤੇ ਸਰਕਾਰੀ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿਲ ਅਤੇ ਆਈਪੀਸੀ ਦੀ ਧਾਰਾ 295ਏ 'ਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ। ਲੋਕਾਂ ਨੂੰ ਕੁੱਟਣ ਅਤੇ ਦਬਾਉਣ ਲਈ ਪੁਲਸ ਨੂੰ ਅੱਤ ਮਾਰੂ ਹਥਿਆਰਾਂ ਅਤੇ ਖ਼ੁਫੀਆਂ ਤੰਤਰ ਨੂੰ ਲੋਕਾਂ ਦੀ ਨਿਜਤਾ ਦੀ ਉਲੰਘਣਾ ਕਰਨ ਦੇ ਅਧਿਕਾਰ ਨਾਲ ਲੈਸ ਕਰਨ ਦਾ ਕਾਰਜ ਬੰਦ ਕੀਤਾ ਜਾਵੇ।

ਇਸ ਮੁੜ ਮੁੜ ਵਾਪਰ ਰਹੇ ਵਰਤਾਰੇ ਨੂੰ ਰੋਕਣ ਲਈ ਧਰਮ ਦਾ ਸਿਆਸਤ ਵਿਚ ਅਤੇ ਸਿਆਸਤ ਦਾ ਧਰਮ ਵਿਚ ਦਖਲ ਮੁਕੰਮਲ ਰੂਪ ਵਿਚ ਬੰਦ ਹੋਣਾ ਚਾਹੀਦਾ ਹੈ। ਲੋਕਾਂ ਦੇ ਕਿਸੇ ਵੀ ਹਿੱਸੇ ਵਲੋਂ ਕਿਸੇ ਹੋਰ ਹਿੱਸੇ ਦਾ ਜਾਤ, ਧਰਮ ਜਾਂ ਅਕੀਦਿਆਂ ਦੇ ਆਧਾਰ 'ਤੇ ਸਮਾਜਿਕ ਬਾਈਕਾਟ ਸਜ਼ਾ ਯੋਗ ਅਪਰਾਧ ਹੋਣਾ ਚਾਹੀਦਾ ਹੈ। ਲੋਕਾਂ ਵਿਚ ਜਾਤਾਂ, ਧਰਮਾਂ ਅਤੇ ਫਿਰਕਿਆਂ ਦੇ ਅਧਾਰ 'ਤੇ ਵੰਡੀਆਂ ਪਾਉਣ; ਧਰਮ ਅਧਾਰਿਤ ਰਾਜ ਕਾਇਮ ਕਰਨ ਅਤੇ ਲੋਕਾਂ ਦੇ ਖਾਣ-ਪੀਣ, ਪਹਿਨਣ, ਸਮਾਜਿਕ ਸਬੰਧ ਬਣਾਉਣ ਆਦਿ 'ਤੇ ਜਾਬਰਾਨਾ ਪਾਬੰਦੀਆਂ ਮੜਨ ਵਾਲੀਆਂ ਗੈਰ ਜਮਹੂਰੀ ਤਾਕਤਾਂ ਤੋਂ ਚੌਕਸੀ ਦੀ ਲੋੜ ਹੈ। ਇਸ ਲਈ ਲੋਕਾਂ ਨੂੰ ਆਵਦਾ ਵਿਚਾਰ ਪ੍ਰਗਟਾਵੇ ਅਤੇ ਬੋਲਣ ਦਾ ਹੱਕ ਬੁਲੰਦ ਕਰਨਾਂ ਚਾਹੀਦਾ ਹੈ। ਮੌਜੂਦਾ ਘਟਨਾ ਕ੍ਰਮ ਲਈ ਜਿੰਮੇਵਾਰ ਸਿਆਸਤਦਾਨ ਜਦੋਂ ਵੀ ਓਹਨਾਂ ਦੇ ਪਿੰਡਾਂ ਜਾਂ ਸ਼ਹਿਰਾਂ 'ਚ ਆਉਂਦੇ ਹਨ ਤਾਂ ਓਹਨਾਂ ਤੋਂ ਇਸ 'ਚ ਰੋਲ ਸਬੰਧੀ ਸਪਸ਼ਟ ਸਵਾਲ ਪੁੱਛੇ ਜਾਣੇ ਚਾਹੀਦੇ ਹਨ। ਟੀਮ ਦੇ ਮੈਂਬਰ ਸੂਬਾ ਮੀਤ ਪ ?ਧਾਨ ਸ੍ਰੀ ਬੱਗਾ ਸਿੰਘ, ਡਾ. ਪਰਮਿਦਰ, ਨਰਭਿੰਦਰ, ਪ੍ਰਿਤਪਾਲ ਸਿੰਘ, ਐਡਵੋਕੇਟ ਰਾਜੀਬ ਲੋਹਟਵੱਧੀ, ਐਡਵੋਕੇਟ ਐਨ ਕੇ ਜੀਤ, ਰੇਸ਼ਮ ਸਿੰਘ ਬਰਗਾੜੀ, ਸਿਵਚਰਨ ਅਰਾਈਆਂ, ਰਾਜਿੰਦਰ ਸਿੰਘ ਅਤੇ ਕਰਮਜੀਤ ਸਨ।

**ਪ੍ਰੋਫੈਸਰ ਅਜਮੇਰ ਐਲਖ (ਸਰਪ੍ਰਸਤ)**
**ਪ੍ਰੋ. ਜਗਮੋਹਨ ਸਿੰਘ**
**(ਸੂਬਾ ਜਨਰਲ ਸਕੱਤਰ)**
**9815575495 9814001836**
**ਜਮਹੂਰੀ ਅਧਿਕਾਰ ਸਭਾ ਪੰਜਾਬ**

# ਪੰਜਾਬੀ ਪੱਤਰਕਾਰੀ ਦਾ ਬਾਲ ਜਰਨੈਲ ਸੀ ਸਰਾਭਾ



ਰਣਦੀਪ ਸੰਗਤਪੁਰਾ
98556-95905
rvs0001@gmail.com



ਭਾਰਤ ਦੇ ਆਜ਼ਾਦੀ ਸੰਗ੍ਰਾਮ ਦੇ ਇਤਿਹਾਸ ਵਿੱਚ 'ਗ਼ਦਰ ਲਹਿਰ' ਸੁਨਹਿਰੀ ਅੱਖਰਾਂ 'ਚ ਲਿਖਿਆ ਹੋਇਆ ਕਾਂਡ ਹੈ। ਗ਼ਦਰੀਆਂ ਦਾ ਸੰਗ੍ਰਾਮ ਸੱਚੇ ਅਰਥਾਂ ਵਿੱਚ ਆਜ਼ਾਦੀ ਲਈ ਪਹਿਲੀ ਜਨਤਕ ਲੜਾਈ ਸੀ। ਗ਼ਦਰ ਲਹਿਰ ਨੂੰ ਹੁਲਾਰਾ ਦੇਣ ਵਿੱਚ ਨੌਜਵਾਨ ਗ਼ਦਰੀ ਇਨਕਲਾਬੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਗ਼ਦਰ ਪਾਰਟੀ ਦੀ ਜ਼ਿੰਦ-ਜਾਨ, ਚੜ੍ਹਦੀ ਜਵਾਨੀ ਵੇਲੇ ਫਾਂਸੀ ਦੇ ਫੰਦੇ ਨੂੰ ਗਲ ਵਿੱਚ ਪਾਉਣ ਵਾਲਾ ਕਰਤਾਰ ਸਿੰਘ ਸਰਾਭਾ 19 ਵਰਿਆਂ ਦਾ ਨੌਜਵਾਨ ਸੀ। ਕਰਤਾਰ ਸਿੰਘ ਸਰਾਭਾ ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ ਲਈ ਪੜ੍ਹਨ ਗਿਆ ਸੀ। 21 ਅਪ੍ਰੈਲ 1913 ਨੂੰ ਪ੍ਰਵਾਸੀ ਭਾਰਤੀਆਂ ਨੇ ਅਮਰੀਕਾ ਦੇ ਸ਼ਹਿਰ ਆਸਟਰੀਆ 'ਚ 'ਹਿੰਦੀ ਐਸੋਸੀਏਸਨ ਆਫ ਪੈਸੇਫਿਕ ਕੋਸਟ' ਨਾਂਅ ਦੀ ਜਥੇਬੰਦੀ ਦੀ ਸਥਾਪਨਾ ਕੀਤੀ। ਇਸ ਜਥੇਬੰਦੀ 'ਚ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਉਪ ਪ੍ਰਧਾਨ ਕੇਸਰ ਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ ਜੁਆਇੰਟ ਸਕੱਤਰ ਠਾਕੁਰ ਦਾਸਧੂਰਾ ਅਤੇ ਵਿੱਤ ਸਕੱਤਰ ਕਾਂਸੀ ਰਾਮ ਮੜੌਲੀ ਚੁਣੇ ਗਏ।

ਬਹੁਤ ਜਲਦ ਸਰਾਭਾ ਵੀ ਇਸ ਜਥੇਬੰਦੀ ਦਾ ਹਿੱਸਾ ਬਣ ਗਿਆ। ਉਸ ਵਿੱਚ ਲੀਡਰਸ਼ਿਪ ਦਾ ਗੁਣ ਸ਼ੁਰੂ ਤੋਂ ਹੀ ਸੀ। ਗ਼ਦਰ ਲਹਿਰ ਦੇ ਉਦੇਸ਼ ਦੀ ਪੂਰਤੀ ਲਈ ਪ੍ਰਚਾਰ ਹਿੱਤ ਇੱਕ ਹਫਤਾਵਰੀ ਅਖਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ, ਅਖਬਾਰ ਦਾ ਨਾਂਅ 'ਗ਼ਦਰ' ਰੱਖ ਲਿਆ ਗਿਆ। ਜਿਸਦਾ ਪਹਿਲਾ ਅੰਕ ਉਰਦੂ ਭਾਸ਼ਾ ਵਿੱਚ 1 ਨਵੰਬਰ 1913 ਨੂੰ ਜਥੇਬੰਦੀ ਦੇ ਮੁੱਖ ਦਫਤਰ 'ਯੁਗਾਂਤਰ ਆਸ਼ਰਮ' 436 ਹਿੱਲ ਸਟਰੀਟ, ਸਾਨਫਰਾਂਸਿਸਕੋ ਤੋਂ ਜਾਰੀ ਹੋਇਆ। ਜਿਸ ਦੇ ਮੁੱਖ ਸੰਪਾਦਕ ਲਾਲਾ ਹਰਦਿਆਲ ਸਨ।

ਗ਼ਦਰ ਅਖਬਾਰ ਦੇ ਨਾਮ ਤੋਂ ਹੀ ਇਹ ਜਥੇਬੰਦੀ ਹੁਣ ਗ਼ਦਰ ਪਾਰਟੀ ਬਣ ਗਈ। ਇਹ ਅਖਬਾਰ ਅਮਰੀਕਾ ਤੋਂ ਬਾਹਰ ਭਾਰਤ, ਕੈਨੇਡਾ, ਚੀਨ, ਜਪਾਨ, ਪਨਾਮਾ, ਫਿਲਪਾਈਨ, ਮਲਾਇਆ, ਅਰਜਨਟਾਈਨਾ ਆਦਿ ਦੇਸ਼ਾਂ 'ਚ ਵਸਦੇ ਹਿੰਦੋਸਤਾਨੀ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ, ਡਾਕ ਰਾਹੀਂ ਭੇਜਣ ਦਾ ਕੰਮ ਸਰਾਭਾ ਕਰਦਾ ਹੁੰਦਾ ਸੀ, ਕੁੱਝ ਅੰਕਾਂ ਬਾਅਦ ਹੀ 'ਗ਼ਦਰ' ਅਖਬਾਰ ਸਰਕਾਰ ਦੀਆਂ ਅੱਖਾਂ ਦਾ ਰੋੜਾ ਬਣ ਗਿਆ।

ਕਰਤਾਰ ਸਿੰਘ ਸਰਾਭਾ ਮਿਹਨਤੀ ਅਤੇ ਪ੍ਰਤਿਭਾਸ਼ੀਲ ਨੌਜ਼ਵਾਨ ਸੀ। ਜਨਵਰੀ 1914 'ਚ 'ਗ਼ਦਰ' ਦਾ ਪੰਜਾਬੀ ਭਾਸ਼ਾਈ ਅੰਕ ਵੀ ਪ੍ਰਕਾਸ਼ਿਤ ਸ਼ੁਰੂ ਕਰ ਦਿੱਤਾ ਗਿਆ। ਕਰਤਾਰ ਸਿੰਘ ਸਰਾਭਾ ਪੰਜਾਬੀ ਅੰਕ ਦੇ ਸੰਪਾਦਕ ਬਣੇ।

ਉਸ ਸਮੇਂ ਅਖਬਾਰ 'ਸਾਈਕਲੋਸਟਾਈਲ' ਮਸ਼ੀਨ 'ਤੇ ਛਾਪਿਆ ਜਾਂਦਾ ਸੀ, ਜਿਸਦਾ ਸਮੁੱਚਾ ਕੰਮ ਸਰਾਭਾ ਖੁਦ ਹੱਥੀਂ ਕਰਦਾ ਸੀ। ਉਸ ਕੋਲ ਛਪਾਈ ਦੇ ਨਾਲ ਕਵਿਤਾਵਾਂ ਲਿਖਣ, ਅਨੁਵਾਦ ਕਰਨ ਅਤੇ ਵਾਰਤਕ ਵਿੱਚ ਵੀ ਚੰਗਾ ਤਜਰਬਾ ਸੀ।

ਇਸ 'ਗ਼ਦਰ' ਅਖਬਾਰ ਦੀ ਮੁੱਖ ਜਿੰਮੇਵਾਰੀ ਸਰਾਭੇ ਕੋਲ ਪੈ ਜਾਣ ਕਾਰਨ, ਉਹ 'ਗ਼ਦਰ ਪਾਰਟੀ' ਦੇ ਮੁੱਖ ਆਗੂਆਂ ਵਿੱਚ ਸ਼ਾਮਲ ਹੋ ਗਿਆ। ਸਰਾਭੇ ਨੇ 'ਗ਼ਦਰ' ਦੇ ਪਹਿਲੇ ਪੰਜਾਬੀ ਅੰਕ ਵਿੱਚ ਮਸ਼ਹੂਰ ਨਜ਼ਮ 'ਪਗੜੀ ਸੰਭਾਲ ਜੱਟਾ' ਛਾਪੀ ਸੀ। ਗ਼ਦਰ ਅਖਬਾਰ ਦੇ ਪਹਿਲੇ ਸਫੇ ਤੇ ਲਿਖਿਆ ਹੁੰਦਾ ਸੀ,

**ਜੇ ਤਉ ਪ੍ਰੇਮ ਖੇਲਨ ਕਾ ਚਾਉ,**
**ਸਿਰ ਧਰ ਤਲੀ ਗਲੀ ਮੇਰੀ ਆਉ।**

ਕਰਤਾਰ ਸਿੰਘ ਸਰਾਭਾ ਆਪਣੇ ਕੰਮ ਪ੍ਰਤੀ ਮਿਹਨਤੀ ਅਤੇ ਜ਼ਿੰਮੇਵਾਰ ਸੀ। ਅਖਬਾਰ ਦੀ ਕਰੀਬ 2500 ਕਾਪੀ ਛਪਦੀ ਸੀ। ਪ੍ਰੈਸ ਦਾ ਕੰਮ ਕਰਦਿਆਂ ਜਦੋਂ ਉਹ ਥੱਕ ਜਾਂਦਾ ਤਾਂ ਅਕਸਰ ਇਹ ਗੀਤ ਗੁਣਗੁਣਾਇਆ ਕਰਦਾ ਸੀ,

**ਸੇਵਾ ਦੇਸ਼ ਦੀ ਸੇਵਾ ਦੇਸ਼ ਦੀ**
**ਜਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ**
**ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ**
**ਉਹਨਾਂ ਲੱਖ ਮੁਸੀਬਤਾਂ ਝੱਲ਼ੀਆਂ ਨੇ ।**

ਉਹ ਮਾਤ ਭਾਸ਼ਾ ਦਾ ਮਹੱਤਵ ਸਵੀਕਾਰਦਾ ਸੀ।

'ਗ਼ਦਰ' ਅਖਬਾਰ ਵਿੱਚ ਛਪਦੀਆਂ ਕਵਿਤਾਵਾਂ ਵਿੱਚੋਂ ਜ਼ਿਆਦਾਤਰ ਕਵਿਤਾਵਾਂ ਉਸਦੀਆਂ ਆਪਣੀਆਂ ਹੀ ਰਚਨਾਵਾਂ ਹੁੰਦੀਆਂ, ਬੇਸ਼ੱਕ ਉਹ ਗੁੰਮਨਾਮ ਛਪਦੀਆਂ ਸਨ। ਉਸਦੀ ਕਵਿਤਾ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਗ਼ਦਰੀਆਂ ਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਉਸਦੇ ਇਸ ਕੰਮ ਕਰਕੇ ਭਗਤ ਸਿੰਘ ਵੀ ਉਸ ਨੂੰ ਆਪਣਾ ਪ੍ਰੇਰਨਾ ਸ੍ਰੋਤ ਮੰਨਦਾ ਸੀ। ਬਾਬਾ ਸੋਹਣ ਸਿੰਘ ਭਕਨਾ ਉਸਨੂੰ 'ਬਾਲ ਜਰਨੈਲ' ਕਹਿੰਦੇ ਹੁੰਦੇ ਸਨ। ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਲਿਖਦੇ ਹਨ,

ਕਰਤਾਰ ਸਿੰਘ ਸਰਾਭਾ ਜਵਾਨੀ ਦੀ ਊਰਜਾ ਨਾਲ ਭਰਿਆ ਹੋਇਆ ਸੀ। ਉਸਨੂੰ ਕੰਮ ਦਾ ਸੁਦਾਅ ਸੀ। ਤੇ ਕਿੰਨੇ ਵੀ ਔਖੇ ਕੰਮ ਲਈ ਉਹ ਖੁਦ ਨੂੰ ਸਭ ਤੋਂ ਪਹਿਲਾਂ ਪੇਸ਼ ਕਰਦਾ ਸੀ। ਬਰਕਲੇ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਸਨੇ ਵਿਦਿਆਰਥੀਆਂ ਦਾ ਇੱਕ ਪ੍ਰਤੀਬੱਧ ਟੋਲਾ ਤਿਆਰ ਕੀਤਾ। ਜਦੋਂ ਲਾਲਾ ਹਰਦਿਆਲ ਅਮਰੀਕਾ ਪੁੱਜਾ, ਸਰਾਭੇ ਨੇ ਉਸਨੂੰ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਬੁਲਾਇਆ ਆਪਣੇ ਅਮਰੀਕੀ ਦੌਰੇ ਦੌਰਾਨ ਉਹ ਭਾਈ ਪਰਮਾਨੰਦ ਨੂੰ ਵੀ ਮਿਲਿਆ ਸੀ।

ਗ਼ਦਰ ਪਾਰਟੀ 1913 ਵਿੱਚ ਅਮਰੀਕਾ ਵਿੱਚ ਬੁਲਾਈ ਗਈ ਸੀ ਤੇ ਇਸ ਨੇ ਫਰਾਂਸੀਸੀ ਇਨਕਲਾਬ ਦੇ ਆਜ਼ਾਦੀ, ਭਾਈਚਾਰਾ ਅਤੇ ਬਰਾਬਰੀ ਦੇ ਨਾਅਰਿਆਂ ਨੂੰ ਅਪਣਾਇਆ ਸੀ। ਕਰਤਾਰ ਸਿੰਘ ਸਰਾਭਾ ਵੀ ਪੂਰੇ ਜੋਸ਼ ਨਾਲ ਖੁਸ਼ੀ-ਖੁਸ਼ੀ ਇਸਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋ ਗਿਆ। ਗ਼ਦਰ-ਪਾਰਟੀ ਦੇ ਹਫਤਾਵਾਰੀ ਪਰਚੇ 'ਗ਼ਦਰ' ਦੀ ਪ੍ਰਕਾਸ਼ਨ ਦਾ ਪੂਰਾ ਕੰਮ ਵਿਦਿਆਰਥੀਆਂ ਨੇ ਸਾਂਭ ਲਿਆ ਤੇ ਇੱਥੇ ਹੀ ਉਸ ਦੀ ਸ਼ਾਨਦਾਰ ਜਥੇਬੰਦਕ ਸਮਰੱਥਾ ਸਭਦੇ ਸਾਹਮਣੇ ਆਈ। ਉਸ ਨੇ ਕਵਿਤਾਵਾਂ ਲਿਖੀਆਂ, ਪ੍ਰੈਸ ਵਿੱਚ ਕੰਮ ਕੀਤਾ। ਅਤੇ ਦੂਰ-ਦੁਰਾਜ ਦੇ ਦੇਸ਼ਾਂ ਵਿੱਚ ਪਰਚਾ ਭੇਜਣ ਦੇ ਕੰਮ ਵਿੱਚ ਜੁਟਿਆ ਰਿਹਾ।ਉਸਦੀ ਇੰਜੀਨੀਅਰਿੰਗ ਦੀ ਜਾਣਕਾਰੀ ਦੇਖਦਿਆਂ ਗ਼ਦਰ ਪਾਰਟੀ ਨੇ ਉਸ ਨੂੰ ਜਹਾਜ ਉਡਾਣ ਦੀ ਸਿਖਲਾਈ ਲੈਣ ਲਈ ਚੁਣਿਆ।

ਭਾਰਤ ਆ ਕੇ ਵੀ ਉਹ ਗ਼ਦਰੀ ਸਾਹਿਤ ਛਾਪ ਕੇ ਵੰਡਣ ਦਾ ਕੰਮ ਕਰਦਾ ਰਿਹਾ ਉਸ ਨੇ 'ਗ਼ਦਰ', 'ਗ਼ਦਰ ਦੀ ਗੂੰਜ' ਅਤੇ 'ਐਲਾਨ ਏ ਜੰਗ' ਹੋਰ ਪੈਂਫਲਿਟ ਛਪਵਾ ਕੇ ਵੰਡੇ। ਗਿਰਫਤਾਰੀ ਸਮੇਂ ਵੀ ਉਹ ਇੱਕੱਠੇ ਹੋਏ ਲੋਕਾਂ ਨੂੰ 'ਗ਼ਦਰ ਦੀ ਗੂੰਜ' ਵਿੱਚੋਂ ਕਵਿਤਾਵਾਂ ਸੁਣਾ ਰਿਹਾ ਸੀ। ਜਿਸ ਦਿਨ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਹੋਈ ਸੀ ਸਵੇਰੇ ਨਾਲ ਵਾਲੀ ਕੋਠੜੀ ਤੋਂ ਪੰਡਿਤ ਪਰਮਾਨੰਦ ਝਾਂਸੀ ਦੇ ਇਹ ਪੁੱਛਣ ਤੇ ਕਿ 'ਕਰਤਾਰ ਸਿੰਘ ਕੀ ਕਰ ਰਿਹਾ ਹੈਂ ?

**ਇਕ ਕਵਿਤਾ ਲਿਖ ਰਿਹਾ ਹਾਂ। ਸਰਾਭੇ ਨੇ ਜਵਾਬ ਦਿੱਤਾ।**

ਇਸ ਤਰ੍ਹਾਂ ਉਹ ਆਪਣੇ ਜ਼ਿੰਦਗੀ ਦਾ ਹਰ-ਪਲ ਦੇਸ਼ ਦੇ ਲੇਖੇ ਲਾਉਣਾ ਚਾਹੁੰਦਾ ਸੀ। ਗ਼ਦਰ ਅਖਬਾਰ ਅਤੇ ਹੋਰ ਸਾਹਿਤ ਛਾਪਣ ਵਿੱਚ ਕਰਤਾਰ ਸਿੰਘ ਦਾ ਵਡਮੁੱਲਾ ਯੋਗਦਾਨ ਸੀ। ਉਹ ਨਾ ਸਿਰਫ ਗ਼ਦਰ ਲਹਿਰ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਸੀ, ਸਗੋਂ ਪੰਜਾਬੀ ਪੱਤਰਕਾਰੀ ਦਾ ਵੀ ਪਹਿਲਾ ਸ਼ਹੀਦ ਸੀ।

ਅੱਜ ਜਦੋਂ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਦਿਵਸ ਮੌਕੇ ਅਸੀਂ ਉਸ ਨੂੰ ਯਾਦ ਕਰ ਰਹੇ ਹਾਂ, ਤਾਂ ਨੌਜ਼ਵਾਨ ਪੀੜ੍ਹੀ ਨੂੰ ਬਦਲਵੀਆਂ ਹਾਲਤਾਂ 'ਚ ਗ਼ਦਰੀ ਸੂਰਵੀਰਾਂ ਦੀ ਵਚਨਬੱਧਤਾ, ਕੁਰਬਾਨੀ, ਸਾਦਗੀ ਤੇ ਲਗਾਤਾਰ ਵਿਕਸਤ ਹੁੰਦੀ ਰਹੀ ਲੋਕ ਪੱਖੀ ਵਿਚਾਰਧਾਰਾ ਨੂੰ ਮਨਾਂ ਵਿੱਚ ਵਸਾਉਣਾ ਚਾਹੀਦਾ ਹੈ।

**ਜੇ ਕੋਈ ਪੂਛੇ ਕਿ ਕੌਨ ਹੋ ਤੁਮ,**
**ਤੋ ਕਹਿ ਦੇਨਾ ਬਾਗੀ ਹੈ ਨਾਮ ਅਪਨਾ**
**ਜੁਲਮ ਮਿਟਾਨਾ ਹਮਾਰਾ ਪੇਸ਼ਾ,**
**ਗ਼ਦਰ ਕਰਨਾ ਹੈ ਕਾਮ ਅਪਨਾ।**
**ਨਮਾਜ ਸੰਧਿਆ ਜਿਹੀ ਹਮਾਰੀ**
**ਔਰ ਪੂਜਾ ਪਾਠ ਸਭੀ ਯਹੀ ਹੈ,**
**ਧਰਮ ਕਰਮ ਯਹੀ ਹੈ ਹਮਾਰਾ,**
**ਯਹੀ ਖੁਦਾ ਹੈ ਔਰ ਰਾਮ ਅਪਨਾ।**

# 'ਸਵੱਛ ਭਾਰਤ' ਮੁਹਿੰਮ ਦੀ ਚੁੰਧਿਆਹਟ ਪਿਛਲੇ 'ਸਵੱਛ ਭਾਰਤ' ਦੀ ਇੱਕ ਝਾਕੀ

**ਕੁਲਦੀਪ**

ਲੰਘੀ 30 ਸਤੰਬਰ, 2018 ਨੂੰ ਦਿ ਹਿੰਦੂ ਅਖ਼ਬਾਰ 'ਤੇ ਦੋ ਖ਼ਬਰਾਂ ਨੇ ਬਹੁਤ ਧਿਆਨ ਖਿੱਚਿਆ। ਪਹਿਲੇ ਸਫੇ 'ਤੇ ਖ਼ਬਰ ਸੀ ਕਿ 'ਸਵੱਛ ਭਾਰਤ' ਮੁਹਿੰਮ ਦੇ ਚਾਰ ਸਾਲਾਂ ਬਾਅਦ ਵੀ ਰਾਜਸਥਾਨ ਵਿੱਚ ਇੱਕ ਬੁੱਢੀ ਔਰਤ ਤੇ ਉਸਦਾ ਪਰਿਵਾਰ ਜਾਟਾਂ ਦੇ ਘਰਾਂ ਦੀਆਂ ਸੁੱਕੀਆਂ ਲੈਟਰੀਨਾਂ ਵਿੱਚੋਂ ਹੱਥਾਂ ਨਾਲ਼ ਟੱਟੀ ਸਾਫ਼ ਕਰਦਾ ਹੈ। ਕੁਝ ਹੀ ਪੰਨੇ ਛੱਡ ਕੇ 'ਮਹਾਤਮਾ ਗਾਂਧੀ ਕੌਮਾਂਤਰੀ ਸੈਨੀਟੇਸ਼ਨ ਕਨਵੈਨਸ਼ਨ' ਦੀ ਫੋਟੋ ਸੀ ਜਿਸ ਵਿੱਚ ਸਵੱਛ ਭਾਰਤ ਮੁਹਿੰਮ ਦੀ ਵਾਹ-ਵਾਹ ਕਰਨ ਆਏ 68 ਦੇਸ਼ਾਂ ਦੇ ਡੈਲੀਗੇਟਾਂ ਨਾਲ਼ ਮੋਦੀ ਜੀ ਮਾਣ ਨਾਲ਼ ਮੁਸਕਰਾ ਰਹੇ ਸਨ।

ਪਹਿਲੀ ਖ਼ਬਰ ਦਾ ਸਬੰਧ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਦੇ ਇੱਕ ਪਿੰਡ ਬਹਿਨਾਰਾ ਨਾਲ਼ ਹੈ ਜਿੱਥੋਂ ਦੀ ਸੰਤਾ ਦੇਵੀ ਨਾਂ ਦੀ ਬਜ਼ੁਰਗ ਔਰਤ ਦਾ ਪਰਿਵਾਰ ਪਿੰਡ ਦੇ ਜਾਟਾਂ ਦੇ ਘਰਾਂ ਦੀਆਂ ਸੁੱਕੀਆਂ ਲੈਟਰੀਨਾਂ - ਬਿਨਾਂ ਟੋਏ ਤੋਂ ਬਣੀਆਂ ਲੈਟਰੀਨਾਂ ਜਿਹਨਾਂ 'ਚੋਂ ਹਰ ਰੋਜ਼ ਸਫ਼ਾਈ ਕੀਤੀ ਜਾਂਦੀ ਹੈ - ਹੱਥਾਂ ਨਾਲ਼ ਸਾਫ਼ ਕਰਦਾ ਹੈ। ਸੰਤਾ ਦੇਵੀ ਦੱਸਦੀ ਹੈ ਕਿ ਉਹ ਇਹ ਕੰਮ ਕਈ ਸਾਲਾਂ ਤੋਂ ਕਰ ਰਹੀ ਹੈ। ਇਸ ਕੰਮ ਵਿੱਚ ਉਸਦਾ ਪਰਿਵਾਰ ਉਸ ਨਾਲ਼ ਹੱਥ ਵਟਾਉਂਦਾ ਹੈ। ਸੰਤਾ ਦੇਵੀ ਤੇ ਉਸਦਾ ਪਰਿਵਾਰ 10 ਜਾਟ ਘਰਾਂ ਦੀਆਂ ਲੈਟਰੀਨਾਂ ਅਤੇ ਨਾਲ਼ੀਆਂ ਦੀ ਸਫ਼ਾਈ ਹੱਥਾਂ ਨਾਲ਼ ਕਰਦਾ ਹੈ। ਇਸ ਕੰਮ 'ਚ ਉਹਨਾਂ ਨੂੰ 5-6 ਘੰਟੇ ਰੋਜ਼ ਲੱਗਦੇ ਹਨ ਅਤੇ ਬਦਲੇ ਵਿੱਚ ਮਿਲਦੀ ਹੈ ਸਿਰਫ਼ 'ਰੋਟੀ'। ਸੁੱਕੀਆਂ ਲੈਟਰੀਨਾਂ ਵਿੱਚ ਜਦੋਂ ਕਿਸੇ ਜਾਟ ਦੇ ਘਰ ਦੇ ਸਾਰੇ ਜੀਅ ਟੱਟੀ ਕਰ ਲੈਂਦੇ ਹਨ ਤਾਂ ਸੰਤਾ ਦੇਵੀ ਉਸਨੂੰ ਹੱਥਾਂ ਨਾਲ਼ ਚੁੱਕ ਕੇ ਬਾਹਰ ਸੁੱਟਦੀ ਹੈ। ਉਸਦਾ ਕਹਿਣਾ ਸੀ ਕਿ ਹੋਰ ਤਰ੍ਹਾਂ ਦੀ ਸਾਫ਼-ਸਫ਼ਾਈ ਲਈ ਤਾਂ ਥੋੜ੍ਹੇ ਬਹੁਤ ਪੈਸੇ ਮਿਲ ਜਾਂਦੇ ਹਨ ਪਰ ਟੱਟੀ ਚੁੱਕਣ ਬਦਲੇ ਕੇਵਲ਼ ਰੋਟੀ ਹੀ ਮਿਲਦੀ ਹੈ। ਉਹਨਾਂ ਦੇ ਬੱਚਿਆਂ ਨਾਲ਼ ਸਕੂਲ ਵਿੱਚ ਵਿਤਕਰਾ ਹੁੰਦਾ ਹੈ ਅਤੇ ਉਹਦਾ ਪਰਿਵਾਰ ਮੰਦਰ ਵਿੱਚ ਵੀ ਨਹੀਂ ਜਾ ਸਕਦਾ। ਪਿੰਡ ਵਿੱਚ ਅਜਿਹੇ ਹੀ ਹੋਰ 5-7 ਘਰ ਹਨ ਜੋ ਇਹੀ ਕੰਮ ਕਰਦੇ ਹਨ। ਜਦੋਂ ਕਿ ਰਾਜਸਥਾਨ ਸਰਕਾਰ ਨੇ ਇੱਕ ਸਾਲ ਪਹਿਲਾਂ ਪੂਰੇ ਰਾਜਸਥਾਨ ਨੂੰ ਓਡੀਐਫ ('ਓਪਨ ਡਫੈਕੇਸ਼ਨ ਫਰੀ' ਯਾਨੀ ਉੱਥੇ ਖੁੱਲ੍ਹੇ ਮੈਦਾਨ 'ਚ ਟੱਟੀ ਜਾਣ ਦੀ ਬਾਜਏ ਲੋਕ ਟੁਆਇਲਟ ਵਰਤਦੇ ਹਨ) ਐਲਾਨਿਆ ਹੋਇਆ ਹੈ। ਜਦੋਂ ਪੱਤਰਕਾਰ ਅਫ਼ਸਰਾਂ ਨਾਲ਼ ਗੱਲ ਕਰਦੇ ਹਨ ਤਾਂ ਉਹ ਘੜਿਆ-ਘੜਾਇਆ ਜਵਾਬ ਦਿੰਦੇ ਹਨ, ਇਹ ਗੰਦਗੀ ਧੋਣ ਦਾ ਕੰਮ ਨਾ ਕਰਨ। 'ਹੱਥੀ ਜਮਾਂਦਾਰੀ ਦਾ ਕੰਮ ਰੋਕੂ ਅਤੇ ਜਮਾਂਦਾਰਾਂ ਦੇ ਮੁੜ ਵਸੇਬੇ ਦੇ ਐਕਟ, 2013' ਅਨੁਸਾਰ ਕਿਸੇ ਵੀ ਵਿਅਕਤੀ ਤੋਂ ਹੱਥਾਂ ਨਾਲ਼ ਗੰਦਗੀ ਸਾਫ਼ ਕਰਵਾਉਣ ਦਾ ਕੰਮ ਕਰਵਾਉਣਾ ਕਾਨੂੰਨੀ ਜੁਰਮ ਹੈ। ਇਹ ਕੋਈ ਸੰਤਾ ਦੇਵੀ ਦੀ ਕਹਾਣੀ ਨਹੀਂ। ਇੱਕ ਐਨਜੀਓ ਅਨੁਸਾਰ ਰਾਜਸਥਾਨ ਵਿੱਚ ਲਗਪਗ 50,000 ਹੱਥਾਂ ਨਾਲ਼ ਸਫ਼ਾਈ ਕਰਨ ਵਾਲ਼ੇ ਜਮਾਂਦਾਰ ਹਨ। ਇਹੀ ਹਾਲਤ ਤਕਰੀਬਨ ਸਾਰੇ ਭਾਰਤ ਦੇ ਜਮਾਂਦਾਰਾਂ (ਸਫ਼ਾਈ ਕਾਮਿਆਂ) ਦੀ ਹੈ।

ਇਸੇ ਅਖ਼ਬਾਰ ਦੇ ਪਹਿਲੇ ਪੇਜ਼ ਤੋਂ ਕੁਝ ਪੰਨੇ ਅੱਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਦੇਸ਼ੀ ਡੈਲੀਗੇਟਾਂ ਦੇ ਇੱਕ ਸਮੂਹ ਨਾਲ਼ ਹੱਸਦੇ ਦੀ ਫੋਟੋ ਲੱਗੀ ਹੈ। ਇਹ ਤਸਵੀਰ 'ਮਹਾਤਮਾ ਗਾਂਧੀ ਕੌਮਾਂਤਰੀ ਸੈਨੀਟੇਸ਼ਨ ਕਨਵੈਨਸ਼ਨ' ਦੀ ਸੀ ਜਿਸ ਵਿੱਚ ਮੋਦੀ ਸਰਕਾਰ ਨੇ 68 ਵੱਖ-ਵੱਖ ਦੇਸ਼ਾਂ ਤੋਂ ਡੈਲੀਗੇਟ ਬੁਲਾ ਕੇ 'ਸਵੱਛ ਭਾਰਤ' ਦੇ ਸੋਹਲੇ ਗਵਾਏ। ਇਹਨਾਂ ਡੈਲੀਗੇਟਾਂ ਤੋਂ ਵਾਹ-ਵਾਹ ਸੁਣ ਕੇ ਫੋਟੋ ਵਿੱਚ ਖਚਰੀ ਹਾਸੀ ਹੱਸ ਰਹੇ ਮੋਦੀ ਜੀ ਮਿਹਨਤਕਸ਼ ਲੋਕਾਂ ਦੀ ਮਜ਼ਬੂਰੀ 'ਤੇ ਹੱਸ ਰਹੇ ਕਿਸੇ ਫਿਲਮੀ ਖਲਨਾਇਕ ਵਾਂਗ ਲੱਗੇ। ਇਸੇ ਕਨਵੈਨਸ਼ਨ ਵਿੱਚ ਸੈਨੀਟੇਸ਼ਨ ਸੈਕਟਰੀ ਪਰਮੇਸਵਰਨ ਅਇਅਰ ਨੇ ਵੱਡਾ ਗੱਪ ਛੱਡਿਆ ਕਿ 2014 'ਚ ਭਾਰਤ ਦੇ ਪਿੰਡਾਂ ਵਿੱਚ 29% ਲੋਕਾਂ ਕੋਲ਼ ਲੈਟਰੀਨ ਦੀ ਸੁਵਿਧਾ ਸੀ ਜੋ ਕਿ ਹੁਣ 95% ਹੋ ਗਈ ਹੈ। ਯਾਦ ਰਹੇ 2 ਅਕਤੂਬਰ 2014 ਤੋਂ ਹੀ ਨਰਿੰਦਰ ਮੋਦੀ ਨੇ 'ਸਵੱਛ ਭਾਰਤ ਅਭਿਆਨ' ਦੀ ਸ਼ੁਰੂਆਤ ਕੀਤੀ ਸੀ। ਅਇਅਰ ਦੇ ਇਸ ਗੱਪ ਨੇ ਕਿ ਦੇਸ਼ ਦੇ 503 ਜ਼ਿਲ੍ਹੇ ਤੇ 24 ਰਾਜ ਖੁੱਲ੍ਹੇ 'ਚ ਟੱਟੀ ਜਾਣ ਤੋਂ ਮੁਕਤ ਹਨ ਨਰਿੰਦਰ ਮੋਦੀ ਜੀ ਦੇ ਮਨ 'ਚ ਥੋੜ੍ਹੀ ਈਰਖਾ ਜਰੂਰ ਜਗਾਈ ਹੋਵੇਗੀ। ਇਸ ਕਨਵੈਨਸ਼ਨ ਦਾ ਢਕਵੰਜ ਸਮਝ ਆ ਜਾਂਦਾ ਹੈ ਕਿਉਂਕਿ ਹਫ਼ਤਾ ਪਹਿਲਾਂ ਹੀ ਕੈਗ ਨੇ ਰਿਪੋਰਟ ਪੇਸ਼ ਕੀਤੀ ਸੀ ਕਿ ਗੁਜਰਾਤ 'ਚ 29% ਲੋਕਾਂ ਦੇ ਘਰ ਲੈਟਰੀਨ ਨਹੀਂ ਹੈ। ਜਦਕਿ ਸਰਕਾਰ ਗੁਜਰਾਤ ਨੂੰ ਸਾਲ ਪਹਿਲਾਂ ਹੀ ਡੀਐਫਓ ਐਲਾਨ ਚੁੱਕੀ ਹੈ। ਇਸ ਕਰਕੇ ਇਹਨਾਂ ਡੈਲੀਗੇਟਾਂ ਨੂੰ ਗੁਜਰਾਤ ਦੇ ਇੱਕ ਪਿੰਡ ਲੈ ਜਾ ਕੇ ਸਵੱਛ ਭਾਰਤ ਮੁਹਿੰਮ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਹ ਪਿੰਡ ਹੀ ਸਰਕਾਰ ਨੇ ਕਿਉਂ ਚੁਣਿਆ, ਇੰਨਾ ਕੁ ਆਪਾਂ ਪਾਠਕ ਦੀ ਸਮਝ 'ਤੇ ਛੱਡ ਦਿੰਦੇ ਹਾਂ।

ਜਿਵੇਂ ਕਿ ਅਸੀਂ ਰਾਜਸਥਾਨ ਦੇ ਇੱਕ ਪਿੰਡ ਦੀ ਹਾਲਤ ਬਾਰੇ ਦੱਸਿਆ ਲਗਪਗ ਇਹੀ ਹਾਲਤ ਦੇਸ਼ ਦੇ ਹਰ ਹਿੱਸੇ ਦੇ ਆਮ ਗ਼ਰੀਬ ਕਿਰਤੀਆਂ ਦੇ ਇਲਾਕਿਆਂ ਦੀ ਹੈ। ਇੱਕ ਮੈਗ਼ਜੀਨ ਦੇ ਪੱਤਰਕਾਰ ਨੇ ਮਈ 2017 'ਚ ਗੁਜਰਾਤ ਦੇ ਅਹਿਮਦਾਬਾਦ ਅਤੇ ਵਾਰਾਨਸੀ ਜ਼ਿਲ੍ਹਿਆਂ ਦੇ ਕੁਝ ਪਿੰਡਾਂ, ਕਸਬਿਆਂ ਅਤੇ ਇਹਨਾਂ ਦੋ ਵੱਡੇ ਸ਼ਹਿਰਾਂ ਦੇ ਗ਼ਰੀਬ ਵਸੋਂ ਦੇ ਰਿਹਾਇਸ਼ੀ ਇਲਾਕਿਆਂ ਦਾ ਦੌਰਾ ਕੀਤਾ। ਉਸ ਦੁਆਰਾ ਕੀਤਾ ਗੁਜਰਾਤ ਦੇ ਮਨੀਨਗਰ, ਮਿਲਤ ਨਗਰ, ਚਮਨਪੁਰਾ ਦਾ ਮੱਧਲਾ ਇਲਾਕਾ, ਵਾਘੇਲਾ, ਉਦਨੋ ਤੇਕਰੋ, ਸਰਕੀਵਾਦ, ਨਗਰੀਵਾਦ, ਜੂਨਾਵਾਦ ਆਦਿ ਇਲਾਕਿਆਂ ਦੇ ਗ਼ਰੀਬ, ਮਜ਼ਦੂਰ, ਅਰਧ-ਮਜ਼ਦੂਰ ਵਸੋਂ ਦੇ ਰਿਹਾਇਸ਼ੀ ਇਲਾਕਿਆਂ ਦੀ ਤਸਵੀਰ ਦਾ ਬਿਆਨ 'ਸਵੱਛ ਭਾਰਤ ਮੁਹਿੰਮ' ਦੇ ਸੱਚ ਨੂੰ ਉਜਾਗਰ ਕਰ ਦਿੰਦਾ ਹੈ। ਉਹ ਦੱਸਦਾ ਹੈ ਇਹਨਾਂ ਇਲਾਕਿਆਂ 'ਚ ਥਾਂ-ਥਾਂ ਗੰਦ ਦੇ ਢੇਰ ਹਨ। ਨਾਂ ਮਾਤਰ ਘਰਾਂ 'ਚ ਲੈਟਰੀਨ ਦੀ ਸਹੂਲਤ ਹੈ ਬਾਕੀ ਸਭ ਲੋਕ ਬਾਹਰ ਖੁੱਲ੍ਹੇ 'ਚ ਟੱਟੀ ਕਰਨ ਜਾਂਦੇ ਹਨ। ਚੰਦੋਲਾ ਨਦੀ ਦੇ ਇੱਕ ਕੰਢੇ ਦੀ ਹਾਲਤ ਬਾਰੇ ਉਹ ਦੱਸਦਾ ਹੈ ਕਿ ਇੱਥੇ ਥਾਂ-ਥਾਂ ਕੀਤੀ ਹੋਈ ਟੱਟੀ, ਕਾਗਜ਼ ਤੇ ਕੂੜੇ ਦੇ ਢੇਰ ਨਦੀ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੇ ਸਨ। ਉਸ ਦੇ ਬਿਆਨ ਤੋਂ ਜਾਪਦਾ ਹੈ ਕਿ ਨਦੀ ਦੇ ਇਸ ਹਿੱਸੇ ਨੂੰ ਦੇਖ ਕੇ ਸ਼ਾਇਦ ਨਦੀ ਦਾ ਬਿੰਬ ਗੜਬੜਾ ਜਾਵੇ।

ਉੱਤਰਾਖੰਡ ਵਿੱਚ 'ਹਿੰਦੁਸਤਾਨ ਟਾਇਮਜ਼' ਅਖਬਾਰ ਨੇ ਇੱਕ ਹਰਿਦੁਆਰ ਜ਼ਿਲ੍ਹੇ ਦੇ ਜੋਰਾਸੀ ਪਿੰਡ ਦਾ ਵੇਰਵਾ ਛਾਪਿਆ ਹੈ, ਇਸ ਪਿੰਡ ਵਿੱਚ 700 ਸੁੱਕੀਆਂ ਲੈਟਰੀਨਾਂ ਹਨ। ਪਿੰਡ ਵਾਲਿਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਾਗਜਾਂ ਵਿੱਚ ਤਾਂ 'ਸਵੱਛ ਭਾਰਤ ਮੁਹਿੰਮ' ਤਹਿਤ ਲੈਟਰੀਨਾਂ ਬਣੀਆਂ ਹੋਈਆਂ ਹਨ ਪਰ ਘਰਾਂ ਵਿੱਚ ਨਹੀਂ ਬਣੀਆਂ। ਜੋ ਸੁੱਕੀਆਂ ਲੈਟਰੀਨਾਂ ਹਨ ਉਹਨਾਂ ਦੀ ਸਫ਼ਾਈ ਵੀ ਹੱਥਾਂ ਨਾਲ਼ ਹੀ ਕੁਝ ਮਜ਼ਦੂਰ ਜਮਾਂਦਾਰ ਔਰਤਾਂ ਕਰਦੀਆਂ ਹਨ। ਜਦਕਿ ਬੀਡੀਓ ਕਹਿੰਦਾ ਕਿ ਪਿੰਡ 'ਚ ਕੋਈ ਸੁੱਕੀ ਲੈਟਰੀਨ ਨਹੀਂ ਹੈ। ਇਹੀ ਹਾਲਤ ਉਧਮ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਦੋਬਰਾ ਦੀ ਹੈ ਜਿੱਥੇ ਲੋਕ ਬਾਹਰ ਹੀ ਟੱਟੀ ਕਰਨ ਜਾਂਦੇ ਹਨ।

ਮੱਧ-ਪ੍ਰਦੇਸ਼, ਬਿਹਾਰ, ਯੂਪੀ, ਹਰਿਆਣਾ, ਮਹਾਂਰਾਸ਼ਟਰ, ਆਂਧਰ-ਪ੍ਰਦੇਸ਼, ਅਸਮ, ਬੰਗਾਲ ਆਦਿ ਸਭ ਥਾਂ ਗ਼ਰੀਬਾਂ ਦੇ ਰਿਹਾਇਸ਼ੀ ਇਲਾਕਿਆਂ ਵਿੱਚ 'ਸਵੱਛ ਭਾਰਤ ਅਭਿਆਨ' ਦੀ ਅਤੇ ਸਾਫ਼-ਸਫ਼ਾਈ ਦੀ ਥੋੜ੍ਹੇ ਬਹੁਤ ਫ਼ਰਕ ਨਾਲ਼ ਲਗਪਗ ਇਹੀ ਹਾਲਤ ਹੈ। ਜੰਮੂ-ਕਸ਼ਮੀਰ ਦੇ ਉਧਮਪੁਰ ਜ਼ਿਲ੍ਹੇ 'ਚ ਤਾਂ ਇੱਕ 14 ਸਾਲਾਂ ਕੁੜੀ ਨੇ 'ਸਵੱਛ ਭਾਰਤ ਅਭਿਆਨ' ਤਹਿਤ ਘਰ 'ਚ ਲੈਟਰੀਨ ਬਣਵਾਉਣ ਲਈ ਧਰਨਾ ਲਾਇਆ ਸੀ। ਉਸਨੇ ਆਪਣੇ ਘਰ 'ਚ ਲੈਟਰੀਨ ਬਣਵਾ ਕੇ ਉਸ ਵਿੱਚ ਟੱਟੀ ਕਰਨ ਦਾ ਜਮਹੂਰੀ ਹੱਕ ਮਸਾਂ ਹਾਸਲ ਕੀਤਾ ਸੀ ਜਿਸਦੀ ਜਿੱਤ ਦੀ ਕਵਰੇਜ਼ ਮੀਡੀਆ 'ਚ ਵੀ ਆਈ ਸੀ। ਇਹ ਸਾਰੀਆਂ ਖ਼ਬਰਾਂ ਹਾਲੇ ਵੀ 'ਸਵੱਛ ਭਾਰਤ ਮੁਹਿੰਮ' ਦਾ ਮੂੰਹ ਚਿੜਾਉਂਦੀਆਂ ਜਾਪਦੀਆਂ ਹਨ। 2015 'ਚ ਯੂਐਨਓ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੀ ਅੱਧੀ ਵੱਸੋਂ ਖੁੱਲ੍ਹੇ ਮੈਦਾਨ 'ਚ ਟੱਟੀ ਜਾਂਦੀ ਹੈ। ਇਸੇ ਅਨੁਸਾਰ ਹੀ ਗੰਦੀਆਂ ਥਾਂਵਾਂ 'ਤੇ ਰਹਿਣ ਕਰਕੇ ਤੇ ਸਿਹਤ ਸੰਭਾਲ ਦੀਆਂ ਸਹੂਲਤਾਂ ਦੀ ਘਾਟ ਕਰਕੇ ਭਾਰਤ ਵਿੱਚ ਹਰ ਸਾਲ 1,17,000 ਬੱਚੇ ਕੇਵਲ ਟੱਟੀਆਂ-ਉਲਟੀਆਂ (ਡਾਇਰੀਆ) ਕਰਕੇ ਮਰਦੇ ਹਨ। ਆਪਾਂ ਜੇਕਰ ਆਪਣੇ ਆਲੇ-ਦੁਆਲੇ ਹੀ ਨਜ਼ਰ ਮਾਰ ਲਈਏ ਤਾਂ 'ਸਵੱਛ ਭਾਰਤ ਮੁਹਿੰਮ' ਦਾ ਕੱਚ-ਸੱਚ ਸਾਹਮਣੇ ਆ ਜਾਵੇਗਾ। ਦੇਸ਼ ਦੇ ਸ਼ਹਿਰਾਂ ਦੀਆਂ ਝੌਂਪੜੀਆਂ ਵਾਲੀਆਂ ਗੰਦੀਆਂ ਬਸਤੀਆਂ, ਮਜ਼ਦੂਰਾਂ ਤੇ ਅਰਧ-ਮਜ਼ਦੂਰਾਂ ਦੇ ਰਿਹਾਇਸ਼ੀ ਇਲਾਕੇ, ਸੱਨਅਤੀ ਕੇਂਦਰਾਂ ਦੇ ਨਜ਼ਦੀਕ ਦੇ ਇਲਾਕਿਆਂ, ਰੇਲਵੇ ਲਾਇਨਾਂ ਦੇ ਨਾਲ਼ ਲੱਗਦੀਆਂ ਬਸਤੀਆਂ, ਗੰਦੇ ਨਾਲਿਆਂ 'ਤੇ ਰਹਿਣ ਲਈ ਮਜ਼ਬੂਰ ਲੋਕਾਂ ਦੀਆਂ ਰਿਹਾਇਸ਼ੀ ਥਾਂਵਾਂ ਅਤੇ ਪਿੰਡਾਂ ਵਿੱਚ ਨਿਆਈਆਂ ਦੇ ਖੇਤਾਂ ਦੀ ਥੋੜ੍ਹੀ ਜਿਹੀ ਯਾਤਰਾ ਹੀ 'ਸਵੱਛ ਭਾਰਤ ਮੁਹਿੰਮ' ਦਾ ਅਜਿਹਾ ਸਵੱਛ ਸੱਚ ਸਾਡੇ ਸਾਹਮਣੇ ਉਜਾਗਰ ਕਰੇਗੀ ਕਿ ਇੱਕ ਵਾਰ ਤਾਂ ਸਵੱਛ ਸ਼ਬਦ ਹੀ ਤੁਹਾਨੂੰ ਗੰਦਗੀ ਦਾ ਸਮਾਨਅਰਥੀ ਜਾਪਣ ਲੱਗੇਗਾ। 15 ਫਰਵਰੀ, 2018 ਦੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਹਾਲੇ ਵੀ 26 ਲੱਖ ਸੁੱਕੀਆਂ ਲੈਟਰੀਨਾਂ ਹਨ, ਭਾਵੇਂ ਇਹ ਅੰਕੜਾ ਵੀ ਅਸਲ ਹਾਲਤ ਨੂੰ ਬਿਆਨ ਨਹੀਂ ਕਰਦਾ। ਦੂਜੇ ਪਾਸੇ 'ਸਵੱਛ ਭਾਰਤ ਮੁਹਿੰਮ' ਤਹਿਤ ਜੋ ਲੈਟਰੀਨਾਂ ਬਣਾਈਆਂ ਵੀ ਗਈਆਂ ਹਨ ਉਹਦਾ ਲਾਭ ਵੀ ਜ਼ਿਆਦਾਤਰ ਸਰਕਾਰੇ ਦਰਬਾਰੇ ਪਹੁੰਚ ਵਾਲ਼ੇ ਹੀ ਲੈ ਗਏ। ਜਿਵੇਂ ਪੰਜਾਬ, ਰਾਜਸਥਾਨ ਦੇ ਕੁਝ ਪਿੰਡਾਂ ਦੀਆਂ ਜਾਣਕਾਰੀਆਂ ਸਾਨੂੰ ਮਿਲੀਆਂ ਹਨ, ਉਹਨਾਂ ਅਨੁਸਾਰ 'ਸਵੱਛ ਭਾਰਤ ਅਭਿਆਨ' ਤਹਿਤ ਘਰ ਵਿੱਚ ਲੈਟਰੀਨ ਬਣਾਉਣ ਲਈ ਜੋ ਪੈਸੇ ਮਿਲੇ ਸਨ ਉਹ ਜ਼ਿਆਦਾਤਰ ਧਨੀ ਕਿਸਾਨਾਂ ਨੇ ਲਏ ਹਨ ਜਦਕਿ ਬਹੁਤ ਸਾਰੇ ਮਜ਼ਦੂਰ ਪਰਿਵਾਰ ਇਸ ਤੋਂ ਵਾਂਝੇ ਰਹਿ ਗਏ। ਜਾਂ ਕਾਗ਼ਜਾਂ ਵਿੱਚ ਲੈਟਰੀਨ ਬਣਾ ਕੇ ਨੌਕਰਸ਼ਾਹੀ ਛਕ ਗਈ। 'ਸਵੱਛ ਭਾਰਤ ਅਭਿਆਨ' ਲਈ ਜੋ ਪੈਸੇ ਸਰਕਾਰ ਨੇ ਜਾਰੀ ਕੀਤੇ ਦੂਜੀਆਂ ਬਹੁਤ ਸਾਰੀਆਂ ਸਰਕਾਰੀ ਸਕੀਮਾਂ ਵਾਂਗ ਜ਼ਿਆਦਾਤਰ ਇਹ ਵੀ ਲੀਡਰਾਂ, ਨੌਕਰਸ਼ਾਹਾਂ ਤੇ ਉਹਨਾਂ ਦੇ ਚੇਲੇ-ਚਪਟਿਆਂ ਦੀ ਝੋਲੀ ਹੀ ਪਏ ਹਨ। ਜਿਹਨਾਂ ਨੂੰ ਸਰਕਾਰ ਖੁੱਲ੍ਹੇ 'ਚ ਟੱਟੀ ਜਾਣ ਤੋਂ ਮੁਕਤ ਕਰਾਉਣ ਲਈ ਫੰਡ ਜਾਰੀ ਕਰਦੀ ਹੈ ਅਤੇ ਸਵੱਛ ਭਾਰਤ ਮੁਹਿੰਮ ਚਲਾਉਂਦੀ ਹੈ ਉਹਨਾਂ ਦੀ ਹਾਲਤ ਤਾਂ ਅੱਜ ਵੀ ਪਹਿਲਾਂ ਵਾਲ਼ੀ ਹੀ ਹੈ ਭਾਵੇਂ ਕੁਝ ਗ਼ਰੀਬਾਂ ਨੂੰ ਰਾਹਤ ਵੀ ਮਿਲੀ ਜੋ ਕਿ ਊਠ ਦੇ ਮੂੰਹ ਜ਼ੀਰਾ ਸਮਾਨ ਹੈ। ਅਸਰ ਰਸੂਖ ਵਾਲਿਆਂ ਨੇ ਪਹਿਲਾਂ ਹੀ ਬਣੀਆਂ ਹੋਈਆਂ ਲੈਟਰੀਨਾਂ ਦੇ ਪੈਸੇ 'ਸਵੱਛ ਭਾਰਤ ਅਭਿਆਨ' ਦੇ ਫੰਡ 'ਚੋਂ ਲੈ ਲਏ। ਇਹੀ ਹੈ ਸਵੱਛ ਭਾਰਤ ਤੇ ਇਹੀ ਹੈ ਉਸਦੀ ਅਸਲੀਅਤ। ਜੀ ਹਾਂ, ਕਿਉਂਕਿ ਮੋਦੀ ਦੇ 'ਸਵੱਛ ਭਾਰਤ' ਦੇ ਸੰਕਲਪ ਵਿੱਚ ਜੋ ਲੋਕ ਆਉਂਦੇ ਹਨ ਉਹ ਤਾਂ ਪਹਿਲਾਂ ਹੀ ਸਵੱਛ ਹਨ ਉੱਤੋਂ ਸਵੱਛ ਭਾਰਤ ਮੁਹਿੰਮ ਇਹਨਾਂ ਸਵੱਛਾਂ 'ਚੋਂ ਕੁਝ ਲੋਕਾਂ ਨੂੰ ਹੋਰ ਸਵੱਛ ਬਣਾ ਗਈ। ਕਿਉਂਕਿ ਗ਼ਰੀਬ, ਮਜ਼ਦੂਰ ਲੋਕ ਤਾਂ ਮੋਦੀ ਦੇ ਕਲਪੇ 'ਸਵੱਛ ਭਾਰਤ' ਦੇ ਸੰਕਲਪ 'ਚ ਹੀ ਨਹੀਂ ਆਉਂਦੇ, ਹਾਂ ਪਰ ਇਹ ਗੰਦੇ, ਮੈਲੇ, ਖੁੱਲ੍ਹੀਆਂ ਥਾਂਵਾਂ 'ਤੇ ਟੱਟੀ ਕਰਦੇ ਲੋਕ ਮੋਦੀ ਜੀ ਦੇ ਸੱਭਿਅਕ ਆਕਿਆਂ ਤੇ ਮੱਧਵਰਗ ਨੂੰ ਚੁਭਦੇ ਹਨ। ਇਸ ਕਰਕੇ ਉਹ ਇਹਨਾਂ ਲੋਕਾਂ ਤੋਂ ਬਿਨਾਂ 'ਸਵੱਛ ਭਾਰਤ' ਚਾਹੁੰਦੇ ਹਨ। ਉਹ ਇਹ ਤਾਂ ਚਾਹੁੰਦੇ ਹਨ ਕਿ ਇਹ ਗ਼ਰੀਬ ਲੋਕ ਉਹਨਾਂ ਦੇ ਆਕਿਆਂ ਤੇ ਮੱਧਵਰਗ ਦੀ ਟੱਟੀ ਤੇ ਗੰਦਗੀ ਤਾਂ ਚੁੱਕਣ ਪਰ ਆਪ ਉਹ ਟੱਟੀ ਚੰਨ 'ਤੇ ਜਾ ਕੇ ਕਰਕੇ ਆਉਣ ਤੇ ਉੱਥੇ ਹੀ ਰਹਿਣ, ਸਵੱਛ ਭਾਰਤ 'ਚ ਗੰਦਨਾ ਪਾਉਣ ਬਸ 'ਸਵੱਛ ਭਾਰਤ' ਦਾ ਗੰਦ ਚੁੱਕਣ ਹੀ ਆਉਣ। ਇਸ ਮੁਹਿੰਮ ਰਾਹੀਂ ਕੁਝ ਭਾਵੁਕ ਭਾਸ਼ਣ ਦੇ ਕੇ ਤੇ ਕੁਝ ਫੰਡ ਜਾਰੀ ਕਰਕੇ ਕਾਗ਼ਜਾਂ ਵਿੱਚ ਓਡੀਐਫ ਦਿਖਾ ਕੇ ਕਿਵੇਂ ਮੋਦੀ ਸਰਕਾਰ ਲੋਕਾਂ ਨੂੰ ਉਹਨਾਂ ਦੀ ਬਹੁਤ ਹੀ ਬੁਨਿਆਦੀ ਸਹੂਲਤ ਦੇਣ ਦੇ ਨਾਂ 'ਤੇ ਉਹਨਾਂ ਦਾ ਮਜ਼ਾਕ ਉਡਾ ਰਹੀ ਹੈ। ਉੱਤੋਂ ਉਸ ਕੰਮ ਲਈ ਸੰਸਾਰ ਮੀਡੀਆ 'ਚ ਆਪਣੀ ਵਾਹ-ਵਹਾਈ ਖੱਟ ਰਹੀ ਹੈ ਜੋ ਜ਼ਿਆਦਾਤਰ ਕਾਗ਼ਜਾਂ ਵਿੱਚ ਹੀ ਪੂਰਾ ਹੋਇਆ ਹੈ।



ਦੂਜਾ ਕਿਉਂਕਿ ਦੇਸ਼ ਵਿੱਚ ਗ਼ਰੀਬ ਬਹੁ-ਗਿਣਤੀ ਹਨ ਅਤੇ ਉਹਨਾਂ ਤੋਂ ਵੋਟਾਂ ਵੀ ਲੈਣੀਆਂ ਹਨ ਅਤੇ ਉਹਨਾਂ ਨੂੰ ਮੂਰਖ ਬਣਾ ਕੇ ਆਪਣੇ ਸਰਮਾਏਦਾਰ ਮਾਲਕਾਂ ਦਾ ਧਰਮ ਨਿਭਾਉਣਾ ਹੈ, ਇਸ ਕਰਕੇ ਇਸ ਮੁਹਿੰਮ ਰਾਹੀਂ ਲੋਕਾਂ ਨੂੰ ਸਾਫ਼-ਸਫ਼ਾਈ ਰੱਖਣ ਦੀਆਂ ਕਾਗ਼ਜੀ ਨਸੀਅਤਾਂ ਦੇ ਕੇ ਕੰਮ ਸਾਰਿਆ ਗਿਆ। ਤਾਂ ਇਸ ਲਈ ਕੀਤੇ ਜਾਂਦੇ ਕੁੱਲ ਡਰਾਮਿਆਂ ਵਿੱਚੋਂ ਇਹ ਵੀ ਇੱਕ ਡਰਾਮਾ ਹੈ ਜੋ 2 ਅਕਤੂਬਰ 2014 ਨੂੰ ਮੋਦੀ ਦੇ ਇੱਕ ਭਾਵੁਕ ਭਾਸ਼ਣ ਨਾਲ਼ ਸ਼ੁਰੂ ਹੋਇਆ, ਕਾਗ਼ਜਾਂ ਤੇ ਇਸ਼ਤਿਆਰਾਂ ਰਾਹੀਂ 'ਸਵੱਛ ਭਾਰਤ' ਸਵੱਛ ਭਾਰਤ' ਕਰਦਾ ਪੰਜ ਸਾਲ ਚੱਲੇਗਾ ਅਤੇ 2019 'ਚ 2 ਅਕਤੂਬਰ ਨੂੰ ਸਾਰੇ ਭਾਰਤ ਨੂੰ ਸਵੱਛ ਬਣਾਉਣ ਦਾ ਸੰਕਲਪ ਪੂਰਾ ਕਰਨ ਦੇ ਮੋਦੀ ਦੇ ਭਾਸ਼ਣ ਨਾਲ਼ ਮਹਾਤਮਾ ਗਾਂਧੀ ਨੂੰ ਅਸਲ ਸਰਧਾਂਜਲੀ ਦੇ ਕੇ ਖ਼ਤਮ ਹੋਣ ਦੀ ਪੂਰੀ-ਪੂਰੀ ਸੰਭਾਵਨਾ ਹੈ। ਜਦ ਕਿ ਆਮ ਗ਼ਰੀਬ ਲੋਕਾਂ ਲਈ ਉਹੀ ਡੱਬਾ/ਬੋਤਲ ਤੇ ਉਹੀ ਖੁੱਲ੍ਹਾ ਮੈਦਾਨ ਭਾਵੇਂ ਕਿਸੇ ਲਈ ਇਹ ਤੰਗ ਹੋ ਸਕਦਾ ਪਰ ਇਸ ਲਈ ਮੋਦੀ ਜੀ ਜ਼ਿੰਮੇਵਾਰ ਨਹੀਂ।

ਜੇਕਰ ਵਾਕਿਆ ਹੀ ਮੋਦੀ ਜੀ ਲੋਕਾਂ ਦੀ ਇਸ ਸਮੱਸਿਆ ਤੋਂ ਫਿਕਰਮੰਦ ਹੁੰਦੇ ਤਾਂ ਨਾ ਤਾਂ ਮੁਹਿੰਮ ਕਾਗ਼ਜਾਂ ਤੱਕ ਸੀਮਤ ਰਹਿੰਦੀ ਅਤੇ ਨਾ ਹੀ ਇੰਨੀ ਦਫ਼ਤਰੀ ਢਿੱਲਮੱਠ, ਸਵਾਲ ਤਾਂ ਇਹ ਹੈ ਕਿ ਇਹ ਕੰਮ ਉਹ ਕਰਨਾ ਹੀ ਨਹੀਂ ਸੀ ਚਹੁੰਦੇ ਬਸ ਕਰਨ ਦਾ ਡਰਾਮਾ ਕਰਨਾ ਚਹੁੰਦੇ ਸਨ ਜੋ ਉਹਨਾਂ ਨੇ ਬਾਖੂਬੀ ਕੀਤਾ। ਇਹੀ ਮੋਦੀ ਜੀ ਆਪਣੇ ਆਕਿਆਂ ਦਾ ਕੰਮ ਝੱਟ ਕਰਦੇ ਹਨ, ਜਿਵੇਂ ਨੋਟਬੰਦੀ, ਜੀਐਸਟੀ ਦੀ ਉਦਾਹਰਨ ਲਈ ਜਾ ਸਕਦੀ ਹੈ। ਹਾਲ ਹੀ 'ਚ ਇੱਕ 'ਗ਼ੈਰ-ਬੈਂਕਿੰਗ ਫਾਇਨਾਂਸ ਕੰਪਨੀ' ਆਈਐਲ ਐਂਡ ਐਫਐਸ ਨੂੰ 91,000 ਕਰੋੜ ਦਾ ਘਾਟਾ ਕੀ ਪਿਆ ਸਰਕਾਰ ਨੇ ਤੁਰੰਤ ਐਲਆਈਸੀ ਤੇ ਐਸਬੀਆਈ ਦੇ ਖਾਤੇ ਖੋਲ੍ਹ ਦਿੱਤੇ। ਇਸੇ ਮੋਦੀ ਦਾ ਤੁਰੰਤ ਬਿਆਨ ਆਇਆ ਕਿ ਸਰਕਾਰ ਕੰਪਨੀ ਨੂੰ ਕਿਸੇ ਵੀ ਕੀਮਤ 'ਤੇ ਡੁੱਬਣ ਨਹੀਂ ਦੇਵੇਗੀ ਭਾਵੇਂ ਲੋਕਾਂ ਦੀ ਸੇਵਿੰਗ ਤੇ ਪੈਨਸ਼ਨ ਲਈ ਜੋੜੇ ਲੋਕਾਂ ਦੇ ਪੈਸੇ ਦਾ ਹੀ ਰਿਸਕ ਕਿਉਂ ਨਾ ਲੈਣਾ ਪਵੇ। ਵਿਜੈ ਮਾਲਿਆ, ਨੀਰਵ ਮੋਦੀ, ਮੇਹੁਲ ਚੌਕਸੀ ਆਦਿ ਨੂੰ ਭਜਾਉਣ ਵਿੱਚ ਸਰਕਾਰ ਨੇ ਕੋਈ ਢਿੱਲ ਮੱਠ ਨਹੀਂ ਕੀਤੀ। 48000 ਕਰੋੜ ਦੇ ਰਾਫੇਲ ਤੇ 3,98,36,07,00,000 ਦੀਆਂ ਰੂਸੀ ਮਜ਼ਾਇਲਾਂ ਖਰੀਦਣ ਵਿੱਚ ਕੋਈ ਢਿੱਲ ਨਹੀਂ। ਸਰਮਾਏਦਾਰਾਂ ਦੇ 3,16,500 ਕਰੋੜ ਦੇ ਕਰਜ਼ 'ਤੇ ਲੀਕ ਮਾਰਨ ਅਤੇ 7,70,000 ਕਰੋੜ ਨਾ ਮੁੜਣ ਯੋਗ ਕਰਜ਼ 'ਚ ਪਾ ਦਿੰਦੀ ਹੈ। ਹਰ ਤਰ੍ਹਾਂ ਦੀਆਂ ਸਬਸਿਡੀਆਂ ਉਹਨਾਂ ਨੂੰ ਦਿੰਦੀ ਹੈ। ਕੁਦਰਤੀ ਸਾਧਨਾਂ ਨੂੰ ਬਰਬਾਦ ਕਰਨ ਲਈ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ ਵੇਚਣ ਲਈ ਕੋਈ ਢਿੱਲ-ਮੱਠ ਨਹੀਂ ਕਰਦੀ। ਪਰ ਜਦ ਲੋਕਾਂ ਦੀ ਵਾਰੀ ਆਉਂਦੀ ਹੈ ਤਾਂ ਸਰਕਾਰ ਕੋਲ ਜਾਂ ਪੈਸੇ ਨਹੀਂ ਹੁੰਦੇ, ਜਾਂ ਕੰਮ ਉਦੋਂ ਯੋਜਨਾਬੱਧ ਹੋਣੋ ਹਟ ਜਾਂਦਾ ਹੈ, ਰਿਸ਼ਵਤਖੋਰੀ ਜਿੰਮੇਵਾਰ ਹੋ ਜਾਂਦੀ ਹੈ, ਅਫ਼ਸਰ ਪੈਸੇ ਖਾਣ ਲੱਗਦੇ ਹਨ ਵਗੈਰਾ-ਵਗੈਰਾ। ਇਸ ਸੱਚਾਈ 'ਕੱਲੇ ਮੋਦੀ ਲਾਣੇ ਦੀ ਹੀ ਨਹੀਂ ਸਗੋਂ ਕਾਂਗਰਸ, ਬਸਪਾ, ਸਪਾ, ਤ੍ਰਿਣਮੂਲ ਕਾਂਗਰਸ, ਆਪ, ਸੀਪੀਆਈ, ਸੀਪੀਐਮ ਆਦਿ ਸਭ ਬੁਰਜੂਆ ਪਾਰਟੀਆਂ ਦੀ ਹੈ ਜੋ ਹਰ ਹੀਲੇ ਸਰਰਮਾਏਦਾਰਾਂ ਦੀ ਸੇਵਾ ਦਾ ਮੌਕਾ ਹੱਥੋਂ ਖੁੰਝਾਉਣਾ ਨਹੀਂ ਚਹੁੰਦੀਆਂ। ਇੱਕ ਪਾਰਟੀ ਦੇ ਅਧੂਰੇ ਕੰਮ ਦੂਜੀ ਕਰਦੀ ਹੈ, ਸਰਮਾਏਦਾਰਾਂ ਪੱਖੀ ਤੇ ਲੋਕ ਦੋਖੀ ਨੀਤੀਆਂ 'ਤੇ ਸਭ ਅਖੌਤੀ ਪਾਰਟੀਆਂ ਦੀ ਸਹਿਮਤੀ ਹੈ ਬਸ ਤਰੀਕੇ ਅਲੱਗ-ਅਲੱਗ ਹਨ। ਅੰਦਾਜ਼ਾ ਲਾ ਸਕਦੇ ਹਾਂ ਕਿ ਦੇਸ਼ ਨੂੰ ਅਜ਼ਾਦ ਹੋਇਆਂ 71 ਸਾਲ ਹੋ ਗਏ ਪਰ ਦੇਸ਼ ਦੇ ਹਾਕਮਾਂ ਤੋਂ ਹਾਲੇ ਸਾਰੇ ਮੁਲਕ ਦੇ ਲੋਕਾਂ ਨੂੰ ਰੜੇ ਮੈਦਾਨ 'ਚ ਟੱਟੀ ਬੈਠਣ ਤੋਂ ਰੋਕਣ ਦਾ ਕੋਈ ਪ੍ਰਬੰਧ ਨਹੀਂ ਹੋ ਸਕਿਆ ਹੋਰ ਪਤਾ ਨਹੀਂ ਅਸੀਂ ਇਹਨਾਂ ਤੋਂ ਕੀ ਆਸਾਂ ਲਾਈ ਬੈਠੇ ਹਾਂ।

**ਲਲਕਾਰ 'ਚੋਂ ਧੰਨਵਾਦ ਸਹਿਤ**

## ਵੋਟਾਂ ਖਾਤਰ ਲਾਂਘੇ ਖੋਲਦੇ

ਵੋਟਾਂ ਖਾਤਰ ਲਾਂਘੇ ਖੋਲਦੇ
ਆ ਗਈ ਯਾਦ ਪੁਰਾਣੀ।
ਦੋਵੇਂ ਪਾਸੇ ਦਿਉ ਵਰਗੇ ਨੇ
ਰਲ ਗਈ ਹਾਕਮ ਢਾਣੀ।
ਨਾਨਕਾਣੇ ਦਾ ਚਾਅ ਚੜ੍ਹਿਆ ਕਿਦਾਂ,
ਖੇਖਣ ਅੱਖ ਪਹਿਚਾਣੀ।
ਲੋਕ ਮਸਲੇ ਮਸਲ ਕੇ ਰੱਖਣੇ,
ਉਲਝ ਗਈ ਜਦ ਤਾਣੀ।
ਸਰਹੱਦਾਂ ਤੇ ਪੁੱਤ ਮਰਨ ਬਿਗਾਨੇ,
ਲਾਟ ਕੰਨਾਂ ਦੇ ਥਾਣੀ।
ਲਾਹਾ ਲੈਣ ਲਈ ਲਟੋਪੀਂਘ ਨੇ,
ਕਰਦੇ ਕੁੱਤੇ ਖਾਣੀ।
ਰਾਜੇ ਸੀਹ ਤੇ ਮੁਕੱਦਮ ਨੇ ਕੁੱਤੇ
ਕਹੇ ਨਾਨਕ ਦੀ ਬਾਣੀ ।
ਧਾੜ ਲੁਟੇਰਿਆਂ ਦੀ
ਇੱਕ ਦੂਜੇ ਦੇ ਹਾਣੀ।

\- ਜਗਸੀਰ ਜੀਦਾ
Jagsirjeeda@gmailcom

# ਕਿਸਾਨ ਲਹਿਰ 'ਚ ਔਰਤਾਂ ਦੀ ਭੂਮਿਕਾ





ਹਰਿੰਦਰ ਕੌਰ ਬਿੰਦੂ
94656-95243

ਸਾਡੇ ਦੇਸ਼ ਦੇ ਹਾਕਮਾਂ ਵੱਲੋਂ ਸਾਮਰਾਜੀ ਲੋੜਾਂ ਅਨੁਸਾਰ ਵਿਕਸਤ ਕੀਤੇ ਖੇਤੀ ਮਾਡਲ ਕਾਰਨ ਪੈਦਾ ਹੋਇਆ ਖੇਤੀ ਸੰਕਟ ਆਏ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਦੀ ਕਿਸਾਨੀ 'ਤੇ ਪੈ ਰਹੀ ਮਾਰ ਦੀ ਚਰਚਾ ਵੀ ਪਿਛਲੇ ਕੁੱਝ ਸਮੇਂ ਭਖੀ ਹੋਈ ਹੈ। ਇਸ ਚਰਚਾ 'ਚ ਕਿਸਾਨ ਔਰਤਾਂ 'ਤੇ ਪੈ ਰਹੇ ਅਸਰਾਂ ਦਾ ਪੱਖ ਜਾਂ ਤਾਂ ਛੋਹਿਆ ਹੀ ਨਹੀਂ ਜਾਂਦਾ ਜਾਂ ਫਿਰ ਇਸ ਨੂੰ ਬਣਦਾ ਵਜ਼ਨ ਨਹੀਂ ਦਿੱਤਾ ਜਾਂਦਾ। ਕਿਸਾਨ ਔਰਤਾਂ ਇਸ ਦੀ ਸਭ ਤੋਂ ਭੈੜੀ ਤੇ ਬਹੁਪਰਤੀ ਮਾਰ ਹੰਢਾ ਰਹੀਆਂ ਹਨ। ਉਹ ਕਿਸਾਨ ਪਰਿਵਾਰ ਦਾ ਅੰਗ ਹੋਣ ਕਾਰਨ ਕਿਸਾਨੀ 'ਤੇ ਪੈ ਰਹੀ ਮਾਰ ਵੀ ਝੱਲਦੀਆਂ ਹਨ ਅਤੇ ਔਰਤ ਹੋਣ ਕਾਰਨ ਔਰਤ ਵਰਗ ਵਾਲੀਆਂ ਮੁਸੀਬਤਾਂ ਵੀ ਝੱਲਦੀਆਂ ਹਨ। ਪੰਜਾਬ 'ਚ ਅਹਿਮ ਗਿਣਤੀ ਬਣਦੇ ਥੁੜ੍ਹ-ਜ਼ਮੀਨੇ ਤੇ ਗ਼ਰੀਬ ਕਿਸਾਨ ਘਰਾਂ ਦੀਆਂ ਔਰਤਾਂ ਤਾਂ ਖੇਤੀ ਕੰਮਾਂ 'ਚ ਵੀ ਆਪਣੇ ਸਾਥੀ ਮਰਦਾਂ ਦੇ ਬਰਾਬਰ ਖੜ੍ਹਦੀਆਂ ਹਨ। ਉਹ ਨਰਮਾ ਚੁਗਾਈ ਤੇ ਨਰਮਾ ਗੁਡਾਈ ਵਰਗੇ ਖੇਤੀ ਕੰਮਾਂ ਤੋਂ ਇਲਾਵਾ ਪਸ਼ੂਆਂ ਲਈ ਖੇਤੋਂ ਹਰਾ-ਚਾਰਾ ਲਿਆਉਣ ਸਣੇ ਪਸ਼ੂਆਂ ਦੀ ਸੰਭਾਲ ਵਰਗੇ ਕੰਮਾਂ ਦਾ ਪੂਰਾ ਬੋਝ ਢੋਹਦੀਆਂ ਹਨ। ਉਨ੍ਹਾਂ ਵੱਲੋਂ ਔਰਤ ਹੋਣ ਕਾਰਨ ਚੁੱਲ੍ਹੇ-ਚੌਂਕੇ ਦੇ ਕੰਮ ਤੋਂ ਇਲਾਵਾ ਘਰ ਦੀ ਸਫ਼ਾਈ, ਲੀੜੇ ਲੱਤੇ ਦੀ ਧੁਆਈ, ਬੱਚਿਆਂ ਨੂੰ ਜਨਮ ਦੇਣ ਤੇ ਉਨ੍ਹਾਂ ਦੀ ਦੇਖ ਭਾਲ ਆਦਿ ਅਣਗਿਣਤ ਮੁਸ਼ੱਕਤੀ ਕੰਮਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਗਿਣਦਾ। ਵਧਦੇ ਕਰਜ਼ੇ, ਗ਼ਰੀਬੀ ਤੇ ਹਕੂਮਤ ਦੀ ਸਾਜਿਸ਼ ਦੀ ਲਪੇਟ 'ਚ ਆ ਕੇ ਨਸ਼ਿਆਂ ਦੀ ਗ੍ਰਿਫ਼ਤ 'ਚ ਆਏ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਦੀ ਹਾਲਤ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਾਰਾ ਦਿਨ ਧੰਦ ਪਿੱਟਣ ਦੇ ਬਾਵਜੂਦ ਗਾਲ੍ਹ ਧੁੱਪੜ ਤੇ ਬੋਲ-ਕੁਬੋਲ ਤਾਂ ਲਗਭਗ ਹਰ ਔਰਤ ਲਈ ਆਮ ਗੱਲ ਹੈ। ਥੱਪੜ, ਮੁੱਕੀ ਤੇ ਡਾਂਗ ਸੋਟੀ ਦੀ ਮਾਰ ਵੀ ਅਨੇਕਾਂ ਔਰਤਾਂ ਦੀ ਹੋਣੀ ਬਣ ਚੁੱਕੀ ਹੈ।

ਕਰਜ਼ੇ ਵਿੰਨ੍ਹੇ ਕਿਸਾਨਾਂ ਦੀਆਂ ਜ਼ਮੀਨਾਂ ਗਹਿਣੇ ਜਾਂ ਬੈਅ ਹੋਣ ਤੋਂ ਪਹਿਲਾਂ ਘਰ ਦੀਆਂ ਲੋੜਾਂ ਜਾਂ ਕਰਜ਼ੇ ਦਾ ਵਿਆਜ ਅਤੇ ਕਿਸ਼ਤਾਂ ਮੋੜਨ ਲਈ ਕਿਸਾਨ ਔਰਤਾਂ ਦੇ ਨੱਕ, ਕੰਨ ਤੇ ਗਲੇ ਦੀਆਂ ਟੂੰਮਾਂ ਵਿਕਦੀਆਂ ਹਨ। ਵਿਆਹ ਮੌਕੇ ਮਾਪਿਆਂ ਤੇ ਸਹੁਰਿਆਂ ਵੱਲੋਂ ਚਾਂਵਾ-ਰੀਝਾਂ ਨਾਲ ਨਿਸ਼ਾਨੀ ਵਜੋਂ ਪਾਈਆਂ ਇਨ੍ਹਾਂ ਟੂੰਮਾਂ ਦੇ ਹੱਥੋਂ ਕਿਰ ਜਾਣ ਦਾ ਜੋ ਹੇਰਵਾ ਤੇ ਨਮੋਸ਼ੀ ਕਿਸਾਨ ਔਰਤਾਂ ਹੰਢਾਉਂਦੀਆਂ ਹਨ, ਉਹ ਉਨ੍ਹਾਂ ਲਈ ਜ਼ਿੰਦਗੀ ਭਰ ਦਾ ਨਸੂਰ ਬਣ ਜਾਂਦਾ ਹੈ।

ਕਰਜ਼ੇ ਤੇ ਗ਼ਰੀਬੀ ਕਾਰਨ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਔਰਤਾਂ ਜਿੱਥੇ ਵਿਧਵਾ ਹੋਣ ਦਾ ਸੰਤਾਪ ਭੋਗਦੀਆਂ ਹਨ, ਉੱਥੇ ਘਰ 'ਚੋਂ ਕਮਾਊ ਮਰਦ ਦੇ ਤੁਰ ਜਾਣ ਤੇ ਕਰਜ਼ੇ ਦੀ ਪੰਡ ਸਿਰ ਖੜ੍ਹੀ ਹੋਣ ਦੇ ਬਾਵਜੂਦ ਘਰ ਦੀ ਕਬੀਲਦਾਰੀ ਦਾ ਤੋਰਾ-ਤੋਰਨ ਦੀ ਸਮੁੱਚੀ ਜ਼ਿੰਮੇਵਾਰੀ ਵੀ ਉਨ੍ਹਾਂ ਸਿਰ ਆ ਪੈਂਦੀ ਹੈ। ਜਦੋਂਕਿ ਕਮਾਊ ਮਰਦ ਦੇ ਤੁਰ ਜਾਣ ਪਿੱਛੋਂ ਕਮਾਈ ਦੇ ਵਸੀਲੇ ਹੋਰ ਵੀ ਸੁੰਗੜ ਕੇ ਰਹਿ ਜਾਂਦੇ ਹਨ।

ਕਿਸਾਨ ਔਰਤਾਂ ਖ਼ਾਸ ਕਰਕੇ ਗਰੀਬ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਦੀਆਂ ਇਹ ਹਾਲਤਾਂ ਜਿੱਥੇ ਉਨ੍ਹਾਂ ਲਈ ਮੁਸ਼ਕਲਾਂ ਦਾ ਸਬੱਬ ਬਣਦੀਆਂ ਹਨ, ਉੱਥੇ ਇਹੀ ਭੈੜੀਆਂ ਹਾਲਤਾਂ ਉਨ੍ਹਾਂ ਦੇ ਜਥੇਬੰਦ ਹੋਣ ਅਤੇ ਸੋਝੀ ਵਿਕਸਤ ਕਰਨ, ਆਪਣੇ ਪਰਾਏ ਦੀ ਪਛਾਣ ਬਣਾਉਣ, ਸਿਰੜੀ ਤੇ ਜੁਝਾਰੂ ਸੁਭਾਅ ਦੀਆਂ ਮਾਲਕ ਬਣਾਉਣ ਵਰਗੇ ਅਨੇਕਾਂ ਗੁਣ ਪੈਦਾ ਕਰਨ ਦਾ ਆਧਾਰ ਵੀ ਬਣਦੀਆਂ ਹਨ। ਕਿਸਾਨ ਔਰਤਾਂ ਨੂੰ ਜਥੇਬੰਦ ਕਰਦਿਆਂ ਉਨ੍ਹਾਂ ਦੇ ਅਨੇਕਾਂ ਸੋਝੀਵਾਨ ਤੇ ਜੁਝਾਰੂ ਪੱਖਾਂ ਨੂੰ ਨੇੜਿਓਂ ਤੱਕਿਆ ਹੈ। ਇਸ ਅਮਲ ਦੌਰਾਨ ਕਿਸਾਨ ਔਰਤਾਂ ਨੇ ਉਨ੍ਹਾਂ ਅੰਦਰ ਪਈ ਅਥਾਹ ਲੁਪਤ ਸਮਰੱਥਾ ਦੇ ਜਲਵੇਂ ਦਿਖਾਏ ਹਨ।

ਕਿਸਾਨ ਜਥੇਬੰਦੀ ਵੱਲੋਂ ਔਰਤਾਂ ਦੀ ਪੀੜਾ ਅਤੇ ਗੁਣਾਂ ਨੂੰ ਸਮਝਦਿਆਂ ਜਦੋਂ ਔਰਤਾਂ ਨੂੰ ਜਥੇਬੰਦ ਕਰਨ ਦਾ ਉੱਦਮ ਜੁਟਾਇਆ ਤਾਂ ਕਿਸਾਨ ਔਰਤਾਂ ਨੇ ਇਸ ਨੂੰ ਹੁੰਗਾਰਾ ਭਰਿਆ। ਉਹ ਨਾ ਸਿਰਫ਼ ਪਿੰਡਾਂ ਅੰਦਰ ਮੀਟਿੰਗਾਂ ਰੈਲੀਆਂ ਤੇ ਮਾਰਚਾਂ 'ਚ ਸ਼ਾਮਲ ਹੋਣ ਲੱਗੀਆਂ, ਸਗੋਂ ਸੂਬਾਈ ਇਕੱਠਾਂ ਅਤੇ ਕਰੜੇ ਘੋਲਾਂ 'ਚ ਵੀ ਹਾਜ਼ਰੀ ਭਰਨ ਲੱਗੀਆਂ। ਇਨ੍ਹਾਂ ਇਕੱਠਾਂ ਤੇ ਮੋਰਚਿਆਂ ਦੌਰਾਨ ਔਰਤਾਂ ਵੱਲੋਂ ਇੱਕ ਚਿੱਤ ਹੋ ਕੇ ਬੁਲਾਰਿਆਂ ਨੂੰ ਸੁਣਨ, ਸਮਝਣ ਬੇਹੱਦ ਜਬਤ ਦਿਖਾਉਣ ਅਤੇ ਪੁਲੀਸ ਨਾਲ ਟੱਕਰ ਦੌਰਾਨ ਉੱਚੀ ਮਾਨਸਿਕ ਤਿਆਰੀ ਦਿਖਾਉਣ ਵਰਗੇ ਕਦਮਾਂ ਨੇ ਔਰਤਾਂ ਪ੍ਰਤੀ ਸਮਾਜ 'ਚ ਬਣੀਆਂ ਨਾਂ-ਪੱਖੀ ਕਦਰਾਂ-ਕੀਮਤਾਂ ਨੂੰ ਭੰਨ ਸੁੱਟਿਆ। ਕਿਸਾਨ ਜਥੇਬੰਦੀ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਦਿਨ-ਰਾਤ ਦੇ ਲਗਾਤਾਰ ਚੱਲਣ ਵਾਲੇ ਮੋਰਚਿਆਂ 'ਚ ਕਿਸਾਨ ਆਗੂਆਂ ਦੇ ਭਾਸ਼ਣ ਔਰਤਾਂ ਲਈ ਸਿਆਸੀ ਸੋਝੀ ਹਾਸਲ ਕਰਨ ਦਾ ਸਕੂਲ ਹੋ ਨਿੱਬੜੇ। ਸਿੱਟੇ ਵਜੋਂ ਅਨੇਕਾਂ ਕਿਸਾਨ ਔਰਤਾਂ ਸਫ਼ਲ ਬੁਲਾਰਿਆਂ ਵਜੋਂ ਪ੍ਰਵਾਨ ਚੜ੍ਹ ਗਈਆਂ। ਇਹੀ ਅਨਪੜ੍ਹ ਤੇ ਅੱਧਪੜ੍ਹ ਔਰਤਾਂ ਨੇ ਜਦੋਂ ਆਪਣੇ ਹੱਡੀਂ ਹੰਢਾਈ ਜਾ ਰਹੀ ਪੀੜ ਨੂੰ ਸਾਦ-ਮੁਰਾਦੇ ਲਫ਼ਜਾਂ 'ਚ ਧੜੱਲੇ ਨਾਲ ਸਟੇਜ ਤੋਂ ਪੇਸ਼ ਕਰਨਾ ਸ਼ੁਰੂ ਕੀਤਾ ਤਾਂ ਇਕੱਠਾਂ 'ਚ ਸ਼ਾਮਲ ਸਮੂਹ ਹਿੱਸੇ ਧੁਰ ਅੰਦਰ ਤੱਕ ਹਲੂਣੇ ਗਏ। ਇੱਕ ਤੋਂ ਬਾਅਦ ਦੂਜੀ ਫਿਰ ਤੀਜੀ ਤੇ ਫਿਰ ਅਣਗਿਣਤ ਔਰਤ ਬੁਲਾਰਿਆਂ ਦੀ ਲੜੀ ਬਣ ਗਈ। ਸਿੱਟੇ ਵਜੋਂ ਇਕੱਲੇ ਬਠਿੰਡਾ ਜ਼ਿਲ੍ਹੇ 'ਚ ਹੀ ਕਰੀਬ ਦੋ ਦਰਜਨ ਔਰਤਾਂ ਵੱਖ-ਵੱਖ ਪੱਧਰਾਂ ਦੇ ਆਗੂਆਂ ਤੇ ਬੁਲਾਰਿਆਂ ਵਜੋਂ ਸਥਾਪਤੀ ਹਾਸਲ ਕਰ ਗਈਆਂ।

ਹੁਣ ਕਿਸਾਨ ਔਰਤਾਂ ਨਾ ਸਿਰਫ਼ ਕਿਸਾਨ ਘੋਲਾਂ ਦੀ ਤਾਕਤ ਵਧਾਉਂਦੀਆਂ ਹਨ, ਸਗੋਂ ਅਨੇਕਾਂ ਪੱਖਾਂ ਤੋਂ ਮੋਹਰੀ ਆਗੂ ਰੋਲ ਵੀ ਨਿਭਾਉਂਦੀਆਂ ਹਨ। ਜ਼ਿਲ੍ਹਾ ਬਠਿੰਡਾ 'ਚ ਕਿਸਾਨ ਔਰਤਾਂ ਨੇ ਹੁਣ ਵੱਖਰੀ ਜ਼ਿਲ੍ਹਾ ਕਮੇਟੀ ਵੀ ਜਥੇਬੰਦ ਕਰ ਲਈ ਹੈ। ਇੱਥੇ ਕਰਮਜੀਤ ਕੌਰ ਲਹਿਰਾਖਾਨਾ, ਹਰਪ੍ਰੀਤ ਕੌਰ ਜੇਠੂਕੇ, ਪਰਮਜੀਤ ਕੌਰ ਪਿੱਥੋ, ਪਰਮਜੀਤ ਕੌਰ ਕੋਟੜਾ ਤੇ ਮਾਲਣ ਕੌਰ ਕੋਠਾਗੁਰੂ, ਜ਼ਿਲ੍ਹਾ ਮੋਗਾ ਦੀ ਕੁਲਦੀਪ ਕੌਰ ਕੁੱਸਾ ਤੇ ਬਰਨਾਲਾ ਦੀ ਬਲਜੀਤ ਕੌਰ ਵਰਗੀਆਂ ਕਈ ਔਰਤਾਂ ਪਿੰਡ-ਪਿੰਡ ਕਿਸਾਨ ਔਰਤਾਂ ਨੂੰ ਲਾਮਬੰਦ ਤੇ ਜਾਗਰੂਕ ਕਰਨ ਲਈ ਦਿਨ-ਰਾਤ ਇੱਕ ਕਰ ਰਹੀਆਂ ਹਨ। ਉਹ ਜਥੇਬੰਦੀਆਂ ਦੀਆਂ ਜ਼ਿੰਮੇਵਾਰੀਆਂ ਤਨ-ਦੇਹੀ ਨਾਲ ਨਿਭਾਉਂਦੀਆਂ ਹੋਈਆਂ ਘਰਾਂ ਦੀ ਕਬੀਲਦਾਰੀ ਦਾ ਬੋਝ ਵੀ ਚੁੱਕ ਰਹੀਆਂ ਹਨ।

ਇਸ ਕਾਜ ਨੂੰ ਅੱਗੇ ਵਧਾਉਣ ਲਈ ਜਦੋਂ ਔਰਤ ਆਗੂਆਂ ਦੇ ਜਾਣ-ਆਉਣ ਦੀਆਂ ਲੋੜਾਂ ਵਧੀਆਂ ਤਾਂ ਅਨੇਕਾਂ ਅਨਪੜ੍ਹ ਤੇ ਅੱਧਪੜ੍ਹ ਔਰਤਾਂ ਨੇ ਦਿਨਾਂ 'ਚ ਹੀ ਗੱਡੀਆਂ ਚਲਾਉਣ ਦੀ ਮੁਹਾਰਤ ਹਾਸਲ ਕਰ ਲਈ। ਜਦੋਂ ਜਥੇਬੰਦੀ ਦੀਆਂ ਲੋੜਾਂ 'ਚੋਂ ਕੰਪਿਊਟਰ ਸਿੱਖਣ ਦੀ ਜ਼ਰੂਰਤ ਬਣੀ ਤਾਂ ਪੰਜ ਸੱਤ ਪੜ੍ਹੀ ਇੱਕ ਕਿਸਾਨ ਔਰਤ ਅੱਗੇ ਨਿੱਤਰ ਆਈ ਤੇ ਉਸ ਨੇ ਦਿਨਾਂ 'ਚ ਹੀ ਪੂਰੀ ਮੁਹਾਰਤ ਹਾਸਲ ਕਰ ਲਈ।

ਜਦੋਂ ਇਹ ਔਰਤ ਆਗੂ ਗੱਡੀਆਂ 'ਤੇ ਸਪੀਕਰ ਅਤੇ ਝੰਡੇ ਬੰਨ੍ਹ ਕੇ ਕਿਸੇ ਪਿੰਡ ਜਾਂਦੀਆਂ ਹਨ ਤਾਂ ਨਾ ਸਿਰਫ਼ ਕਿਸਾਨ ਔਰਤਾਂ ਸਗੋਂ ਮਰਦਾਂ ਵੱਲੋਂ ਵੀ ਅਥਾਹ ਸਤਿਕਾਰ ਤੇ ਭਰਵਾਂ ਹੁੰਗਾਰਾ ਮਿਲਦਾ ਹੈ। ਇਹ ਔਰਤਾਂ ਆਪਣੇ ਭਾਸਣਾਂ ਰਾਹੀਂ ਖੇਤੀ ਸੰਕਟ ਕਾਰਨ ਕਰਜ਼ੇ, ਖ਼ੁਦਕੁਸ਼ੀਆਂ ਤੇ ਬੇਰੁਜ਼ਗਾਰੀ ਆਦਿ ਸਮੱਸਿਆਵਾਂ ਦਾ ਮੂਲ ਕਾਰਨ ਸਾਮਰਾਜੀ ਤੇ ਜਗੀਰੂ ਲੁੱਟ-ਖਸੁੱਟ ਨੂੰ ਦਸਦਿਆਂ ਤੇ ਵਿਆਖਿਆ ਕਰਦਿਆਂ ਕਿਸਾਨ ਔਰਤਾਂ ਦੀ ਸੋਝੀ ਨੂੰ ਸਾਣ 'ਤੇ ਲਾਉਂਦੀਆਂ ਹਨ। ਉਹ ਦੱਸਦੀਆਂ ਹਨ ਕਿ ਹਰਾ ਇਨਕਲਾਬ ਸਾਡੇ ਕਿਸਾਨਾਂ ਦੀ ਨਹੀਂ ਸਾਮਰਾਜੀ ਮੁਲਕਾਂ ਦੀ ਤਕਨੀਕ ਤੇ ਮਸ਼ੀਨਰੀ ਦੀ ਵਿਕਰੀ ਯਕੀਨੀ ਬਣਾਉਣ ਦੀ ਲੋੜ ਦਾ ਸਿੱਟਾ ਹੈ। ਉਹ ਕਰਜ਼ੇ, ਖ਼ੁਦਕੁਸ਼ੀਆਂ, ਕੈਂਸਰ, ਹਾਰਟ ਅਟੈਕ ਤੇ ਗੁਰਦੇ ਫੇਲ੍ਹ ਹੋਣ ਵਰਗੀਆਂ ਬਿਮਾਰੀਆਂ ਦਾ ਸਬੰਧ ਹਾਕਮਾਂ ਦੀਆਂ ਸਾਮਰਾਜ ਤੇ ਜਗੀਰਦਾਰ ਪੱਖੀ ਨਿੱਜੀਕਰਨ, ਵਪਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨਾਲ ਜੋੜ ਕੇ ਅਸਲ ਦੋਸ਼ੀਆਂ ਦੀ ਪਛਾਣ ਕਰਾਉਂਦੀਆਂ ਹਨ।

## ਜਰੂਰਤ ਹੈ ਬਾਰਾਂ ਪੜ੍ਹਿਆ ਸਾਡਾ ਮੁੰਡਾ

ਜਰੂਰਤ ਹੈ
ਬਾਰਾਂ ਪੜ੍ਹਿਆ ਸਾਡਾ ਮੁੰਡਾ
ਬੈਂਡ ਲੈਣ ਤੋਂ ਜੋ ਹੈ ਖੁੰਝਾ
ਬੈਂਡਾਂ ਵਾਲੀ ਕੰਨਿਆਂ ਦੀ
ਉਸ ਦੇ ਲਈ ਜਰੂਰਤ ਹੈ
ਹੋਵੇ ਸਾਢੇ ਛੇ ਬੈਂਡਾਂ ਵਾਲੀ
ਮੂੰਹ ਮੱਥੇ ਬੱਸ ਲਗਦੀ ਹੋਵੇ
ਹੋਰ ਸ਼ਰਤ ਨਾ ਕੋਈ ਬਾਹਲੀ
ਬਾਹਰ ਪੜ੍ਹਾਈ ਵਾਲਾ ਖਰਚਾ
ਲੈ ਦਿਆਂਗੇ ਟਿਕਟ ਹਵਾਈ।
ਵਿਆਹ ਉੱਤੇ ਜੋ ਖਰਚਾ ਆਊ
ਉਹ ਵੀ ਅਸੀਂ ਕਰਾਂਗੇ ਭਾਈ
ਜੱਟ ਸਿੱਖ ਨੂੰ ਪਹਿਲ ਮਿਲੇਗੀ
ਪਰ ਹੈ ਸਾਡਾ ਟੱਬਰ ਫੱਕਰ
ਹੋਰ ਜਾਤ ਵੀ ਚੱਲ ਜਾਏਗੀ
ਨਹੀਂ ਜਾਤ ਦਾ ਕੋਈ ਚੱਕਰ
ਸ਼ਰਤ ਹੋਰ ਨਾ ਸਾਡੀ ਕੋਈ
ਫੌਰਨ ਸਾਡਾ ਨੰਬਰ ਮਿਲਾਓ
ਦੋਨੋ ਧਿਰਾਂ ਦਾ ਹੋਊ ਫਾਇਦਾ
ਛੇਤੀ ਕਰੋ ਨਾ ਵਕਤ ਗਵਾਓ

- ਹਰਜੀਤ ਬੇਦੀ

# ਸਰਵਉੱਚ ਅਦਾਲਤ ਨੇ ਸਮਲਿੰਗੀ ਸਬੰਧਾਂ ਨੂੰ ਗ਼ੈਰ-ਸੰਵਿਧਾਨਕ ਦੱਸਣ ਵਾਲੀ ਧਾਰਾ 377 ਨੂੰ ਬਦਲਿਆ

ਨਵਕਿਰਨ ਨੱਤ

ਹਾਲ ਹੀ ਵਿਚ ਜਦੋਂ ਸਰਵਉੱਚ ਅਦਾਲਤ ਨੇ ਸਮਲਿੰਗੀ ਸਬੰਧਾਂ ਨੂੰ ਗ਼ੈਰ-ਸੰਵਿਧਾਨਕ ਦੱਸਣ ਵਾਲੀ ਧਾਰਾ 377 ਨੂੰ ਬਦਲਿਆ ਤਾਂ ਦੇਸ਼ ਦੀ ਰਾਜਧਾਨੀ ਵਿਚ ਬੈਠੇ ਮੇਰੇ ਕੁਝ ਸਮਲਿੰਗੀ ਦੋਸਤ ਬਹੁਤ ਖੁਸ਼ ਹੋਏ। ਉਨ੍ਹਾਂ ਨੂੰ ਹੁਣ ਆਪਣੀ ਪਛਾਣ ਛੁਪਾਉਣ ਦੀ ਲੋੜ ਨਹੀਂ। ਉਹ ਇਸ ਫ਼ੈਸਲੇ 'ਤੇ ਖੁੱਲ੍ਹ ਕੇ ਖੁਸ਼ੀ ਮਨਾ ਰਹੇ ਹਨ, ਪਰ ਕੀ ਮੇਰੇ ਸ਼ਹਿਰ ਵਰਗੇ ਛੋਟੇ ਸ਼ਹਿਰਾਂ 'ਚ ਰਹਿਣ ਵਾਲੇ ਸਮਲਿੰਗੀ ਵਿਅਕਤੀਆਂ ਲਈ ਵੀ ਇਸ ਫ਼ੈਸਲੇ ਦੇ ਸਮਾਨ ਅਰਥ ਹਨ? ਕੀ ਉਹ ਵੀ ਉਸੇ ਤਰ੍ਹਾਂ ਆਪਣੀ ਖੁਸ਼ੀ ਜ਼ਾਹਿਰ ਕਰ ਪਾ ਰਹੇ ਹੋਣਗੇ? ਇਹ ਫ਼ੈਸਲਾ ਆਉਣ 'ਤੇ ਇਸ ਤਰ੍ਹਾਂ ਦੇ ਕਈ ਸਵਾਲ ਮੇਰੇ ਦਿਮਾਗ ਵਿਚ ਆਏ ਕਿਉਂਕਿ ਪਿਛਲੇ ਸਾਲਾਂ ਦੌਰਾਨ ਮੈਂ ਆਪ ਇਨ੍ਹਾਂ ਸਵਾਲਾਂ ਵਿਚਲਾ ਸਫ਼ਰ ਤੈਅ ਕੀਤਾ ਹੈ।



ਛੋਟੇ ਹੁੰਦਿਆਂ ਹਿਜੜਾ ਸਮਾਜ ਦੇ ਵਿਅਕਤੀਆਂ ਨੂੰ ਹੀਣ ਭਾਵਨਾ ਨਾਲ ਵੇਖਣਾ ਅਤੇ ਉਨ੍ਹਾਂ 'ਤੇ ਹੱਸਣਾ ਸਾਡੇ ਲਈ ਸਾਧਾਰਨ ਗੱਲ ਸੀ ਕਿਉਂਕਿ ਸਾਡੇ ਆਸ-ਪਾਸ ਦੇ ਸਮਾਜ ਨੇ ਸਾਡੇ ਲਈ ਇਸ ਨੂੰ ਸਾਧਾਰਨ ਬਣਾਇਆ ਸੀ। ਨੌਂਵੀਂ ਜਮਾਤ 'ਚ ਵਿਗਿਆਨ ਦੀ ਪਾਠ-ਪੁਸਤਕ 'ਚ ਜਦੋਂ ਪ੍ਰਜਣਨ ਕਿਰਿਆ ਬਾਰੇ ਪੜ੍ਹਾਇਆ ਗਿਆ ਅਤੇ ਦੱਸਿਆ ਗਿਆ ਕਿ ਐਕਸਐਕਸ ਕ੍ਰੋਮੋਸੋਮ ਹੋਵੇ ਤਾਂ ਮੁੰਡਾ ਪੈਦਾ ਹੁੰਦਾ ਹੈ, ਐਕਸਵਾਈ ਕ੍ਰੋਮੋਸੋਮ ਹੋਵੇ ਤਾਂ ਕੁੜੀ ਪੈਦਾ ਹੁੰਦੀ ਹੈ ਤੇ ਜੇਕਰ ਇਨ੍ਹਾਂ ਦੋਵਾਂ ਤੋਂ ਕੁਝ ਵੱਖਰਾ ਹੋਵੇ ਤਾਂ ਉਹ ਕੁਦਰਤ ਦੇ ਆਮ ਵਰਤਾਰੇ ਤੋਂ ਭਿੰਨ ਹੈ। ਭਾਵ ਅਸੁਭਾਵਿਕ ਹੈ ਜਾਂ ਵਿਗਿਆਨ ਦੀ ਭਾਸ਼ਾ 'ਚ ਕਿਹਾ ਜਾਵੇ ਤਾਂ ਇਕ ਬਿਮਾਰੀ। ਵਿਗਿਆਨ ਦੇ ਪੜ੍ਹਾਏ ਗਏ ਇਸ ਪਾਠ ਨੇ ਹਿਜੜਿਆਂ ਪ੍ਰਤੀ ਮੇਰੇ ਹੀਣ ਭਾਵਨਾ ਵਾਲੇ ਨਜ਼ਰੀਏ ਨੂੰ ਤਰਸ ਦੀ ਭਾਵਨਾ 'ਚ ਤਬਦੀਲ ਕਰ ਦਿੱਤਾ। ਮੈਨੂੰ ਹੁਣ ਹਿਜੜਾ ਸਮਾਜ ਦੇ ਵਿਅਕਤੀਆਂ 'ਤੇ ਹਾਸਾ ਨਹੀਂ ਸੀ ਆਉਂਦਾ, ਪਰ ਉਨ੍ਹਾਂ ਦੀ ਹੋਣੀ 'ਤੇ ਤਰਸ ਆਉਂਦਾ ਸੀ। ਕਿਸੇ 'ਤੇ ਤਰਸ ਆਉਣ ਦਾ ਮਤਲਬ ਤਾਂ ਅਸੀਂ ਸਭ ਚੰਗੀ ਤਰ੍ਹਾਂ ਸਮਝਦੇ ਹਾਂ, ਸਾਨੂੰ ਲੱਗਣ ਲੱਗਦਾ ਹੈ ਕਿ ਮੇਰੀ ਸਥਿਤੀ ਉਸ ਵਿਅਕਤੀ ਤੋਂ ਬਿਹਤਰ ਹੈ ਤੇ ਉਹ ਮੇਰੇ ਤੋਂ ਨੀਵਾਂ ਹੈ, ਵਿਚਾਰਾ ਹੈ।

ਸਕੂਲ ਖ਼ਤਮ ਕਰਕੇ ਪੰਜਾਬ ਯੂਨੀਵਰਸਿਟੀ ਵਿਚ ਦਾਖਲਾ ਲੈਣ ਤੋਂ ਬਾਅਦ ਸਮਲਿੰਗੀ ਰਿਸ਼ਤਿਆਂ ਬਾਰੇ, ਸਮਲਿੰਗੀ ਵਿਅਕਤੀਆਂ ਦੀ ਹੋਂਦ ਬਾਰੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਪੜ੍ਹਨਾ ਸ਼ੁਰੂ ਕੀਤਾ। ਜਦੋਂ ਇਨ੍ਹਾਂ ਮੁੱਦਿਆਂ 'ਤੇ ਗੱਲਬਾਤ ਸ਼ੁਰੂ ਹੋਈ ਤਾਂ ਮੇਰੇ ਵਿਚਾਰ ਕੁਝ ਬਦਲਣ ਲੱਗੇ। ਇਹ ਓਹੀ ਸਮਾਂ ਸੀ ਜਦੋਂ ਮੈਂ ਆਪ ਵੀ ਔਰਤਾਂ ਨਾਲ ਉਨ੍ਹਾਂ ਦੀ ਲਿੰਗਕ ਪਛਾਣ ਕਰਕੇ ਹੋਣ ਵਾਲੀਆਂ ਵਧੀਕੀਆਂ ਨੂੰ ਨੇੜੇ ਤੋਂ ਮਹਿਸੂਸ ਕਰਨ ਲੱਗੀ ਸੀ। ਇਸੇ ਦੌਰਾਨ ਇਕ ਦਿਨ ਪੰਜਾਬ ਯੂਨੀਵਰਸਿਟੀ ਦੇ ਗਾਂਧੀ ਆਡੀਟੋਰੀਅਮ 'ਚ ਧਨੰਜੇ ਚੌਹਾਨ ਨੂੰ ਸੁਣਿਆ ਜੋ ਇਸੇ ਯੂਨੀਵਰਸਿਟੀ ਦੇ ਸਾਬਕਾ ਕਰਮਚਾਰੀ ਰਹਿ ਚੁੱਕੇ ਸੀ। ਮੇਰੇ ਸਾਹਮਣੇ ਖੜ੍ਹਾ ਸਰੀਰਿਕ ਤੌਰ 'ਤੇ ਮਰਦ ਦਿਖਣ ਵਾਲਾ ਵਿਅਕਤੀ ਕਹਿ ਰਿਹਾ ਸੀ ਕਿ ਉਹ ਆਪਣੇ ਆਪ ਨੂੰ ਇਕ ਔਰਤ ਦੀ ਤਰ੍ਹਾਂ ਮਹਿਸੂਸ ਕਰਦਾ ਹੈ। ਮੈਨੂੰ ਇਸ ਗੱਲ ਨੇ ਬਹੁਤ ਵਿਚਲਿਤ ਕੀਤਾ ਕਿ ਮੇਰੇ ਸਾਹਮਣੇ ਦੀ ਇਹ ਤਸਵੀਰ ਬਚਪਨ ਤੋਂ ਲੈ ਕੇ ਹੁਣ ਤਕ ਮੇਰੇ ਅੱਗੇ ਪੇਸ਼ ਕੀਤੀਆਂ ਗਈਆਂ ਤਸਵੀਰਾਂ 'ਚੋਂ ਕਿਸੇ ਨਾਲ ਮੇਚ ਨਹੀਂ ਸੀ ਖਾਂਦੀ। ਜ਼ਿੰਦਗੀ 'ਚ ਪਹਿਲੀ ਵਾਰ ਮੇਰਾ ਕਿਸੇ ਸਮਲਿੰਗੀ ਵਿਅਕਤੀ ਨਾਲ ਵਾਹ ਪਿਆ ਸੀ, ਉਹ ਵੀ ਅਜਿਹਾ ਜਿਸਨੇ ਇੰਨੇ ਖੁੱਲ੍ਹੇ ਤਰੀਕੇ ਨਾਲ ਆਪਣੀਆਂ ਭਾਵਨਾਵਾਂ, ਸਮੱਸਿਆਵਾਂ ਨੂੰ ਸਭ ਦੇ ਸਾਹਮਣੇ ਰੱਖਿਆ। ਇਹ ਪਹਿਲੀ ਵਾਰ ਸੀ ਜਦੋਂ ਮੈਂ ਕਿਸੇ ਸਮਲਿੰਗੀ ਵਿਅਕਤੀ ਨੂੰ ਹੀਣ ਭਾਵਨਾ ਜਾਂ ਤਰਸ ਦੀ ਨਜ਼ਰ ਨਾਲ ਨਾ ਵੇਖ ਕੇ, ਮਹਿਜ਼ ਇਕ ਇਨਸਾਨ ਦੀ ਤਰ੍ਹਾਂ ਦੇਖਿਆ ਸੀ। ਉਸ ਦਿਨ ਮੈਨੂੰ ਉਸਦੀ ਲਿੰਗਕ ਪਛਾਣ ਕਰਕੇ ਉਸ ਨਾਲ ਹੋਈਆਂ ਵਧੀਕੀਆਂ ਅਤੇ ਸਮਾਜ 'ਚ ਔਰਤਾਂ ਨਾਲ ਹੁੰਦੇ ਸ਼ੋਸ਼ਣ 'ਚ ਇਕ ਸਮਾਨਤਾ ਮਹਿਸੂਸ ਹੋਈ ਸੀ। ਮੈਨੂੰ ਜਾਪਿਆ ਅਸੀਂ ਇਕੋ ਕਿਸ਼ਤੀ ਦੇ ਸਵਾਰ ਹਾਂ, ਫਰਕ ਏਨਾ ਸੀ ਕਿ ਮੇਰੀ ਹੋਂਦ ਨੂੰ ਤੇ ਮੇਰੀ ਲਿੰਗਕ ਪਛਾਣ ਨੂੰ ਇਸ ਸਮਾਜ ਵੱਲੋਂ ਮਾਨਤਾ ਮਿਲ ਚੁੱਕੀ ਹੈ ਜਿਸਦੇ ਫਲਸਰੂਪ ਮੇਰੇ ਨਾਲ ਹੁੰਦੀਆਂ ਵਧੀਕੀਆਂ ਦਾ ਬੇਸ਼ੱਕ ਹੱਲ ਨਾ ਹੋਵੇ, ਪਰ ਫਿਰ ਵੀ ਉਨ੍ਹਾਂ ਨੂੰ ਮਾਨਤਾ ਮਿਲ ਜਾਂਦੀ ਹੈ। ਪਰ ਉਸ ਲਈ ਉਸਦੀ ਹੋਂਦ ਨੂੰ ਮਾਨਤਾ ਮਿਲਣੀ ਵੀ ਅਜੇ ਬਾਕੀ ਸੀ, ਵਧੀਕੀਆਂ ਦੀ ਗੱਲ ਤਾਂ ਅਜੇ ਕੋਹਾਂ ਦੂਰ ਸੀ। ਇਸੇ ਘਟਨਾ ਤੋਂ ਬਾਅਦ ਹੀ ਮੈਂ ਸਮਲਿੰਗੀ ਸਮਾਜ ਦੇ ਵੱਖਰੇ-ਵੱਖਰੇ ਪੱਖਾਂ ਤੋਂ ਅਤੇ ਇਸ ਸਮਾਜ ਅੰਦਰਲੀਆਂ ਵਿਭਿੰਨਤਾਵਾਂ ਤੋਂ ਵੀ ਵਾਕਿਫ਼ ਹੋਈ। 5 ਸਤੰਬਰ, 2018 ਨੂੰ ਸੁਪਰੀਮ ਕੋਰਟ ਨੇ ਕਾਨੂੰਨੀ ਰੂਪ 'ਚ ਤਾਂ ਇਨ੍ਹਾਂ ਦੀ ਹੋਂਦ ਨੂੰ ਮਾਨਤਾ ਦੇ ਦਿੱਤੀ, ਪਰ ਫਿਰ ਵੀ ਸਮਾਜ ਦੇ ਵੱਡੇ ਹਿੱਸੇ ਵੱਲੋਂ ਅਜੇ ਮਾਨਤਾ ਮਿਲਣੀ ਬਾਕੀ ਹੈ।

ਸਮਾਜ ਦਾ ਵੱਡਾ ਹਿੱਸਾ ਅੱਜ ਵੀ ਇਹ ਸਮਝਦਾ ਹੈ ਕਿ ਮਰਦ ਦੇ ਸਰੀਰ ਵਿਚ ਹੁੰਦਿਆਂ ਕਿਸੇ ਔਰਤ ਨੂੰ ਚਾਹੁਣਾ ਜਾਂ ਔਰਤ ਰੂਪੀ ਸਰੀਰ ਵਿਚ ਹੋ ਕੇ ਕਿਸੇ ਮਰਦ ਨੂੰ ਚਾਹੁਣਾ ਹੀ ਕੁਦਰਤ ਦਾ ਸਹੀ ਵਰਤਾਰਾ ਹੈ। ਇਸ ਤੋਂ ਪਰੇ ਜੋ ਕੁਝ ਵੀ ਹੈ ਉਹ ਅਸਾਧਾਰਨ ਜਾਂ ਗ਼ੈਰ-ਕੁਦਰਤੀ ਹੈ, ਪਰ ਅਸੀਂ ਇਹ ਕਦੇ ਨਾ ਭੁੱਲੀਏ ਕਿ ਇਸ ਕੁਦਰਤੀ ਜਾਂ ਗ਼ੈਰ-ਕੁਦਰਤੀ ਦੀ ਪਰਿਭਾਸ਼ਾ ਤੈਅ ਕਰਨ ਵਾਲੇ ਵੀ ਅਸੀਂ ਹੀ ਹਾਂ। ਅੱਜ ਜਦੋਂ ਭਾਰਤੀ ਕਾਨੂੰਨ ਨੇ ਸਮਲਿੰਗੀ ਰਿਸ਼ਤਿਆਂ ਨੂੰ ਮਾਨਤਾ ਦੇ ਦਿੱਤੀ ਹੈ ਤਾਂ ਕਿਉਂ ਨਾ ਸਮਾਜ ਅੰਦਰਲੀਆਂ ਪਰਿਭਾਸ਼ਾਵਾਂ ਨੂੰ ਵੀ ਨਵੇਂ ਸਿਰੇ ਤੋਂ ਵੇਖਿਆ ਜਾਵੇ।

ਸਮਲਿੰਗੀ ਦੋਸਤ ਹੱਥਾਂ ਵਿਚ ਸਤਰੰਗੀ ਝੰਡੇ ਫੜ ਕੇ ਮਾਰਚ ਕੱਢਦੇ ਹਨ ਅਤੇ ਸਤਰੰਗੀ ਸਲਾਮ ਬੁਲਾਉਂਦੇ ਹਨ। ਜਦੋਂ ਮੈਂ ਇਕ ਦਿਨ ਆਪਣੇ ਇਕ ਦੋਸਤ ਤੋਂ ਇਸ ਝੰਡੇ ਦੇ ਅਰਥ ਪੁੱਛੇ ਤਾਂ ਉਸਨੇ ਦੱਸਿਆ ਕਿ ਸਤਰੰਗੀ ਝੰਡੇ ਦਾ ਮਤਲਬ ਅਜਿਹੇ ਸਮਾਜ ਦੀ ਕਲਪਨਾ ਹੈ ਜਿਸ 'ਚ ਵੱਖੋ-ਵੱਖਰੀ ਲਿੰਗਕ ਪਛਾਣ ਵਾਲੇ ਲੋਕ ਸਤਰੰਗੀ ਪੀਂਘ ਦੇ ਰੰਗਾਂ ਦੀ ਤਰ੍ਹਾਂ ਇਕ-ਦੂਜੇ ਨਾਲ ਮਿਲ ਕੇ ਪਿਆਰੇ ਸਮਾਜ ਦੀ ਰਚਨਾ ਕਰਨ। ਆਓ, ਸਾਰੇ ਮਿਲਕੇ ਇਸੇ ਦਿਸ਼ਾ ਵਿਚ ਕਦਮ ਵਧਾਈਏ ਕਿਉਂਕਿ ਸਮਾਜ ਵਿਚ ਲਿੰਗਕ ਬਰਾਬਰੀ ਦੀ ਲੜਾਈ ਸਿਰਫ਼ ਔਰਤਾਂ ਤਕ ਸੀਮਤ ਨਹੀਂ ਬਲਕਿ ਸਮਲਿੰਗੀ ਸਮਾਜ ਲਈ ਵੀ ਇਸ ਲੜਾਈ ਦੇ ਮਾਅਨੇ ਬਹੁਤ ਅਹਿਮ ਹਨ। ਸੁਪਰੀਮ ਕੋਰਟ ਨੇ ਤਾਂ ਆਪਣੇ ਫ਼ੈਸਲੇ ਵਿਚ ਇਹ ਕਹਿ ਕੇ ਕਾਨੂੰਨੀ ਰੂਪ 'ਚ ਆਪਣੀ ਗ਼ਲਤੀ ਦਾ ਪਛਤਾਵਾ ਕਰ ਲਿਆ ਹੈ ਕਿ 'ਇਤਿਹਾਸ ਨੂੰ ਐੱਲਜੀਬੀਟੀ ਸਮਾਜ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ।' ਪਰ ਸਮਾਜ ਵੱਲੋਂ ਅੱਜ ਤਕ ਕੀਤੀਆਂ ਗਈਆਂ ਜਾਂ ਹਾਲੇ ਵੀ ਕੀਤੀਆਂ ਜਾ ਰਹੀਆਂ ਵਧੀਕੀਆਂ ਦੇ ਪਛਤਾਵੇ ਲਈ ਆਓ ਮਿਲਕੇ ਇਕ ਅਜਿਹੇ ਸਮਾਜ ਦੀ ਸਥਾਪਨਾ ਕਰੀਏ ਜਿੱਥੇ ਕਿਸੇ ਵੀ ਇਨਸਾਨ ਨਾਲ ਉਸਦੀ ਲਿੰਗਕ ਪਛਾਣ ਕਰਕੇ ਕੋਈ ਭੇਦ-ਭਾਵ ਨਾ ਹੋਵੇ।

# ਨੌਜਵਾਨ, ਪੜ੍ਹੇ ਲਿਖੇ ਕਸ਼ਮੀਰੀ ਖਾੜਕੂ ਕਿਉਂ ਬਣ ਰਹੇ ਹਨ ?

ਚੜ੍ਹਦੀ ਉਮਰੇ ਮਰਨ ਦਾ ਰਾਹ ਕਿਉਂ ਚੁਣਿਆ?

ਅਰਾਮਦਾਇਕ ਕਮਰਿਆਂ ਵਿਚ ਬੈਠੇ ਸਿਆਸੀ ਵਿਸ਼ਲੇਸ਼ਣਕਾਰ, ਥਿੰਕ ਟੈਂਕ ਜਾਂ ਅਰਾਮ ਕੁਰਸੀਆਂ ਵਾਲੇ ਪੱਤਰਕਾਰ ਵੱਖੋ-ਵੱਖਰੇ ਸਿਧਾਂਤ ਪੇਸ਼ ਕਰ ਸਕਦੇ ਹਨ ਜੋ ਉਸਦੇ ਬੰਦੂਕ ਚੁੱਕਣ ਲਈ ਜ਼ੁੰਮੇਵਾਰ ਹੋਣਗੇ। ਲੇਕਿਨ ਕਸ਼ਮੀਰ ਦੇ ਕਿਸੇ ਬਾਸ਼ਿੰਦੇ ਲਈ, ਖ਼ਾਸ ਕਰਕੇ ਮਨਨ ਵਰਗੀ ਨੱਬੇਵਿਆਂ ਦੀ ਪੀੜ੍ਹੀ ਲਈ, ਉਸਦਾ ਬੰਦੂਕ ਚੁੱਕਣ ਦਾ ਫ਼ੈਸਲਾ ਬਹੁਤਿਆਂ ਲਈ ਹੈਰਤਅੰਗੇਜ਼ ਨਹੀਂ ਹੋਵੇਗਾ।

ਬੀਤੇ ਵਿਚ ਵੀ, ਸਰਦੇ-ਪੁੱਜਦੇ ਘਰਾਂ ਦੇ ਕਈ ਉੱਚ ਤਾਲੀਮਯਾਫ਼ਤਾ ਨੌਜਵਾਨ ਹਥਿਆਰਬੰਦ ਖਾੜਕੂਵਾਦ ਵਿਚ ਸ਼ਾਮਲ ਹੁੰਦੇ ਰਹੇ ਹਨ ਅਤੇ ਬਹੁਤ ਸਾਰੇ ਅੱਜ ਵੀ ਹੋ ਰਹੇ ਹਨ। ਕਸ਼ਮੀਰ ਵਿਚ ਚਾਰ-ਚੁਫੇਰੇ ਹਨੇਰਾ ਹੈ। 1947 ਤੋਂ ਲੈਕੇ ਨਵੀਂ ਦਿੱਲੀ ਵੱਲੋਂ ਕਸ਼ਮੀਰ ਮਸਲੇ ਨਾਲ ਜਿਵੇਂ ਨਜਿੱਠਿਆ ਗਿਆ ਅਤੇ ਅੱਜ ਵੀ ਨਜਿੱਠਿਆ ਜਾ ਰਿਹਾ ਹੈ ਉਹ ਕਿਸੇ ਲਈ ਵੀ ਇਸ ਪ੍ਰਬੰਧ ਤੋਂ ਉਕਤਾ ਜਾਣ ਲਈ ਕਾਫ਼ੀ ਹੈ।

ਕਸ਼ਮੀਰ ਵਿਚਲੇ ਦਿੱਲੀ ਦੇ ਚਹੇਤੇ ਮੁੱਖਧਾਰਾ ਆਗੂਆਂ ਤੋਂ ਲੈਕੇ, ਜਿਹਨਾਂ ਨੇ ਆਪਣੇ ਕਾਰਿਆਂ ਨਾਲ ਕਸ਼ਮੀਰ ਵਿਚ ਦਿੱਲੀ ਦਾ ਅਕਸ ਹੀ ਵਿਗਾੜਿਆ ਹੈ, ਇਸ ਦੀਆਂ ਘੋਰ 'ਤਾਕਤਵਰ' ਨੀਤੀਆਂ ਤਕ, ਕਸ਼ਮੀਰ ਦੇ ਆਵਾਮ ਨੂੰ ਕਿਵੇਂ ਨਾ ਕਿਵੇਂ ਇਹ ਗੱਲ ਜਚ ਗਈ ਹੈ ਕਿ ਹਿੰਦੁਸਤਾਨ ਦੀ ਹਕੂਮਤ ਉਹਨਾਂ ਦੀ ਗੱਲ ਨਹੀਂ ਸੁਣੇਗੀ। ਹੱਤਿਆਵਾਂ, ਕਰਫ਼ਿਊ ਅਤੇ ਹੜਤਾਲਾਂ, ਅਤੇ ਅਫਸਪਾ ਅਤੇ ਪੀ.ਐੱਸ.ਏ. (ਪਬਲਿਕ ਸਕਿਊਰਿਟੀ ਐਕਟ) ਵਰਗੇ ਅਸਧਾਰਨ ਕਾਨੂੰਨ ਉਹ ਮਾਹੌਲ ਹੈ ਜਿਸ ਵਿਚ ਇਕ ਕਸ਼ਮੀਰੀ ਦੀ ਜ਼ਿੰਦਗੀ ਗੁਜ਼ਰਦੀ ਹੈ ਅਤੇ ਉਸਦੇ ਚਾਰ-ਚੁਫ਼ੇਰੇ ਘੁੱਪ ਹਨੇਰਾ ਹੈ।

ਦੋ ਕੁ ਦਿਨ ਹੋਏ, ਇਕ ਮਸ਼ਹੂਰ ਕਸ਼ਮੀਰੀ ਕਾਲਮ-ਨਵੀਸ ਨੇ ਲਿਖਿਆ ਕਿ ਜੇ ਦਿੱਲੀ ਸ੍ਰੀਨਗਰ ਉੱਪਰ ਬੰਬਾਂ ਦੀ ਬਰਸਾਤ ਵੀ ਕਰ ਦਿੰਦੀ ਹੈ, ਕੋਈ ਅੱਖ ਵੀ ਨਹੀਂ ਝਪਕੇਗਾ, ਅਤੇ ਇਸ ਨੂੰ ਵੀ ਭਾਰੀ ਹਮਾਇਤ ਮਿਲੇਗੀ। ਕਸ਼ਮੀਰੀ ਮਹਿਸੂਸ ਕਰਦੇ ਹਨ ਕਿ ਨਵੀਂ ਦਿੱਲੀ ਵਿਚ, ਜਾਂ ਜਿੱਥੋਂ ਤਕ ਇਸ ਗੱਲ ਦਾ ਸਬੰਧ ਹੈ ਜ਼ਿਆਦਾਤਰ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਕਸ਼ਮੀਰੀਆਂ ਲਈ ਕੋਈ ਹਮਦਰਦੀ ਨਹੀਂ ਹੈ।

ਐਸੇ ਹਾਲਾਤ ਵਿਚ, ਪੜ੍ਹੇਲਿਖੇ ਅਤੇ ਸਿਆਸੀ ਤੌਰ 'ਤੇ ਜਾਗਰੂਕ ਨੌਜਵਾਨ ਨਿਸ਼ਚੇ ਹੀ ਨਪੀੜੇ ਜਾ ਰਹੇ ਮਹਿਸੂਸ ਕਰਨਗੇ, ਅਤੇ ਆਪੋ-ਆਪਣੀ ਮੰਜ਼ਲੇ-ਮਕਸੂਦ ਅਨੁਸਾਰ ਇਸ ਹਾਲਾਤ ਵਿੱਚੋਂ ਨਿਕਲਣ ਬਾਰੇ ਸੋਚਣਗੇ। ਇਸਦਾ ਨਤੀਜਾ ਮਨਨ ਵਾਨੀ ਵਰਗੇ ਹੋਣਹਾਰ ਵਿਦਵਾਨਾਂ ਦੇ ਬੰਦੂਕ ਚੁੱਕਣ ਵਿਚ ਨਿਕਲਦਾ ਹੈ।

ਰੈਡੀਕਲ ਰੰਗ ਚੜ੍ਹਨਾ, ਗੁੰਮਰਾਹ ਕਰਕੇ ਸੋਚ ਬਦਲਣਾ, ਬੇਰੁਜ਼ਗਾਰੀ ਵਗੈਰਾ ਵਰਗੇ ਇੰਤਹਾ ਸਿੱਧੜ ਸਿਧਾਂਤ ਇਕ ਤਰਕਸ਼ੀਲ ਦਿਮਾਗ ਨੂੰ ਕਾਇਲ ਕਰਕੇ ਮਨਨ ਵਾਨੀ ਦੀ ਤਰ੍ਹਾਂ ਬੰਦੂਕ ਚੁੱਕਣ ਦੇ ਫ਼ੈਸਲੇ ਲੈਣ ਲਈ ਕਾਫ਼ੀ ਨਹੀਂ। ਇਹ ਅੰਧਕਾਰ ਅਤੇ ਕਸ਼ਮੀਰ ਵਿਚ ਇਕ ਪੁਰਅਮਨ ਤੇ ਸਨਮਾਨਜਨਕ ਜ਼ਿੰਦਗੀ ਦੀ ਨਾਉਮੀਦੀ ਹੀ ਹੈ ਜੋ ਨੌਜਵਾਨਾਂ ਨੂੰ ਬੰਦੂਕ ਵੱਲ ਧੱਕ ਰਹੀ ਹੈ।

ਕਸ਼ਮੀਰ ਵਿਚ ਜ਼ਿਆਦਾਤਰ ਆਮ ਦਿਨਾਂ ਵਿਚ ਸੜਕਾਂ ਉੱਪਰ ਖ਼ੂਨਖ਼ਰਾਬੇ, ਕਤਲਾਂ, ਅਪਾਹਜ ਬਣਾ ਦੇਣ, ਪੱਥਰਬਾਜ਼ੀ, ਪੈਲੇਟ ਅਤੇ ਗੋਲੀਆਂ ਦੀਆਂ ਬੌਛਾੜਾਂ ਦਾ ਟਵੰਟੀ-ਟਵੰਟੀ ਮੈਚ ਹੁੰਦਾ ਹੈ। ਰਾਤ ਵੇਲੇ, ਇਸ ਹਿੰਸਾ ਦਾ ਸਤਾਇਆ ਮੇਰੇ ਵਰਗਾ ਬੰਦਾ

(ਸਫ਼ਾ 32 ਦੀ ਬਾਕੀ)

ਹਿੰਦੁਸਤਾਨੀ ਵਿਦਵਾਨਾਂ ਦਾ ਮੂਡ ਜਾਨਣ ਲਈ ਟੀਵੀ ਚੈਨਲਾਂ ਵੱਲ ਪਰਤਦਾ ਹੈ। ਉਹਨਾਂ ਨੂੰ ਸੁਣਕੇ ਬੰਦਾ ਹੋਰ ਵੀ ਪ੍ਰੇਸ਼ਾਨ ਹੋ ਜਾਂਦਾ ਹੈ, ਜਿਸ ਤਰ੍ਹਾਂ ਦਾ ਜ਼ਹਿਰ ਉਹਨਾਂ ਵਿੱਚੋਂ ਕਈ ਕਸ਼ਮੀਰੀਆਂ ਦੇ ਖ਼ਿਲਾਫ਼ ਉਗਲੱਛਦੇ ਹਨ, ਜਿਵੇਂ ਉਹ ਸਾਡਾ ਪੱਖ ਸੁਣੇ ਬਗ਼ੈਰ ਕਸ਼ਮੀਰ ਵਿਚ ਕਤਲਾਂ ਅਤੇ ਵਹਿਸ਼ਤ ਨੂੰ ਜਾਇਜ਼ ਠਹਿਰਾਉਂਦੇ ਹਨ।

ਮੈਂ ਇਕਦਮ ਟੀਵੀ ਬੰਦ ਕਰ ਦਿੰਦਾ ਹਾਂ। ਤਿੰਨ ਸਾਲ ਤੋਂ ਵਧੇਰੇ ਹੋ ਗਿਆ, ਜਦੋਂ ਮੈਂ ਅਤੇ ਮੇਰੇ ਵਰਗੇ ਬਹੁਤ ਸਾਰਿਆਂ ਨੇ ਸ਼ਾਇਦ ਹੀ ਕਦੇ ਕਿਸੇ ਹਿੰਦੁਸਤਾਨੀ ਟੀਵੀ ਚੈਨਲ ਉੱਪਰ ਕਸ਼ਮੀਰ ਨਾਲ ਸਬੰਧਤ ਬਹਿਸ ਦੇਖੀ ਹੋਵੇਗੀ।

ਇਕ ਆਮ ਕਸ਼ਮੀਰ ਕੀ ਕਰੇਗਾ, ਜਦੋਂ ਉਹ ਮਹਿਸੂਸ ਕਰਦੇ ਹਨ ਕਿ ਆਲੇ-ਦੁਆਲੇ ਉਹਨਾਂ ਦਾ ਪੱਖ ਸੁਨਣ ਵਾਲਾ, ਉਹਨਾਂ ਨਾਲ ਹਮਦਰਦੀ ਕਰਨ ਵਾਲਾ ਕੋਈ ਨਹੀਂ, ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਤਾਂ ਗੱਲ ਹੀ ਛੱਡੋ?

ਜਦੋਂ ਕਸ਼ਮੀਰ ਦੀ ਗੱਲ ਆਉਂਦੀ ਹੈ, ਹਿੰਦੁਸਤਾਨ ਦੇ ਖੱਬੇ, ਸੱਜੇ ਅਤੇ ਮੱਧਮਾਰਗੀ ਸਾਰੇ ਇੱਕੋ ਥਾਂ ਖੜ੍ਹੇ ਜਾਪਦੇ ਹਨ। ਉਹ ਕਸ਼ਮੀਰ ਨੂੰ ਇਕ ਗੰਭੀਰ ਸਿਆਸੀ ਮਸਲੇ ਵਜੋਂ ਨਹੀਂ ਲੈਂਦੇ ਜਿਸਦਾ ਫੌਰੀ ਹੱਲ ਕਰਨਾ ਜ਼ਰੂਰੀ ਹੈ। ਸਗੋਂ ਹਰ ਕਿਸੇ ਕੋਲ ਦੇਣ ਲਈ ਸਲਾਹਾਂ ਹਨ ਕਿ ਕਸ਼ਮੀਰ ਨਾਲ ਕਿਵੇਂ ਨਜਿੱਠਿਆ ਜਾਵੇ, ਗੋਲੀਆਂ ਦੀ ਥਾਂ ਪੈਲੇਟ ਗੰਨਾਂ ਅਤੇ ਪੈਲੇਟ ਗੰਨਾਂ ਦੀ ਥਾਂ ਰਬੜ ਦੀਆਂ ਗੋਲੀਆਂ ਕਿਵੇਂ ਲਿਆਂਦੀਆਂ ਜਾਣ। ਲੇਕਿਨ ਕੋਈ ਵੀ ਝਗੜੇ ਨਾਲ ਸਬੰਧਤ ਤਮਾਮ ਧਿਰਾਂ ਨਾਲ ਗੱਲਬਾਤ ਦਾ ਅਮਲ ਚਲਾਕੇ ਕਸ਼ਮੀਰ ਵਿਚ ਅਮਨ ਲਿਆਉਣ ਦੀ ਵਕਾਲਤ ਨਹੀਂ ਕਰਦਾ। ਦਹਾਕਿਆਂ ਤੋਂ ਕਸ਼ਮੀਰ ਅਮਨ ਲਈ ਤਾਂਘ ਰਿਹਾ ਹੈ ਅਤੇ ਗੱਲਬਾਤ ਦੇ ਕਿਸੇ ਵੀ ਹਾਂਪੱਖੀ ਕਦਮ ਦਾ ਕਸ਼ਮੀਰੀ ਤਹਿ ਦਿਲੋਂ ਸਵਾਗਤ ਕਰਨਗੇ।

ਮਨਨ ਨਿੱਠਕੇ ਪੜ੍ਹਨ ਵਾਲਾ ਪਾਠਕ ਸੀ, ਲਿਓ ਟਾਲਸਟੋਏ ਅਤੇ ਅਰਨੈਸਟ ਹੈਮਿੰਗਵੇ ਵਰਗੇ ਬਹੁਤ ਸਾਰੇ ਪੱਛਮੀ ਲੇਖਕਾਂ ਨੂੰ ਪੜ੍ਹਨ ਦਾ ਸ਼ੌਕੀ। ਉਹ ਵਧੀਆ ਲੇਖਕ ਸੀ ਜਿਸਨੇ ਬਹੁਪੱਖੀ ਸਮਾਜੀ-ਸਿਆਸੀ ਮੁੱਦੇ ਉਠਾਉਂਦਿਆਂ ਸਿਆਸੀ ਵਿਅੰਗ ਲਿਖਣ ਸਮੇਤ ਬਹੁਤ ਸਾਰੇ ਬਲਾਗ ਲਿਖੇ। ਉਸਨੇ ਮੁੱਢਲੀ ਤਾਲੀਮ ਕੇਂਦਰ ਸਰਕਾਰ ਦੀ ਮਸ਼ਹੂਰ ਸਕੂਲੀ ਵਿਵਸਥਾ ਨਵੋਦਿਆ ਵਿਦਿਆਲਿਆ ਤੋਂ ਲਈ ਜਿਥੇ ਗਤੀਸ਼ੀਲ ਅਤੇ ਵੰਨ-ਸੁਵੰਨਤਾ ਵਾਲਾ ਸਮਾਜੀ ਮਾਹੌਲ ਹੈ। ਵਿਗਿਆਨਕ ਸੁਭਾਅ ਵਾਲੇ ਮਨਨ ਨੇ ਬਿਹਤਰੀਨ ਪ੍ਰਯੋਗਸ਼ਾਲਾਵਾਂ ਵਿਚ ਕੰਮ ਕੀਤਾ, ਆਪਣੇ ਵਿਦਿਆਰਥੀ ਜੀਵਨ ਦੀ ਸਰਗਰਮ ਜ਼ਿੰਦਗੀ ਦੌਰਾਨ ਉਸਦਾ ਕਈ ਜ਼ਹੀਨ ਦਿਮਾਗਾਂ ਨਾਲ ਆਦਾਨ-ਪ੍ਰਦਾਨ ਹੋਇਆ। ਫਿਰ ਵੀ ਉਸਨੇ ਬੰਦੂਕ ਚੁੱਕਣ ਦਾ ਰਾਹ ਅਖ਼ਤਿਆਰ ਕੀਤਾ।

ਉਸ ਦੇ ਮਨ ਵਿਚ ਦਰਅਸਲ ਕੀ ਗੁਜ਼ਰ ਰਹੀ ਸੀ, ਇਹ ਅਸੀਂ ਕਦੇ ਵੀ ਨਹੀਂ ਜਾਣ ਸਕਾਂਗੇ, ਲੇਕਿਨ ਅਸੀਂ ਕੁਛ ਕੜੀ-ਰਿਸ਼ਤੇ ਤਾਂ ਜੋੜ ਹੀ ਸਕਦੇ ਹਾਂ। 21ਵੀਂ ਸਦੀ ਵਿਚ, ਜਦੋਂ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਜ਼ਿੰਦਗੀ ਦੀਆਂ ਸਹੂਲਤਾਂ ਮਨੁੱਖ ਦੇ ਪੋਟਿਆਂ ਉੱਪਰ ਹਨ, ਜਦੋਂ ਉਸਦੇ ਹਮ-ਰੁਤਬਾ ਲੋਕ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਿਚ ਮਾਣ-ਸਨਮਾਨ ਵਾਲੀ ਜ਼ਿੰਦਗੀ ਗੁਜ਼ਾਰ ਰਹੇ ਹਨ, ਜਦੋਂ ਜਾਨਵਰਾਂ ਦੇ ਹੱਕਾਂ ਨੂੰ ਲੈਕੇ ਐਨੀ ਹਾਲ-ਪਾਹਰਿਆ ਮਚਾਈ ਜਾਂਦੀ ਹੈ, ਲੇਕਿਨ ਕਸ਼ਮੀਰੀਆਂ ਦੇ ਹੱਕ ਨਜ਼ਰਅੰਦਾਜ਼ ਕੀਤੇ ਜਾਂਦੇ ਹਨ ਅਤੇ ਉਹਨਾਂ ਦੀ ਕੋਈ ਪ੍ਰਵਾਹ ਹੀ ਨਹੀਂ ਕੀਤੀ ਜਾਂਦੀ।

ਮਨਨ ਵਰਗੇ ਕਿਸੇ ਕਸ਼ਮੀਰੀ ਨੂੰ ਘਰ ਪਹੁੰਚਣ ਲਈ ਵੀ ਦਰਜਨਾਂ ਸੁਰੱਖਿਆ ਨਾਕਿਆਂ ਵਿੱਚੋਂ ਦੀ ਗੁਜ਼ਰਨਾ ਪੈਂਦਾ ਹੈ। ਜਦੋਂ ਤੁਹਾਨੂੰ ਆਜ਼ਾਦੀ ਨਾਲ ਘੁੰਮਣ ਦੀ ਖੁੱਲ੍ਹ ਨਹੀਂ, ਜਦੋਂ ਤੁਹਾਡੇ ਵਾਲਾਂ ਦੇ ਸਟਾਈਲ ਅਤੇ ਪਹਿਰਾਵੇ ਨੂੰ ਲੈਕੇ ਸਵਾਲ ਕੀਤੇ ਜਾਂਦੇ ਹਨ, ਅਤੇ ਤੁਹਾਡੀਆਂ ਕੋਈ ਵੀ ਪ੍ਰਾਪਤੀਆਂ ਅਤੇ ਵਿਦਿਅਕ ਯੋਗਤਾਵਾਂ ਸੁਰੱਖਿਆ ਦਸਤਿਆਂ ਦੇ ਗੁੱਸੇ ਤੋਂ ਤੁਹਾਡਾ ਬਚਾਉ ਕਰਨ ਦੇ ਕੰਮ ਨਹੀਂ ਆਉਂਦੀਆਂ, ਤਾਂ ਤੁਸੀਂ ਆਖ਼ਿਰ ਬੰਦੂਕ ਚੁੱਕ ਲੈਂਦੇ ਹੋ।

ਜਦੋਂ ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਕਿਸੇ ਸੰਭਵ ਗੱਲਬਾਤ ਦੀ ਕੋਈ ਉਮੀਦ ਨਹੀਂ ਜਾਪਦੀ। ਜਦੋਂ ਕਸ਼ਮੀਰ ਨੇ ਬਿਨਾ ਕਾਰਨ ਹੀ ਭਾਜਪਾ ਦੇ 2019 ਦੀਆਂ ਚੋਣਾਂ ਦੇ ਏਜੰਡਾ ਵਿਚ ਕੇਂਦਰੀ ਥਾਂ ਹਾਸਲ ਕਰ ਲਿਆ ਹੈ। ਜਦੋਂ ਧਾਰਾ 35-ਏ ਅਤੇ ਧਾਰਾ 270 ਨਾਲ ਲਗਾਤਾਰ ਛੇੜਛਾੜ ਕੀਤੀ ਜਾ ਰਹੀ ਹੈ। ਜਦੋਂ ਤੁਹਾਨੂੰ ਹਿੰਦੀ ਖੇਤਰ ਦੇ ਔਸਤ ਵੋਟਰ ਨੂੰ ਕਸ਼ਮੀਰ ਬਾਰੇ ਆਪਣੀ ਧੱਕੜ ਨੀਤੀ ਨਾਲ ਸੰਤੁਸ਼ਟ ਕਰਨਾ ਪੈ ਰਿਹਾ ਹੈ... ਤਾਂ ਆਮ ਕਸ਼ਮੀਰੀ ਦਹਿਸ਼ਤ ਨਾਲ ਸਹਿਮਿਆ ਮਹਿਸੂਸ ਕਰਦਾ ਹੈ ਅਤੇ ਉਹ ਜਿੱਥੋਂ ਤਕ ਦੇਖ ਸਕਦਾ ਹੈ ਉਸ ਨੂੰ ਕੇਵਲ ਅੰਧਕਾਰ ਹੀ ਨਜ਼ਰ ਆਉਂਦਾ ਹੈ।

ਕਸ਼ਮੀਰ ਦੇ ਜੋ ਇਲਾਕੇ ਹੁਣ ਤਕ ਸ਼ਾਂਤ ਸਨ ਉੱਥੇ ਫ਼ੌਜ ਦੇ ਨਵੇਂ ਕੈਂਪ ਬਣਾਏ ਜਾਣ ਨਾਲ ਅਤੇ ਜਦੋਂ ਹਾਲਾਤ 90ਵਿਆਂ ਦੀ ਯਾਦ ਦਿਵਾ ਰਹੇ ਹਨ, ਜਾਂ ਉਸ ਤੋਂ ਵੀ ਭੈੜੇ ਹਨ, ਤਾਂ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਹੋਰ ਵਧੇਰੇ ਨੌਜਵਾਨ ਖਾੜਕੂਆਂ ਦੀਆਂ ਸਫ਼ਾਂ ਵਿਚ ਸ਼ਾਮਲ ਹੋਣਗੇ। ਹੋਰ ਵਧੇਰੇ ਹਿੰਸਾ ਅਤੇ ਹੋਰ ਵਧੇਰੇ ਮੌਤਾਂ ਹੋਣਗੀਆਂ। ਜਿਵੇਂ ਸੁਰੱਖਿਆ ਮਾਹਰਾਂ ਨੇ ਪੇਸ਼ੀਨਗੋਈ ਕੀਤੀ ਹੈ, ਮਨਨ ਵਾਨੀ ਦੀ ਸੂਰਤ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਬਹੁਤ ਸਾਰੇ ਨੌਜਵਾਨਾਂ ਨੂੰ ਖਾੜਕੂ ਲਹਿਰ ਵਿਚ ਖਿੱਚ ਸਕਦੀ ਹੈ।

ਕਸ਼ਮੀਰੀ ਅਮਨ ਚਾਹੁੰਦੇ ਹਨ ਅਤੇ ਹਿੰਦੁਸਤਾਨ ਹਕੂਮਤ ਦਾ ਕੋਈ ਵੀ ਗੰਭੀਰ ਯਤਨ ਸੈਂਕੜੇ ਨੌਜਵਾਨਾਂ ਨੂੰ ਖਾੜਕੂ ਲਹਿਰ ਵਿਚ ਸ਼ਾਮਲ ਹੋਣ ਅਤੇ ਚੜ੍ਹਦੀ ਜਵਾਨੀ ਵਿਚ ਮਰਨ ਤੋਂ ਰੋਕਕੇ ਉਹਨਾਂ ਦੀਆਂ ਜਾਨਾਂ ਬਚਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਅਮਨ ਦੇ ਨਿੱਕੇ ਜਹੇ ਇਸ਼ਾਰੇ ਦਾ ਵੀ ਕਸ਼ਮੀਰ ਦੇ ਆਵਾਮ ਵੱਲੋਂ ਹਮੇਸ਼ਾ ਸਵਾਗਤ ਕੀਤਾ ਜਾਂਦਾ ਹੈ। ਜੇ ਨਵੀਂ ਦਿੱਲੀ ਕਸ਼ਮੀਰੀਆਂ ਨੂੰ ਸੱਚੀਓਂ ਹੀ ਆਪਣੇ ਨਾਗਰਿਕ ਸਮਝਦੀ ਹੈ, ਇਸ ਨੂੰ ਕਸ਼ਮੀਰ ਵਿਚ ਅਮਨ ਮੁੜ-ਬਹਾਲ ਕਰਨ ਲਈ ਫੌਰੀ ਤੌਰ 'ਤੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਮਾਯੂਸ ਅਤੇ ਅਲੱਗ-ਥਲੱਗ ਮਹਿਸੂਸ ਕਰ ਰਹੇ ਨੌਜਵਾਨਾਂ ਦਾ ਭਰੋਸਾ ਮੁੜ ਜਾਗ ਸਕੇ।

ਉਂਵ ਹੀ ਕਸ਼ਮੀਰ ਨਾਲ ਨਜਿੱਠਣ ਦੀ ਬਜਾਏ ਜੇ ਸਮੇਂ ਦੀਆਂ ਸਰਕਾਰਾਂ ਨੇ ਕੁਛ ਮਜ਼ਬੂਤ ਅਤੇ ਦਲੇਰ ਕਦਮ ਚੁੱਕੇ ਹੁੰਦੇ ਜਿਵੇਂ ਰਿਆਸਤ ਦੇ ਖਾੜਕੂਵਾਦ ਤੋਂ ਮੁਕਤ ਇਲਾਕਿਆਂ ਵਿੱਚੋਂ ਅਫਸਪਾ ਕਾਨੂੰਨ ਵਾਪਸ ਲੈਣਾ, ਸਿਵਲ ਇਲਾਕਿਆਂ ਵਿੱਚੋਂ ਫ਼ੌਜ ਹਟਾਉਣਾ, ਜਾਂ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣਾ, ਤਾਂ ਜ਼ਮੀਨੀ ਸਥਿਤੀ ਪੂਰੀ ਤਰ੍ਹਾਂ ਵੱਖਰੀ ਹੋਣੀ ਸੀ। ਐਸੇ ਕਦਮਾਂ ਨੇ ਜਮਹੂਰੀਅਤ ਵਿਚ ਅਵਾਮ ਦਾ ਭਰੋਸਾ ਚੋਖੀ ਹੱਦ ਤਕ ਮੁੜ ਬਹਾਲ ਕਰ ਦੇਣਾ ਸੀ ਅਤੇ ਅੱਜ ਜੋ ਖ਼ੂਨ-ਖ਼ਰਾਬਾ ਅਸੀਂ ਕਸ਼ਮੀਰ ਦੀਆਂ ਸੜਕਾਂ ਉੱਪਰ ਦੇਖ ਰਹੇ ਹਾਂ, ਇਹ ਬਹੁਤ ਘੱਟ ਜਾਣਾ ਸੀ।

# ਨਵੀਂ ਫ਼ਸਲ ਖਰੀਦ ਨੀਤੀ:
## ਕਿਸਾਨਾਂ ਨਾਲ ਧੋਖਾ

(ਸਫ਼ਾ 25 ਦੀ ਬਾਕੀ)

ਮਜਬੂਰ ਹੁੰਦੇ ਹਨ। ਸਰਕਾਰ ਨੇ 23 ਫ਼ਸਲਾਂ 'ਤੇ ਘੱਟੋ ਘੱਟ ਸਮੱਰਥਨ ਮੁੱਲ ਤੈਅ ਕੀਤਾ ਹੈ ਪਰ ਇਨ੍ਹਾਂ ਦੀ ਖ਼ਰੀਦ ਦਾ ਕੋਈ ਪ੍ਰਬੰਧ ਨਹੀਂ ਪਰ ਹਾਲ ਦੀ ਘੜੀ ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਦੀ ਸਰਕਾਰੀ ਖਰੀਦ ਕੀਤੀ ਜਾਂਦੀ ਹੈ।

ਜਦੋਂ ਅਸੀਂ ਮੋਦੀ ਸਰਕਾਰ ਦੇ ਸਵਾਮੀਨਾਥਨ ਦੇ ਸੀ2 ਤੋਂ ਏ2+ਐਫਐਲ ਫਾਰਮੂਲੇ ਅਨੁਸਾਰ ਕਿਸਾਨ ਨੂੰ ਸਮੱਰਥਨ ਮੁੱਲ ਦੇ ਵਾਧੇ ਦੀ ਹਕੀਕਤ ਨੂੰ ਦੇਖਦੇ ਹਾਂ ਤਾਂ ਕੈਂਪ ਨੇ 2018-19 ਲਈ ਏ2+ਐਫਐਲ ਫਾਰਮੂਲੇ ਤਹਿਤ ਛੇ ਫ਼ਸਲਾਂ ਦੀਆਂ ਕੁੱਲ ਭਾਰਤ ਔਸਤ ਅਨੁਸਾਰ ਉਤਪਾਦਨ ਲਾਗਤਾਂ ਤੈਅ ਕੀਤੀਆਂ ਹਨ। ਇਨ੍ਹਾਂ ਉਤਪਾਦਨ ਲਾਗਤਾਂ ਵਿਚ ਇਹ ਵਾਧਾ ਕਣਕ 'ਚ 6.00 ਪ੍ਰਤੀਸ਼ਤ , ਜੌਂਅ 1.78, ਚਨਾ 7.15, ਮਸਰ 7.02, ਸਰ੍ਹੋਂ 4.19 ਅਤੇ ਸੂਰਜਮੁਖੀ 'ਚ 5.41 ਪ੍ਰਤੀਸ਼ਤ ਦਿਖਾਇਆ ਹੈ। ਇਹ ਵਾਧਾ ਖੇਤੀ ਲਾਗਤਾਂ ਦੇ ਰੇਟ ਵਧਣ ਦੇ ਹਿਸਾਬ ਨਾਲ ਸਰਸਰੀ ਤੌਰ 'ਤੇ ਦੇਖਣ ਤੋਂ ਹੀ ਗ਼ਲਤ ਦਿਸਦਾ ਹੈ। ਕਿਉਂਕਿ ਡੀਜ਼ਲ ਦੇ ਰੇਟ ਲਗਪਗ 19 ਰੁਪਏ ਲਿਟਰ ਲਗਪਗ 35 ਪ੍ਰਤੀਸ਼ਤ, ਭਾਰਤ ਦੇ ਖਾਦ ਵੇਚਣ ਵਾਲੇ ਇਫਕੋ ਨੇ ਡਾਇਅਮੋਨੀਅਮ ਦੇ ਰੇਟ 21520 ਟਨ ਤੋਂ 28000 ਰੁਪਏ 30.1 ਪ੍ਰਤੀਸ਼ਤ, ਐਨਪੀਕੇ ਦੀਆਂ ਤਿੰਨ ਕਿਸਮਾਂ ਦੇ 27, 30,4 ਅਤੇ 26.1 ਪ੍ਰਤੀਸ਼ਤ, ਪ੍ਰਤੀ 5 ਲਿਟਰ ਨਦੀਨ ਨਾਸ਼ਕ ਦੇ 390-400 ਤੋਂ 480-500 ਅਤੇ ਕੀਟਨਾਸ਼ਕ ਦੇ 280-290 ਤੋਂ 350-360 ਰੁਪਏ ਵਧਾ ਦਿਤੇ ਗਏ ਹਨ। ਕੈਂਪ ਨੇ ਕਈ ਮਹੀਨੇ ਪਹਿਲਾਂ ਜੁਲਾਈ 2018 ਦੀਆਂ ਕੀਮਤਾਂ ਦੇ ਆਧਾਰ 'ਤੇ ਕਿਸਾਨਾਂ ਦੀਆਂ ਰਬੀ ਦੀਆਂ ਫ਼ਸਲਾਂ ਦੀਆਂ ਖੇਤੀ ਲਾਗਤਾਂ ਨੂੰ ਤੈਅ ਕੀਤਾ ਸੀ। ਉਸ ਸਮੇਂ ਡੀਜ਼ਲ ਦੀ ਕੀਮਤ 68 ਰੁਪਏ ਸੀ। ਇਹੀ ਹਾਲਤ ਖਾਦਾਂ, ਕੀੜੇਮਾਰ, ਨਦੀਨ-ਨਾਸਕ ਅਤੇ ਹੋਰ ਰਸਾਇਣਾਂ ਦੀ ਸੀ ਪਰ ਪਿਛਲੇ ਤਿੰਨ ਮਹੀਨਿਆਂ ਵਿਚ ਰੁਪਏ ਦੀ ਕੀਮਤ ਘਟਣ ਅਤੇ ਤੇਲ ਦੀਆਂ ਕੀਮਤਾਂ ਮਹਿੰਗੀਆਂ ਹੋਣ ਨਾਲ ਕਿਸਾਨਾਂ ਦੀਆਂ ਖੇਤੀ ਲਾਗਤਾਂ ਵੀ ਤੇਜ਼ੀ ਨਾਲ ਵਧੀਆਂ ਹਨ। ਇਸ ਕਰਕੇ ਕੈਕਪ ਵੱਲੋਂ ਰਬੀ ਸੀਜ਼ਨ ਦੀਆਂ ਫ਼ਸਲਾਂ ਦੀਆਂ ਉਤਪਾਦਨ ਲਾਗਤਾਂ ਅਸਲੀ ਫ਼ਸਲ ਉਤਪਾਦਨ ਲਾਗਤਾਂ ਨਾਲੋਂ ਕਿਤੇ ਘੱਟ ਹਨ ਭਾਵੇਂ ਇਹ ਏ+ਐਫਐਲ ਨਾਲ ਹੀ ਤੈਅ ਕੀਤੀਆਂ ਗਈਆਂ ਹਨ। ਕਿਸਾਨ ਇਕ ਏਕੜ ਕਣਕ ਦੇ ਖੇਤ ਵਿਚ 80 ਲਿਟਰ ਡੀਜ਼ਲ ਦੀ ਖਪਤ ਕਰਦਾ ਹੈ। ਇਸ ਹਿਸਾਬ ਨਾਲ ਡੀਜ਼ਲ ਦੇ ਰੇਟ 20 ਰੁਪਏ ਵਧਣ ਨਾਲ ਇਕ ਏਕੜ ਦਾ ਖ਼ਰਚਾ 1600 ਰੁਪਏ ਵਧ ਜਾਂਦਾ ਹੈ ਜੋ 20 ਕਵਿੰਟਲ ਕਣਕ ਦੇ ਝਾੜ ਦੇ ਹਿਸਾਬ ਨਾਲ 80 ਰੁਪਏ ਪ੍ਰਤੀ ਕਵਿੰਟਲ ਕਣਕ ਦਾ ਖ਼ਰਚਾ ਵਧ ਜਾਂਦਾ ਹੈ। ਜੇ ਖਾਦ ਅਤੇ ਕੀੜੇਮਾਰ ਦਵਾਈਆਂ ਅਤੇ ਹੋਰ ਰਸਾਇਣਾਂ ਦਾ ਖ਼ਰਚਾ ਜੋੜ ਲਿਆ ਜਾਵੇ ਤਾਂ ਇਹ ਖ਼ਰਚਾ ਕਣਕ ਦੇ ਘੱਟੋ ਘੱਟ ਸਮੱਰਥਨ ਮੁੱਲ 'ਚ ਵਧਾਏ 105 ਰੁਪਏ ਕਵਿੰਟਲ ਨਾਲੋਂ ਵੱਧ ਜਾਂਦਾ ਹੈ। ਇਸ ਤਰ੍ਹਾਂ ਮੋਦੀ ਸਰਕਾਰ ਵਲੋਂ ਕਣਕ ਦੇ ਉਤਪਾਦਕ ਦਾ ਡੇਢ ਗੁਣਾ ਤਾਂ ਕੀ ਦੇਣਾ ਸੀ ਸਗੋਂ ਏ2+ਐਫਐਲ ਫਾਰਮੂਲੇ ਮੁਤਾਬਿਕ ਵੀ ਕਣਕ ਦੀ ਫ਼ਸਲ ਕੀਮਤ ਉਤਪਾਦਕ ਲਾਗਤ ਤੋਂ ਵੀ ਘੱਟ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਚਨਾ, ਮਸਰ, ਸਰ੍ਹੋਂ, ਸੂਰਜਮੁਖ ਆਦਿ ਦੇ ਖਾਦਾਂ, ਕੀੜੇਮਾਰ, ਨਦੀਨ-ਨਾਸਕ ਅਤੇ ਹੋਰ ਰਸਾਇਣਾਂ ਅਤੇ ਜੀਐਸਟੀ ਦੇ ਖ਼ਰਚੇ ਜੋੜ ਕੇ ਦੇਖੀਏ ਤਾਂ ਇਨ੍ਹਾਂ ਰਬੀ ਫ਼ਸਲਾਂ ਦੀਆ ਕੀਮਤਾਂ ਵੀ ਡੇਢ ਗੁਣਾ ਵੱਧ ਨਹੀਂ ਬਣਦੀਆਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਣਕ ਅਤੇ ਝੋਨੇ ਨੂੰ ਛੱਡ ਕੇ ਬਾਕੀ ਫ਼ਸਲਾਂ ਨੂੰ ਤਾਂ ਘੱਟੋ ਘੱਟ ਸਮੱਰਥਨ ਮੁੱਲ ਵੀ ਨਹੀਂ ਮਿਲਦਾ।

ਅਸੀਂ ਕਿਸਾਨਾਂ ਦੀਆਂ ਫ਼ਸਲਾਂ ਦੀ ਮੰਡੀ ਵਿਚ ਤਾਜ਼ਾ ਹੁੰਦੀ ਦੁਰਦਸ਼ਾ ਦੀ ਇਕ ਹੋਰ ਉਦਾਹਰਨ ਲੈਂਦੇ ਹਾਂ। ਭਾਰਤ ਸਰਕਾਰ ਨੇ ਬਾਜਰੇ ਦਾ ਘੱਟੋ ਘੱਟ ਸਮੱਰਥਨ ਮੁੱਲ 1950 ਰੁਪਏ ਕਵਿੰਟਲ ਤੈਅ ਕੀਤਾ ਹੈ। ਪਰ ਰਾਜਸਥਾਨ ਦੀਆਂ ਤਿੰਨ ਮੰਡੀਆਂ ਨਵਲਗੜ੍ਹ, ਨੀਮ ਕਾ ਥਾਨਾ ਅਤੇ ਝੁਨਝੁਨ ਵਿਚ ਬਾਜਰਾ ਅਕਤੂਬਰ 2018 ਦੇ ਪਹਿਲੇ ਦੋ ਹਫ਼ਤੇ ਘੱਟੋ ਘੱਟ ਸਮੱਰਥਨ ਮੁੱਲ ਤੋਂ ਕਿਤੇ ਘੱਟ ਰੇਟ 'ਤੇ ਵਿਕਿਆ। ਨਵਲਗੜ੍ਹ 'ਚ ਬਾਜਰੇ ਦੀ ਆਮਦ 4519 ਕਵਿੰਟਲ ਸੀ, ਮੰਡੀ ਰੇਟ 1316 ਰੁਪਏ ਕਵਿੰਟਲ, ਪ੍ਰਤੀ ਕਵਿੰਟਲ ਘਾਟਾ 634 ਰੁਪਏ ਅਤੇ ਕੁੱਲ ਘਾਟਾ 28,65,046 ਰੁਪਏ ਸੀ। ਨੀਮ ਕਾ ਥਾਨਾ ਆਮਦ 3996 ਕਵਿੰਟਲ , ਮੰਡੀ ਰੇਟ 1319 ਰੁਪਏ ਕਵਿੰਟਲ, ਪ੍ਰਤੀ ਕਵਿੰਟਲ ਘਾਟਾ 631 ਰੁਪਏ ਅਤੇ ਕੁੱਲ ਘਾਟਾ 25,21,476 ਰੁਪਏ ਸੀ। ਇਸੇ ਤਰ੍ਹਾਂ ਝੁਨਝੁਨ 'ਚ ਬਾਜਰੇ ਦੀ ਆਮਦ 1766 ਕਵਿੰਟਲ, ਮੰਡੀ ਰੇਟ ਪ੍ਰਤੀ ਕਵਿੰਟਲ 1456 ਰਪਏ, ਪ੍ਰਤੀ ਕਵਿੰਟਲ ਘਾਟਾ 494 ਅਤੇ ਕੁੱਲ ਘਾਟਾ 8,72,404 ਰੁਪਏ ਪਿਆ। ਇਸ ਤਰ੍ਹਾਂ ਕਿ ਅਕਤੂਬਰ ਦੇ ਦੋ ਪਹਿਲੇ ਹਫ਼ਤਿਆਂ ਵਿਚ ਹੀ ਕਿਸਾਨਾਂ ਨਾਲ 62.58 ਲੱਖ ਦੀ ਠੱਗੀ ਵਜੀ ਹੈ। ਕਿਸਾਨਾਂ ਦੀਆਂ ਫ਼ਸਲਾਂ ਦੀਆਂ ਕੀਮਤਾਂ ਦਾ ਉਤਪਦਨ ਲਾਗਤਾਂ ਦਾ ਡੇਢ ਗੁਣਾ ਦੇਣ ਦਾ ਮੋਦੀ ਸਰਕਾਰ ਦਾਅਵਾ ਉਕਾ ਹੀ ਝੂਠਾ ਅਤੇ ਕਿਸਾਨਾਂ ਨਾਲ ਠੱਗੀ ਹੈ। ਪ੍ਰਸਿੱਧ ਖਾਧ ਅਤੇ ਖੇਤੀ ਅਰਥਸ਼ਾਸਤਰੀ ਦੇਵਿੰਦਰ ਕੁਮਾਰ ਸ਼ਰਮਾ ਅਨੁਸਾਰ 1970 ਤੋਂ ਹੁਣ ਤੱਕ ਮੁਲਾਜ਼ਮਾਂ ਅਤੇ ਅਫ਼ਸਰਾਂ ਦੀਆਂ ਤਨਖਾਹਾਂ ਵਿਚ 150 ਤੋਂ 300 ਗੁਣਾਂ ਤੱਕ ਤਨਖਾਹਾਂ ਵਿਚ ਵਾਧਾ ਹੋਇਆ ਹੈ। ਇਹ ਹੋਣਾ ਹੀ ਚਾਹੀਦਾ ਸੀ। ਪਰ ਕਣਕ ਦੇ ਰੇਟਾਂ ਵਿਚ ਸਿਰਫ 9 ਗੁਣਾਂ ਵਾਧਾ ਹੋਇਆ ਹੈ, ਉਸ ਸਮੇਂ ਕਣਕ ਦੀ ਕੀਮਤ 76 ਰੁਪਏ ਕਵਿੰਟਲ ਸੀ ਪਰ ਇਸ ਦਾ ਜੇ 100 ਗੁਣਾ ਵੀ ਵਾਧਾ ਕੀਤਾ ਜਾਂਦਾ ਤਾਂ ਕਣਕ ਦੀ ਹੁਣ ਕੀਮਤ 760 ਰੁਪਏ ਪ੍ਰਤੀ ਕਵਿੰਟਲ ਹੋਣੀ ਚਾਹੀਦੀ ਸੀ ਪਰ ਸਰਕਾਰਾਂ ਦਾ ਆਰਥਿਕ ਡੀਜ਼ਾਈਨ ਪੱਛਮੀ ਦੇਸ਼ਾਂ ਵਾਂਗ ਕਿਸਾਨਾਂ ਨੂੰ ਪੀੜਤ ਕਰਕੇ ਪੇਂਡੂ ਖੇਤਰ ਵਿਚੋਂ ਉਜਾੜ ਕੇ ਸ਼ਹਿਰੀ ਮਜ਼ਦੂਰਾਂ 'ਚ ਤਬਦੀਲ ਕਰਨਾ ਦਾ ਹੈ। ਇਸੇ ਕਰਕੇ ਸਰਕਾਰਾਂ

ਜ਼ਮੀਨ ਦੀ ਕਾਣੀ ਵੰਡ ਕਾਇਮ ਰੱਖ ਰਹੀਆਂ ਹਨ ਅਤੇ ਫ਼ਸਲਾਂ ਦਾ ਪੂਰਾ ਮੁੱਲ ਨਾ ਦੇਣ ਦੀਆਂ ਨੀਤੀਆਂ ਆਪਣਾ ਰਹੀਆਂ ਹਨ, ਜਿਸ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਕਰਜ਼ੇ ਨਾਲ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਅਤੇ ਭਾਰਤ ਦੇ ਜਰੱਈ ਸੰਕਟ ਕਾਰਨ ਪੇਂਡੂ ਮਜ਼ਦੂਰ ਸਭ ਤੋਂ ਵੱਧ ਨਪੀੜੇ ਜਾ ਰਹੇ ਹਨ। ਪਰ ਮੋਦੀ ਸਰਕਾਰ ਵੱਲੋਂ ਗੋਦੀ ਮੀਡੀਏ ਰਾਹੀਂ ਝੂਠੀ ਪਰਚਾਰ ਮੁਹਿੰਮ ਚਲਾ ਕੇ ਮੋਦੀ ਨੂੰ ਕਿਸਾਨਾਂ ਦੇ ਮਸੀਹੇ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਅਸਲ ਵਿਚ ਭਾਰਤੀ ਸਰਕਾਰਾਂ ਜਿਸ ਸਾਮਰਾਜੀ ਵਿਕਾਸ ਮਾਡਲ 'ਤੇ ਚਲ ਰਹੀਆਂ ਹਨ, ਉਹ ਦੇਸੀ ਵਿਦੇਸ਼ੀ ਵੱਡੇ ਕਾਰਪਰੇਟਾਂ ਪੱਖੀ ਹੈ। ਇਸੇ ਪੂੰਜੀਵਾਦੀ ਮਾਡਲ ਰਾਹੀਂ ਦੁਨੀਆਂ ਭਰ ਵਿਚ ਖੇਤੀ ਖੇਤਰ ਵਿਚੋਂ ਪੈਦਾ ਹੁੰਦੀ ਵਾਧੂ ਕਦਰ ਨੂੰ ਵੱਧ ਤੋਂ ਵੱਧ ਹੜੱਪਿਆ ਗਿਆ ਹੈ ਅਤੇ ਕਿਸਾਨਾਂ ਦੇ ਪੈਦਾਵਾਰੀ ਸਾਧਨ ਅਤੇ ਨਿਰਬਾਹ ਦੇ ਸਾਧਨ ਆਪਣੇ ਕਬਜ਼ੇ ਅਧੀਨ ਕਰਕੇ ਉਨ੍ਹਾਂ ਨੂੰ ਸਿਰਫ਼ ਕਿਰਤ ਸ਼ਕਤੀ ਵੇਚਣ ਦੇ ਪੁਰਜ਼ੇ ਦੇ ਤੌਰ 'ਤੇ ਤਬਦੀਲ ਕੀਤਾ ਗਿਆ ਹੈ। ਇਸ ਕਰਕੇ ਕਾਰਪੋਰੇਟਾਂ ਦੇ ਇਸ ਹੱਲੇ ਵਿਰੁੱਧ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਇਕ ਵੱਡੀ ਲਹਿਰ ਜਥੇਬੰਦ ਕਰਨ ਦੀ ਜ਼ਰੂਰਤ ਹੈ।

# ਕੁੜੀਆਂ ਦੇ ਹੋਸਟਲ ਨੂੰ 24-ਘੰਟੇ ਖੋਲ੍ਹਣ ਦੀਆਂ ਵਿਰੋਧੀ ਦਲੀਲਾਂ ਤੇ ਐਸ.ਐਫ.ਐਸ. ਦਾ ਪੱਖ

**ਕੁੜੀਆਂ ਰਾਤ ਨੂੰ ਬਾਹਰ ਕਿਉਂ ਜਾਣਾ ਚਾਹੁੰਦੀਆਂ ਹਨ?**

ਇਹ ਸਵਾਲ ਆਪਣੇ ਆਪ ਵਿੱਚ ਹੀ ਪਿੱਤਰਸੱਤਾਵਾਦੀ ਪੱਖਪਾਤ ਵਿੱਚੋਂ ਪੈਦਾ ਹੋਇਆ ਹੈ ਕਿਉਂਕਿ ਮੁੰਡਿਆਂ ਨੂੰ ਕਦੇ ਇਹ ਸਵਾਲ ਨਹੀਂ ਕੀਤਾ ਜਾਂਦਾ। ਇਸ ਲਈ ਇਹ ਸਵਾਲ ਗਲਤ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿਉਂ ਜੋ ਸਵਾਲ ਰਾਤ ਨੂੰ ਬਾਹਰ ਜਾਣ ਦਾ ਨਹੀਂ, ਇਸ ਨਾਲੋਂ ਜ਼ਿਆਦਾ ਮਹੱਤਵਪੂਰਨ ਲਿੰਗ ਬਰਾਬਰੀ ਦਾ ਹੈ। ਇਸ ਤੋਂ ਇਲਾਵਾ ਸੰਵਿਧਾਨ ਵੀ ਧਰਮ, ਜਾਤ, ਲਿੰਗ, ਨਸਲ ਜਾਂ ਜਨਮ ਸਥਾਨ ਆਦਿ ਦੇ ਆਧਾਰ ’ਤੇ ਕਿਸੇ ਭੇਦਭਾਵ ਦੀ ਇਜਾਜ਼ਤ ਨਹੀਂ ਹੁੰਦਾ। ਸੰਵਿਧਾਨਿਕ ਹੱਕ ਨਾ ਸਿਰਫ ਦਿਨਾਂ ਨੂੰ ਲਾਗੂ ਹੁੰਦੇ ਹਨ ਸਗੋਂ ਰਾਤ ਲਈ ਵੀ ਹੁੰਦੇ ਹਨ। ਕੰਮ ਚਾਹੇ ਅਕਾਦਮਿਕ ਜਾਂ ਗੈਰ-ਅਕਾਦਮਿਕ ਹੋਵੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।


24×7 ਕੁੜੀਆਂ ਦੇ ਹੋਸਟਲ ਲਈ ਮਾਪਿਆਂ ਦੀ ਸਹਿਮਤੀ ਦੀ ਲੋੜ ਹੈ ਕਿਉਂਕਿ ਅੰਡਰ-ਗ੍ਰੈਜੂਏਟ ਅਤੇ ਮਾਸਟਰ ਦੀਆਂ ਵਿਦਿਆਰਥਣਾਂ ‘ਭੋਲੀਆਂ’ ਹੁੰਦੀਆਂ ਹਨ?

ਫੀਸਾਂ ਵਿੱਚ ਵਾਧਾ ਕਰਨ ਵੇਲੇ ਕਦੇ ਮਾਪਿਆਂ ਦੀ ਸਹਿਮਤੀ ਨਹੀਂ ਲਈ ਜਦਕਿ ਫੀਸ ਸਿੱਧਾ ਮਾਪਿਆਂ ਦੁਆਰਾ ਜਮ੍ਹਾਂ ਕਰਵਾਈ ਜਾਂਦੀ ਹੈ, ਨਾ ਕਿ ਵਿਦਿਆਰਥੀਆਂ ਦੁਆਰਾ। ਇਸ ਮਾਮਲੇ ਵਿੱਚ ਉਹ ਮਾਪਿਆਂ ਨੂੰ ਪੁੱਛਣਾ ਚਾਹੁੰਦੇ ਹਨ ਜਦਕਿ ਹੋਸਟਲ ਵਿੱਚ ਵਿਦਿਆਰਥੀ ਰਹਿੰਦੇ ਹਨ। ਉਹਨਾਂ ਨੂੰ ਪੁੱਛਣ ਦਾ ਮਨੋਰਥ ਹੀ ਉਹਨਾਂ ਨੂੰ ਵਿਕਾਸਸ਼ੀਲ ਬਣਾਉਣ ਦੀ ਜਗ੍ਹਾ ਉਹਨਾਂ ਅੰਦਰ ਪਿੱਤਰਸੱਤਾਤਮਕ ਅੰਸ਼ ਭਰਨ ਦਾ ਹੈ। ਜਦੋਂ ਵਿਦਿਆਰਥੀ ਪੜ੍ਹਦਾ ਹੈ ਤਾਂ ਪੂਰਾ ਪਰਿਵਾਰ ਵਿਕਸਦਾ ਹੈ। ਇਸ ਲਈ ਇਹ ਫੈਸਲਾ ਵੀ ਵਿਦਿਆਰਥੀਆਂ ਨੇ ਹੀ ਕਰਨਾ ਹੈ ਕਿ ਇਹ ਪ੍ਰਗਤੀ ਸਾਨੂੰ ਸਮਿਆਂ ਦੇ ਨਾਲ ਅੱਗੇ ਲੈ ਕੇ ਜਾਵੇਗੀ ਜਾਂ ਨਹੀਂ।

18 ਸਾਲ ਤੋਂ ਜ਼ਿਆਦਾ ਉਮਰ ਦੀਆਂ ਕੁੜੀਆਂ ਨੂੰ ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਕਰਨ, ਵਿਧਾਨ ਸਭਾ ਅਤੇ ਸੰਸਦ ਮੈਂਬਰਾਂ ਨੂੰ ਚੁਣਨ ਦਾ ਅਧਿਕਾਰ ਹੈ, ਪਰ ਇਸ ਗੱਲ ਦਾ ਨਹੀਂ ਕਿ ਉਹ ਕਿੰਨੇ ਵਜੇ ਬਾਹਰ ਨਿਕਲਣ? ਮੁੰਡਿਆਂ ਦਾ ਭੋਲਾਪਣ ਕਦੇ ਵੀ ਚਿੰਤਾ ਦਾ ਵਿਸ਼ਾ ਨਹੀਂ ਰਿਹਾ ਪਰ ਕੁੜੀਆਂ ਨੂੰ ਆਪਣੀ ਸਿਆਣਪ ਸਾਬਤ ਕਰਨ ਲਈ ਵਿਆਹ ਕਰਨ, ਨੌਕਰੀ ਲੈਣ ਆਦਿ ਜਿਹੇ ਕਿੰਨੇ ਹੀ ਖਾਸ ਪੱਧਰਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ‘ਭੋਲਾਪਣ’ ਇੱਕ ਜਾਅਲੀ ਸ਼ਬਦ ਹੈ ਕਿਉਂਕਿ ਆਪਣੇ ਫੈਸਲੇ ਆਪ ਕਰਨਾ ਅਤੇ ਉਹਨਾਂ ਦੇ ਨਤੀਜਿਆਂ ਵਿੱਚ ਜੀਣਾ ਅਸਲ ਵਿੱਚ ਸਿਆਣਾ ਹੋਣਾ ਹੈ।

ਸਾਡਾ ਸਮਾਜ ਵੱਖੋ-ਵੱਖ ਵਿਚਾਰਾਂ ਨਾਲ ਭਰਿਆ ਪਿਆ ਹੈ; ਕੁੱਝ ਲਿੰਗ ਬਰਾਬਰੀ ਦੀ ਹਮਾਇਤ ਕਰਦੇ ਹਨ ਅਤੇ ਕੁੱਝ ਔਰਤ ਉੱਪਰ ਜ਼ੁਲਮ ਨੂੰ ਸਹੀ ਠਹਿਰਾਉਂਦੇ ਹਨ। ਕਦੇ ਇਹ ਵੀ ਸਮਾਂ ਸੀ ਜਦੋਂ ਸਾਡੇ ਪੁਰਖਿਆਂ ਨੇ ਕੁੜੀਆਂ ਨੂੰ ਪੜ੍ਹਣ ਹੀ ਨਹੀਂ ਦਿੱਤਾ ਸੀ। ਪਰ ਕੁੱਝ ਮਾਪਿਆਂ ਨੇ ਇਹਨਾਂ ਧਾਰਨਾਵਾਂ ਨੂੰ ਸਵਾਲ ਕੀਤਾ ਅਤੇ ਇਹਨਾਂ ਦੇ ਉਲਟ ਚੱਲ ਕੇ ਆਪਣੀਆਂ ਕੁੜੀਆਂ ਨੂੰ ਪੜ੍ਹਣ ਭੇਜਣਾ ਸ਼ੁਰੂ ਕੀਤਾ। ਇਸ ਲਈ ਬਰਾਬਰੀ ਅਤੇ ਆਜ਼ਾਦੀ ਦੀ ਮੰਗ ਦੀ ਪਹੁੰਚ ਅਤੇ ਸੰਦਰਭ ’ਤੇ ਧਿਆਨ ਦੇਣਾ ਵਧੇਰੇ ਮਹੱਤਵਪੂਰਨ ਹੈ ਬਜਾਇ ਕਿ ਸਮਾਜਕ ਤੌਰ ’ਤੇ ਕੀ ਮਨਜ਼ੂਰ ਹੈ। ਵਿਦਿਅਕ ਸੰਸਥਾਨਾਂ ਵਿੱਚ ਕੁੜੀਆਂ ਦਾ ਵੱਡੀ ਗਿਣਤੀ ਵਿੱਚ ਆਉਣ ਨਾਲ ਇਹ ਵੀ ਸਪੱਸ਼ਟ ਹੈ ਕਿ ਉਹ ਵਿਦਿਅਕ ਸੰਸਥਾਨਾਂ ਵਿਚਲੇ ਆਪਣੇ ਅਧਿਕਾਰਾਂ ਦਾ ਦਾਅਵਾ ਕਰਨਗੀਆਂ। ਇਹ ਮੰਗ ਉਹ ਦਾਆਵਾ ਹੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਦੇਖੀਏ ਕਿ ਅਸੀਂ ਕਿਸ ਪਾਸੇ ਖੜ੍ਹੇ ਹਾਂ।

**ਪਹਿਲਾਂ ਯੂਨੀਵਰਸਿਟੀ ਦੇ ਸੁਰੱਖਿਆ ਮਸਲੇ ਨੂੰ ਹੱਲ ਕਰਨ ਦੀ ਲੋੜ ਹੈ?**



ਯੂਨੀਵਰਸਿਟੀ ਅਧਿਕਾਰੀਆਂ ਨੇ ਪਹਿਲਾਂ ਹੀ ਪੀ.ਐੱਚ.ਡੀ., ਐੱਮ.ਫਿਲ. ਅਤੇ ਐੱਲ.ਐੱਲ.ਐੱਮ. ਦੀਆਂ ਵਿਦਿਆਰਥਣਾਂ ਨੂੰ 24×7 ਅੰਦਰ-ਬਾਹਰ ਜਾਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ। ਉਹਨਾਂ ਨੂੰ ਪ੍ਰਦਾਨ ਕੀਤੀ ਸੁਰੱਖਿਆ ਗ੍ਰੈਜੂਏਟ ਅਤੇ ਮਾਸਟਰ ਦੀਆਂ ਵਿਦਿਆਰਥਣਾਂ ਲਈ ਵੀ ਮੁਹੱਈਆ ਕਰਵਾਈ ਜਾ ਸਕਦੀ ਹੈ। ਹੁਣ ਸੁਰੱਖਿਆ ਮੁੱਦਾ ਯੂਨੀਵਰਸਿਟੀ ਅਧਿਕਾਰੀਆਂ ਅਤੇ ਹੋਰ ਪਿੱਤਰਸੱਤਾਵਾਦੀ ਤੱਤਾਂ ਲਈ ਸਿਰਫ ਕੁੜੀਆਂ ਨੂੰ ਬਾਹਰ ਜਾਣ ਦੀ ਇਜਾਜ਼ਤ ਨਾ ਦੇਣ ਲਈ ਇੱਕ ਢਾਲ ਹੈ। 2015 ਤੋਂ ਕੁੜੀਆਂ ਵੱਲੋਂ ਲਗਾਤਾਰ ਲਾਇਬਰੇਰੀ ਪਾਸ ਨਾਲ 24×7 ਲਾਇਬਰੇਰੀ ਦਾ ਲਾਭ ਲੈਣ, ਰਾਤ ਨੂੰ ਲੇਟ ਦਾਖਲਿਆਂ ਦੀ ਗਿਣਤੀ 6 ਤੋਂ 10 ਹੋਣ, ਦਾਖਲਾ ਸਮਾਂ 10:30 ਤੋਂ 11:30 ਕਰਵਾਏ ਜਾਣ ਦੇ ਬਾਵਜੂਦ ਵੀ ਸੁਰੱਖਿਆ ਦਾ ਮੁੱਦਾ ਜਿਉਂ ਦਾ ਤਿਉਂ ਹੈ।

ਜਿੰਨੀਆਂ ਜ਼ਿਆਦਾ ਕੁੜੀਆਂ ਸੜਕਾਂ ’ਤੇ ਹੋਣਗੀਆਂ, ਓਨੀਆਂ ਜ਼ਿਆਦਾ ਹੀ ਸੜਕਾਂ ਸੁਰੱਖਿਅਤ ਰਹਿਣਗੀਆਂ। ਅਸੀਂ ਸਾਰੇ ਬੀ. ਡੀ. ਐੱਸ. ਦੀਆਂ 10 ਕੁੜੀਆਂ ਦੀ ਇੱਕ ਪ੍ਰੋਫੈਸਰ ਵੱਲੋਂ ਦਿਨ ਵਿੱਚ ਕੀਤੇ ਜਿਣਸੀ ਸੋਸ਼ਣ ਬਾਰੇ ਸੁਣ ਚੁੱਕੇ ਹਾਂ। ਇਸ ਲਈ ਕੁੜੀਆਂ ਕਿਸੇ ਵੀ ਸਮੇਂ ਕਿਤੇ ਵੀ ਸੰਪੂਰਨ ਸੁਰੱਖਿਅਤ ਨਹੀਂ ਹੁੰਦੀਆਂ। ਉਹਨਾਂ ਨੂੰ ਆਪਣੀ ਹਿੰਮਤ ਦੇ ਦਮ ’ਤੇ ਭਾਰੀ ਗਿਣਤੀ ਵਿੱਚ ਬਾਹਰ ਆ ਕੇ ਹੀ ਆਪਣੀ ਸੁਰੱਖਿਆ ਨੂੰ ਯਕਉਣਾ ਪਵੇਗਾ।

**ਰਾਤਾਂ ਕੁੜੀਆਂ ਲਈ ਸੁਰੱਖਿਅਤ ਕਿਵੇਂ ਹੋ ਸਕਦੀਆਂ ਹਨ?**

ਇਸ ਵਿੱਚ ਪ੍ਰਮੁੱਖ ਦਲੀਲ ਇਹ ਹੈ ਕਿ ਸੁਰੱਖਿਆ ਅਤੇ ਫਲੱਡ-ਲਾਈਟਾਂ ਕੁੜੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਗੀਆਂ। ਐੱਸ.ਐੱਫ.ਐੱਸ. ਨੇ ਪਿਛਲੇ ਤਿੰਨ ਸਾਲਾਂ ਤੋਂ ਇਸ ਮੰਗ ਨੂੰ ਮੁੱਖ ਰੱਖ ਕੇ ਸੰਘਰਸ਼ ਕੀਤੇ ਹਨ। ਪਰ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ‘ਸੁਰੱਖਿਆ’ ਮਹੱਤਵਪੂਰਨ ਕਾਰਕ ਹੈ ਪਰ ਫੈਸਲਾਕੁੰਨ ਨਹੀਂ। ਸੰਪੂਰਨ ਸੁਰੱਖਿਆ ਇੱਕ ਮਿੱਥ ਹੈ ਕਿਉਂਕਿ ਕੋਈ ਵੀ ਹਰ ਇੱਕ ਕੁੜੀ ਨੂੰ ਦਿਨ ਅਤੇ ਰਾਤ ਦੌਰਾਨ 2-3 ਅੰਗ-ਰੱਖਿਅਕ ਨਹੀਂ ਦੇ ਸਕਦਾ।

ਫੈਸਲਾਕੁੰਨ ਤੱਕ ਕੁੜੀਆਂ ਖੁਦ ਹਨ। ਸੁਰੱਖਿਆ ਦਾ ਸੰਬੰਧ ਰਾਤ ਨੂੰ ਕੁੜੀਆਂ ਦੇ ਆਮ ਵਿਚਰਣ ਨਾਲ ਜੁੜਿਆ ਹੋਇਆ ਹੈ। ਉਦਾਹਰਣ ਵਜੋਂ ਕੁੱਝ ਥਾਵਾਂ ’ਤੇ, ਖਾਸ ਤੌਰ ’ਤੇ ਪੇਂਡੂ ਖੇਤਰਾਂ ਵਿੱਚ, ਕੁੜੀਆਂ ਜੀਨ ਨਹੀਂ ਪਹਿਨ ਸਕਦੀਆਂ ਕਿਉਂਕਿ ਉੱਥੇ ਇਹ ਕਿਸੇ ਵੀ ਕੀਮਤ ’ਤੇ ਸਵੀਕਾਰ ਨਹੀਂ ਕੀਤਾ ਜਾਂਦਾ। ਪਰ ਸਾਡੀ ਯੂਨੀਵਰਸਿਟੀ ਵਿੱਚ ਜੀਨ ਪਾਉਣਾ ਜਾਂ ਨਾ ਪਾਉਣਾ ਕੁੜੀਆਂ ਦੀ ਨਿੱਜੀ ਚੋਣ ਹੈ, ਇਸ ਬਾਰੇ ਕਿਸੇ ਪ੍ਰਕਾਰ ਦਾ ਕਿੰਤੂ-ਪ੍ਰੰਤੂ ਨਹੀਂ ਹੁੰਦਾ। ਅੰਤਰ ਇਹ ਹੈ ਕਿ ਪੀ.ਯੂ. ਵਿੱਚ ਜੀਨ ਪਹਿਨਣਾ ਆਮ ਮੰਨਿਆ ਜਾਂਦਾ ਹੈ ਅਤੇ ਇਹ ਵਧੀ ਹੋਈ ਚੇਤਨਾ ਦਾ ਨਤੀਜਾ ਹੈ। ਇਸ ਲਈ ਜਦੋਂ ਜ਼ਿਆਦਾ ਤੋਂ ਜ਼ਿਆਦਾ ਕੁੜੀਆਂ ਰਾਤ ਨੂੰ ਜਨਤਕ ਥਾਵਾਂ ’ਤੇ ਵਿਚਰਨਗੀਆਂ ਅਤੇ ਇਹ ਵਰਤਾਰਾ ਆਮ ਹੋ ਜਾਵੇਗਾ ਤਾਂ ਸੁਰੱਖਿਆ ਦੇ ਮੁੱਦੇ ਦਾ ਆਧਾਰ ਵੀ ਖ਼ਤਮ ਹੋ ਜਾਵੇਗਾ।

**ਕੁੜੀਆਂ ਦਾ ਜਨਮਤ ਹੋ ਜਾਣਾ ਚਾਹੀਦਾ ਹੈ?**

ਇੱਥੇ ਜਨਮਤ ਦਾ ਕੋਈ ਸਵਾਲ ਹੀ ਨਹੀਂ। ਕੁੜੀਆਂ ਦਾ ਹੋਸਟਲ 24 ਘੰਟੇ ਖੁੱਲ੍ਹਣਾ ਕੋਈ ਲਾਜ਼ਮੀ ਨਹੀਂ ਹੈ। ਹਰ ਕਿਸੇ ਦਾ ਰਾਤ ਨੂੰ ਬਾਹਰ ਹੋਣਾ ਲਾਜ਼ਮੀ ਨਹੀਂ ਹੋਵੇਗਾ। ਇਹ ਮੂਲ ਰੂਪ ਵਿੱਚ ਮਰਜ਼ੀ ਨਾਲ ਨਿਕਲਣ ਦਾ ਮਸਲਾ ਹੈ ਅਤੇ ਉਸ ਸਮਾਨਤਾ ਦੀ ਲੜਾਈ ਉਸ ਮਰਜ਼ੀ ਨੂੰ ਲਾਗੂ ਕਰਨ ਦੀ ਲੜਾਈ ਹੈ। ਜੇਕਰ ਚਾਹੇ ਸਿਰਫ 10 ਫੀਸਦੀ ਕੁੜੀਆਂ ਹੀ ਰਾਤ ਨੂੰ ਬਾਹਰ ਜਾਣਾ ਚਾਹੁੰਦੀਆਂ ਹਨ ਤਾਂ ਉਹਨਾਂ ਨੂੰ ਇਜਾਜ਼ਤ ਮਿਲਣੀ ਚਾਹੀਦੀ ਹੈ।

**24×7 ਹੋਸਟਲ ਖੁੱਲਣ ਤੋਂ ਬਾਅਦ ਰਾਤ ਨੂੰ ਕੋਈ ਮਾੜੀ ਘਟਨਾ ਵਾਪਰਨ ’ਤੇ ਕੌਣ ਜ਼ਿੰਮੇਵਾਰ ਹੋਵੇਗਾ?**

ਅੱਜ ਵੀ ਜੇਕਰ ਕੁੱਝ ਵਾਪਰਦਾ ਹੈ ਤਾਂ ਕੌਣ ਜ਼ਿੰਮੇਵਾਰ ਹੋਵੇਗਾ? ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਨੂੰ ਹੀ ਦੋਸ਼ੀ ਠਹਿਰਾਉਣਾ ਚਾਹੀਦਾ ਹੈ, ਨਾ ਕਿ ਪੀੜਤ ਨੂੰ। ਇਸ ਸੰਬੰਧ ਵਿੱਚ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਪੀਯੂ.ਕੈਸ਼, ਯੂਨੀਵਰਸਿਟੀ ਸੁਰੱਖਿਆ ਨੂੰ ਕੰਟਰੋਲ ਕਰਨ ਅਤੇ ਲੋੜੀਂਦੀ ਰੌਸ਼ਨੀ ਨੂੰ ਯਕੀਨੀ ਬਣਾਉਣ ਵਾਲੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਹੈ। ਇਸ ਸੰਬੰਧ ਵਿੱਚ ਪੀਯੂਕੈਸ਼ (ਪੰਜਾਬ ਯੂਨੀਵਰਸਿਟੀ ਜਿਣਸੀ ਸ਼ੋਸਣਾਂ ਖਿਲਾਫ ਕਮੇਟੀ) ਦਾ ਜਮਹੂਰੀਕਰਨ ਕਰਕੇ ਉਸਨੂੰ ਸਰਗਰਮ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਹਰੇਕ ਘਟਨਾ ਦੀ ਰਿਪੋਰਟ ਕੀਤੀ ਜਾ ਸਕੇ। ਹਰੇਕ ਘਟਨਾ ਦੀ ਰਿਪੋਰਟ ਨਾਲ ਜ਼ਿਆਦਾ ਤੋਂ ਜ਼ਿਆਦਾ ਕੁੜੀਆਂ ਦਾ ਪੀਯੂਕੈਸ਼ ਉੱਤੇ ਭਰੋਸਾ ਹੋਵੇਗਾ, ਜਿਸਦੇ ਨਤੀਜੇ ਵਜੋਂ ਵਿਦਿਆਰਥੀਆਂ ਵਿੱਚ ਛੇੜਛਾੜ ਅਤੇ ਜਿਣਸੀ ਸ਼ੋਸ਼ਣਾਂ ਵਿਰੁੱਧ ਚੇਤਨਾ ਵਧੇਗੀ। ਇਸ ਸਭ ਦੇ ਬਾਵਜੂਦ, ਸੁਰੱਖਿਆ ਕਦੇ ਵੀ ਆਜ਼ਾਦੀ ਦੀ ਪਹਿਲੀ ਸ਼ਰਤ ਨਹੀਂ ਹੋ ਸਕਦੀ ਕਿਉਂਕਿ ਯੂਨੀਵਰਸਿਟੀ ਪ੍ਰਸ਼ਾਸਣ ਸੁਰੱਖਿਆ ਪ੍ਰਦਾਨ ਕਰ ਨਹੀਂ ਰਹੇ/ਕਰਨਾ ਨਹੀਂ ਚਾਹੁੰਦੇ (ਜਿਵੇਂ ਕਿ 2015 ਤੋਂ ਕਰ ਰਹੇ ਹਨ) ਅਤੇ ਸੁਰੱਖਿਆ ਪੂਰੇ ਤੌਰ ’ਤੇ ਵਿਦਿਆਰਥੀਆਂ ਦੀ ਚੇਤਨਾ ਨਾਲ ਜੁੜੀ ਹੋਈ ਹੈ। ਇਸ ਲਈ ਸੁਰੱਖਿਆ ਸਾਡੇ ਆਜ਼ਾਦੀ ਅਤੇ ਲਿੰਗ ਬਰਾਬਰੀ ਦੇ ਸੰਘਰਸ਼ਾਂ ਦੇ ਨਾਲ ਹੀ ਆ ਸਕਦੀ ਹੈ।

**ਕੀ ਪੀਯੂ 24×7 ਹੋਸਟਲ ਖੋਲਣ ਵਾਲੀ ਪਹਿਲੀ ਸੰਸਥਾ ਹੋਵੇਗੀ?**

ਨਹੀਂ, ਅਜਿਹੇ ਬਹੁਤ ਸਾਰੇ ਅਦਾਰੇ ਜਿਵੇਂ ਕਿ ਜੇ. ਐੱਨ. ਯੂ., ਐੱਨ. ਐੱਲ. ਐੱਸ. ਬੰਗਲੌਰ, ਆਇਸਰ, ਸਿੰਬਿਓਸਸ ਪੂਣੇ, ਐੱਫ. ਟੀ. ਆਈ. ਆਈ. ਰੁੜਕੀ, ਬਿਟਸ ਪਿਲਾਨੀ, ਟਿੱਸ ਬੰਬਈ, ਬੰਬਈ ਯੂਨੀਵਰਸਿਟੀ, ਕੁੱਝ ਕੁ ਆਈ.ਆਈ.ਟੀ. ਅਤੇ ਆਈ.ਆਈ.ਐੱਮ. ਹਨ ਜਿੱਥੇ ਪਹਿਲਾਂ ਹੀ ਕੁੜੀਆਂ ਦੇ ਹੋਸਟਲ 24×7 ਖੁੱਲ੍ਹੇ ਰੱਖੇ ਜਾਂਦੇ ਹਨ।

ਟਿੱਪਣੀ

# ਦਿੱਲੀ ਦੰਗਿਆਂ ਦੇ ਦੋ ਦੋਸ਼ੀਆਂ ਨੂੰ ਸਜ਼ਾ ਦਾ ਮਾਮਲਾ



ਮਨਦੀਪ
mandeepsaddowal@gmail.com

**ਇਸ ਅਦਾਲਤ ’ਚ ਬੰਦੇ ਬਿਰਖ ਹੋ ਗਏ,**
**ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।**
**ਆਖੋ ਇਹਨਾਂ ਨੂੰ ਉੱਜੜੇ ਘਰੀਂ ਜਾਣ ਹੁਣ**
**ਇਹ ਕਿੱਥੋਂ ਤੀਕ ਇੱਥੇ ਖੜੇ ਰਹਿਣਗੇ।**

**ਕੀ ਇਹ ਇਨਸਾਫ ਹਾਉਮੈਂ ਦੇ ਪੁੱਤ ਕਰਨਗੇ**
**ਕੀ ਇਹ ਖਾਮੋਸ਼ ਪੱਥਰ ਦੇ ਬੁੱਤ ਕਰਨਗੇ।**
**ਜੋ ਸਲੀਬਾਂ ਤੇ ਟੰਗੇ ਗਏ ਲੱਥਣੇ ਨਹੀਂ**
**ਰਾਜ ਬਦਲਣਗੇ ਸੂਰਜ ਚੜਨ ਲਹਿਣਗੇ।**

1984 ਦੇ ਕਤਲੇਆਮ ਵਾਪਰੇ ਨੂੰ ਤਿੰਨ ਦਹਾਕੇ ਤੋਂ ਉਪਰ (34 ਵਰ੍ਹੇ) ਬੀਤ ਚੱਲੇ ਹਨ। 34 ਵਰ੍ਹੇ ਪਹਿਲਾਂ ਪਿਛਾਖੜੀ ਫਿਰਕਾਪ੍ਰਸਤ ਤਾਕਤਾਂ ਅਤੇ ਫਿਰਕੂ ਫਾਸ਼ੀ ਸਿਆਸਤ ਦੇ ਕੁੱਤ-ਕਲੇਸ਼ ’ਚ ਹਜਾਰਾਂ ਨਿਰਦੋਸ਼ ਲੋਕਾਂ ਨੂੰ ਅਣਆਈ ਮੌਤ ਦੇ ਮੂੰਹ ਧੱਕਿਆ ਗਿਆ। ਹਜਾਰਾਂ ਪਰਿਵਾਰਾਂ ਨੂੰ ਉਝਾੜੇ ਦਾ ਸੰਤਾਪ ਭੋਗਣਾ ਪਿਆ। ਫਿਰਕੂ ਨਫਰਤ ਨੇ ਬਾਅਦ ਦੇ ਸਾਢੇ ਤਿੰਨ ਦਹਾਕੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਲਗਾਤਾਰ ਜਾਰੀ ਰੱਖਿਆ। ਇਹਨਾਂ ਸਾਢੇ ਤਿੰਨ ਦਹਾਕਿਆਂ ’ਚ ਵੱਖ-ਵੱਖ ਰੰਗ ਦੀਆਂ ਵੋਟ ਵਟੋਰੂ ਪਾਰਟੀਆਂ ਨੇ ਵੀ ਬਲਦੇ-ਧੁੱਖਦੇ ਸਿਵਿਆਂ ਉਤੇ ਆਪਣੀਆਂ ਰੋਟੀਆਂ ਸੇਕਣੀਆਂ ਜਾਰੀ ਰੱਖੀਆਂ। ਇਹਨਾਂ ਦੰਗਿਆਂ ਦੇ ਦੋਸ਼ੀ ਜੋ ਸੱਤਾ ਦੇ ਗਲਿਆਰਿਆਂ ਦੇ ਦਰਬਾਰੀ ਸਨ, ਨੂੰ ਬੜੀ ਬੇਸ਼ਰਮੀ ਨਾਲ ਲੋਕਾਂ ਦੇ ਨੁਮਾਇੰਦੇ ਬਣਾਕੇ ਪੇਸ਼ ਕੀਤਾ ਜਾਂਦਾ ਰਿਹਾ। ਇਹੀ ਨਹੀਂ ਸੱਤਾ ਦੀ ਸੁਰੱਖਿਆ-ਛੱਤਰੀ ਹੇਠ ਮੁੱਖ ਦੋਸ਼ੀ ਅੱਜ ਤੱਕ ਐਸ਼ੋ-ਅਰਾਮ ਦੀ ਜ਼ਿੰਦਗੀ ਬਤੀਤ ਕਰਦੇ ਆ ਰਹੇ ਹਨ। ਪੀੜਤ ਪਰਿਵਾਰਾਂ ਦੇ ਸਕੇ-ਸਬੰਧੀ ਅਦਾਲਤਾਂ ਦੇ ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਹੀ ਨਹੀਂ ਸਗੋਂ ਅਨੇਕਾਂ ਤਾਂ ਮਰ-ਮੁੱਕ ਹੀ ਗਏ ਹਨ ਪਰ ‘ਹਾਊਮੈਂ ਦੇ ਪੁੱਤਾਂ’ ਅਤੇ ‘ਪੱਥਰ ਦੇ ਬੁੱਤਾਂ’ ਨੇ ਇਨਸਾਫ ਤਾਂ ਦੂਰ ਸਗੋਂ ਦੋਸ਼ੀਆਂ ਨੂੰ ਹੀ ਕਾਨੂੰਨੀ ਤੇ ਅੰਦਰੂਨੀ ਚਾਰਾਜੋਈਆਂ ਕਰਕੇ ਸੁਰੱਖਿਆ-ਛੱਤਰੀ ਮੁਹੱਇਆ ਕਰਵਾਈ ਹੋਈ ਹੈ।



ਅੱਜ ‘ਪੱਥਰ ਦੇ ਬੁੱਤਾਂ’ ਨੇ ਦਿੱਲੀ ਦੰਗਿਆਂ ਦੇ ਦੋ ਦੋਸ਼ੀਆਂ ਨੂੰ ਸਖਤ ਸਜਾ ਦਾ ਹੁਕਮ ਸੁਣਾਇਆ ਹੈ। 20 ਨਵੰਬਰ 2018 ਨੂੰ (34 ਸਾਲ ਬਾਅਦ) ਦਿੱਲੀ ਦੀ ਇੱਕ ਅਦਾਲਤ ਨੇ ਤਿਹਾੜ ਜੇਲ ’ਚ ਬੰਦ ਦੋ ਮੁਲਜਮਾਂ ਯਸ਼ਪਾਲ ਸਿੰਘ (55 ਸਾਲ) ਨੂੰ ਫਾਂਸੀ ਦੀ ਸਜਾ ਅਤੇ ਨਰੇਸ਼ ਸ਼ਹਿਰਾਵਤ (68 ਸਾਲ) ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਦੋਵੇਂ ਦੋਸ਼ੀ ਦਿੱਲੀ ਦੰਗਿਆਂ (1 ਨਵੰਬਰ 1984) ਦੌਰਾਨ ਦੱਖਣੀ ਦਿੱਲੀ ਦੇ ਦੋ ਨੌਜਵਾਨਾਂ ਹਰਦੇਵ ਸਿੰਘ (24 ਸਾਲ) ਅਤੇ ਅਵਤਾਰ ਸਿੰਘ (26 ਸਾਲ) ਦੇ ਕਤਲ ਦੇ ਦੋਸ਼ੀ ਸਨ। ਫਾਸਟ ਟਰੈਕ ਅਦਾਲਤਾਂ ਅਤੇ ਗੁੱਡ ਗਵਰਨਸ ਦੇ ਦਾਅਵੇ ਕਰਨ ਵਾਲੇ ‘ਹਾਊਮੈਂ ਦੇ ਪੁੱਤਾਂ’ ਦੀ ਸ਼ਹਿ ਹੇਠ ‘ਪੱਥਰ ਦੇ ਬੁੱਤਾਂ’ ਨੂੰ ਦੋਸ਼ ਸਿੱਧ ਕਰਨ ਲਈ 34 ਸਾਲ ਲੱਗ ਗਏ। ਦੋਸ਼ੀ ਜਿਨ੍ਹਾਂ ਨੇ ਦਿਨ ਦਿਹਾੜੇ ਕਤਲ ਕੀਤੇ ਗਏ ਦੋ ਨਿਰਦੋਸ਼ ਨੌਜਵਾਨਾਂ ਦੇ ਗਲਾਂ ’ਚ ਟਾਇਰ ਪਾਕੇ ਅਤੇ ਪੈਟਰੋਲ ਛਿੜਕ ਕੇ ਦੋ ਕੀਮਤੀ ਮਨੁੱਖੀ ਜਾਨਾਂ ਸਾੜ ਕੇ ਸਵਾਹ ਕਰ ਦਿੱਤੀਆਂ, ਜਿਨ੍ਹਾਂ ਨੇ ਮੌਤ ਦੇ ਇਸ ਮੰਜਰ ਤੋਂ ਬੇਖੌਫ ਹੋ ਕੇ ਸੜਦੀਆਂ-ਬਲਦੀਆਂ ਲਾਸ਼ਾਂ ਦੇ ਦੁਆਲੇ ਭੰਗੜੇ ਪਾਏ ਉਹ ਦੋਸ਼ੀ 34 ਵਰ੍ਹੇ ਐਸ਼ੋ-ਅਰਾਮ ਦੀ ਜਿੰਦਗੀ ਬਤੀਤ ਕਰਦੇ ਰਹੇ ਅਤੇ ਮਾਰੇ ਗਏ ਨਿਰਦੋਸ਼ ਨੌਜਵਾਨਾਂ ਦੇ ਸਕੇ-ਸਬੰਧੀ 34 ਵਰ੍ਹੇ ਤਿਲ-ਤਿਲ ਮਰਦੇ ਰਹੇ। ਅਤੇ ਇਨਸਾਫ ਦੀ ਦੇਵੀ 34 ਵਰ੍ਹੇ ਅੱਖਾਂ ਤੇ ਪੱਟੀ ਬੰਨ੍ਹੀ ਬੁੱਤ ਬਣ ਇਹ ਤਮਾਸ਼ਾ ਦੇਖਦੀ ਰਹੀ। ਇਨਸਾਫ ਦੀ ਦੇਵੀ (ਨਿਆਂਪਾਲਿਕਾ) ਅੱਜ ਵੀ ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਵਰਗੇ ਮੁੱਖ ਦੋਸ਼ੀਆਂ ਨੂੰ ਖੁੱਲ੍ਹੇ ਘੁੰਮਦੇ ਵੇਖਕੇ ‘ਬੁੱਤ’ ਬਣੀ ਖੜੀ ਹੈ।

ਇਹੀ ਨਹੀਂ 1984 ਦੇ ਕਤਲੇਆਮ ਤੋਂ ਬਾਅਦ ਵੀ ਨਿਰੰਤਰ ਫਿਰਕੂ ਦੰਗੇ ਭੜਕਾ ਕੇ ਫਿਰਕੂ ਧਰੁੱਵੀਕਰਨ ਕੀਤਾ ਜਾ ਰਿਹਾ ਹੈ। ਗੁਜਰਾਤ ਦੰਗੇ (1985 ਅਤੇ 2002), ਮੇਰਠ (1987), ਹੈਦਰਾਬਾਦ (1990), ਤਾਮਿਲ ਵਿਰੋਧੀ ਦੰਗੇ ਕਰਨਾਟਕਾ (1991), ਬਾਬਰੀ ਮਸਜਿਦ (1992) ਵਡੋਦਰਾ ਦੰਗੇ (2006), ਮੁਜੱਫਰਨਗਰ (2013), ਭੀਮਾ-ਕੋਰੇਗਾਓਂ ਆਦਿ ਫਿਰਕੂ ਦੰਗੇ 1984 ਦੇ ਦਿੱਲੀ ਕਤਲੇਆਮ ਤੋਂ ਬਾਅਦ ਭਾਰਤ ਦੇ ਪ੍ਰਮੁੱਖ ਫਿਰਕੂ ਦੰਗੇ ਹਨ ਜਿਨ੍ਹਾਂ ’ਚ ਵੱਖ-ਵੱਖ ਪਾਰਲੀਮਾਨੀ ਪਾਰਟੀਆਂ ਅਤੇ ਉਨ੍ਹਾਂ ਦੇ ਚਹੇਤੇ (ਆਰਐਸਐਸ ਤੇ ਹੋਰ ਫਿਰਕੂ ਤਾਕਤਾਂ) ਸ਼ਾਮਲ ਸਨ। ਅਨੇਕਾਂ ਨਿਰਪੱਖ ਜਾਂਚ ਏਜੰਸੀਆਂ ਅਤੇ ਜਮਹੂਰੀ ਜੱਥੇਬੰਦੀਆਂ ਦੀਆਂ ਰਿਪੋਰਟਾਂ ਦੇ ਬਾਵਜੂਦ ਇਨ੍ਹਾਂ ਦੰਗਿਆਂ ਦੇ ਮੁੱਖ ਦੋਸ਼ੀਆਂ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ ਗਈ। ਬਲਕਿ ਅਮਿੱਤ ਸ਼ਾਹ ਵਰਗੇ ਗੁਜਰਾਤ ਦੰਗਿਆਂ ਦੇ ਮੁੱਖ ਦੋਸ਼ੀ ਸੱਤਾ ਦੇ ਸਭ ਤੋਂ ਉੱਚੇ ਗਲਿਆਰਿਆਂ ਉੱਤੇ ਸ਼ੁਸ਼ੋਭਿਤ ਹਨ। ਸੱਤਾ ਅਤੇ ਉਸਦਾ ਅਟੁੱਟ ਅੰਗ ਭਾਰਤੀ ਨਿਆਂਪਾਲਿਕਾਂ ਸ਼ੱਕ ਅਤੇ ਝੂਠੇ ਕੇਸਾਂ ਦੇ ਅਧਾਰ ਉਤੇ ਬੁੱਧੀਜੀਵੀਆਂ ਤੇ ਹੋਰ ਜਮਹੂਰੀ ਸ਼ਕਤੀਆਂ ਤੇ ਕਮਿਊਨਿਸਟਾਂ ਨੂੰ ਰਾਤੋ-ਰਾਤ ਜੇਲ੍ਹਾਂ ਵਿਚ ਸੁਟਣ ਵੇਲੇ ਫਾਸਟ ਟਰੈਕ ਅਦਾਲਤਾਂ ਨੂੰ ਵੀ ਮਾਤ ਪਾ ਦਿੰਦੇ ਹਨ ਪਰ ਨਿਰਦੋਸ਼ ਲੋਕਾਂ ਨੂੰ ਇਨਸਾਫ ਦੇਣ ਲਈ ਦਹਾਕੇ ਗੁਜਾਰ ਦਿੰਦੇ ਹਨ। ਧਰਮ ਅਧਾਰਿਤ ਫਿਰਕੂ ਵੰਡੀਆਂ, ਵੋਟਾਂ ਹਾਸਲ ਕਰਨ ਲਈ ਅਤੇ ਲੋਕਾਂ ਦੇ ਬੁਨਿਆਦੀ ਮੁੱਦਿਆਂ ਨੂੰ ਮਿੱਟੀ ਘੱਟੇ ਰੋਲਣ ਲਈ ਸੱਤਾ ਦਾ ਸਭ ਤੋਂ ਵੱਡਾ ਤੇਜਧਾਰ ਹਥਿਆਰ ਹਨ।

ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸੁਣਾਈ ਗਈ ਸਜਾ ਉੱਤੇ ਅੱਜ ਸਭ ਰੰਗ ਦੀਆਂ ਵੋਟ ਪਾਰਟੀਆਂ ਕੱਛਾਂ ਵਜਾ ਰਹੀਆਂ ਹਨ ਅਤੇ ਇਸਨੂੰ ਆਪਣੀ ਜਿੱਤ ਵਜੋਂ ਪੇਸ਼ ਕਰ ਰਹੀਆਂ ਹਨ। ਪਰੰਤੂ ਸਾਮਰਾਜੀ-ਸਰਮਾਏਦਾਰਾਂ ਦੀ ਚਾਕਰੀ ਕਰਨ ਵਾਲੀਆਂ ਇਹ ਵੋਟ ਪਾਰਟੀਆਂ ਹੀ ਹਨ ਜੋ ਫਿਰਕੂ ਦੰਗਿਆਂ ਦੀਆਂ ਜਨਮਦਾਤੀਆਂ ਹਨ। ਲੋਕਾਂ ’ਚ ਚੰਗੀ ਸੱਤਾ ਅਤੇ ਚੰਗਾ ਨਿਆਂ ਦੇਣ ਦਾ ਭਰਮ ਪੈਦਾ ਕਰਨ ਵਾਲੀਆਂ ਇਹ ਤਾਕਤਾਂ ਅਸਲ ’ਚ ਗਿਰਗਿਟ ਵਾਂਗ ਰੰਗ ਬਦਲਦੀਆਂ ਹਨ। ਆਪ ਹੀ ਜੁਰਮ ਪੈਦਾ ਕਰਕੇ ਆਪੂੰ ਹੀ ਉਸਦਾ ਹੱਲ ਪੇਸ਼ ਕਰਦੀਆਂ ਹਨ। ਫਿਰ ਉਹੀ ਕਾਲੇ ਕਾਨੂੰਨਾਂ ਦਾ ਕੁਹਾੜਾ ਲੋਕ ਲਹਿਰਾਂ ਨੂੰ ਕੁਚਲਨ ਲਈ ਵਰਤਦੀਆਂ ਹਨ। ਇਨ੍ਹਾਂ ਫਿਰਕੂ ਫਸਾਦਾਂ ਚੋਂ ਨਿਕਲਣ ਲਈ ਸਾਨੂੰ ਸ਼ਹੀਦ ਭਗਤ ਸਿੰਘ ਦਾ ਕਿਹਾ ਇਕ ਵਾਰ ਫਿਰ ਚੇਤੇ ਕਰ ਲੈਣਾ ਚਾਹੀਦਾ ਹੈ, ‘ਲੋਕਾਂ ਨੂੰ ਆਪਸ ’ਚ ਲੜਨ ਤੋਂ ਰੋਕਣ ਲਈ ਜਮਾਤੀ ਚੇਤਨਾ ਦੀ ਲੋੜ ਹੈ, ਗਰੀਬਾਂ, ਕਿਰਤੀਆਂ ਤੇ ਕਿਸਾਨਾ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ। ਇਸ ਲਈ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ। ਤੁਹਾਡਾ ਭਲਾ ਇਸ ਵਿੱਚ ਹੀ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਅਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕਰੋ। ਇਹਨਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ ਨਹੀਂ ਹੋਵੇਗਾ ਕਿਸੇ ਦਿਨ ਨੂੰ ਤੁਹਾਡੇ ਸੰਗਲ ਜਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਿਕ ਅਜਾਦੀ ਮਿਲ ਜਾਵੇਗੀ।’



# ਨੌਜਵਾਨ, ਪੜ੍ਹੇ ਲਿਖੇ ਕਸ਼ਮੀਰੀ ਖਾੜਕੂ ਕਿਉਂ ਬਣ ਰਹੇ ਹਨ ?

*[ਪਿਛਲੇ ਦਿਨੀਂ ਜ਼ਹੀਨ ਬੁੱਧੀਜੀਵੀ ਤੋਂ ਖਾੜਕੂ ਬਣੇ ਮਨਨ ਵਾਨੀ ਦੇ ਮੁਕਾਬਲੇ ਵਿਚ ਮਾਰੇ ਜਾਣ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਕਿ ਆਖ਼ਿਰ ਕਸ਼ਮੀਰ ਦੇ ਐਨੇ ਪੜ੍ਹੇਲਿਖੇ ਨੌਜਵਾਨ ਇਸ ਰਾਹ ਉੱਪਰ ਚੱਲਣ ਦਾ ਜ਼ੋਖ਼ਮ ਜਾਣਦੇ ਹੋਏ ਵੀ ਨਿੱਜੀ ਭਵਿੱਖ ਨੂੰ ਲੱਤ ਮਾਰਕੇ ਬੰਦੂਕ ਕਿਉਂ ਚੁੱਕ ਰਹੇ ਹਨ। ਖਾੜਕੂ ਲਹਿਰ ਵਿਚ ਪੜ੍ਹੇਲਿਖੇ ਨੌਜਵਾਨਾਂ ਦੀ ਆਮਦ ਤੋਂ ਭੈਭੀਤ ਹੁਕਮਰਾਨਾਂ ਵੱਲੋਂ ਹਿੰਦੁਸਤਾਨ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਸਾਰੇ ਹੀ ਕਸ਼ਮੀਰੀ ਵਿਦਿਆਰਥੀਆਂ ਨੂੰ ਸੰਭਾਵੀ ਖਾੜਕੂ ਮੰਨਕੇ ਉਹਨਾਂ ਦੀਆਂ ਸੂਚੀਆਂ ਬਣਾਉਣ ਦੇ ਫ਼ਰਮਾਨ ਜਾਰੀ ਕੀਤੇ ਗਏ ਹਨ। ਪੰਜਾਬ ਵਿਚ ਵੀ ਐਸੀਆਂ ਸੂਚੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਕਸ਼ਮੀਰੀ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ। ਇਕ ਸੰਜੀਦਾ ਕਸ਼ਮੀਰੀ ਪੱਤਰਕਾਰ ਇਸ਼ਫ਼ਾਕ ਜਮਾਲ ਨੇ ਆਪਣੇ ਇਸ ਲੇਖ ਵਿਚ ਕਸ਼ਮੀਰੀ ਮਨ ਦੀਆਂ ਪਰਤਾਂ ਨੂੰ ਫਰੋਲਿਆ ਹੈ ਜੋ ਗਰੇਟਰ ਕਸ਼ਮੀਰ, ਰਾਈਜ਼ਿੰਗ ਕਸ਼ਮੀਰ ਅਤੇ ਕਸ਼ਮੀਰ ਤੋਂ ਛਪਦੇ ਹੋਰ ਰੋਜ਼ਾਨਾ ਅਖ਼ਬਾਰਾਂ ਦੇ ਕਾਲਮ ਨਵੀਸ ਹਨ। ਇਸਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ ]*

**ਅਨੁਵਾਦ : ਬੂਟਾ ਸਿੰਘ ਨਵਾਂਸ਼ਹਿਰ**
**94634-74342**

ਸਵੇਰੇ ਜਾਗ ਖੁੱਲ੍ਹਦੇ ਹੀ ਮਨਨ ਵਾਨੀ ਦੇ ਮੁਕਾਬਲੇ ਵਿਚ ਘਿਰੇ ਹੋਣ ਦੀ ਖ਼ਬਰ ਸੁਣਕੇ ਕਸ਼ਮੀਰ ਵਿਚ ਕਿਸੇ ਲਈ ਵੀ ਸਹਿਜ ਰਹਿਣਾ ਸੰਭਵ ਨਹੀਂ ਸੀ। ਇਸ ਤੋਂ ਬਾਦ ਬਹੁਤ ਉੱਥਲ-ਪੁੱਥਲ ਮਚੀ, ਖ਼ਾਸ ਕਰਕੇ ਸੋਸ਼ਲ ਮੀਡੀਆ ਉੱਪਰ। ਕੁਛ ਇਸ ਨੂੰ ਝੂਠੀ ਖ਼ਬਰ ਕਹਿ ਰਹੇ ਸਨ, ਬਾਕੀ ਦੇ ਇਹ ਜਾਣੇ ਬਗ਼ੈਰ ਉਸਦੇ ਘੇਰੇ ਵਿੱਚੋਂ ਬਚ ਨਿਕਲਣ ਦਾ ਜਸ਼ਨ ਮਨਾ ਰਹੇ ਸਨ ਕਿ ਇਹ ਤਾਂ ਦਰਅਸਲ ਸੁਰੱਖਿਆ ਏਜੰਸੀਆਂ ਦਾ ਲੋਕ ਰੋਹ ਦੇ ਇਕਦਮ ਫੁਟਾਰੇ ਨੂੰ ਰੋਕਣ ਦੀ ਨਵੀਂ ਜੁਗਤ ਹੈ, ਜਿਵੇਂ ਬੁਰਹਾਨ ਵਾਨੀ ਦੇ ਮਾਮਲੇ ਵਿਚ ਵਾਪਰਿਆ ਸੀ। ਸੁਰੱਖਿਆ ਏਜੰਸੀਆਂ ਨੇ ਮਨਨ ਦੇ ਜ਼ਿੰਦਾ ਹੋਣ ਜਾਂ ਮਾਰੇ ਜਾਣ ਬਾਰੇ ਜਾਣ-ਬੁੱਝਕੇ ਘਚੋਲਾ ਖੜ੍ਹਾ ਕੀਤਾ ਅਤੇ ਉਹ ਇਕਦਮ ਹੋਣ ਵਾਲੇ ਹਿੰਸਕ ਪ੍ਰਦਰਸ਼ਨਾਂ ਨੂੰ ਰੋਕਣ ਵਿਚ ਕਾਮਯਾਬ ਹੋ ਗਏ।

ਚੀਜ਼ਾਂ ਉਭਰ ਰਹੀਆਂ ਹਨ, ਸੁਰੱਖਿਆ ਏਜੰਸੀਆਂ ਨੇ ਰੋਸ ਮੁਜ਼ਾਹਰਿਆਂ, ਅਤੇ ਮੁਕਾਬਲਿਆਂ ਤੋਂ ਪਹਿਲਾਂ ਅਤੇ ਪਿੱਛੋਂ ਦੇ ਮੰਜ਼ਰ ਨਾਲ ਨਜਿੱਠਣ ਦੀਆਂ ਨਵੀਂਆਂ ਜੁਗਤਾਂ ਸਿੱਖ ਲਈਆਂ ਹਨ। ਨਵੀਂ ਤਕਨਾਲੋਜੀ, ਨਵੀਂਆਂ ਰਣਨੀਤੀਆਂ, ਰੋਹ ਉੱਪਰ ਠੰਡਾ ਛਿੜਕਣ ਦੀਆਂ ਜੁਗਤਾਂ ਅਤੇ ਇੰਤਜ਼ਾਮੀਆ ਕਦਮਾਂ ਨਾਲ ਸੁਰੱਖਿਆ ਏਜੰਸੀਆਂ ਦਾ ਕੰਮ ਹੋਰ ਸੌਖਾ ਹੋ ਗਿਆ ਹੈ। ਲੇਕਿਨ ਇਕ ਚੀਜ਼ ਨਹੀਂ ਬਦਲੀ, ਆਮ ਕਸ਼ਮੀਰੀਆਂ ਦਾ ਸੰਤਾਪ।

ਅਸੀਂ 90ਵਿਆਂ 'ਚ ਵੀ ਭੇਡਾਂ ਦੀ ਤਰ੍ਹਾਂ ਮਰਦੇ ਰਹੇ ਅਤੇ ਅਸੀਂ ਅੱਜ ਵੀ ਉਸੇ ਤਰ੍ਹਾਂ ਮਰ ਰਹੇ ਹਾਂ, ਕੋਈ ਨੋਟਿਸ ਨਹੀਂ ਲਿਆ ਜਾਂਦਾ, ਕਿਤੇ ਸੁਣਵਾਈ ਨਹੀਂ ਅਤੇ ਜਾਨਾਂ ਦਾ ਕੋਈ ਮੁੱਲ ਨਹੀਂ।

ਮਨਨ ਦੀ ਮੌਤ ਨਾਲ ਪੂਰੇ ਕਸ਼ਮੀਰ ਵਿਚ ਵਿਆਪਕ ਬਹਿਸ ਛਿੜ ਗਈ। ਕੁਛ ਉਸ ਦੇ ਬੰਦੂਕ ਅਤੇ ਕਲਮ ਨੂੰ ਰਲ਼ਗੱਡ ਕਰਨ ਦੇ ਫ਼ੈਸਲੇ ਉੱਪਰ ਸਵਾਲ ਉਠਾ ਰਹੇ ਹਨ, ਅਤੇ ਕੁਛ ਉਸ ਨੂੰ ਟਾਕਰੇ ਦੇ ਚਿੰਨ੍ਹ ਵਜੋਂ ਪੂਜ ਰਹੇ ਹਨ, ਜਦਕਿ ਜ਼ਿਆਦਾਤਰ ਇਸ ਗੱਲ ਨਾਲ ਸਹਿਮਤ ਹਨ ਕਿ ਅਜੋਕੇ ਹਾਲਾਤ ਵਿਚ ਉਸ ਅੱਗੇ ਬੰਦੂਕ ਚੁੱਕਣ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਸੀ।

ਮੈਂ ਮਨਨ ਨੂੰ ਏ.ਐੱਮ.ਯੂ. (ਅਲੀਗੜ੍ਹ ਮੁਸਲਿਮ ਯੂਨੀਵਰਸਿਟੀ) ਦੇ ਵਿਦਿਆਰਥੀ ਦਿਨਾਂ ਤੋਂ ਜਾਣਦਾ ਸੀ। ਅਸੀਂ ਫੇਸਬੁੱਕ ਉੱਪਰ ਦੋਸਤ ਸੀ ਅਤੇ ਮੈਂ ਉਸਦੀ ਸਿਆਸੀ ਸੂਝ-ਬੂਝ ਨੂੰ ਦੇਖ ਅਤੇ ਮਹਿਸੂਸ ਕਰ ਸਕਦਾ ਸੀ। ਫੇਸਬੁੱਕ ਉੱਪਰ ਉਹ ਵੱਖੋ-ਵੱਖਰੇ ਮੁੱਦਿਆਂ ਉੱਪਰ ਚਰਚਾ ਕਰਦਾ, ਸਾਡਾ ਵਿਚਾਰਾਂ ਦਾ ਥੋੜ੍ਹਾ ਆਦਾਨ-ਪ੍ਰਦਾਨ ਵੀ ਹੋਇਆ, ਅਤੇ ਇਹ ਉਸਦੀ ਵਿਦਿਆਰਥੀ ਸਰਗਰਮੀ ਸੀ ਜੋ ਮੈਨੂੰ ਸਭ ਤੋਂ ਵੱਧ ਪਸੰਦ ਸੀ।

ਸਾਲ ਗੁਜ਼ਰਦੇ ਗਏ ਅਤੇ ਮੈਂ ਉਸ ਨੂੰ ਵਿਕਸਤ ਹੁੰਦਿਆਂ, ਬਲਾਗ ਲਿਖਦਿਆਂ ਅਤੇ ਕਾਨਫਰੰਸਾਂ ਵਿਖੇ ਇਨਾਮ ਜਿੱਤਦੇ ਨੂੰ ਦੇਖਦਾ ਰਿਹਾ। ਮੈਂ ਉਸ ਤਰ੍ਹਾਂ ਦੇ ਯਤਨਾਂ ਨੂੰ ਮਹਿਸੂਸ ਕਰ ਸਕਦਾ ਸੀ ਜੋ ਉਸਨੂੰ ਪੀਐੱਚ.ਡੀ. ਡਿਗਰੀ ਲਈ ਇਕ ਬਿਹਤਰੀਨ ਸੰਸਥਾ ਵਿਚ ਜਾਣ ਲਈ ਕਰਨੇ ਪਏ, ਕਿਉਂਕਿ ਮੈਂ ਉਸੇ ਜ਼ਿਲ੍ਹੇ ਤੋਂ ਹਾਂ ਜਿਸ ਨਾਲ ਉਹ ਸਬੰਧਤ ਸੀ ਅਤੇ ਸਾਡਾ ਦੋਨਾਂ ਦਾ ਬਚਪਨ ਲੜਾਈ ਦੇ ਮਾਹੌਲ ਵਿਚ ਗੁਜ਼ਰਿਆ ਸੀ।

ਕੁਪਵਾੜਾ ਕਸ਼ਮੀਰ ਦੇ ਸਭ ਤੋਂ ਵਧੇਰੇ ਫ਼ੌਜੀਕ੍ਰਿਤ ਜ਼ਿਲਿਆਂ ਵਿੱਚੋਂ ਇਕ ਹੈ। ਆਰਥਕ ਅਤੇ ਸਿੱਖਿਆ ਦੇ ਪੱਖ ਤੋਂ ਲਤਾੜੇ ਹੋਏ ਇਸ ਜ਼ਿਲ੍ਹੇ ਨੂੰ ਚੱਲ ਰਹੀ ਲੜਾਈ ਦੀ ਮਾਰ ਝੱਲਣੀ ਪੈ ਰਹੀ ਹੈ। ਲੜਾਈ ਦੇ ਕੁਛ ਸਭ ਤੋਂ ਘਿਣਾਉਣੇ ਖ਼ੌਫ਼ਨਾਕ ਕਾਂਡ ਇਸੇ ਜ਼ਿਲੇ ਨੇ ਤੱਕੇ ਹਨ। ਜੇ ਤੁਸੀਂ ਕੁਪਵਾੜਾ ਤੋਂ ਹੋ ਤਾਂ ਤੁਹਾਡੇ ਲਈ ਪੜ੍ਹਾਈ ਵਿਚ ਅੱਗੇ ਵਧ ਸਕਣਾ ਕਦੇ ਵੀ ਸੌਖਾ ਨਹੀਂ।

ਮਨਨ ਇਸ ਜ਼ਿਲ੍ਹੇ ਦੇ ਉਹਨਾਂ ਵਿਰਲੇ ਨੌਜਵਾਨਾਂ ਵਿੱਚੋਂ ਸੀ ਜੋ ਆਪਣੀ ਸਖ਼ਤ ਮਿਹਨਤ ਨਾਲ ਵਧੀਆ ਸੰਸਥਾਵਾਂ ਵਿਚ ਜਾਕੇ ਪੜ੍ਹਾਈ ਕਰਨ ਦੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਕਾਮਯਾਬ ਹੋਏ। ਉਹ ਉਸ ਇਲਾਕੇ ਤੋਂ ਸੀ ਜਿਸਨੇ ਮੁਸਲਿਮ ਜਗਤ ਦੇ 20ਵੀਂ ਸਦੀ ਦੇ ਮਸ਼ਹੂਰ ਧਰਮ ਗਿਆਤਾ ਅਲਮਾ ਅਨਵਰ ਸ਼ਾਹ ਕਸ਼ਮੀਰੀ ਨੂੰ ਪੈਦਾ ਕੀਤਾ, ਇਕ ਵਿਦਵਾਨ ਹਸਤੀ ਜੋ ਆਪਣੀਆਂ ਰਚਨਾਵਾਂ ਲਈ ਕੁਲ ਆਲਮ ਵਿਚ ਜਾਣੀ ਜਾਂਦੀ ਹੈ। ਅਤੇ ਪਹਿਲਾ ਕਸ਼ਮੀਰੀ ਆਈ.ਏ.ਐੱਸ. ਟਾਪਰ ਸ਼ਾਹ ਫੈਜ਼ਲ ਵੀ ਉਸਦੇ ਗੁਆਂਢੀ ਪਿੰਡ ਤੋਂ ਹੈ ਜੋ ਕਸ਼ਮੀਰ ਦੀ ਲਗਭਗ ਇਕ ਪੁਸ਼ਤ ਲਈ ਪ੍ਰੇਰਣਾ ਬਣਿਆ।

ਲਿਹਾਜ਼ਾ ਕੋਈ ਪੁੱਛ ਹੀ ਸਕਦਾ ਹੈ ਕਿ ਵਿਦਵਾਨ ਅਨਵਰ ਸ਼ਾਹ, ਪੁਰਅਮਨ ਇਨਕਲਾਬੀ ਅਸ਼ਰਫ਼ ਸਹਿਰਾਏ ਜਾਂ ਨੌਜਵਾਨਾਂ ਲਈ ਚਿੰਨ੍ਹ ਸ਼ਾਹ ਫੈਜ਼ਲ ਦਾ ਰਾਹ ਚੁਣਣ ਲਈ ਮਨਨ ਕਿਉਂ ਪ੍ਰੇਰਤ ਨਹੀਂ ਹੋਇਆ। ਉਸਨੇ ਬੰਦੂਕ ਚੁੱਕਣ ਅਤੇ ਇਸ

(ਬਾਕੀ ਸਫ਼ਾ 30 'ਤੇ)

Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਗੁਰੂ ਨਾਨਕ ਦੇਵ ਜੀ ਤੁਸੀਂ ਵੰਡ ਛਕਣ ਦਾ ਸਿਧਾਂਤ ਪੇਸ਼ ਕੀਤਾ

ਮੈਂ ਅੱਜ ਸਵੇਰ ਦਾ ਗੁਰਪੁਰਬ ਦੇ ਸਬੰਧ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਤਸਵੀਰਾਂ ਅਤੇ ਵਧਾਈ ਸੰਦੇਸ਼ ਪੜ੍ਹ ਰਿਹਾ ਸੀ ਅਚਾਨਕ ਕਿਸੇ ਦੋਸਤ ਵੱਲੋਂ ਫਾਰਵਰਡ ਕੀਤਾ ਸੰਦੇਸ਼ ਆ ਗਿਆ ਆਪ ਜੀ ਦੀ ਨਜ਼ਰ ਕਰ ਰਿਹਾ ਹਾਂ? ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ, ਅਸੀਂ ਆਪ ਜੀ ਦਾ 550ਵਾਂ ਪ੍ਰਕਾਸ਼ ਪੁਰਵ ਮਨਾ ਰਹੇ ਹਾਂ। ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ? ਬੈਠੇ ਸੁਤੇ ਵਲੋਂ ਆਪ ਦਾ ਪ੍ਰਕਾਸ਼ ਪੁਰਵ ਮਨਾਉਣ ਲਈ ਸਰਕਾਰੀ ਪੱਧਰ 'ਤੇ ਬਹੁਤ ਵੱਡੇ ਉਪਰਾਲੇ ਕੀਤੇ ਹਨ ਤਾਂ ਜੋ ਕਿਰਤੀਆਂ ਨੂੰ ਇਹ ਪਰਭਾਵ ਦਿੱਤਾ ਜਾ ਸਕੇ ਕਿ ਉਹ ਜਿਹੜਾ ਲੁੱਟ ਦਾ ਪ੍ਰਬੰਧ ਚਲਾ ਰਹੇ ਹਨ ਇਹੀ ਅੱਜ ਦਾ ਗੁਰੂ ਨਾਨਕ ਦਾ ਪ੍ਰਬੰਧ ਹੈ ਅਤੇ ਕਿਰਤੀ ਸ਼੍ਰੇਣੀ ਚੁਪ ਚਾਪ ਇਸੇ ਪਰਬੰਧ ਨੂੰ ਸਵੀਕਾਰ ਕਰਕੇ ਜਿਵੇਂ ਕਿਵੇਂ ਜਿੰਦਗੀ ਗੁਜਰ ਬਸਰ ਕਰਦੀ ਰਹੇ। ਉਹ ਸਰਕਾਰ ਜਿਸਨੇ ਤੇਰੇ ਮਹਾਂ ਵਾਕ "ਉਤਮ ਖੇਤੀ ਮੱਧਮ ਵਪਾਰ ਨਖਿਧ ਚਾਕਰੀ ਭੀਖ ਦੁਆਰ ਨੂੰ ਤਜ ਕੇ ਅੰਨਦਾਤੇ ਕਿਸਾਨ ਨੂੰ ਤੰਗੀਆਂ ਤੁਰਸ਼ੀਆਂ ਅਤੇ ਮੰਡੀਆਂ ਵਿੱਚ ਰੋਲਣ, ਕਰਜ਼ਿਆਂ ਦੀ ਦਲਦਲ ਅਤੇ ਖੁਦਕਸ਼ੀਆਂ ਤੋਂ ਸਿਵਾਏ ਹੋਰ ਕੁੱਝ ਨਹੀਂ ਦਿੱਤਾ। ਉਹ ਸਰਕਾਰ ਜਿਸ ਦੇ ਮੁਖੀਏ ਨੇ ਤੇਰੀ ਬਾਣੀ ਦੀ ਝੂਠੀ ਸਹੁੰ ਖਾ ਕੇ ਲੋਕਾਂ ਦੀਆਂ ਵੋਟਾਂ ਵਟੋਰ ਲਈਆਂ ਹਨ ਅਤੇ ਤੇਰੀ ਬਾਣੀ ਦੀ ਸਹੁੰ ਦੀ ਪਾਲਣਾ ਕਰਨ ਦੀ ਬਜਾਏ ਆੜਤੀਆਂ ਅਤੇ ਬੈਂਕਾਂ ਦਾ ਵਿਆਜ ਸਮੇਤ ਕੁੱਲ ਕਰਜ਼ਾ ਮੁਆਫ ਕਰਨ ਤੋਂ ਮੁਕਰ ਗਿਆ ਹੈ। ਹੇ ਬਾਬਾ ਨਾਨਕ ਦੇਵ ਜੀ ਇਸ ਸਮੇਂ ਜੇਕਰ ਆਪ ਆਪਣੇ ਅੱਖੀਂ ਤਕਦੇ ਤਾਂ ਉਤਮ ਖੇਤੀ ਅਤੇ ਖੇਤੀਹਰ ਦੀ ਮੰਦਹਾਲੀ ਨੂੰ ਤੱਕ ਕੇ ਆਪ ਜੀ ਨੇ "ਕੂੜ ਸੋਇਨਾ ਕੂੜ ਰੂਪਾ ਕੂੜ ਪਹਨਨਹਾਰ" ਤੇ ਅਮਲ ਕਰਦਿਆਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ ਵਾਂਗੂੰ ਹਰਮੰਦਰ ਸਾਹਿਬ ਨੂੰ ਲਾਇਆ ਸੋਨਾ ਗਰੀਬ ਕਿਸਾਨਾਂ ਨੂੰ ਦੇ ਦੇਣਾ ਸੀ।

ਹੇ ਬਾਬਾ ਨਾਨਕ ਹੁਣ ਤਾਂ ਤੇਰੇ ਨਾਮ ਤੇ ਬਣੇ ਗੁਰਦੁਆਰਿਆਂ ਵਿੱਚ ਬੰਦੇ ਦੇ ਸਟੇਟਸ ਦੇਖ ਕੇ ਠਹਿਰਨ ਲਈ ਜਗ੍ਹਾ ਮਿਲਦੀ ਹੈ। ਜਿਹਨਾਂ ਨਿਆਸਰਿਆਂ ਬਾਰੇ ਤੁਹਾਡਾ ਵਿਚਾਰ ਸੀ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" ਉਹਨਾਂ ਨੂੰ ਸਰਾਵਾਂ ਦੇ ਨੇੜੇ ਚੋਰ ਦੀ ਨਿਗਾਹ ਨਾਲ ਵੇਖਿਆ ਜਾਂਦੈ। ਧੱਕੇ ਮਾਰ ਕੇ ਬਾਹਰ ਕੱਢਿਆ ਜਾਂਦੈ। ਜੇਕਰ ਉਹ ਚੋਰ ਵੀ ਹੋਣ ਤਾਂ ਤੇਰੇ ਚਿੰਤਕ ਉਹਨਾਂ ਦੇ ਚੋਰ ਬਣਨ ਦੀਆਂ ਸਮਾਜਿਕ ਹਾਲਤਾਂ ਬਾਰੇ ਸਿਰਫ ਸਟੇਜ ਉਤੇ ਭਾਸ਼ਨ ਰਾਹੀਂ ਦੁੱਖ ਜਰੂਰ ਪ੍ਰਗਟ ਕਰਦੇ ਹਨ ਉਹਨਾਂ ਹਾਲਤਾਂ ਨੂੰ ਬਦਲਣ ਲਈ ਨਾ ਤਾਂ ਹੁਣ ਖਾਲਸਾ ਮਰ ਮਿਟਣ ਲਈ ਤਿਆਰ ਹੈ ਅਤੇ ਨਾ ਹੀ ਗੁਰਦੁਆਰੇ ਦੀ ਗੋਲਕ ਗਰੀਬਾਂ ਦੇ ਮੂੰਹਾਂ ਲਈ ਖੋਲ੍ਹਦਾ ਹੈ। ਬਾਬਾ! ਹੁਣ ਨਾਮ ਜਰੂਰ ਜਪਿਆ ਜਾਂਦਾ ਹੈ ਪਰ ਹੁਣ ਆਪ ਜੀ ਦੀ ਤਰ੍ਹਾਂ ਹਲ ਵਾਹੁਣ ਦੀ ਬਜਾਏ ਕਾਰਪੋਰੇਟ ਲੁੱਟ ਦੇ ਢੰਗਾਂ ਰਾਹੀ 'ਕਿਰਤ' ਕਰਕੇ ਅੰਤ ਵੇਲੇ ਨਾਲ ਨਾ ਜਾਣ ਵਾਲੀ ਧਨ ਦੌਲਤ ਜੋੜ ਕੇ ਕਰੋੜਪਤੀ ਬਣਨ ਦੇ ਯਤਨ ਜਾਰੀ ਹਨ ਅਤੇ ਮੁਰਦਾਰ ਖਾ ਕੇ ਸਵੈ-ਘੋਸ਼ਿਤ ਉਚ ਨੈਤਿਕਤਾ ਘੜ ਲਈ ਹੈ। ਹੁਣ ਇਹਨਾਂ ਨੂੰ ਲਾਲਚ ਕਾਰਨ ਨਾ ਰਾਤ ਨੂੰ ਨੀਂਦ ਆਉਂਦੀ ਹੈ ਅਤੇ ਨਾ ਦਿਨ ਨੂੰ ਚੈਨ ਆਉਂਦੀ ਹੈ। ਬਾਬਾ ਜੀ! ਵੰਡ ਕੇ ਛੱਕਣ ਦੀ ਗੱਲ ਤਾਂ 550 ਸਾਲ ਪਿਛੇ ਰਹਿ ਗਈ। ਗੁਰੂ ਨਾਨਕ ਦੇਵ ਜੀ ਤੁਸੀਂ ਵੰਡ ਛਕਣ ਦਾ ਸਿਧਾਂਤ ਪੇਸ਼ ਕੀਤਾ ਜਿਸ ਦੀ ਲਗਾਤਾਰਤਾ ਵਿੱਚ ਸ਼੍ਰੀ ਗੁਰੂ ਰਾਮਦਾਸ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਇੱਕ ਐਸੀ ਜੀਵਨਜਾਚ ਸਥਾਪਤ ਕਰਨ ਲਈ ਮਾਰਗ ਦਿਖਾਇਆ ਜਿਸ ਨਾਲ ਹਰ ਵਿਅਕਤੀ ਦੀ ਸਮਾਜਿਕ ਸੁਰੱਖਿਆ ਦੀ ਗਰੰਟੀ ਹੋਣੀ ਨਜਰ ਆਉਂਦੀ ਹੈ। ਕਾਰਪੋਰੇਟ ਪੂੰਜੀਵਾਦੀ ਚਿੰਤਕ ਐਡਮ ਸਮਿੱਥ ਨੇ ਆਪਣੀ ਪੁਸਤਕ 'ਵੈਲਥ ਆਫ ਨੇਸ਼ਨ' ਰਾਹੀਂ ਦੁਨੀਆਂ ਨੂੰ ਵਿਕਸਤ ਹੋਣ ਲਈ ਸਿਰਫ ਤੇ ਸਿਰਫ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਕਰਨ ਦਾ ਫਲਸਫਾ ਪੇਸ਼ ਕੀਤਾ ਅਤੇ ਆਪ ਜੀ ਦੇ ਅੱਜ ਦੇ ਸਿੱਖ ਨੇ ਪੂਰੀ ਤਰ੍ਹਾਂ ਅਪਣਾ ਲਿਆ ਹੈ। ਇਹ ਸਿਧਾਂਤ ਯੂਰਪ ਤੋਂ ਚੱਲ ਕੇ ਪੂਰੀ ਦੁਨੀਆਂ ਦੇ ਲੋਕਾਂ ਦਾ ਪ੍ਰੇਰਨਾ ਸਰੋਤ ਅਤੇ ਹਰ ਗਤੀਵਿਧੀ ਦਾ ਕੇਂਦਰੀ ਪਹਿਲੂ ਬਣ ਗਿਆ। ਇਸ ਤਰ੍ਹਾਂ ਐਡਮ ਸਮਿੱਥ ਦੇ ਇਸ ਸਿਧਾਂਤ ਨੇ ਪੰਜਾਬ ਅੰਦਰ ਗੁਰੂ ਸਹਿਬਾਨਾਂ ਵਲੋਂ ਚਲਾਈ ਸਾਂਝੀਵਾਲਤਾ ਦੀ ਲਹਿਰ ਨੂੰ ਨੁਕਸਾਨ ਪਹੁੰਚਾਇਆ। ਕਾਰਪੋਰੇਟ ਦੌਰ ਨੇ ਆਪ ਜੀ ਦੇ ਪੰਥ ਦੇ ਅਨੁਆਈਆਂ ਤੋਂ ਆਪਣੇ ਨਿਯਮਾਂ ਦਾ ਪਾਲਣ ਕਰਵਾ ਕੇ ਕਾਰਪੋਰੇਟ ਆਧੁਨਿਕਤਾ ਦਾ ਲੇਪ ਕਰ ਦਿੱਤਾ। ਇਸ ਕਰਕੇ ਗੁਰੂ ਸਹਿਬਾਨਾਂ ਦੇ ਪਦ ਚਿੰਨਾਂ ਦੀ ਬਜਾਏ ਗੁਰਬਾਣੀ ਦੀਆਂ ਸਿਖਿਆਵਾਂ ਦਾ ਗੁਣਗਾਣ ਕਰਦੇ ਹੋਏ ਸਵੈ-ਘੋਸ਼ਿਤ ਉਚ ਨੈਤਿਕਤਾ (ਜਿਸ ਦਾ ਗੁਰਬਾਣੀ ਵਿੱਚ ਦਰਜ ਸਿਖਿਆਵਾਂ ਨਾਲ ਕੋਈ ਸਰੋਕਾਰ ਨਹੀਂ) ਨੂੰ ਅਪਣਾ ਲਿਆ ਅਤੇ ਦੋਗਲੇ ਮਿਆਰਾਂ ਦੇ ਅਨੁਆਈਆਂ ਦੀ ਉਤਪਤੀ ਹੋ ਗਈ ਜਿਸ ਨਾਲ ਇਹਨਾਂ ਦੀ ਜੀਵਨਸ਼ੈਲੀ "ਕਹਿਣਾ ਕੁੱਝ ਅਤੇ ਕਰਨਾ ਕੁੱਝ ਵਾਲੀ ਹੋ ਗਈ। ਪੂੰਜੀਵਾਦ ਦੀ ਝੁੱਲੀ ਹਨੇਰੀ ਨੇ ਧਾਰਮਿਕ ਸੰਸਥਾਵਾਂ ਨੂੰ ਕਾਰਪੋਰੇਟਾਈਜ ਕਰਕੇ ਪੂੰਜੀਵਾਦੀ ਕਾਨੂੰਨਾਂ /ਨਿਯਮਾਂ ਦੇ ਅਧੀਨ ਕਰਕੇ ਪੂੰਜੀਵਾਦੀ ਤਰਜ ਤੇ ਸੰਚਾਲਤ ਕਰ ਦਿੱਤਾ। ਜਿਸ ਕਰਕੇ ਇਹਨਾਂ ਅਦਾਰਿਆਂ ਦੀ ਧਨ ਦੌਲਤ ਨੂੰ ਗਰੀਬ ਦੇ ਮੂੰਹ ਵਿੱਚ ਪਾਉਣ ਦੀ ਬਜਾਏ ਸੌੜੇ ਵਿਅਕਤੀਗਤ ਅਤੇ ਸਿਆਸੀ ਹਿਤਾਂ ਲਈ ਵਰਤਣ ਹਿਤ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਬਜੇ ਦੀ ਅੱਗ ਮੱਚ ਗਈ। ਸਿਆਸੀ ਲੋਕਾਂ ਵਲੋਂ ਸਪਾਂਸਰਡ ਲੋਕ ਗੋਲਕ ਵਿਚੋਂ ਲੱਖਾਂ ਰੁਪਏ ਦੀਆਂ ਤਨਖਾਹਾਂ ਅਤੇ ਲਗਜਰੀ ਗੱਡੀਆਂ, ਰਿਹਾਇਸ਼ਾਂ ਅਤੇ ਹੋਰ ਸਹੂਲਤਾਂ ਦਾ ਲੁਤਫ ਲੈਣ ਲੱਗ ਪਏ ਹਨ। ਤੁਹਾਡੀ ਦੁਨੀਆਂ ਨੂੰ ਇਹਨਾਂ ਮਲਕ ਭਾਗੋਆਂ ਨੇ ਆਪਣੀਆਂ ਆਪਣੀਆਂ ਵਾੜਾਂ ਗੱਡ ਕੇ ਵੰਡ ਲਿਆ ਹੈ। ਬਾਬਾ ਜੀ ਹੁਣ ਇਹਨਾਂ ਨੇ ਆਪ ਵੱਲੋਂ ਮੱਕੇ ਜਾ ਕੇ ਕਾਜੀ ਨੂੰ ਹਰ ਪਾਸੇ ਮੱਕਾ ਹੋਣ ਦਾ ਦਿੱਤਾ ਉਪਦੇਸ਼ ਭੁਲਾ ਦਿੱਤਾ ਹੈ। ਹੁਣ ਤਾਂ ਇਹਨਾਂ ਨੂੰ ਆਪ ਦਾ ਕਰਤਾਰਪੁਰ ਸਿਰਫ ਪਾਕਿਸਤਾਨ ਵਿੱਚ ਦਿਸਦਾ ਹੈ। ਪਰ ਜਦੋਂ ਮੈ ਆਪ ਦੇ ਮੱਕੇ ਵਾਲੇ ਵਿਚਾਰਕ ਪੱਖ ਤੋਂ ਕਿਸਾਨ ਮਜਦੂਰ ਨੂੰ ਖੇਤ ਵਿੱਚ ਸੁੱਚੀ ਕਿਰਤ ਕਰਦੇ ਅਤੇ ਪਸੀਨੋ ਪਸੀਨੀ ਹੋਏ ਵੇਖਦਾ ਹਾਂ ਤਾਂ ਮੈਨੂੰ ਹਰ ਖੇਤ ਵਿੱਚ ਕਰਤਾਰਪੁਰ ਵੱਸਿਆ ਦਿਸਦਾ ਹੈ।







ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਸੁਖਵੀਰ ਗਰੇਵਾਲ (ਕੈਲਗਰੀ) 403 402 0770












ਜਸਵੰਤ ਜੀਰਖ
98151-69825

# ਝੂਠੇ ਲੀਡਰਾਂ ਨੂੰ ਲੋਕ ਮੁੱਦਿਆਂ ਤੇ ਘੇਰਨ ਲਈ ਅੱਗੇ ਆਓ

ਜਾਤਾਂ,ਧਰਮਾਂ ਤੇ ਫ਼ਿਰਕਿਆਂ ਦੇ ਨਾ ਤੇ ਲੜਨ ਲਈ ਉਕਸਾ ਰਹੇ ਸਿਆਸਤਦਾਨਾਂ ਵੱਲੋਂ ਲੋਕਾਂ ਦੇ ਅਸਲ ਮੁੱਦਿਆਂ ਨੂੰ ਨਜ਼ਰ ਅੰਦਾਜ਼ ਕਰਕੇ ਧਰਮਾਂ ਵਿੱਚ ਉਲਝਾਉਣ ਦੇ ਅਡੰਬਰ ਆਪ ਹੀ ਪੈਦਾ ਕਰਕੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲੀਹੋਂ ਲਾਹੁਣ ਦੇ ਯਤਨ ਵਾਰ ਵਾਰ ਹੋ ਰਹੇ ਹਨ। ਸਰਕਾਰੀ ਗੱਦੀਆਂ ਤੇ ਕਾਬਜ਼ ਅਤੇ ਗੱਦੀਓਂ ਲੱਥੇ ਸਿਆਸਤਦਾਨਾਂ ਵਿੱਚ ਕੋਈ ਅੰਤਰ ਨਹੀਂ, ਸਗੋਂ "ਚੋਰ ਚੋਰ ਮਛੇਰੇ ਭਾਈ" ਵਾਲੀ ਕਹਾਵਤ ਇਹਨਾਂ ਉੱਪਰ ਪੂਰੀ ਢੁਕਦੀ ਹੈ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣਾ ਇਹਨਾਂ ਦੀ ਮੌਕਾਪ੍ਰਸਤੀ ਦਾ ਪੁਰਾਣਾ ਕਿਰਦਾਰ ਹੈ। ਵੋਟਾਂ ਦੀ ਮੌਜੂਦਾ ਗੰਦੀ ਰਾਜਨੀਤਕ ਖੇਡ ਵਿੱਚ ਸਾਰੀਆਂ ਪਾਰਟੀਆਂ ਹੀ ਇਸ ਹਮਾਮ ਵਿੱਚ ਬੇ ਪੜਦ ਹਨ। ਸਾਰੀਆਂ ਵਿੱਚ ਵੱਡੀ ਗਿਣਤੀ ਅਜਿਹੇ ਨੇਤਾ ਦਨਦਨਾਉਂਦੇ ਫਿਰਦੇ ਹਨ ਜ਼ਿਹਨਾਂ ਖ਼ਿਲਾਫ਼ ਗੰਭੀਰ ਅਪਰਾਧਾਂ ਦੇ ਕੇਸ ਚੱਲ ਰਹੇ ਹਨ। ਸੱਚੇ ਸੌਦੇ ਦੇ ਝੂਠੇ ਵਿਉਪਾਰੀਆਂ ਵਰਗੇ ਅਨੇਕਾਂ ਡੇਰਿਆਂ ਵਿੱਚ ਜਾਕੇ ਵੋਟਾਂ ਖ਼ਾਤਰ ਗੋਡੇ ਟੇਕਣ ਲਈ ਸਾਰੇ ਇੱਕੋ ਥੈਲੀ ਦੇ 'ਚੱਟੇ ਵੱਟੇ' ਸਿੱਧ ਹੋ ਚੁੱਕੇ ਹਨ। ਭਾਵੇਂ ਕਈ ਅਜਿਹੇ ਡੇਰੇਦਾਰ ਸੰਗੀਨ ਦੋਸ਼ਾਂ ਅਧੀਨ ਜੇਲ੍ਹ ਦੀ ਹਵਾ ਵੀ ਖਾ ਰਹੇ ਹਨ, ਪਰ ਕਈ ਰਾਜਨੀਤਕ ਲੀਡਰਾਂ ਵਿੱਚ ਅਜੇ ਵੀ ਉਹਨਾਂ ਪ੍ਰਤੀ ਹੇਜ ਮੱਠਾ ਨਹੀਂ ਪਿਆ। ਇਸ ਤੋਂ ਸਪਸਟ ਹੈ ਕਿ ਧਰਮਾਂ ਦੇ ਨਾ ਤੇ ਚੱਲ ਰਹੇ ਡੇਰਿਆਂ ਦੀ ਸਾਡੇ ਸਿਆਸਤਦਾਨਾਂ ਨਾਲ ਗੂੜ੍ਹੀ ਸਾਂਝਭਿਆਲੀ ਹੈ ਜੋ ਰਲ ਮਿਲਕੇ ਲੋਕਾਂ ਨੂੰ ਮੂਰਖ ਬਣਾਕੇ ਰੱਖਣ ਲਈ ਬਰਾਬਰ ਦੇ ਭਾਈਵਾਲ ਹਨ। ਇਸ ਬਾਰੇ ਲੋਕਾਂ ਨੂੰ ਸੁਚੇਤ ਹੋਣ ਦੀ ਅਹਿਮ ਲੋੜ ਹੈ। ਲੋਕਾਂ ਨੂੰ ਮੂਰਖ ਬਣਾਕੇ ਰੱਖਣ ਨਾਲ ਹੀ ਇਨ੍ਹਾਂ ਬਾਬਿਆਂ ਅਤੇ ਸਿਆਸਤਦਾਨਾਂ ਦੀਆਂ ਗੱਦੀਆਂ ਸਹੀ ਸਲਾਮਤ ਚੱਲ ਸਕਦੀਆਂ ਹਨ।ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਕੇ, ਰਾਜਗੱਦੀ ਤੱਕ ਪਹੁੰਚਣ ਲਈ ਹਰ ਰਾਜਨੇਤਾ ਆਪਣੇ ਅਡੰਬਰ ਰਚਾਉਣ ਲਈ ਬੜਾ ਮਾਹਰ ਹੈ।

ਅੱਜ ਰਾਜ-ਗੱਦੀ ਤੇ ਬਰਾਜਮਾਨ ਕੈਪਟਨ ਸਾਹਿਬ ਨੂੰ ਧਾਰਮਿਕ ਗੁੱਟਕਾ ਫੜਕੇ ਮੱਥੇ ਨਾਲ ਲਗਾਕੇ, ਲੋਕਾਂ ਨਾਲ ਕੀਤੇ ਸਾਰੇ ਵਾਅਦੇ ਭੁੱਲ ਚੁੱਕੇ ਹਨ, ਜੋ ਕਿ ਹਰ ਮੌਕਾਪ੍ਰਸਤ ਸਿਆਸਤਦਾਨ ਦਾ ਮੁੱਢਲਾ ਗੁੱਣ ਹੈ। ਨੌਜਵਾਨਾ ਨੂੰ ਨੌਕਰੀਆਂ ਦੇਣਾ ਤਾਂ ਇਕ ਪਾਸੇ ਰਿਹਾ, ਇਸਨੇ ਨੌਕਰੀ ਲੱਗਿਆਂ ਨੂੰ ਹੀ ਨੌਕਰੀਆਂ ਛੱਡਣ ਲਈ ਮਜਬੂਰ ਕਰ ਦਿੱਤਾ ਹੈ।ਕੌਮ ਦੇ ਨਿਰਮਾਤਾ ਕਹੇ ਜਾਣ ਵਾਲੇ ਅਧਿਆਪਕਾਂ ਨੂੰ ਕਿਵੇਂ ਜਲੀਲ ਹੋਣਾ ਪੈ ਰਿਹਾ ਹੈ, ਉਹਨਾਂ ਦੇ ਪੈਂਦੀਆਂ ਡਾਂਗਾਂ ਅਸੀਂ ਸਾਰੇ ਹੀ ਹਰ ਰੋਜ ਵੇਖ ਰਹੇ ਹਾਂ।ਜੱਗ ਦੀ ਜਣਨੀ ਕਹੀ ਜਾਂਦੀ ਔਰਤ ਨਾਲ ਵੀ ਜੋ ਹੋ ਰਿਹਾ ਸਭ ਦੇ ਸਾਹਮਣੇ ਹੈ। ਪਰ ਕੈਪਟਨ ਸਾਹਿਬ ਕੋਲ ਕਿਸੇ ਨਾਲ ਗੱਲ ਕਰਨ ਦੀ ਵੀ ਵਿਹਲ ਨਹੀਂ।ਇਸ ਦੀ ਸਰਕਾਰ ਬਣਨ ਤੋਂ ਪਹਿਲਾਂ ਆਮ ਲੋਕਾਂ ਦੀ ਜੋ ਹਾਲਤ ਸੀ, ਹੁਣ ਉਸ ਤੋਂ ਵੀ ਬਦੱਤਰ ਹੁੰਦੀ ਜਾ ਰਹੀ ਹੈ।ਮਜਦੂਰ, ਕਿਸਾਨ, ਮੁਲਾਜ਼ਮ, ਵਿਦਿਆਰਥੀ ਸਭ ਸਰਕਾਰਾਂ ਦਾ ਪਿੱਟ ਸਿਆਪਾ ਕਰਕੇ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਲਈ ਆਏ ਰੋਜ਼ ਸੜਕਾਂ ਤੇ ਆ ਰਹੇ ਹਨ।

ਇਹੋ ਹਾਲ ਇਸ ਤੋਂ ਪਹਿਲਾਂ ਰਾਜ ਕਰਦੀ ਰਹੀ, ਪੰਥਕ ਕਹਾਉਂਦੀ ਅਕਾਲੀ ਸਰਕਾਰ ਦਾ ਰਿਹਾ ਹੈ। ਇਸ ਵੱਲੋਂ ਵੀ ਆਪਣੇ ਆਪ ਨੂੰ ਲੋਕਾਂ ਲਈ ਕੁਰਬਾਨੀਆਂ ਕਰਨ ਦੇ ਦਮਗਜੇ ਮਾਰਕੇ ਉਹਨਾਂ ਦੇਸ਼ ਭਗਤਾਂ, ਬੱਬਰ ਅਕਾਲੀਆਂ ਵੱਲੋਂ ਦਿੱਤੀਆਂ ਸ਼ਹਾਦਤਾਂ ਦਾ ਮੁੱਲ ਵੱਟਿਆ ਜਾ ਰਿਹਾ ਹੈ।ਜਦੋਂਕਿ ਇਹਨਾਂ ਮੌਜੂਦਾ ਲੀਡਰਾਂ ਦਾ ਪ੍ਰਿਵਾਰਿਕ ਪਛੋਕੜ ਬੱਬਰਾਂ ਨਾਲ ਕੀਤੀਆਂ ਗਦਾਰੀਆਂ ਨਾਲ ਭਰਿਆ ਪਿਆ ਹੈ। ਇਹਨਾਂ ਦੀ ਸਰਕਾਰ ਸਮੇਂ ਵੀ ਹੁਣ ਨਾਲੋਂ ਕੋਈ ਵੱਖਰਾ ਨਹੀਂ ਸੀ। ਓਦੋਂ ਵੀ ਨਸ਼ਿਆਂ, ਬੇਰੁਜਗਾਰੀ ਤੇ ਖੁਦਕਸ਼ੀਆਂ ਦੀ ਭੇਂਟ ਚੜਕੇ ਲੋਕਾਂ ਦੇ ਘਰ ਬਰਬਾਦ ਹੁੰਦੇ ਸਨ। ਔਰਤਾਂ ਤੇ ਬੱਚੀਆਂ ਓਦੋਂ ਵੀ ਗੁੰਡਿਆਂ ਦੀ ਹਵਸ ਦਾ ਸ਼ਿਕਾਰ ਹੋ ਰਹੀਆਂ ਸਨ ਅਤੇ ਗੁੰਡਿਆਂ ਦੀ ਪਿੱਠ ਤੇ ਸਰਕਾਰੀ ਥਾਪੜਾ ਬਰਕਰਾਰ ਸੀ। ਰੇਤਾ ਬਜਰੀ ਉੱਪਰ ਗੁੰਡਾ ਮੁਅਫੀਆ ਦੇ ਕਬਜ਼ੇ, ਰਿਸ਼ਵਤ ਖੋਰੀ, ਤਕੜੇ ਦਾ ਸੱਤੀਂ ਵਾਹੀਂ ਸੌ ਓਦੋਂ ਵੀ ਇਸੇ ਤਰ੍ਹਾਂ ਚੱਲਦਾ ਸੀ। ਇਹਨਾਂ ਦੀ ਭਾਈਵਾਲ ਬੀਜੇਪੀ ਜੋ ਦੇਸ਼ ਭਰ ਵਿਚ ਜੁਮਲਿਆਂ ਦੀ ਸਰਕਾਰ ਦੇ ਨਾ ਤੇ ਕਾਫੀ ਨਾਮਣਾ ਖੱਟ ਚੁੱਕੀ ਹੈ। ਇਸ ਨੇ ਮਿਥਿਹਾਸ ਦਾ ਇਤਿਹਾਸਿਕ ਭਗਵਾਂ ਕਰਣ ਕਰਨ ਲਈ ਸਿੱਖਿਆ ਨੂੰ ਉਸ ਦੇ ਮੇਚ ਦਾ ਬਣਾਕੇ ਪੇਸ਼ ਕਰਨ ਦਾ ਬੜੇ ਜੋਰ ਸ਼ੋਰ ਨਾਲ ਬੀੜਾ ਚੁੱਕਿਆ ਹੋਇਆ ਹੈ। ਧਰਮ ਅਤੇ ਸੰਸਕ੍ਰਿਤੀ ਦੇ ਨਾ ਤੇ ਅੰਧਵਿਸ਼ਵਾਸੀ ਤੇ ਪਿਛਾਕੜੀ ਵਿਚਾਰਧਾਰਾ ਨੂੰ ਦੇਸ਼ ਵਿੱਚ ਹੋਰ ਪੱਕੇ ਪੈਰੀਂ ਕਰਨ ਦਾ ਇਸ ਨੂੰ ਬੜਾ ਸੁਨੈਹਿਰੀ ਮੌਕਾ ਮਿਲਿਆ ਹੋਇਆ ਹੈ। ਇਹ ਜਿਸ ਆਰ ਐਸ ਐਸ ਦੇ ਕਦਮ ਚਿੰਨ੍ਹਾਂ ਤੇ ਚੱਲ ਰਹੀ ਹੈ, ਉਸ ਦਾ ਦੇਸ਼ ਦੀ ਆਜ਼ਾਦੀ ਲਈ ਲੜੀ ਲੜਾਈ ਦੌਰਾਨ, ਅੰਗਰੇਜ਼ ਭਗਤੀ ਵਾਲੇ ਪਿਛੋਕੜ ਦਾ ਇਤਿਹਾਸ ਗਵਾਹ ਹੈ। ਅੱਜ ਜਿਹੜਾ ਵੀ ਇਹਨਾਂ ਵੱਲੋਂ ਕੀਤੇ ਜਾ ਰਹੇ ਗਲਤ ਫੈਸਲਿਆਂ ਤੇ ਉਂਗਲ ਰੱਖਦਾ ਹੈ, ਉਸਨੂੰ ਝੱਟ ਦੇਸ਼ ਧ੍ਰੋਹੀ ਦੇ ਖਿਤਾਬ ਨਾਲ ਨਿਵਜ ਦਿੱਤਾ ਜਾਂਦਾ ਹੈ ਤੇ ਗਾਲੀ ਗਲੋਚ ਕਰਕੇ ਧਮਕਾਉਣ ਦਾ ਰਸਤਾ ਅਪਣਾਕੇ ਸਹੀ ਆਵਾਜ਼ ਨੂੰ ਦਬਾਉਣ ਲਈ ਦਬਕਾਇਆ ਜਾਂਦਾ ਹੈ।ਆਰ ਐਸ ਐਸ ਦੇ ਏਜੰਡੇ ਅਨੁਸਾਰ ਮੰਨੂ ਸਿਮਰਤੀ ਨੂੰ ਮੁੜ ਦੇਸ਼ ਵਿੱਚ ਲਾਗੂ ਕਰਨ ਲਈ ਉਤਾਵਲੀ ਇਸ ਪਾਰਟੀ ਨੇ ਦੇਸ਼ ਵਿੱਚ ਦਲਿਤਾਂ, ਬੁੱਧੀਜੀਵੀਆਂ, ਮੁਸਲਮਾਨਾਂ, ਔਰਤਾਂ ਅਤੇ ਘੱਟ ਗਿਣਤੀਆਂ ਨੂੰ ਆਪਣੀ ਧੌਂਸ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਸ਼ਰੇਆਮ ਕੁੱਟ-ਮਾਰ ਕਰਨ ਅਤੇ ਕਤਲ ਕਰਨ ਵਾਲੇ ਦੰਨ ਦਨਾਉਂਦੇ ਫਿਰ ਰਹੇ ਹਨ, ਜੋ ਸਭ ਦੇ ਸਾਹਮਣੇ ਹੈ। ਕਿੰਨੇ ਹੀ ਡਾ. ਨਰੇਂਦਰ ਦਾਭੋਲਕਰ, ਗੋਬਿੰਦ ਪਨਸਾਰੇ, ਪ੍ਰੋ. ਕੁਲਬਰਗੀ ਅਤੇ ਉੱਘੀ ਪੱਤਰਕਾਰਾ ਗੌਰੀ ਲੰਕੇਸਕਰ ਵਰਗੇ ਚੋਟੀ ਦੇ ਸਮਾਜ ਚਿੰਤਕ ਇਹਨਾਂ ਦੇ ਗਰੋਹਾਂ ਵੱਲੋਂ ਕਤਲ ਕੀਤੇ ਜਾ ਚੁੱਕੇ ਹਨ। ਕਿੰਨੇ ਹੀ ਬੇਦੋਸੇ ਜੇਲ੍ਹਾਂ ਅੰਦਰ ਅਤੇ ਕਈ ਆਪਣੇ ਹੀ ਘਰਾਂ ਅੰਦਰ ਨਜਰਬੰਦ ਹਨ। ਆਪਣੇ ਆਪ ਨੂੰ ਦੇਸ਼ ਦਾ ਚੌਕੀਦਾਰ ਬਣਕੇ ਨਾ ਖਾਉਂਗਾ, ਨਾ ਖਾਣੇ ਦੂੰਗਾ ਦੇ ਦਾਅਵੇ ਕਰਨ ਵਾਲੇ ਪ੍ਰਧਾਨ ਮੰਤਰੀ ਜੀ ਦੇ ਨੱਕ ਹੇਠ ਵੱਡੇ ਘਪਲੇ ਕਰਕੇ ਦੇਸ਼ ਨੂੰ ਲੁੱਟਕੇ ਭੱਜਣ ਵਾਲ਼ਿਆਂ ਤੇ ਪਹਿਰਾ ਦੇਣ ਵੇਲੇ ਚੌਕੀਦਾਰ ਸਾਹਿਬ ਪਤਾ ਨਹੀਂ ਕਿੱਥੇ ਘੂਕ ਨੀਂਦ ਸੁੱਤੇ ਰਹੇ? ਨਾ ਕਾਲਾ ਧਨ ਆਇਆ ਤੇ ਨਾ ਹੀ ਅੱਛੇ ਦਿਨਾਂ ਦੇ ਦਰਸ਼ਨ ਹੋਏ। ਪਤਾ ਲੱਗਾ ਹੈ ਕਿ ਆਰ ਐਸ ਐਸ ਦਾ ਮੁੱਖੀ ਮੋਹਨ ਭਾਗਵਤ ਅੱਜ ਕੱਲ੍ਹ ਪੰਜਾਬ ਦੇ ਅਖੌਤੀ ਸੰਤਾਂ ਮਹੰਤਾਂ ਦੇ ਡੇਰਿਆਂ ਨਾਲ ਰਾਵਤਾ ਕਰਕੇ 2019 ਦੀਆਂ ਚੋਣਾਂ ਲਈ ਇਨ੍ਹਾਂ ਡੇਰਿਆਂ ਦੇ ਸਰਧਾਲੂਆਂ ਦੀਆਂ ਵੋਟਾਂ ਬੀਜੇਪੀ ਲਈ ਪੱਕੀਆਂ ਕਰਨ ਲਈ ਚੱਕਰ ਕੱਢ ਰਿਹਾ ਹੈ। ਇਹਨਾਂ ਡੇਰਿਆਂ ਦੇ ਸਰਧਾਲੂ ਜ਼ਿਆਦਾ ਕਰਕੇ ਦਲਿਤ ਜਾਂ ਉਹ ਗਰੀਬ ਲੋਕ ਹਨ ਜ਼ਿਹਨਾਂ ਨੂੰ ਬੀਜੇਪੀ, ਇਨਸਾਨਾਂ ਦੀ ਬਜਾਏ ਆਪਣੇ ਪੈਰਾਂ ਦੀ ਜੁੱਤੀ ਸਮਝਦੀ ਹੈ। ਭਾਗਵਤ ਦੀਆਂ ਇਹਨਾਂ ਡੇਰਿਆਂ ਤੇ ਭਰੀਆਂ ਚੌਂਕੀਆਂ ਕੀ ਰੰਗ ਲਿਆਉਂਣਗੀਆਂ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਉਸ ਨੂੰ ਇਕ ਗੱਲ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਹੁਣ ਤੁਹਾਡੀ ਮੰਨੂ ਸਿਮਰਤੀ ਦੇ ਕਾਰਨਾਮਿਆਂ ਨੂੰ ਦੱਬੇ ਕੁਚਲੇ ਲੋਕ ਭਲੀ ਭਾਂਤ ਸਮਝ ਚੁੱਕੇ ਹਨ।











ਕੁੱਝ ਹੋਰ ਸਿਆਸਤਦਾਨ ਵੀ ਤੀਸਰੇ ਬਦਲ ਦੇ ਨਾ ਹੇਠ ਚੋਣ ਮੈਦਾਨ ਵਿੱਚ ਆਣ ਲਈ ਕਮਰਕੱਸੇ ਕੱਸ ਰਹੇ ਹਨ। ਉਪਰੋਕਤ ਸਥਾਪਿਤ ਪਾਰਟੀਆਂ ਤੋਂ ਦੁੱਖੀ ਹੋਏ ਲੋਕਾਂ ਦਾ ਇਹਨਾਂ ਵੱਲ ਖਿੱਚੇ ਜਾਣਾ ਵੀ ਸੁਭਾਵਿਕ ਹੈ। ਪਰ ਇੱਥੇ ਲੋਕਾਂ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਬਦਲ ਸਿਰਫ ਦੋ ਤਰ੍ਹਾਂ ਦੇ ਹੀ ਹੁੰਦੇ ਹਨ। ਇਕ ਬਦਲ ਜੋਕਾਂ ਦਾ ਤੇ ਦੂਜਾ ਬਦਲ ਲੋਕਾਂ ਦਾ, ਤੀਸਰਾ ਬਦਲ ਇਸ ਸਮਾਜ ਵਿੱਚ ਕੋਈ ਨਹੀਂ ਹੋ ਸਕਦਾ। ਬਾਬਾ ਨਾਨਕ ਸਾਹਿਬ ਨੇ ਵੀ ਇਸ ਸਮਾਜ ਨੂੰ ਦੋ ਭਾਗਾਂ (ਮਲਕ ਭਾਗੋਆਂ ਅਤੇ ਭਾਈ ਲਾਲੋਆਂ) ਵਿੱਚ ਵੰਡਕੇ ਇਸ ਨੂੰ ਸਹੀ ਸਿੱਧ ਕੀਤਾ ਸੀ। ਇਹ ਤੀਜੇ ਬਦਲ ਵਾਲੇ ਕਿਹਨਾਂ ਵਿੱਚੋਂ ਹਨ ਇਹ ਸਮਝਣਾ ਲੋਕਾਂ ਲਈ ਬੇਹੱਦ ਜ਼ਰੂਰੀ ਹੈ।

ਹਰ ਤਰ੍ਹਾਂ ਦੇ ਇਹਨਾਂ ਰੰਗ-ਬਰੰਗੇ ਲੀਡਰਾਂ ਵੱਲੋਂ ਕੀਤੇ ਜਾਂਦੇ ਵਾਅਦਿਆਂ ਦੇ ਨਾ ਪੂਰਾ ਕਰਨ ਤੇ, ਜੇਕਰ ਲੋਕ ਉਹਨਾਂ ਨੂੰ ਘੇਰਕੇ ਪੁੱਛਣ ਜੋਗੇ ਨਾ ਹੋਏ, ਤਾਂ ਕਿਸੇ ਵੀ ਤਰ੍ਹਾਂ ਦਾ ਕੋਈ ਬਦਲ ਪੈਦਾ ਨਹੀਂ ਹੋਵੇਗਾ। ਲੋਕ ਆਪਣੀ ਜੱਥੇਬੰਦਕ ਤਾਕਤ ਨਾਲ ਹੀ ਵਾਅਦਾ ਖਿਲਾਫੀ ਕਰਨ ਵਾਲੇ ਲੀਡਰਾਂ ਨੂੰ ਸਵਾਲ ਕਰਨ ਯੋਗ ਬਣ ਸਕਦੇ ਹਨ ਅਤੇ ਸਹੀ ਬਦਲ ਦੀ ਉਸਾਰੀ ਵੱਲ ਅੱਗੇ ਵਧ ਸਕਦੇ ਹਨ। ਪੰਜਾਬ ਦੀਆਂ ਹਰ ਵੰਨਗੀਆਂ ਦੀਆਂ ਸਿਆਸੀ ਪਾਰਟੀਆਂ ਵਿੱਚ, ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਲੀਡਰਾਂ ਦੀ ਬਹੁ ਗਿਣਤੀ ਹੈ। ਪਰ ਹੱਕੀ ਲੜਾਈ ਲੜਦੇ ਲੋਕਾਂ ਵਿੱਚ ਸਾਡੀਆਂ ਧੀਆਂ ਭੈਣਾਂ ਦੀਆਂ ਚੁਨੀਆਂ, ਸਮੇਤ ਬਜ਼ੁਰਗਾਂ ਤੇ ਨੌਜਵਾਨਾਂ ਦੀਆਂ ਪੱਗਾਂ ਦੇ, ਇਹਨਾਂ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਹੀ ਸੜਕਾਂ ਤੇ ਰੋਲੀਆਂ ਜਾਂਦੀਆਂ ਹਨ। ਸਮੇਂ ਸਮੇਂ ਤੇ ਇਹਨਾਂ ਸਾਰੇ ਸਿੱਖ ਕਹਾਉਣ ਵਾਲੇ ਲੀਡਰਾਂ ਦੀ ਅਸਲੀਅਤ ਸਪਸਟ ਹੁੰਦੀ ਆ ਰਹੀ ਹੈ।

ਜਦੋਂ ਇਹ ਅਖੌਤੀ ਲੀਡਰ ਲੋਕਾਂ ਦਾ ਧਿਆਨ ਅਸਲ ਸਮੱਸਿਆਵਾਂ ਤੋਂ ਪਾਸੇ ਕਰਨ ਲਈ ਕਿਸੇ ਧਾਰਮਿਕ ਅਸਥਾਨ ਤੇ ਅਤਿ ਘਟੀਆ ਘਟਨਾਵਾਂ ਨੂੰ ਅੰਜਾਮ ਦੇਣ ਤੱਕ ਚਲੇ ਜਾਂਦੇ ਹਨ, ਤਾਂ ਇਹਨਾਂ ਨੇ ਧਰਮ ਦਾ ਜੋ ਨਿਕਾਬ ਪਹਿਨਿਆ ਹੁੰਦਾ ਹੈ, ਉਹ ਹੋਰ ਵੀ ਲੀਰੋ ਲੀਰ ਹੋ ਜਾਂਦਾ ਹੈ। ਇਹਨਾਂ ਦੀ ਅਜਿਹੀ ਗੰਦੀ ਰਾਜਨੀਤੀ ਕਾਰਣ ਦੇਸ਼ ਦੀ ਜੋ ਬਰਬਾਦੀ ਹੋਈ ਹੈ, ਉਸ ਦਾ ਖਮਿਆਜਾ ਹਰ ਵਾਰ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ।ਅੱਜ ਅਜਿਹੇ ਹਾਲਾਤਾਂ ਵਿੱਚ ਲੋਕਾਂ 'ਚ ਬੇਚੈਨੀ ਤੇ ਹਫੜਾ ਦਫੜੀ ਵਾਲੀ ਹਾਲਤ ਬਣੀ ਹੋਈ ਹੈ। ਲੋਕਾਂ ਲਈ ਸਿਹਤ, ਸਿੱਖਿਆ ਤੇ ਰੋਟੀ ਰੋਜ਼ੀ ਦਾ ਪ੍ਰਬੰਧ ਕਰਨਾ, ਜੋ ਕਿ ਸਰਕਾਰ ਦੀ ਮੁੱਢਲੀ ਜੁਮੇਵਾਰੀ ਬਣਦੀ ਹੈ, ਉਸ ਤੋਂ ਵੀ ਭੱਜਿਆ ਜਾ ਰਿਹਾ ਹੈ।ਸਭ ਕੁੱਝ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਜਿੰਦਗੀ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਜੇਕਰ ਸਰਕਾਰ ਨੇ ਇਹ ਮੁੱਢਲੀਆਂ ਜੁਮੇਵਾਰੀਆਂ ਵੀ ਨਹੀਂ ਨਿਭਾਉਣੀਆਂ ਤਾਂ ਕਿਸੇ ਵੀ ਸਰਕਾਰ ਨੂੰ ਲੋਕਾਂ ਦੀ ਸਰਕਾਰ ਕਹਾਉਣ ਦਾ ਕੀ ਹੱਕ ਰਹਿ ਜਾਂਦਾ ਹੈ? ਦੂਜੇ ਪਾਸੇ ਲੋਕਾਂ ਵੱਲੋਂ ਦਿੱਤੇ ਟੈਕਸਾਂ ਨਾਲ ਭਰੇ ਖਜਾਨੇ ਨੂੰ ਦੋਮ ਦਰਜੇ ਦੇ ਕੰਮਾਂ ਅਤੇ ਆਪਣੇ ਐਸ਼ੋਇਸਰਤ ਲਈ ਖਰਚਣ ਤੋਂ ਭੋਰਾ ਭਰ ਵੀ ਸੰਕੋਚ ਨਹੀਂ ਕੀਤਾ ਜਾ ਰਿਹਾ। ਲੋਕਾਂ ਦੇ ਸੇਵਕ ਕਹਾਉਣ ਵਾਲੇ ਮੰਤਰੀਆਂ ਸੰਤਰੀਆਂ ਵੱਲੋਂ ਆਪਣੇ ਸਰਕਾਰੀ ਬੰਗਲਿਆਂ ਦੀ ਸਜਾਵਟ, ਅਤਿ ਮਹਿੰਗੇ ਫਰਨੀਚਰ, ਮਹਿੰਗੀਆਂ ਕਾਰਾਂ ਸਮੇਤ ਬੇ- ਥਾਹ ਤਨਖਾਹਾਂ, ਭੱਤੇ, ਪੈਨਸ਼ਨਾ ਅਤੇ ਹੋਰ ਅਮਲੇ ਫੈਲੇ ਤੇ ਬੇਕਿਰਕ ਹੋਕੇ ਅੰਨ੍ਹਾ ਖਰਚਾ ਕਰਕੇ ਵੱਡੀ ਪੱਧਰ ਤੇ ਖਜਾਨੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪਰ ਲੋਕਾਂ ਲਈ ਅਹਿਮ ਲੋੜੀਂਦੀਆਂ ਸਹੂਲਤਾਂ ਦੇਣ ਵੇਲੇ ਖਜਾਨਾ ਖਾਲੀ ਹੋਣ ਦੀ ਦੁਹਾਈ ਪਿੱਟੀ ਜਾਂਦੀ ਹੈ। ਇਸ ਤਰ੍ਹਾਂ ਲੋਕਾਂ ਦੀ ਕਿਰਤ ਕਮਾਈ ਨਾਲ ਭਰੇ ਖ਼ਜ਼ਾਨੇ ਨੂੰ ਲੋਕਾਂ ਦੀ ਜ਼ਿੰਦਗੀ ਸੁਧਾਰਨ ਲਈ ਵਰਤਣ ਦੀ ਬਜਾਏ ਕੁੱਝ ਕੁ ਲੋਕਾਂ ਲਈ ਵਰਤ ਲੈਣਾ ਇਕ ਕਿਸਮ ਦੀ ਧਾਂਦਲੀ ਹੈ। ਇਸ ਤਰ੍ਹਾਂ ਦੀਆਂ ਧਾਂਦਲੀਆਂ ਵਿਰੁੱਧ ਆਵਾਜ਼ ਉਠਾਉਣ ਲਈ ਹਰ ਤਬਕੇ ਦੇ ਲੋਕਾਂ ਦਾ ਇਕ ਮੁੱਠ ਹੋਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਅੱਜ ਗੋਰਿਆਂ ਦੀ ਥਾਂ ਸਾਡੇ ਆਪਣੇ ਕਾਲਿਆਂ ਨੇ ਵੀ ਦੇਸ਼ ਨੂੰ ਲੁੱਟਿਆ ਹੀ ਨਹੀਂ ਸਗੋਂ ਇਨ੍ਹਾਂ ਨੇ ਤਾਂ ਦੇਸ਼ ਨੂੰ ਵਿਦੇਸੀਆਂ ਅੱਗੇ ਸੇਲ ਤੇ ਲਾ ਰੱਖਿਆ ਹੈ। ਦੇਸ਼ ਦੇ ਅਮੀਰ ਕੁਦਰਤੀ ਸਰੋਤਾਂ ਨੂੰ ਵਿਦੇਸ਼ੀ ਕੰਪਨੀਆਂ ਕੋਲ ਕੌਡੀਆਂ ਦੇ ਭਾ ਵੇਚਿਆ ਜਾ ਰਿਹਾ ਹੈ। ਇਸ ਲਈ ਅੱਜ ਦੇਸ਼ ਨੂੰ ਲੋਕ ਤਾਕਤ ਤੋਂ ਬਿਨਾਂ ਹੋਰ ਕੋਈ ਵੀ ਤਾਕਤ ਨਹੀਂ ਬਚਾ ਸਕਦੀ। ਸੋ ਇਹਨਾਂ ਹਾਲਾਤਾਂ ਵਿੱਚ ਦੇਸ਼ ਨੂੰ ਸੇਲ ਤੇ ਲਾਉਣ ਵਾਲਿਆਂ ਤੋਂ ਕਿਸੇ ਭਲੇ ਦੀ ਆਸ ਛੱਡਕੇ ਇਹਨਾਂ ਦੇ ਕਾਰਨਾਮਿਆਂ ਉੱਪਰ ਸਵਾਲ ਕਰਨ ਲਈ ਅੱਗੇ ਆਉਣ ਦੀ ਲੋੜ ਹੈ।



Commercial Land for sale in Calgary
Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft .
Pizza Restaurants and Subway franchises for sale in Calgary.
New sites For gas stations available.
GURPRIT SIDHU
Executive Vice President, B.Eng. MICP
LIANG Commercial Real Estate
Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email: gurpritsidhu@liangcommercial.ca | www.liangcommercial.ca

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 'ਚ ਨਸਲਵਾਦ ਅਤੇ ਦੇਸੀ ਰਾਜਨੀਤੀ ਦੀ ਚਰਚਾ ਹੋਈ








ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਮਹੀਨੇ ਦੇ ਪਹਿਲੇ ਹਫਤੇ ਕਮਿਊਨਿਟੀ ਵਿੱਚ ਅਵੇਅਨੈਸ ਲਈ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰ ਕਰਵਾਏ ਜਾਂਦੇ ਹਨ।ਇਸੇ ਲੜੀ ਵਿੱਚ ਨਵੰਬਰ ਮਹੀਨੇ ਦੀ ਮੀਟਿੰਗ ਵਿੱਚ ਮੁੱਖ ਬੁਲਾਰੇ ਰਮਨਜੀਤ ਸਿੱਧੂ (ਹੋਸਟ-ਰੇਡੀਉ ਰੈਡ ਐਫ ਐਮ) ਵਲੋਂ ਬੜੇ ਵਿਸਥਾਰ ਵਿੱਚ ਨਸਲਵਾਦ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਸੀਂ ਸਾਰੇ ਕਿਸੇ ਨਾ ਕਿਸੇ ਢੰਗ ਨਾਲ ਨਸਲਵਾਦੀ ਹਾਂ ਤੇ ਸਾਨੂੰ ਆਪਣਾ ਨਸਲਵਦ ਨਜ਼ਰ ਨਹੀਂ ਆਉਂਦਾ, ਪਰ ਦੂਜਿਆਂ ਨੂੰ ਝੱਟ ਨਸਲਵਾਦੀ ਕਹਿੰਦੇ ਹਾਂ। ਉਨ੍ਹਾਂ ਦੱਸਿਆ ਕਿ ਅਸੀਂ ਹੁਣ ਨਸਲਵਾਦ ਦੇ ਨਵੇਂ ਨਵੇਂ ਢੰਗ ਲੱਭ ਲਏ ਹਨ। ਜਿਨ੍ਹਾਂ ਨੂੰ ਜਾਨਣ ਤੇ ਪਛਾਨਣ ਦੀ ਲੋੜ ਹੈ। ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਸੈਮੀਨਾਰ ਦੇ ਦੂਜੇ ਮੁੱਖ ਬੁਲਾਰੇ ਸਨ, ਜਿਨ੍ਹਾਂ ਨੇ ਪਿਛਲ਼ੇ ਦਿਨੀਂ ਕਨੇਡਾ ਦੇ ਦੋ ਮੁੱਖ ਸੂਬਿਆਂ ਓਨਟੇਰੀਉ ਤੇ ਬੀ ਸੀ ਦੀਆਂ ਸਿਟੀ ਕੌਂਸਲ ਦੀਆਂ ਚੋਣਾਂ ਦੇ ਸੰਦਰਭ ਵਿੱਚ ਕਨੇਡੀਅਨ ਰਾਜਨੀਤੀ ਤੇ ਪੰਜਾਬੀਆਂ ਦੀ ਦੇਸੀ ਰਾਜਨੀਤੀ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬੀਆਂ ਦਾ ਦੋਨਾਂ ਸੂਬਿਆਂ ਵਿੱਚ ਵੱਡੀ ਗਿਣਤੀ ਵੋਟਾਂ ਲਈ ਖੜਨਾ ਤੇ ਬਹੁਤ ਘੱਟ ਗਿਣਤੀ ਵਿੱਚ ਜਿੱਤਣਾ ਅਤੇ ਪੰਜਾਬੀਆਂ ਵਲੋਂ ਬਹੁਤ ਘੱਟ ਵਿੱਚ ਵੋਟਾਂ ਪਾਉਣਾ ਦੱਸਦਾ ਹੈ ਕਿ ਪੰਜਾਬੀ ਹੁਣ ਅਜਿਹੀ ਰਾਜਨੀਤੀ ਤੋਂ ਦੂਰ ਹੋ ਰਹੇ ਹਨ, ਜੋ ਸਵਾਰਥ ਤੇ ਨਿੱਜਵਾਦ ਅਧਾਰਿਤ ਹੈ। ਉਨ੍ਹਾਂ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਕਿ ਬਹੁਤੇ ਪੰਜਾਬੀ ਰਾਜਨੀਤਕਾਂ ਦਾ ਕੋਈ ਨੈਤਿਕ ਅਧਾਰ ਨਹੀਂ, ਉਹ ਬਿਨਾਂ ਪਾਰਟੀਆਂ ਦੀ ਨੀਤੀਆਂ ਜਾਣੇ, ਸਿਰਫ ਉਥੇ ਖੜਨ ਦੀ ਕੋਸ਼ਿਸ਼ ਕਰਦੇ ਹਨ, ਜਿਥੇ ਜਿਹੜੀ ਪਾਰਟੀ ਦੇ ਜਿੱਤਣ ਦੇ ਜ਼ਿਆਦਾ ਆਸਾਰ ਹੋਣ। ਇਸ ਸੈਮੀਨਾਰ ਵਿੱਚ ਸੈਮੀਨਾਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਵਲੋਂ ਪੰਜਾਬ ਤੋਂ ਪ੍ਰੋਗਰੈਸਿਵ ਤੇ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜੇ ਹੋਏ ਤਿੰਨ ਨਵੇਂ ਮੈਂਬਰਾਂ ਅਵਤਾਰ ਮੱਲ੍ਹਾ, ਪਰਿਵਾਰ ਸਿੰਘ ਗਾਲਿਬ ਤੇ ਗੁਰਨਾਮ ਸਿੰਘ ਦੀ ਸਰੋਤਿਆਂ ਨਾਲ ਜਾਣ ਪਛਾਣ ਕਰਾਈ। ਇਸ ਮੌਕੇ ਤੇ ਬੋਲਦਿਆਂ ਅਵਤਾਰ ਮੱਲ੍ਹਾ ਨੇ ਦੱਸਿਆ ਕਿ ਉਨ੍ਹਾਂ ਦੀ ਸਮਝ ਅਨੁਸਾਰ ਮਾਰਕਸਵਾਦ ਦੀ ਵਿਚਾਰਧਾਰਾ ਹੀ ਮਨੁੱਖਤਾ ਦਾ ਭਲਾ ਕਰ ਸਕਦੀ ਹੈ। ਪ੍ਰੋਗਰੈਸਿਵ ਕਲਾ ਮੰਚ ਦੀ ਸੰਚਾਲਕ ਕਮਲਪ੍ਰੀਤ ਪੰਧੇਰ ਨੇ ਸਤੰਬਰ 30 ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕਰਵਾਏ ਗਏ ਸਲਾਨਾ ਨਾਟਕ ਮੇਲੇ ਦੀਆਂ ਪ੍ਰਾਪਤੀਆਂ ਤੇ ਲੋਕਾਂ ਮਿਲੇ ਭਰਵੇਂ ਸਹਿਯੋਗ ਦੀ ਜਾਣਕਾਰੀ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰੋਗਰੈਸਿਵ ਕਲਾ ਮੰਚ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਅਗਲੇ ਸਾਲ ਵੀ 8 ਮਾਰਚ ਨੂੰ ਇੰਟਰਨੈਸ਼ਨਲ ਵੂਮੈਨ ਡੇ ਜੈਨੇਸਿਸ ਵਿੱਚ ਮਨਾਇਆ ਜਾਵੇਗਾ ਅਤੇ ਛੋਟਾ ਨਾਟਕ ਤੇ ਕੋਰੀਉਗਰਾਫੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਮਾਸਟਰ ਭਜਨ ਸਿੰਘ ਹੁਣਾਂ ਸਰੋਤਿਆਂ ਨਾਲ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਪ੍ਰੋਗਰੈਸਿਵ ਕਲਚਰ ਦੀਆਂ ਦਸੰਬਰ, ਜਨਵਰੀ ਤੇ ਫਰਵਰੀ ਦੀਆਂ ਮੀਟਿੰਗਾਂ ਨਹੀਂ ਹੋਣਗੀਆਂ, ਪਰ ਉਨ੍ਹਾਂ 8 ਮਾਰਚ ਨੂੰ ਮਨਾਏ ਜਾਣ ਵਾਲੇ ਇੰਟਰਨੈਸ਼ਨਲ ਵੂਮੈਨ ਡੇ ਤੇ ਸਭ ਨੂੰ ਸ਼ਾਮਿਲ ਹੋਣ ਦਾ ਸੱਦਾ ਦਿੱਤਾ।



FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM (37326)
Special Packages Available For All Occasions



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS
REAL CORE REALTY
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note; All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E CALGARY AB T3J 3Z5

# ਸਿੱਖਿਆ, ਨਿੱਜੀਕਰਨ ਦੀ ਕਵਾਇਦ ਅਤੇ ਅਧਿਆਪਕ



ਗੁਰਚਰਨ ਸਿੰਘ
ਨੂਰਪੁਰ
98550-51099

ਇਕ ਕਥਾ ਅਨੁਸਾਰ ਇਕ ਵਿਚਾਰਕ ਦੇ ਆਸ਼ਰਮ ਵਿਚ ਗਿਆਨ ਲੈਣ ਲਈ ਦੂਰੋਂ-ਦੂਰੋਂ ਲੋਕ ਆਉਂਦੇ ਸਨ। ਇਕ ਦਿਨ ਆਸ਼ਰਮ ਵਿਚ ਇਕ ਅਜੀਬ ਘਟਨਾ ਵਾਪਰੀ। ਹੋਇਆ ਇਹ ਕਿ ਆਸ਼ਰਮ ਵਿਚੋਂ ਕੁਝ ਸਾਮਾਨ ਚੋਰੀ ਹੋ ਗਿਆ। ਪੁਰਾਣੇ ਚੇਲਿਆਂ ਨੇ ਗੁਰੂ ਕੋਲ ਸ਼ਿਕਾਇਤ ਕੀਤੀ ਕਿ ਆਸ਼ਰਮ ਵਿਚ ਇਕ ਨਵਾਂ ਚੇਲਾ ਆਇਆ ਹੈ ਸਾਨੂੰ ਉਸ 'ਤੇ ਸ਼ੱਕ ਹੈ। ਪਰ ਗੁਰੂ ਨੇ ਗੱਲ ਗਈ ਆਈ ਕਰ ਦਿੱਤੀ। ਅਗਲੀ ਵਾਰ ਚੇਲਿਆਂ ਨਵੇਂ ਆਏ ਸਿਖਿਆਰਥੀ ਨੂੰ ਚੋਰੀ ਕਰਦਿਆਂ ਰੰਗੇ ਹੱਥੀਂ ਫੜ ਲਿਆ ਅਤੇ ਉਸ ਵਿਚਾਰਕ (ਗੁਰੂ) ਅੱਗੇ ਲਿਜਾ ਪੇਸ਼ ਕੀਤਾ ਤੇ ਕਿਹਾ, 'ਦੇਖੋ ਇਸ ਨੂੰ ਅਸੀਂ ਚੋਰੀ ਕਰਦਿਆਂ ਰੰਗੇ ਹੱਥੀ ਫੜ ਲਿਆ ਹੈ। ਅਸੀਂ ਪਹਿਲਾਂ ਵੀ ਕਿਹਾ ਸੀ ਕਿ ਇਹ ਵਿਅਕਤੀ ਆਸ਼ਰਮ ਵਿਚ ਰੱਖਣ ਦੇ ਲਾਇਕ ਨਹੀਂ ਇਸ ਨੂੰ ਸਜ਼ਾ ਦੇ ਕੇ ਇੱਥੋਂ ਕੱਢ ਦਿੱਤਾ ਜਾਵੇ।' ਗੁਰੂ ਨੇ ਕਿਹਾ, 'ਤੁਹਾਡੇ 'ਚੋਂ ਕੋਈ ਜਾਣਾ ਚਾਹੇ ਤਾਂ ਜੀਅ ਸਦਕੇ ਜਾ ਸਕਦਾ ਹੈ, ਪਰ ਇਹ ਨਵਾਂ ਚੇਲਾ ਕਿਤੇ ਨਹੀਂ ਜਾਵੇਗਾ।' ਜਦੋਂ ਪੁਰਾਣੇ ਚੇਲਿਆਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਸ ਵਿਚਾਰਕ ਨੇ ਕਿਹਾ, 'ਤੁਹਾਡੇ 'ਚੋਂ ਕੋਈ ਚਲਾ ਵੀ ਜਾਵੇਗਾ ਤਾਂ ਉਹ ਸਮਾਜ ਵਿਚ ਕੁਝ ਚੰਗਾ ਕਰੇਗਾ। ਪਰ ਇਸ ਨੂੰ ਅਜੇ ਹੋਰ ਇੱਥੇ ਰੱਖਣ ਦੀ ਲੋੜ ਹੈ ਤਾਂ ਕਿ ਇਹਦੀ ਸਮਝ ਹੋਰ ਵਿਕਸਤ ਹੋਵੇ ਅਤੇ ਇਹ ਮਾੜੇ ਵਿਕਾਰਾਂ ਤੋਂ ਬਚ ਜਾਵੇ ਜੋ ਇਸ ਦਾ ਨੁਕਸਾਨ ਕਰਨ ਦੇ ਨਾਲ-ਨਾਲ ਸਮਾਜ ਦਾ ਨੁਕਸਾਨ ਕਰਨਗੇ।'

ਅਧਿਆਪਕ ਕਿਸੇ ਵੀ ਦੇਸ਼ ਸਮਾਜ ਵਿਚ ਉਪਰੋਕਤ ਵਿਚਾਰਕ ਦੀ ਭੂਮਿਕਾ ਨਿਭਾਉਂਦਾ ਹੈ। ਉਸ ਦੇ ਸਿਰ ਸਮਾਜ ਨੂੰ ਚੰਗਾ ਬਣਾਉਣ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਉਹ ਸਮਾਜ ਦਾ ਰਾਹ-ਦਸੇਰਾ ਹੈ। ਅਧਿਆਪਕ ਦਾ ਸਨਮਾਨ ਹੋਵੇਗਾ ਤਾਂ ਉਹ ਆਪਣਾ ਕੰਮ ਵਧੇਰੇ ਲਗਨ ਨਾਲ ਕਰੇਗਾ। ਅਗਰ ਉਹ ਅਪਮਾਨਿਤ ਹੁੰਦਾ ਰਹੇਗਾ ਤਾਂ ਇਸ ਦਾ ਸਿੱਧਾ ਮਤਲਬ ਇਹ ਹੈ ਕਿ ਅਸੀਂ ਆਪਣੇ-ਆਪ ਦਾ ਅਪਮਾਨ ਕਰ ਰਹੇ ਹਾਂ। ਜਿਹੜੇ ਦੇਸ਼, ਸਮਾਜ, ਕੌਮਾਂ ਅਧਿਆਪਕ ਦਾ ਸਤਿਕਾਰ ਨਹੀਂ ਕਰਦੇ ਉਹ ਆਪਣਾ ਭਵਿੱਖ ਗਵਾ ਬਹਿੰਦੇ ਹਨ। ਇਸ ਸਥਿਤੀ ਦਾ ਇਕ ਦੂਜਾ ਪਾਸਾ ਵੀ ਹੈ ਕਿ ਕੁਝ ਕੁ ਅਧਿਆਪਕ ਵੀ ਅਜਿਹੇ ਹਨ ਜੋ ਅਧਿਆਪਕ ਦੀ ਪਦਵੀ ਨਾਲ ਇਨਸਾਫ਼ ਨਹੀਂ ਕਰਦੇ। ਇਨ੍ਹਾਂ ਦੀਆਂ ਨਾਂਹ-ਪੱਖੀ ਕਾਰਵਾਈਆਂ ਕਰਕੇ ਕਈ ਵਾਰ ਦੂਜਿਆਂ ਨੂੰ ਵੀ ਸ਼ਰਮਸਾਰ ਹੋਣਾ ਪੈਂਦਾ ਹੈ।

ਦੇਸ਼ ਵਿਚ ਲੱਖਾਂ ਲੋਕ ਹਨ ਜੋ ਅਧਿਆਪਕ ਲੱਗਣ ਲਈ ਲੋੜੀਂਦੀ ਯੋਗਤਾ ਪੂਰੀ ਕਰਦੇ ਹਨ, ਅਧਿਆਪਕਾਂ ਦੀਆਂ ਅਸਾਮੀਆਂ ਵੀ ਖਾਲੀ ਹਨ ਪਰ ਸਰਕਾਰਾਂ ਨਵੇਂ ਅਧਿਆਪਕਾਂ ਦੀ ਨਿਯੁਕਤੀ ਨਹੀਂ ਕਰਦੀਆਂ। ਇਸ ਦਾ ਕਾਰਨ ਬੜਾ ਸਪੱਸ਼ਟ ਹੈ, ਜਿਵੇਂ ਦੂਜੀਆਂ ਜਨਤਕ ਸੇਵਾਵਾਂ ਜਿਵੇਂ ਬਿਜਲੀ, ਆਵਾਜਾਈ, ਥਰਮਲ ਪਲਾਂਟ, ਖੰਡ ਮਿੱਲਾਂ, ਪੈਟਰੋਲ ਡੀਜ਼ਲ, ਦੂਰਸੰਚਾਰ, ਸੜਕਾਂ ਆਦਿ ਨਿੱਜੀ ਹੱਥਾਂ ਵਿਚ ਦੇ ਦਿੱਤੀਆਂ ਗਈਆਂ ਹਨ ਉਸੇ ਤਰ੍ਹਾਂ ਸਿੱਖਿਆ ਸੇਵਾਵਾਂ ਨੂੰ ਨਿੱਜੀ ਹੱਥਾਂ ਵਿਚ ਦੇਣ ਦੀ ਕਵਾਇਦ ਸ਼ੁਰੂ ਹੋ ਚੁੱਕੀ ਹੈ। ਨਿੱਜੀ ਸਕੂਲਾਂ ਨੂੰ ਗਰੀਬਾਂ ਦੇ ਬੱਚੇ ਦਾਖਲ ਕਰਨ ਦੀ ਹਦਾਇਤ ਅਤੇ ਸਰਕਾਰੀ ਸਕੂਲਾਂ ਨੂੰ ਪੰਚਾਇਤਾਂ ਜਾਂ ਐਨ. ਜੀ. ਓ. ਦੇ ਹਵਾਲੇ ਕਰਨ ਵਰਗੀਆਂ ਨੀਤੀਆਂ ਦੱਸਦੀਆਂ ਹਨ ਕਿ ਜਲਦੀ ਹੀ ਹੋਰ ਅਦਾਰਿਆਂ ਵਾਂਗ ਪੰਜਾਬ ਵਿਚ ਸਿੱਖਿਆ ਦਾ ਵੀ ਪੂਰੀ ਤਰ੍ਹਾਂ ਨਿੱਜੀਕਰਨ ਹੀ ਹੋ ਜਾਵੇਗਾ। ਨਿੱਜੀਕਰਨ ਦੀਆਂ ਲੋਕ ਮਾਰੂ ਚਾਲਾਂ ਜਨ ਸਾਧਾਰਨ ਦੀ ਸਮਝ ਵਿਚ ਤਾਂ ਕੀ ਆਉਣੀਆਂ ਹਨ ਇਹ ਕਈ ਵਾਰ ਪੜ੍ਹਿਆਂ ਲਿਖਿਆਂ ਦੀ ਵੀ ਸਮਝ ਵਿਚ ਨਹੀਂ ਆਉਂਦੀਆਂ। ਇਸ ਦਾ ਕਾਰਨ ਇਹ ਹੈ ਕਿ ਸ਼ੁਰੂਆਤੀ ਦੌਰ ਵਿਚ ਇਹ ਲੁਭਾਵਣੀਆਂ ਬਣਾ ਕੇ, ਕੁਨੀਨ ਦੀ ਗੋਲੀ 'ਤੇ ਖੰਡ ਦਾ ਮੁਲੰਮਾ ਲਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ ਪਰ ਮਗਰੋਂ ਇਨ੍ਹਾਂ ਦੇ ਸਿੱਟੇ ਬੜੇ ਭਿਅੰਕਰ ਨਿਕਲਦੇ ਹਨ। ਕਿਸੇ ਵੀ ਅਦਾਰੇ ਦਾ ਨਿੱਜੀਕਰਨ ਕਰਨ ਲਈ ਪਹਿਲਾਂ ਕੁਝ ਚਾਲਾਂ ਚੱਲੀਆਂ ਜਾਣੀਆਂ ਜ਼ਰੂਰੀ ਹੁੰਦੀਆਂ ਹਨ। ਇਹੋ ਚਾਲਾਂ ਇਹੋ ਖੇਡ ਇਸ ਵੇਲੇ ਸਿੱਖਿਆ ਅਦਾਰਿਆਂ ਨਾਲ ਖੇਡੀ ਜਾ ਰਹੀ ਹੈ। ਕਿਸੇ ਅਦਾਰੇ ਨੂੰ ਨਿੱਜੀ ਹੱਥਾਂ ਵਿਚ ਦੇਣ ਲਈ ਇਹ ਬੜਾ ਜ਼ਰੂਰੀ ਹੁੰਦਾ ਹੈ ਕਿ ਉਸ ਅਦਾਰੇ ਨਾਲ ਜੁੜੇ ਕਰਮਚਾਰੀਆਂ ਨੂੰ ਹੋਰ ਕੰਮਾਂ ਵਿਚ ਉਲਝਾਅ ਦਿੱਤਾ ਜਾਵੇ। ਉਹ ਆਪਣੇ ਜ਼ਿੰਮੇ ਲੱਗਾ ਕੰਮ ਨਾ ਕਰ ਸਕਣ, ਲੋਕ ਇਨ੍ਹਾਂ ਦੀਆਂ ਸੇਵਾਵਾਂ ਨੂੰ ਆਪ ਹੀ ਨਕਾਰਨ ਲੱਗ ਪੈਣ। ਇਹੋ ਕੁਝ ਅਸੀਂ ਅੱਜ ਸਿੱਖਿਆ ਵਿਚ ਹੁੰਦਾ ਦੇਖ ਰਹੇ ਹਾਂ। ਅਧਿਆਪਕ ਨੂੰ ਅੱਜ ਅਧਿਆਪਕ ਹੋਣ ਦੀ ਬਜਾਏ ਡਾਟਾ ਉਪਰੇਟਰ ਬਣਾ ਦਿੱਤਾ ਗਿਆ ਹੈ। ਮਿਡ ਡੇ ਮੀਲ, ਬੀ ਐਲ ਓ, ਬੱਚਿਆਂ ਦਾ ਮੈਡੀਕਲ ਚੈੱਕਅਪ ਕਿੰਨੇ ਹੀ ਕੰਮਾਂ ਦੀ ਜ਼ਿੰਮੇਵਾਰੀ ਉਸ ਸਿਰ ਪਾ ਦਿੱਤੀ ਗਈ ਹੈ। ਇਸਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਖੰਡ ਮਿੱਲਾਂ ਦੀ ਉਦਾਹਰਨ ਨਾਲ ਅਸੀਂ ਸਮਝ ਸਕਦੇ ਹਾਂ। ਜਦੋਂ ਇਨ੍ਹਾਂ ਮਿੱਲਾਂ ਨੂੰ ਚਲਾਇਆ ਗਿਆ ਤਾਂ ਮੁਲਾਜ਼ਮਾਂ ਤੋਂ ਕੰਮ ਵੀ ਵਧੀਆ ਢੰਗ ਨਾਲ ਲਿਆ ਜਾਂਦਾ ਸੀ। ਖੰਡ ਦੀ ਪੈਦਾਵਾਰ ਅਤੇ ਗੁਣਵੱਤਾ ਵੀ ਚੰਗੀ ਸੀ। ਮਿੱਲ ਦੇ ਕਰਮਚਾਰੀਆਂ ਨੂੰ ਹਦਾਇਤਾਂ ਸਨ ਕਿ ਉਹ ਕਿਸਾਨਾਂ ਤੋਂ ਵੱਧ ਤੋਂ ਵੱਧ ਗੰਨਾ ਬਿਜਵਾਉਣ, ਗੰਨੇ ਦੀ ਖੇਤਾਂ ਵਿਚ ਜਾ ਕੇ ਆਪ ਦੇਖ ਭਾਲ ਕਰਨ ਅਤੇ ਗੰਨੇ ਦੀ ਪੈਦਾਵਾਰ ਵਧਾਉਣ ਦੇ ਕਿਸਾਨਾਂ ਨੂੰ ਗੁਰ ਦੱਸਣ। ਪਰ ਜਦੋਂ ਇਨ੍ਹਾਂ ਖੰਡ ਮਿੱਲਾਂ ਨੂੰ ਖ਼ਤਮ ਕਰਨਾ ਸੀ ਕਿਸਾਨਾਂ ਦੇ ਬਕਾਏ ਰੋਕ ਦਿੱਤੇ ਗਏ ਤਾਂ ਕਿ ਆਪ ਹੀ ਗੰਨਾ ਲਾਉਣ ਤੋਂ ਪਾਸਾ ਵੱਟ ਜਾਣ। ਖੰਡ ਮਿੱਲਾਂ ਨੂੰ ਘਾਟੇ ਦਾ ਸੌਦਾ ਦੱਸ ਕੇ ਬੰਦ ਕਰ ਦਿੱਤਾ ਗਿਆ। ਬਿਲਕੁਲ ਇਹ ਕੁਝ ਅੱਜ ਸਿੱਖਿਆ ਵਿਭਾਗ ਵਿਚ ਹੋ ਰਿਹਾ ਹੈ। ਬੱਚਾ ਸਕੂਲ ਵਿਚ ਚਾਹੇ ਸਾਰਾ ਸਾਲ ਨਾ ਆਵੇ ਜੇਕਰ ਉਹ ਪੇਪਰ ਦੇਣ ਆਇਆ ਹੈ ਤਾਂ ਉਸ ਦਾ ਪੇਪਰ ਲਿਆ ਜਾਵੇਗਾ ਅਤੇ ਉਸ ਨੂੰ ਅੱਠਵੀਂ ਤੱਕ ਫੇਲ੍ਹ ਵੀ ਨਹੀਂ ਕੀਤਾ ਜਾਵੇਗਾ। ਇਸ ਦਾ ਭਾਵ ਇਹ ਹੋਇਆ ਕਿ ਬੇਸ਼ੱਕ ਬੱਚਾ ਪਹਿਲੀ ਕੱਚੀ ਤੋਂ ਲੈ ਕੇ ਅੱਠ ਸਾਲ ਸਕੂਲ ਨਹੀਂ ਵੜਦਾ ਤਾਂ ਵੀ ਉਹ ਜਿਹੋ ਜਿਹੇ ਮਰਜ਼ੀ ਪੇਪਰ ਦੇ ਕੇ ਸਕੂਲ 'ਚੋਂ ਪਾਸ ਦਾ ਸਾਰਟੀਫਿਕੇਟ ਲੈ ਜਾਵੇ। ਕੀ ਸਿੱਖਿਆ ਦੇ ਨਾਂਅ 'ਤੇ ਲੋਕਾਂ ਨਾਲ ਇਹ ਮਜ਼ਾਕ ਨਹੀਂ? ਦੂਜੇ ਪਾਸੇ ਅਧਿਆਪਕਾਂ ਦੇ ਕੰਮ ਨੂੰ ਏਨਾ ਜ਼ਿਆਦਾ ਵਧਾ ਦਿੱਤਾ ਗਿਆ ਹੈ ਕਿ ਉਸ ਦੀ ਵਿਅਕਤੀਗਤ ਪਹਿਚਾਣ ਹੀ ਖ਼ਤਮ ਕਰ ਦਿੱਤੀ ਗਈ ਹੈ। ਉਸ ਨੂੰ ਬੱਚਿਆਂ ਦੇ ਵੱਖ-ਵੱਖ ਵਰਗ ਬਣਾਉਣ, ਬੱਚਿਆਂ ਦੇ ਵਜ਼ੀਫ਼ਾ ਪਛਾਣ ਪੱਤਰ ਬਣਾਉਣ, ਇੰਟਰਨੈੱਟ ਰਾਹੀਂ ਵਿਭਾਗ ਨਾਲ ਸਬੰਧਿਤ ਹਦਾਇਤਾਂ ਲੈਣ, ਬੱਚਿਆਂ ਲਈ ਖਾਣੇ ਦਾ ਇੰਤਜ਼ਾਮ ਕਰਨ ਅਤੇ ਇਨ੍ਹਾਂ ਸਭ ਕੁਝ ਦੀਆਂ ਰਿਪੋਰਟਾਂ ਤਿਆਰ ਕਰਨ ਵਰਗੀਆਂ ਇੰਨੀਆ ਕੁ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਗਈਆਂ ਹਨ ਕਿ ਉਸ ਨੂੰ ਰਾਤ ਨੂੰ ਸੁੱਤੇ ਪਏ ਨੂੰ ਵੀ ਵਿਭਾਗ ਦੇ ਸੁਪਨੇ ਆਈ ਜਾਂਦੇ ਹਨ। ਕਿਸੇ ਅਦਾਰੇ 'ਤੇ ਨਿੱਜੀਕਰਨ ਦਾ ਕੁਹਾੜਾ ਚਲਾ ਕੇ ਉਸ ਨੂੰ ਬਰਬਾਦ ਕਰਨ ਲਈ ਇਹ ਸਭ ਕੁਝ ਬੜਾ ਜ਼ਰੂਰੀ ਹੈ ਤਾਂ ਕਿ ਸਬੰਧਿਤ ਕਰਮਚਾਰੀ ਆਪ ਹੀ ਇਸ ਨਾਲੋਂ ਤੋੜ ਵਿਛੋੜਾ ਕਰਨ ਵਿਚ ਆਪਣੀ ਭਲਾਈ ਸਮਝਣ। ਦੇਸ਼ ਵਿਚ ਬੇਕਾਰੀ, ਬੇਰੁਜ਼ਗਾਰੀ ਅਤੇ ਬਾਹਰਲੇ ਮੁਲਕਾਂ ਵੱਲ ਨੂੰ ਹੁਨਰਮੰਦ ਨੌਜਵਾਨਾਂ ਦਾ ਪ੍ਰਵਾਸ ਇਹ ਸਭ ਕੁਝ ਵਿਚ ਨਿੱਜੀਕਰਨ ਦੀਆਂ ਮਾਰੂ ਨੀਤੀਆਂ ਨੂੰ ਲਾਗੂ ਕਰਨ ਦਾ ਨਤੀਜਾ ਹੈ। ਪੈਸਾ ਲੋਕਾਂ ਕੋਲ ਹੋਣ ਅਤੇ ਬਾਜ਼ਾਰ ਵਿਚ ਇਸ ਦੇ ਚੱਲਣ ਦੀ ਬਜਾਏ ਇਹ ਕਾਰਪੋਰੇਟ ਘਰਾਣਿਆਂ ਕੋਲ ਇਕੱਠਾ ਹੋ ਰਿਹਾ ਹੈ ਜਾਂ ਦੂਜੇ ਮੁਲਕਾਂ ਨੂੰ ਜਾ ਰਿਹਾ ਹੈ। ਲੰਮੇ ਸੰਘਰਸ਼ਾਂ ਤੋਂ ਬਾਅਦ ਦੇਸ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆ ਸੀ ਹੁਣ ਫਿਰ ਅਸੀਂ ਬੜੀ ਤੇਜ਼ੀ ਨਾਲ ਕਾਰਪੋਰੇਟ ਕੰਪਨੀਆਂ ਦੇ ਗੁਲਾਮ ਹੋ ਰਹੇ ਹਾਂ। ਇਹ ਗੁਲਾਮੀ ਸਾਮਰਾਜੀ ਗੁਲਾਮੀ ਨਾਲੋਂ ਵੀ ਵਧੇਰੇ ਖ਼ਤਰਨਾਕ ਹੈ। ਅੰਗਰੇਜ਼ ਹਕੂਮਤ ਨੇ ਪਿੰਡਾਂ ਸ਼ਹਿਰਾਂ ਵਿਚ ਜਾ ਕੇ ਸਕੂਲ ਖੋਲ੍ਹੇ ਤਾਂ ਕਿ ਲੋਕ ਕੁਝ ਹੱਦ ਤੱਕ ਪੜ੍ਹ ਲੈਣ ਅਤੇ ਸਰਕਾਰ ਨੂੰ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਵਿਚ ਕੋਈ ਦਿੱਕਤ ਨਾ ਆਵੇ। ਦੂਜੇ ਪਾਸੇ ਸਾਡੀਆਂ ਸਰਕਾਰਾਂ ਸਕੂਲ ਬੰਦ ਕਰਨ ਅਤੇ ਅਧਿਆਪਕਾਂ ਨੂੰ ਨੌਕਰੀਆਂ ਤੋਂ ਕੱਢਣ ਦੀ ਕਵਾਇਦ ਚਲਾ ਰਹੀਆਂ ਹਨ। ਗਰੀਬਾਂ ਦੇ ਬੱਚਿਆਂ ਦੇ ਦਾਖਲੇ ਅਤੇ ਉਨ੍ਹਾਂ ਨੂੰ ਮਿਲਦੇ ਵਜ਼ੀਫ਼ਿਆਂ ਤੋਂ ਟਾਲ-ਮਟੋਲ ਕਰਕੇ ਲੱਖਾਂ ਹੀ ਬੱਚਿਆਂ ਨੂੰ ਸਿੱਖਿਆ ਦੇ ਅਧਿਕਾਰ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਲੋਕਤੰਤਰ ਦੇ ਮੌਜੂਦਾ ਦੌਰ ਲਈ ਕੀ ਇਹ ਹੁਣ ਜ਼ਰੂਰੀ ਹੋ ਗਿਆ ਹੈ ਕਿ ਲੋਕ ਅਨਪੜ੍ਹ ਗਵਾਰ ਬਣ, ਵੋਟ ਦੇ ਰੂਪ ਵਿਚ ਵਿਕਣ ਲਈ ਤਿਆਰ ਖੜ੍ਹੇ ਰਹਿਣ?

ਅੱਜ ਪੂਰਾ ਦੇਸ਼ ਜਦੋਂ ਮੰਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਤਾਂ ਲੋਕਾਂ ਦੀ ਆਮਦਨ ਦਾ ਵੱਡਾ ਹਿੱਸਾ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੋ ਰਿਹਾ ਹੈ। ਸ਼ਹਿਰੀ ਇਲਾਕਿਆਂ ਵਿਚ ਮੱਧਵਰਗੀ ਲੋਕਾਂ ਦੀ ਆਮਦਨ ਦਾ 40 ਫ਼ੀਸਦੀ ਹਿੱਸਾ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੋ ਰਿਹਾ ਹੈ। ਪ੍ਰਾਈਵੇਟ ਸਕੂਲਾਂ ਦੀ ਮਹਿੰਗੀ ਸਿੱਖਿਆ ਦੇਸ਼ ਵਿਚ ਇਕ ਵੱਡਾ ਮਸਲਾ ਬਣ ਰਹੀ ਹੈ। ਲੋਕ ਚਾਹੁੰਦੇ ਹਨ ਕਿ ਹਰ ਵਰਗ ਦੇ ਬੱਚਿਆਂ ਦੀ ਇਕਸਾਰ ਅਤੇ ਵਧੀਆ ਪੜ੍ਹਾਈ ਹੋਵੇ। ਇਸ ਸਥਿਤੀ ਵਿਚ ਲੋਕਾਂ ਦੁਆਰਾ ਚੁਣੀਆਂ ਸਰਕਾਰਾਂ ਅਧਿਆਪਕਾਂ ਨੂੰ ਨੌਕਰੀ ਦੇਣ ਦੀ ਬਜਾਏ ਉਨ੍ਹਾਂ ਦੀਆਂ ਤਨਖਾਹਾਂ ਘੱਟ ਕਰਨ ਲੱਗੀਆਂ ਹੋਈਆਂ ਹਨ। ਬੀ ਐਡ ਅਤੇ ਟੈਟ ਪਾਸ ਹਜ਼ਾਰਾਂ ਅਧਿਆਪਕ ਹਨ ਜੋ ਬੱਚਿਆਂ ਲਈ ਆਪਣੀਆਂ ਸੇਵਾਵਾਂ ਦੇਣੀਆਂ ਚਾਹੁੰਦੇ ਹਨ ਪਰ ਸਰਕਾਰਾਂ ਉਨ੍ਹਾਂ ਨੂੰ ਭਰਤੀ ਨਹੀਂ ਕਰ ਰਹੀਆਂ। ਸਗੋਂ ਇਸ ਦੇ ਉਲਟ ਕਈ ਸਾਲਾਂ ਤੋਂ ਵਿਭਾਗ ਵਿਚ ਕੰਮ ਕਰ ਰਹੇ ਅਧਿਆਪਕਾਂ ਨੂੰ ਪੱਕੇ ਕਰਨ ਲਈ ਉਨ੍ਹਾਂ ਨੂੰ ਘੱਟ ਤਨਖਾਹਾਂ 'ਤੇ ਕੰਮ ਕਰਨ ਲਈ ਕਹਿ ਰਹੀਆਂ ਹਨ। ਅਧਿਆਪਕ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਰੋਸ ਮੁਜ਼ਾਹਰੇ ਕਰ ਰਹੇ ਹਨ। ਭੁੱਖ ਹੜਤਾਲਾਂ ਕਰ ਰਹੇ ਹਨ। ਸਰਕਾਰਾਂ ਵਲੋਂ ਪੁਲਿਸ ਦੀ ਮਦਦ ਨਾਲ ਅਧਿਆਪਕਾਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਕੁਝ ਅਧਿਆਪਕਾਂ ਨੇ ਰੋਜ਼ੀ-ਰੋਟੀ ਲਈ ਸੰਘਰਸ਼ ਕਰਦਿਆਂ ਆਪਣੀਆਂ ਜਾਨਾਂ ਵੀ ਗਵਾਈਆਂ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਅਧਿਆਪਕ ਜਿਸ ਨੇ ਸਮਾਜ ਪ੍ਰਤੀ ਉਪਰੋਕਤ ਕਹਾਣੀ ਵਿਚਲੇ ਮੁੱਖ ਪਾਤਰ ਵਾਲੀ ਭੂਮਿਕਾ ਨਿਭਾਉਣੀ ਹੁੰਦੀ ਹੈ ਆਪਣੇ ਕੋਲ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਨੂੰ ਕੀ ਸਿਖਾਵੇ? ਨਾਗਰਿਕ ਸ਼ਾਸਤਰ ਪੜ੍ਹਾਉਂਦਿਆਂ ਉਹ ਬੱਚਿਆਂ ਨੂੰ ਕਿਵੇਂ ਦੱਸੇ ਕਿ ਦੇਸ਼ ਦਾ ਸੰਵਿਧਾਨ ਅਤੇ ਤੁਹਾਡੇ ਦੁਆਰਾ ਚੁਣੀਆਂ ਸਰਕਾਰਾਂ ਤੁਹਾਡੀ ਜਾਨਮਾਲ ਦੀ ਰਾਖੀ ਕਰਨਗੀਆਂ? ਉਹ ਕਿਸ ਮੂੰਹ ਨਾਲ ਆਪਣੇ ਬੱਚਿਆਂ ਨੂੰ ਕਹੇ ਤਨ-ਮਨ ਲਾ ਕੇ ਪੜ੍ਹਾਈ ਕਰੋ ਅਤੇ ਪੜ੍ਹਨ ਉਪਰੰਤ ਇਸ ਪੜ੍ਹਾਈ ਦਾ ਬਹੁਤ ਵੱਡਾ ਮਹੱਤਵ ਹੈ। ਉਸ ਕਿਸ ਤਰ੍ਹਾਂ ਕਹੇ ਕਿ ਬੱਚਿਓ ਪੜ੍ਹ ਲਿਖ ਕੇ ਡਾਕਟਰ, ਇੰਜੀਨੀਅਰ ਅਤੇ ਅਧਿਆਪਕ ਬਣਕੇ ਦੇਸ਼ ਦੀ ਤਰੱਕੀ ਦੇ ਹਿੱਸੇਦਾਰ ਬਣੋ? ਉਹ ਪੜ੍ਹਨ ਵਾਲੇ ਬੱਚਿਆਂ ਨੂੰ ਕਿਸ ਤਰ੍ਹਾਂ ਕਹੇ ਸਾਡੇ ਮੁਲਕ ਵਿਚ ਸਾਡੀ ਇਸ ਪੜ੍ਹਾਈ ਦੀ ਬਹੁਤ ਕਦਰ ਹੈ। ਇਸ ਲਈ ਵੱਧ ਤੋਂ ਵੱਧ ਪੜ੍ਹੋ? ਇਹ ਸਵਾਲ ਸਾਡੇ ਸਮੇਂ ਦੀਆਂ ਸਰਕਾਰਾਂ 'ਤੇ ਹਨ, ਜਿਨ੍ਹਾਂ ਨੂੰ ਲੋਕਾਂ ਨੇ ਆਪ-ਆਪਣੇ ਲਈ ਚੁਣਿਆ ਹੈ।

ਜਿਸ ਦੇਸ਼ ਵਿਚ ਸਾਡੇ ਭਵਿੱਖ ਦਾ ਨਿਰਮਾਤਾ ਆਪਣੇ ਹੱਕਾਂ ਲਈ ਪੁਲਿਸ ਦਾ ਜਬਰ ਸਹਿੰਦਾ ਹੋਵੇ, ਦੂਜੇ ਪਾਸੇ ਨੇਤਾ ਆਪਣੇ ਵਿਦੇਸ਼ੀ ਦੌਰਿਆਂ 'ਤੇ ਕਰੋੜਾਂ ਰੁਪਏ ਖ਼ਰਚ ਕਰ ਦੇਣ, ਜਿੱਥੇ ਬੁੱਤ ਬਣਾਉਣ ਲਈ ਸੈਂਕੜੇ ਕਰੋੜ ਖ਼ਰਚ ਕਰ ਦਿੱਤੇ ਜਾਣ, ਜਿਸ ਦੇਸ਼ ਵਿਚ ਵੋਟਾਂ ਦੁਆਲੇ ਵਲਗਣਾਂ ਖੜ੍ਹੀਆਂ ਕਰਨ ਲਈ ਧਰਮ ਅਸਥਾਨਾਂ, ਗਊਸ਼ਾਲਾਵਾਂ ਨੂੰ ਗਰਾਂਟਾਂ ਦਿੱਤੀਆਂ ਜਾਂਦੀਆਂ ਹੋਣ ਅਤੇ ਅਧਿਆਪਕਾਂ ਨੂੰ ਦਿਹਾੜੀਦਾਰ ਕਾਮੇ ਦੇ ਰੂਪ ਵਿਚ ਵੇਖਿਆ ਜਾਂਦਾ ਹੋਵੇ ਉਸ ਦੇਸ਼ ਦੇ ਲੋਕਾਂ ਦਾ ਭਵਿੱਖ ਕੀ ਹੋਵੇਗਾ ਇਸ ਦਾ ਅੰਦਾਜ਼ਾ ਸੌਖਿਆਂ ਹੀ ਲਾਇਆ ਜਾ ਸਕਦਾ ਹੈ।

ਦੇਸ਼ ਦੇ ਹਕੀਕੀ ਵਿਕਾਸ ਲਈ ਇਹ ਬੜਾ ਜ਼ਰੂਰੀ ਹੈ ਕਿ ਅਧਿਆਪਕ ਦਾ ਸਨਮਾਨ ਹੋਵੇ। ਉਸ ਨੂੰ ਆਪਣੇ ਕੰਮ ਲਈ ਢੁੱਕਵੀਂ ਉਜਰਤ ਮਿਲੇ ਤੇ ਸੇਵਾ-ਮੁਕਤ ਹੋਣ ਉਪਰੰਤ ਪੈਨਸ਼ਨ ਮਿਲੇ। ਜਨਤਕ ਸਿੱਖਿਆ ਦੇ ਬਜਟ ਵਿਚ ਵਾਧਾ ਕੀਤਾ ਜਾਵੇ। ਪੂਰੇ ਮੁਲਕ ਵਿਚ ਸਿੱਖਿਆ ਦਾ ਨਿੱਜੀਕਰਨ ਰੋਕਿਆ ਜਾਵੇ। ਇਕਸਾਰ ਵਿਗਿਆਨਕ ਸੋਚ ਨੂੰ ਪ੍ਰਫੁੱਲਿਤ ਕਰਨ ਲਈ ਮਾਨਵਵਾਦੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾਵੇ। ਵਿਦਿਆਰਥੀਆਂ ਦੇ ਸਰਬਪੱਖੀ ਬੌਧਿਕ ਵਿਕਾਸ ਨੂੰ ਮੁੱਖ ਰੱਖ ਕੇ ਸਿੱਖਿਆ ਦੇ ਸਿਲੇਬਸ ਅਤੇ ਨੀਤੀਆਂ ਬਣਾਈਆਂ ਜਾਣ।


ਜਨਮ ਦਿਵਸ 'ਤੇ ਵਿਸ਼ੇਸ਼

# ਅਮਰੀਕਾ ਵਾਲੇ ਗਦਰੀ ਤੇ ਸ਼ਹੀਦ ਊਧਮ ਸਿੰਘ ਸੁਨਾਮ ਦੇ ਪਰਮ-ਮਿੱਤਰ-ਬਾਵਾ ਨਨਕਾਣਾ ਬਿਸ਼ਨ ਜੀ



ਬਾਵਾ ਨਨਕਾਣਾ ਬਿਸ਼ਨ





ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁਝ ਦਿਨ ਪਹਿਲਾਂ ਬਾਵਾ ਨਨਕਾਣਾ ਬਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ"

ਜਸਦੇਵ ਸਿੰਘ ਲਲਤੋਂ

ਅਮਰੀਕਾ ਵਿਚ ਰਹਿ ਕੇ ਦਹਾਕਿਆਂਬੱਧੀ ਗਦਰ ਪਾਰਟੀ ਦੇ ਕਾਰਜਾਂ ਨੂੰ ਗੁੰਮਨਾਮ ਰੂਪ 'ਚ ਲਗਾਤਾਰ ਜਾਰੀ ਰੱਖਣ ਵਾਲੇ ਤੇ ਸ਼ਹੀਦ ਊਧਮ ਸਿੰਘ ਸੁਨਾਮ ਨਾਲ ਬਹੁਤ ਹੀ ਕਰੀਬੀ ਦੋਸਤੀ ਨਿਭਾਉਣ ਵਾਲੀ ਮਹਾਨ ਹਸਤੀ ਦਾ ਨਾਮ ਹੈ-ਬਾਵਾ ਨਨਕਾਣਾ ਬਿਸ਼ਨ। ਆਪ ਜੀ ਦੇ ਪਿਤਾ-ਸੰਤਰਾਮ ਜੀ ਛੁੱਛੀਕੇ ਪਿੰਡ ਤੋਂ ਚੱਲ ਕੇ ਨਨਕਾਣਾ ਸਾਹਿਬ (ਹੁਣ ਪਾਕਿਸਤਾਨ 'ਚ) ਦੀਆਂ ਜੜ੍ਹਾਂ 'ਚ ਜਾ ਵਸੇ, ਜਿਥੇ ਉਨ੍ਹਾਂ ਨੇ ਪਿੰਡ ਕੋਟ ਸੰਤਰਾਮ ਵਸਾਇਆ, ਜੋ ਕਿ ਹੁਣ ਨਨਕਾਣਾ ਸਾਹਿਬ ਦੀ ਸੰਤਰਾਮ ਕਲੋਨੀ ਹੈ।

ਆਪ ਦਾ ਜਨਮ 1 ਦਸੰਬਰ 1877 ਨੂੰ ਮਾਤਾ ਜੀ ਬਸੰਤ ਕੌਰ ਦੀ ਕੁੱਖੋਂ ਹੋਇਆ। ਮੁਢਲੀ ਸਿਖਿਆ ਦੌਰਾਨ ਆਪ ਨੇ ਗੁਰਮੁਖੀ ਤੇ ਉਰਦੂ ਭਾਸ਼ਾ ਸਿਖੀ। ਰੁਜ਼ਗਾਰ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ ਆਪ ਚੁੱਪਚਾਪ ਮਾਤਾ ਜੀ ਦੇ ਰੱਖੇ ਹੋਏ 82 ਰੁਪਏ ਲੈ ਕੇ ਰੇਲ ਗੱਡੀ ਰਾਹੀਂ ਬਰਮਾ ਪੁੱਜੇ। 1895 'ਚ ਮਿਹਨਤ ਮਜ਼ਦੂਰੀ ਕਰਦਿਆਂ ਆਪ ਨੇ ਕਰੀਬ 3 ਸਾਲ ਬਰਮਾ 'ਚ ਬਿਤਾਏ। ਉਸ ਤੋਂ ਪਿਛੋਂ ਚੀਨ ਜਾ ਕੇ ਸਭ ਤੋਂ ਔਖੀ ਭਾਸ਼ਾ ਚੀਨੀ ਦਾ ਸਰਟੀਫਿਕੇਟ ਪਾਸ ਕੀਤਾ ਤੇ ਚੀਨੀ ਪੁਲਿਸ ਵਿਚ 2 ਸਾਲ ਨੌਕਰੀ ਕੀਤੀ। ਇਸ ਤੋਂ ਬਾਅਦ ਸਿੰਘਾਪੁਰ ਪੁੱਜ ਕੇ 4 ਸਾਲ ਫੌਜੀ ਸਰਵਿਸ ਕੀਤੀ ਤੇ ਪਿੱਛੋਂ ਮੰਗਵਾਈ ਜ਼ਰੂਰੀ ਚਿੱਠੀ ਰਾਹੀਂ ਡਿਸਚਾਰਜ ਹੋ ਕੇ 1904 'ਚ ਸਾਨਫਰਾਂਸਿਸਕੋ (ਅਮਰੀਕਾ) ਵਿਖੇ ਪਹੁੰਚੇ। ਮਜ਼ਦੂਰੀ ਕਰਦਿਆਂ ਆਪ ਨੇ ਕਾਫੀ ਡਾਲਰ ਜੋੜੇ ਤੇ ਕੁਝ ਹੋਰ ਸੱਜਣਾਂ ਨਾਲ ਜੁੜ ਕੇ ਇਕ ਹਜ਼ਾਰ ਏਕੜ ਦਾ ਫਾਰਮ ਠੇਕੇ 'ਤੇ ਲੈ ਕੇ ਸਬਜ਼ੀਆਂ ਦੀ ਕਾਸ਼ਤ ਕਰਨ ਤੇ ਘਰ-ਘਰ ਵੇਚਣ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਬਿਸ਼ਨ ਜੀ ਗੁਰਦੁਆਰਿਆਂ 'ਚ ਹੋਣ ਵਾਲੇ ਭਾਰਤੀਆਂ ਦੇ ਹਫਤਾਵਾਰੀ ਇਕੱਠਾਂ ਵਿਚ ਜਾਂਦੇ, ਜਿਥੇ ਪਰਵਾਸੀਆਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੱਲ ਬਾਰੇ ਵਿਚਾਰਾਂ ਹੁੰਦੀਆਂ। 1911-12 ਦੌਰਾਨ ਆਪ ਜੀ ਦਾ ਮੇਲ ਭਾਰਤੀ ਕ੍ਰਾਂਤੀਕਾਰੀ ਆਗੂਆਂ-ਲਾਲਾ ਹਰਦਿਆਲ ਤੇ ਸਾਥੀਆਂ ਨਾਲ ਹੋਇਆ। 1913 ਵਿਚ ਗਦਰ ਪਾਰਟੀ (ਹਿੰਦੀ ਪੈਸਿਫਿਕ ਕੋਸਟ ਐਸੋਸੀਏਸ਼ਨ) ਬਣਨ ਉਪਰੰਤ ਆਪ ਗਦਰ ਪਾਰਟੀ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੀ ਲਹਿਰ 'ਤੇ ਗਦਰ ਅਖ਼ਬਾਰ ਦੀਆਂ ਸਾਰੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਆਪ ਨੇ ਤਨ, ਮਨ ਅਤੇ ਵਿਸ਼ੇਸ਼ ਕਰਕੇ ਧਨ ਨਾਲ ਗਦਰ ਪਾਰਟੀ ਦੀ ਬਹੁਤ ਵੱਡੀ ਸਹਾਇਤਾ ਲਗਾਤਾਰ ਜਾਰੀ ਰੱਖੀ।

1922-23 'ਚ ਜਦੋਂ ਊਧਮ ਸਿੰਘ ਅਮਰੀਕਾ ਪੁੱਜਾ, ਤਾਂ ਆਪ ਨਾਲ ਗਦਰ ਪਾਰਟੀ ਰਾਹੀਂ ਉਸ ਦਾ ਮੇਲਜੋਲ ਬਣਿਆ। ਦੋਨੋਂ ਪੱਕੇ ਮਿੱਤਰ ਬਣ ਗਏ ਤੇ ਮੈਰੀਲੈਂਡ ਵਿਖੇ ਦੋ ਸਾਲ ਇਕੱਠੇ ਰਹੇ। ਮਕਾਨ 'ਤੇ ਅਮਰੀਕੀ ਪੁਲਿਸ ਦਾ ਛਾਪਾ ਪੈਣ ਉਪਰੰਤ ਊਧਮ ਸਿੰਘ ਸਫਲਤਾ ਨਾਲ ਪਿਛਲੇ ਪਾਸੇ ਦੀ ਬਚ ਨਿਕਲਿਆ। ਆਪ ਨੇ ਊਧਮ ਸਿੰਘ ਦੀ ਪੈਸੇ ਨਾਲ ਭਾਰੀ ਮਦਦ ਕੀਤੀ ਤੇ ਹੋਰ ਸਾਥੀਆਂ ਤੋਂ ਵੀ ਕਰਵਾਈ। ਉਸ ਨੇ ਕੀਮਤੀ ਅਸਲਾ ਖਰੀਦਿਆ, ਗਦਰ ਸਾਹਿਤ ਲਿਆ ਤੇ ਭਾਰਤ ਨੂੰ ਚਾਲੇ ਪਾ ਦਿੱਤੇ। 1927 'ਚ ਊਧਮ ਸਿੰਘ ਅੰਮ੍ਰਿਤਸਰ ਤੋਂ ਫੜੇ ਗਏ ਤੇ1928 ਚ 5 ਸਾਲ ਦੀ ਕੈਦ ਹੋ ਗਈ। ਫੱਕਰ ਸੁਭਾਅ ਵਾਲੇ ਬਿਸ਼ਨ ਜੀ 32 ਸਾਲ ਬਾਅਦ ਪਹਿਲੀ ਵੇਰ ਘਰੇ ਨਨਕਾਣਾ ਸਾਹਿਬ ਪਰਤੇ ਅਤੇ ਅੰਮ੍ਰਿਤਸਰ ਜਾ ਕੇ ਊਧਮ ਸਿੰਘ ਨਾਲ ਮੁਲਾਕਾਤ ਕੀਤੀ। ਬਿਸ਼ਨ ਜੀ ਨੇ ਦੱਸਿਆ ਸੀ ਕਿ 1932 ਵਿਚ ਊਧਮ ਸਿੰਘ ਰਿਹਾਅ ਹੋ ਕਿ ਜੰਮੂ-ਕਸ਼ਮੀਰ ਦੇ ਪਹਾੜਾਂ ਵੱਲ ਨੂੰ ਚਲਾ ਗਿਆ, ਇਕ ਸਾਧੂ ਦਾ ਭੇਸ ਧਾਰ ਕੇ। ਇਥੇ ਉਸ ਦਾ ਮੇਲ ਇਕ ਅਮੀਰ ਆਦਮੀ ਨਾਲ ਹੋਇਆ, ਜਿਸ ਨੇ ਉਸ ਤੋਂ ਪਰਭਾਵਿਤ ਹੋ ਕੇ ਊਧਮ ਸਿੰਘ ਨੂੰ ਬਾਵਾਦੇ ਨਾਮ ਹੇਠ ਲਾਹੌਰ ਤੋਂ ਨਵਾਂ ਪਾਸਪੋਰਟ ਜਾਰੀ ਕਰਵਾਇਆ ਤੇ ਵਲੈਤ (ਇੰਗਲੈਂਡ) ਭਿਜਵਾਇਆ। ਬਿਸ਼ਨ ਤੇ ਊਧਮ ਸਿੰਘ ਦਾ ਮੇਲ ਜੋਲ ਚਿੱਠੀ ਪੱਤਰ ਰਾਹੀਂ ਲਗਾਤਾਰ ਬਣਿਆ ਰਿਹਾ। 1936 'ਚ ਆਪ ਦੇ ਫੌਜੀ ਭਰਾ ਕਿਸ਼ਨ ਦਾਸ ਦੀ ਪਲੇਗ ਕਾਰਣ ਮੌਤ ਹੋ ਗਈ। ਆਪ ਨਨਕਾਣਾ ਸਾਹਿਬ ਆਏ, ਪਲੇਗ ਦਾ ਇਲਾਜ ਕਰ ਰਹੇ ਅੰਗਰੇਜ਼ ਡਾਕਟਰਾਂ ਦੀ ਟੀਮ (ਜਿਨ੍ਹਾਂ ਨੂੰ ਭਾਸ਼ਾ ਦੀ ਸਮੱਸਿਆ ਸੀ) ਨਾਲ ਰਹਿ ਕੇ 6 ਮਹੀਨੇ ਇਲਾਕੇ ਦੇ ਲੋਕਾਂ ਦੀ ਬੇਹੱਦ ਸੇਵਾ ਕੀਤੀ। ਇਸੇ ਸਮੇਂ ਆਪ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ। ਆਪ ਮੁੜ ਅਮਰੀਕਾ ਚੱਲੇ ਗਏ। ਹਰਬੰਸ ਕੌਰ ਸਮੇਤ ਸਾਰਾ ਪਰਿਵਾਰ ਨਨਕਾਣਾ ਸਾਹਿਬ ਹੀ ਰਿਹਾ। ਆਪ 4-4 ਸਾਲ ਬਾਅਦ ਦੇਸ਼ ਆਉਣ ਲੱਗੇ। ਆਪ ਦੇ ਘਰੇ 5 ਧੀਆਂ ਤੇ 1 ਸਪੁੱਤਰ ਨੇ ਜਨਮ ਲਿਆ।

1940 'ਚ ਲੰਡਨ ਵਿਚ ਕੀਤੇ ਜਾਣ ਵਾਲੇ ਸਰ ਮਾਈਕਲ ਓਡਵਾਇਰ ਵਾਲੇ ਕੌਮੀ ਬਦਲੇ ਦੇ ਇਤਿਹਾਸਕ ਸਾਕੇ ਤੋਂ ਥੋੜ੍ਹਾ ਅਰਸਾ ਪਹਿਲਾਂ ਊਧਮ ਸਿੰਘ ਨੇ ਪਰਮ ਮਿੱਤਰ ਹੋਣ ਕਰਕੇ ਆਪ ਨੂੰ ਇਗਲੈਂਡ ਸੱਦਿਆ ਤੇ ਪੂਰੇ 20 ਦਿਨ ਦੋਨਾਂ ਨੇ ਇਕੱਠਿਆਂ ਗੁਜ਼ਾਰੇ ਅਤੇ ਵਾਪਸੀ ਮੌਕੇ ਦੱਸਿਆ ਕਿ ਜਲਦੀ ਹੀ ਤੁਹਾਨੂੰ ਅਜਿਹੀ ਨਿਵੇਕਲੀ ਖਬਰ ਮਿਲੇਗੀ ਜਿਸ ਨਾਲ ਮੇਰੀ ਜ਼ਿੰਦਗੀ ਦਾ ਵੱਡਾ ਟੀਚਾ ਪੂਰਾ ਹੋ ਜਾਵੇਗਾ। ਜੋ ਕਿ 13 ਮਾਰਚ 1940 ਨੂੰ ਵਾਪਰਿਆ।

ਊਧਮ ਸਿੰਘ ਦੇ ਫੜੇ ਜਾਣ 'ਤੇ ਬਿਸ਼ਨ ਜੀ ਪਹਿਲ ਕਦਮੀ ਨਾਲ ਅਮਰੀਕਾ ਦੀ ਗਦਰ ਪਾਰਟੀ ਨੇ ਮੁਕੱਦਮਾ ਲੜਨ ਲਈ ਦੋ ਵੱਡੇ ਵਕੀਲ ਖੜ੍ਹੇ ਕੀਤੇ, ਤਾਂ ਜੋ ਊਧਮ ਸਿੰਘ ਨੂੰ ਬਚਾਉਣ ਦਾ ਯਤਨ ਕੀਤਾ ਜਾ ਸਕੇ। ਊਧਮ ਸਿੰਘ ਨੇ ਬਿਸ਼ਨ ਨੂੰ ਆਪਣੇ ਅਸਲੀ ਦਸਤਖ਼ਤਾਂ ਵਾਲੀ ਆਖਰੀ ਫੋਟੋ ਲੰਡਨ ਜੇਲ੍ਹ ਵਿਚੋਂ ਡਾਕ ਰਾਹੀਂ ਅਮਰੀਕਾ ਭੇਜੀ, ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ, ਮੁਹੰਮਦ ਸਿੰਘ ਆਜ਼ਾਦ। ਆਪ ਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ। ਐਮ.ਐਸ.ਆਜ਼ਾਦ। ਜੋ ਕਿ ਪ੍ਰੋ: ਮਲਵਿੰਦਰਜੀਤ ਵੜੈਚ ਨੇ ਲੰਮੀ ਖੋਜ ਉਪਰੰਤ ਉਨ੍ਹਾਂ ਪਾਸੋਂ 1969 'ਚ ਪ੍ਰਾਪਤ ਕੀਤੀ ਸੀ।

ਆਪ ਦੇ ਪਿਆਰੇ ਵਤਨ ਤੇ ਵਤਨ ਵਾਸੀਆਂ ਦੇ ਖਿੱਚੇ, ਬਿਸ਼ਨ ਜੀ 1952 ਚ ਅਮਰੀਕਾ ਤੋਂ ਪਰਿਵਾਰ ਪਾਸ ਡਡਹੇੜੀ ਪਿੰਡ ਪਹੁੰਚੇ ਤੇ ਬਾਅਦ 'ਚ ਪਰਿਵਾਰ ਸਮੇਤ ਮੰਡੀ ਗੋਬਿੰਦਗੜ੍ਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਰਹਿਣ ਲੱਗੇ। ਆਪ ਦੇਸ਼ਭਗਤੀ ਤੇ ਲੋਕ ਸੇਵਾ ਨੂੰ ਸਮਰਪਿਤ ਰਹੇ। ਆਪ ਜੀ ਭਲੀ ਭਾਂਤ ਸਮਝਦੇ ਸਨ ਕਿ ਭਾਵੇਂ 1947 ਚ ਅੰਗਰੇਜ਼ਾਂ ਨੂੰ ਇਥੋਂ ਨਿਕਲਨਾ ਪਿਆ, ਪਰੰਤੂ ਸਾਮਰਾਜੀ ਕੰਪਨੀਆਂ, ਵੱਡੇ ਸਰਮਾਏਦਾਰ, ਜਾਗੀਰਦਾਰ, ਭ੍ਰਿਸ਼ਟ ਅਫਸਰਸ਼ਾਹੀ ਰੂਪੀ ਕਾਲੇ ਅੰਗਰੇਜ਼ ਕਾਬਜ਼ ਹੋ ਗਏ ਹਨ, ਜਿਨ੍ਹਾਂ ਨੂੰ ਆਜ਼ਾਦੀ ਦਾ ਰੱਜ ਕੇ ਲਾਭ ਮਿਲਿਆ ਹੈ। ਦੂਜੇ ਪਾਸੇ ਦਿਨ ਰਾਤ ਮਿਹਨਤ ਕਰਨ ਵਾਲੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤੀ ਲੋਕਾਂ ਦੇ ਘਰਾਂ 'ਚ ਆਜ਼ਾਦੀ ਦੀ ਲਾਲੀ ਅੱਜ ਤੱਕ ਨਹੀ ਪਹੁੰਚੀ। ਸ਼ਹੀਦ ਊਧਮ ਸਿੰਘ ਸੁਨਾਮ ਦੇ ਪਰਮ-ਮਿੱਤਰ-ਬਾਵਾ ਨਨਕਾਣਾ ਬਿਸ਼ਨ ਜੀ ਇਕ ਹੋਰ ਨਵੇਂ ਗਦਰ ਦੀ ਸਫਲਤਾ ਲਈ ਤਾਂਘ, ਬੇਚੈਨੀ ਤੇ ਆਸ ਨੂੰ ਪਾਲਦੇ ਹੋਏ 16-6-1975 ਨੂੰ ਦੇਸ਼ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ।

**ਨੋਟ: ਪ੍ਰਸਿੱਧ ਇਤਿਹਾਸਕਾਰ ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਦੀ ਰਹਿਨੁਮਾਈ ਤੇ ਅਵਤਾਰ ਸਿੰਘ ਬਿਸ਼ਨ (ਸਪੁੱਤਰ ਬਾਵਾ ਨਨਕਾਣਾ ਬਿਸ਼ਨ ਜੀ) ਦੀ ਮੁਲਾਕਾਤ ਤੇ ਆਧਾਰਿਤ।**

01612805677

*10 ਦਸੰਬਰ ਦੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ 'ਤੇ*

# ਮੌਜੂਦਾ ਸਿਆਸੀ ਹਾਲਤਾਂ ਦੇ ਮੱਦੇਨਜ਼ਰ ਜਮਹੂਰੀ ਕਾਰਕੁੰਨਾਂ ਨੂੰ ਦਰਪੇਸ਼ ਕਾਰਜ ਅਤੇ ਚਣੌਤੀਆਂ

10 ਦਸੰਬਰ ਮਨੁੱਖੀ ਅਧਿਕਾਰ ਦਿਵਸ ਮੌਕੇ ਮਨੁੱਖੀ ਸਮਾਜ ਦੇ ਇਤਿਹਾਸ ਨੂੰ ਯਾਦ ਕਰ ਲੈਣਾ ਚਾਹੀਦਾ ਹੈ। ਆਲਮੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਇਸ ਦਿਵਸ ਨੂੰ ਮਾਨਤਾ ਮਿਲਣ ਤੋਂ ਪਹਿਲਾਂ ਸਾਮਰਾਜੀ ਸਰਮਾਇਆ ਪੈਦਾਵਾਰ ਦੇ ਕੁਦਰਤੀ ਸ੍ਰੋਤਾਂ ਅਤੇ ਕਿਰਤ ਦੀ ਲੁੱਟ ਲਈ ਬਸਤੀਆਂ ਨੂੰ ਮੁੜ ਵੰਡਣ ਅਤੇ ਖੋਹਣ ਲਈ ਦੋ ਸੰਸਾਰ ਜੰਗਾਂ (1914-18) ਅਤੇ (1939-1945) ਰਾਹੀਂ ਮਨੁੱਖਤਾ ਦਾ ਅਥਾਹ ਘਾਣ ਕਰ ਚੁੱਕਿਆ ਸੀ। ਇਹ ਜੰਗ ਦੇ ਪਿਛੇ ਜਰਮਨ, ਇਟਲੀ ਵਰਗੇ ਦੇਸ਼ਾਂ ਵਿਚ ਤਾਨਾਸ਼ਾਹੀ ਤੇ ਕਾਰਪੋਰੇਟ ਕੰਪਨੀਆਂ ਦੀ ਲੁੱਟ ਦੀ ਇਕ ਜੁੱਟਤਾ ਨੇ ਅਜੇਹੇ ਹਾਲਾਤ ਪੈਦਾ ਕਰ ਦਿਤੇ ਕਿ ਦੇਸ਼ ਦੇ ਵਸਨੀਕਾਂ ਨੂੰ ਜਿੰਦਗੀ ਤੋਂ ਹੱਥ ਧੋਣੇ ਪਏ। ਇਸ ਡਰ ਭੈਅ ਦਾ ਮਾਹੌਲ ਇਕ ਭਾਈਚਾਰੇ ਵਿਰੁੱਧ ਨਫ਼ਰਤ ਨੂੰ ਅਧਾਰ ਬਣਾ ਕੇ ਕੀਤਾ ਗਿਆ ਸੀ।

ਇਸ ਭਿਆਨਕ ਤਰਾਸਦੀ ਦੇ ਵਿਰੁੱਧ ਦੁਨੀਆਂ ਭਰ ਦੀ ਲੋਕਾਈ ਅਤੇ ਚਿੰਤਨਸ਼ੀਲ ਤਬਕਿਆਂ ਨੇ ਹਕੂਮਤਾਂ ਦੀ ਅਜੇਹੀ ਮਾਨਸਿਕਤਾ ਤੋਂ ਮਨੁੱਖਤਾ ਨੂੰ ਬਚਾਉਣ ਲਈ ਇਕ ਬਹੁਤ ਅਹਿਮ ਫ਼ੈਸਲਾ ਲਿਆ। ਇਸ ਲਈ ਯੂਨੀਵਰਸਲ ਮਨੁੱਖੀ ਅਧਿਕਾਰ ਚਾਰਟਰ ਨੂੰ ਬਣਾਇਆ ਗਿਆ। ਜਿਸ ਨੂੰ ਅੱਜ ਅੰਤਰਰਾਸ਼ਟਰੀ ਕਾਨੂੰਨ ਦੀ ਮਾਨਤਾ ਪ੍ਰਾਪਤ ਹੈ। ਜਿਸ ਅਧੀਨ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਹਰ ਨਾਗਰਿਕ ਲਈ ਮਾਣ ਮੱਤੀ ਜ਼ਿੰਦਗੀ ਜਿਊਣ ਲਈ ਮੁੱਢਲੇ ਹੱਕ ਅਤੇ ਆਪਣੀ ਜ਼ਿੰਦਗੀ ਦੀ ਬਿਹਤਰੀ ਲਈ ਆਪਾ ਪ੍ਰਗਟਾਵੇ ਅਤੇ ਜਥੇਬੰਦ ਹੋਣ ਦੇ ਅਧਿਕਾਰਾਂ ਨੂੰ ਯਕੀਨੀ ਬਣਾਵੇ ਕਿਉਂ ਕਿ ਇਹ ਅਧਿਕਾਰ ਮਨੁੱਖ ਦੇ ਅਨਿੱਖੜਵੇਂ ਹੱਕ ਹਨ ਜਿਹਨਾਂ ਨੂੰ ਨਿਸ਼ਚਿਤ ਕਰਕੇ ਸਮਾਜ ਨੂੰ ਮਨੁੱਖਤਾਵਾਦੀ ਤੇ ਜਮਹੂਰੀ ਬਣਾਇਆ ਜਾ ਸਕਦਾ ਹੈ।

ਦੂਜੇ ਪਾਸੇ, ਉਦੋਂ ਤੋਂ ਲੈ ਕੇ ਅੱਜ ਤੱਕ ਭਾਰਤ ਸਮੇਤ ਸਾਰੀਆਂ ਹੀ ਲੋਕ ਦੋਖੀ ਸਰਕਾਰਾਂ ਇਹਨਾਂ ਅਧਿਕਾਰਾਂ ਦਾ ਘਾਣ ਕਰਨ ਲਈ ਹਰ ਹਰਬਾ ਵਰਤ ਰਹੀਆਂ ਹਨ।

ਦੇਸ਼ ਭਰ 'ਚ ਲੋਕਾਂ ਤੋਂ ਉਹਨਾਂ ਦੇ ਜਿਊਣ ਦੇ ਵਸੀਲੇ ਖੋਹ ਕੇ ਕਾਰਪੋਰੇਟ ਘਰਾਨਿਆਂ ਦੇ ਹਵਾਲੇ ਕਰਨ ਲਈ ਰਾਜ ਪ੍ਰਬੰਧ ਬੇਕਿਰਕ ਹੁੰਦਾ ਜਾ ਰਿਹਾ ਹੈ। ਕੇਂਦਰੀ ਭਾਰਤ ਦੇ ਆਦਿਵਾਸੀ ਇਲਾਕਿਆਂ (ਛੱਤੀਸਗੜ੍ਹ, ਝਾਰਖੰਡ, ਉੜੀਸਾ, ਉਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ) 'ਚ ਕਾਰਪੋਰੇਟੀ ਲੁੱਟ ਲਈ ਲੋਕਾਂ ਨੂੰ ਪਿਛਲੇ ਕਈ ਸਾਲਾਂ ਤੋਂ ਉਜਾੜਨ ਲਈ ਉਹਨਾਂ ਦੇ ਵਿਰੋਧ ਨੂੰ ਜੰਗੀ ਪੱਧਰ 'ਤੇ ਕੁਚਲਿਆ ਜਾ ਰਿਹਾ ਹੈ। ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਕਾਰਪੋਰੇਟੀ ਲੁੱਟ ਕਾਰਨ ਕਿਸਾਨ, ਮਜ਼ਦੂਰ ਅਤੇ ਨੌਜਵਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਮਾਰੂਤੀ ਸਾਯੂਕੀ ਕਾਮਿਆਂ ਨੂੰ ਸਜ਼ਾਵਾਂ ਦੇ ਕੇ ਅਦਾਲਤਾਂ ਨੇ ਕਾਰਪੋਰੇਟਾਂ ਦੇ ਪੱਖੀ ਹੋਣ ਦਾ ਸਾਬੂਤ ਦੇ ਦਿੱਤਾ ਹੈ। ਯਾਦ ਆਉਂਦਾ ਹੈ ਕਿ ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਜਿਸ ਨੇ ਫਾਸ਼ੀਵਾਦ ਨੂੰ ਇਹ ਕਹਿ ਕਿ ਪ੍ਰਭਾਸ਼ਿਤ ਕੀਤਾ ਸੀ ਕਿ "ਫਾਸ਼ੀਵਾਦ ਇਕ ਅਜੇਹਾ ਸਮਾਜਿਕ ਪਰਬੰਧ ਹੈ ਕਿ ਜਿਸ ਵਿਚ ਕਾਰਪੋਰੇਟੀ ਤਾਕਤ ਤੇ ਸਰਕਾਰੀ ਤਾਕਤ ਇਕ ਦੂਸਰੇ ਨਾਲ ਰਲ ਕੇ ਚਲਦੇ ਹਨ।" ਯਾਨੀ ਫਾਸ਼ੀਵਾਦ ਸਰਕਾਰ ਨੇ ਕਾਰਪੋਰੇਟੀ ਹਿਤਾਂ ਨੂੰ ਅੱਗੇ ਵਧਾਉਣਾ ਹੈ ਅਤੇ ਇਹ ਲੋਕਾਂ ਨੂੰ ਇਕ ਦੂਸਰੇ ਵਿਰੁੱਧ ਖੜੇ ਕਰਕੇ, ਨਫ਼ਰਤ ਨੂੰ ਹਵਾ ਦੇ ਕਿ ਡਰ ਰਾਹੀ ਲੋਕਾਂ ਤੋਂ ਮੂਲ ਮਨੁੱਖੀ ਹੱਕਾਂ ਨੂੰ ਦਬਾ ਕੇ ਹੀ ਕੀਤਾ ਜਾ ਸਕਦਾ ਹੈ। ਇਹ ਅੱਜ ਦੇ ਫਾਸ਼ੀਵਾਦ ਵਿਚ ਵੀ ਸਪਸ਼ਟ ਨਜ਼ਰ ਆਉਂਦਾ ਹੈ। ਮਨੁੱਖੀ ਅਧਿਕਾਰਾਂ 'ਤੇ ਪਹਿਰਾ ਦੇਣਾ ਇਸ ਦਾ ਮਨੁੱਖੀ, ਜਮਹੂਰੀ ਜਵਾਬ ਹੈ।

**ਜਮਹੂਰੀ ਹੱਕਾਂ ਦੇ ਰਾਖਿਆਂ 'ਤੇ ਹਮਲਾ - ਹਾਕਮਾਂ ਦੀ ਗਿਣੀ ਮਿਥੀ ਚਾਲ**

ਲੋਕ ਮਾਰੂ ਨੀਤੀਆਂ ਨੂੰ ਅੱਗੇ ਵਧਾਉਣ ਹਿਤ ਹਾਕਮਾਂ ਨੇ ਇੱਕ ਗਿਣੀ ਮਿਥੀ ਸਾਜਿਸ਼ ਦੇ ਤਹਿਤ ਸੰਘ ਪਰਿਵਾਰ ਦੇ ਅਖੌਤੀ ਸੁਰੱਖਿਆ ਮਾਹਿਰਾਂ ਨੂੰ ਅੱਗੇ ਲਾਕੇ ਖ਼ਾਕਾ ਤਿਆਰ ਕੀਤਾ ਹੈ ਅਤੇ ਇਸਨੂੰ ਕੇਂਦਰ ਅਤੇ ਰਾਜਾਂ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਪੁਲਸ ਬਲਾਂ ਰਾਹੀਂ, ਵਿਕਾਊ ਮੀਡੀਆ ਦੇ ਇੱਕ ਹਿੱਸੇ ਦੇ ਸਹਿਯੋਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਲੋਕ ਪੱਖੀ ਬੁੱਧੀਜੀਵੀਆਂ ਦੇ ਖਿਲਾਫ਼ ਇਹ ਕਾਰਵਾਈ ਸ਼ੁਰੂ ਕੀਤੀ ਹੈ। ਇਹਨਾਂ "ਸੁਰਖਿਆ ਮਾਹਿਰਾਂ" ਵੱਲੋਂ ਤਿਆਰ ਕੀਤੇ ਫਰਜ਼ੀ ਅਤੇ ਝੂਠੇ ਦਸਤਾਵੇਜ਼ਾਂ ਦੇ ਆਧਾਰ 'ਤੇ ਪਹਿਲਾਂ ਵਿਕਾਊ ਮੀਡੀਆ ਰਾਹੀਂ ਇਹਨਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਜਾਂਦੀ ਹੈ, ਜਿਵੇਂ ਛੱਤੀਸਗੜ੍ਹ ਦੀ ਵਕੀਲ ਸੁਧਾ ਭਾਰਦਵਾਜ ਦੇ ਖਿਲਾਫ ਰਿਪਬਲਿਕ ਟੀਵੀ ਰਾਹੀਂ ਕੀਤਾ ਗਿਆ ਪਰਚਾਰ ਅਤੇ ਫਿਰ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਸਾਫ਼ ਹੈ ਕਿ ਸਾਜਿਸ਼ ਕਿਥੇ ਹੋ ਰਹੀ ਹੈ।

ਦਲਿਤ ਸਨਮਾਨ ਅਤੇ ਹੱਕਾਂ ਦੀ ਦਾਅਵਾ ਜਤਲਾਈ ਲਈ ਮਹਾਰਾਸ਼ਟਰ 'ਚ ਪੂਨੇ ਨੇੜੇ ਭੀਮਾ ਕੋਰੇਗਾਓਂ ਦੇ ਸਥਾਨ ਤੇ ਦਲਿਤ ਫੌਜੀਆਂ ਦੀ ਮਹਾਰ ਰੈਜਮੈਂਟ ਦੇ ਸਿਪਾਹੀਆਂ ਦੀ ਉਸ ਵੇਲੇ ਦੇ ਬ੍ਰਾਹਮਣਵਾਦੀ ਪੇਸ਼ਵਾ, ਜੋ ਦਲਿਤਾਂ ਨਾਲ ਘੋਰ ਵਿਤਕਰਾ ਕਰਦਾ ਸੀ, ਵਿਰੁੱਧ ਜੰਗ ਚ ਨਿਰਣਾਇਕ ਜਿੱਤ ਦੀ ਦੋ ਸੌਵੀਂ ਸਾਲਗਿਰਾਹ ਮੌਕੇ ਜੁੜੇ ਹਜ਼ਾਰਾਂ ਦਲਿਤਾਂ ਦੇ ਇੱਕਠ 'ਤੇ ਹਿੰਦੂ ਕੱਟੜਪੰਥੀਆਂ ਵੱਲੋਂ ਹਿੰਸਕ ਹਮਲਾ ਕੀਤਾ ਗਿਆ ਅਤੇ ਫਿਰ ਇਸ ਹਿੰਸਾ ਲਈ ਜ਼ੁੰਮੇਵਾਰ ਅਸਲ ਹਿੰਦੂ ਫਿਰਕਾਪ੍ਰਸਤ ਆਗੂਆਂ ਖਿਲਾਫ ਕਾਰਵਾਈ ਕਰਨ ਦੀ ਥਾਂ, ਓਥੋਂ ਦੀ ਭਾਜਪਾ-ਸ਼ਿਵ ਸੈਨਾ ਸਰਕਾਰ ਹਿੰਸਾ ਦੇ ਯੋਜਨਾ ਘਾੜਿਆਂ ਸਾਂਭਾਜੀ ਭਿੜੇ, ਮਿਲਿੰਦ ਏਕਬੋਟੇ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਬਚਾਉਣ ਵਿਚ ਜੁੱਟ ਗਈ। ਯਾਦ ਰਹੇ ਕਿ ਇਸ ਸਮਾਗਮ ਨੂੰ ਦੋ ਰੀਟਾਰਡ ਜੱਜਾਂ ਨੇ ਜਥੇਬੰਦ ਕੀਤਾ ਸੀ।



ਸੰਘੀ ਅਨਸਰਾਂ ਵੱਲੋਂ ਦਿੱਤੀਆਂ ਝੂਠੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਇਸ ਸਮਾਗਮ ਦੇ ਆਯੋਜਕਾਂ ਅਤੇ ਇਸ 'ਚ ਭਾਗ ਲੈਣ ਵਾਲਿਆਂ ਦੇ ਖ਼ਿਲਾਫ਼ ਯੂ ਏ ਪੀ ਏ ਤਹਿਤ ਮੁਕੱਦਮੇ ਦਰਜ ਕੀਤੇ ਗਏ। ਪਹਿਲਾਂ ਕਬੀਰ ਕਲਾ ਮੰਚ ਦੇ ਕਲਾਕਾਰਾਂ ਅਤੇ ਦਲਿਤ ਕਾਰਕੁਨਾਂ ਨੂੰ ਜੇਹਲੀਂ ਡੱਕਿਆ ਗਿਆ। ਫਿਰ ਇਸੇ ਘਟਨਾ ਦੇ ਆਧਾਰ 'ਤੇ ਕਥਿਤ "ਸ਼ਹਿਰੀ ਮਾਓਵਾਦੀਆਂ" ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਤਲ ਕਰਨ ਦੀ ਸਾਜਿਸ਼ ਰਚਣ ਦਾ ਝੂਠਾ ਪਰਚਾਰ ਕਰਕੇ ਕੇਸ ਦਰਜ ਕੀਤੇ ਗਏ । ਉਸ ਵਿਚ ਕਬਾਈਲੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੇ ਵਕੀਲ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਸ਼ੋਮਾ ਸੇਨ, ਮਹੇਸ਼ ਰਾਵਤ, ਰੋਨਾ ਵਿਲਸਨ ਅਤੇ ਸੁਧੀਰ ਧਾਵਲੇ ਨੂੰ ਅਤੇ ਬਾਅਦ ਵਿਚ ਛੱਤੀਸਗੜ੍ਹ ਦੇ ਖਾਣ ਮਜ਼ਦੂਰਾਂ ਅਤੇ ਕਬਾਇਲੀਆਂ ਦੇ ਹੱਕਾਂ ਲਈ ਲੜਨ ਵਾਲੀ ਵਕੀਲ ਸੁਧਾ ਭਾਰਦਵਾਜ, ਜਮਹੂਰੀ ਅਧਿਕਾਰਾਂ ਦੀ ਬੁਲੰਦ ਆਵਾਜ਼ ਗੌਤਮ ਨਵਲੱਖਾ, ਤੇਲਗੂ ਦੇ ਇਨਕਲਾਬੀ ਕਵੀ ਵਰਵਰਾ ਰਾਓ, ਅਰੁਣ ਫਰੇਰਾ ਅਤੇ ਵਰਨੋਨ ਗੋਂਜ਼ਾਲਵੇਜ ਨੂੰ ਭਾਜਪਾ ਸਰਕਾਰ ਦਾ ਤਖਤਾ ਪਲਟਣ ਲਈ ਜੰਗ ਛੇੜਨ ਦੀ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਇੱਕੋ ਸਮੇਂ ਛਾਪੇ ਮਾਰ ਕੇ ਗ੍ਰਿਫ਼ਤਾਰ ਕਰ ਲਿਆ। ਸੁਪ੍ਰੀਮ ਕੋਰਟ ਵਿਚ ਇਸ ਮਸਲੇ 'ਤੇ ਲੰਮੀ ਲੜਾਈ ਦਿੱਤੀ ਗਈ। ਇੱਕ ਮੌਕੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਇਹ ਕਹਿੰਦਿਆਂ ਮਿੱਠੀ ਜਿਹੀ ਝਾੜ ਵੀ ਪਾਈ ਕਿ ਜਮਹੂਰੀਅਤ 'ਚ ਵੱਖਰੇ ਵਿਚਾਰ ਰੱਖਣਾ ਸੇਫਟੀ ਵਾਲਵ ਵਜੋਂ ਕੰਮ ਕਰਦਾ ਹੈ। ਆਖ਼ਿਰ ਸੁਪਰੀਮ ਕੋਰਟ ਨੇ ਵੀ ਹਠੀ ਸਰਕਾਰ ਦੀ ਸੁਰ ਵਿਚ ਸੁਰ ਮਿਲਾਉਂਦਿਆਂ ਇਸ ਜਾਬਰ ਅਤੇ ਗੈਰ ਜਮਹੂਰੀ ਕਾਰਵਾਈ ਤੇ ਇਹ ਕਹਿੰਦਿਆਂ ਪੋਚਾ ਫੇਰ ਦਿੱਤਾ ਕਿ ਇਹਨਾਂ ਸਾਰੇ ਬੁੱਧੀਜੀਵੀਆਂ ਨੂੰ ਵੱਖਰੇ ਵਿਚਾਰ ਰੱਖਣ ਕਰਕੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਕੁਝ ਸਮਾਂ ਇਹਨਾਂ ਸਾਰਿਆਂ ਨੂੰ ਘਰਾਂ ਚ ਨਜ਼ਰਬੰਦ ਰੱਖਣ ਤੋਂ ਬਾਅਦ ਹੁਣ "ਦੇਸ਼ ਧ੍ਰੋਹ" ਅਤੇ "ਗੈਰ ਕਾਨੂੰਨੀ ਸਰਗਰਮੀਆਂ 'ਚ ਸ਼ਾਮਲ ਹੋਣ ਦੇ ਦੋਸ਼ ਲਾਕੇ ਜੇਹਲ ਭੇਜ ਦਿੱਤਾ ਗਿਆ ਹੈ। ਅਸਲ ਵਿਚ ਦਲਿਤਾਂ ਉਤੇ ਹਿੰਦੂਤਵ ਜ਼ੁਲਮਾਂ ਉੱਪਰ ਪਰਦਾ ਪਾਉਣ ਲਈ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ਼ ਆਵਾਜ਼ ਉਠਾਉਣ ਵਾਲਿਆਂ ਨੂੰ ਦਬਾਉਣ ਲਈ ਪੂਰੀ ਰਾਜਕੀ ਤਾਕਤ ਝੋਕ ਦਿੱਤੀ ਗਈ। ਯਾਦ ਰਹੇ ਕਿ ਇਹ ਰਾਜ ਦਲਿਤ ਸ਼ਬਦ ਤੋਂ ਵੀ ਡਰਦਾ ਹੈ ਕਿਉਂਕਿ ਇਹ ਦੱਬੇ ਕੁਚਲੇ ਲੋਕਾਂ ਦੀ ਜਮਾਤੀ ਪਹਿਚਾਣ ਹੈ ਜਦ ਕਿ ਸ਼ਡਿਊਲ ਕਾਸਟ ਲਫਜ ਜਾਤੀ ਵਖਰੇਵੇਂ ਨੂੰ ਹਵਾ ਦਿੰਦਾ ਹੈ।

ਗ੍ਰਿਫ਼ਤਾਰ ਕੀਤੇ ਗਏ ਬੁੱਧੀਜੀਵੀ, ਪੱਤਰਕਾਰ, ਵਕੀਲ ਅਤੇ ਜਮਹੂਰੀ ਕਾਰਕੁਨ ਭਾਰਤ ਦੀ ਜਮਹੂਰੀ ਲਹਿਰ ਦੀਆਂ ਵੱਕਾਰੀ ਕਲਗੀਆਂ ਹਨ। ਉਹਨਾਂ ਨੇ ਜ਼ਿੰਦਗੀ ਭਰ ਲੋਕਾਂ ਦੇ ਜਮਹੂਰੀ ਹੱਕਾਂ ਦੀ ਪਹਿਰੇਦਾਰੀ ਕੀਤੀ ਹੈ, ਸਰਕਾਰ ਦੀਆਂ ਲੋਕ ਦੋਖੀ ਨੀਤੀਆਂ ਦਾ ਬੇਕਿਰਕੀ ਨਾਲ ਪਰਦਾ ਚਾਕ ਕੀਤਾ ਹੈ, ਲੋਕ ਸੰਘਰਸ਼ਾਂ ਦੇ ਘਮਸਾਨੀ ਮੈਦਾਨਾਂ ਚ ਬਿਨਾਂ ਲਿਫ਼ਿਆਂ ਜਾਂ ਝਿਫ਼ਿਆਂ ਹਿੱਕਾਂ ਡਾਹ ਕੇ ਖੜ੍ਹੇ ਹਨ। ਮਹਾਰਾਸ਼ਟਰ ਦੇ ਗੜਚਿਰੌਲੀ ਜ਼ਿਲ੍ਹੇ ਵਿੱਚ 40 ਦੇ ਕਰੀਬ ਮਾ ?ਵਾਦੀਆਂ ਅਤੇ ਕਬਾਇਲੀਆਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਦੀ ਕਹਾਣੀ ਦਾ ਅਤੇ ਟੁਟੀਕੋਰਣ (ਤਾਮਿਲ ਨਾਡੂ) ਵਿਚ ਕਾਰਪੋਰੇਟ ਕਾਰਖਾਨਿਆਂ ਵਲੋਂ ਫੈਲਾਏ ਮਾਰੂ ਵਾਤਾਵਰਣ ਪਰਦੂਸ਼ਨ ਵਿਰੁਧ ਲੋਕਾਂ ਦੇ ਰੋਸ ਪਰਦਸ਼ਨ ਤੇ ਗੋਲੀ ਚਲਾਉਣ ਦਾ ਇਹਨਾਂ ਬੁਧੀਜੀਵੀਆਂ ਨੇ ਪਰਦਾ ਫਾਸ਼ ਕੀਤਾ ਸੀ। ਇਹਨਾਂ ਵੱਕਾਰੀ ਕਲਗੀਆਂ ਨੂੰ ਹੱਥ ਪਾਕੇ ਭਾਰਤੀ ਹਾਕਮ ਲੋਕਾਂ ਲਈ ਗੰਭੀਰ ਚੁਣੌਤੀ ਪੇਸ਼ ਕਰ ਰਹੇ ਹਨ।

**ਨਿਸ਼ਾਨਾ - ਲੰਮੇ ਸਮੇਂ ਦੀ ਜੇਹਲਬੰਦੀ**

ਹਾਕਮਾਂ ਦਾ ਨਿਸ਼ਾਨਾ ਸਪਸ਼ਟ ਹੈ - ਇਹਨਾਂ ਸਾਰੇ ਬੁਧੀਜੀਵੀਆਂ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਨੂੰ ਪ੍ਰੋਫੈਸਰ ਜੀ ਐਨ ਸਾਈਂ ਬਾਬਾ ਵਾਂਗ ਦੇਸ਼ਧ੍ਰੋਹ ਅਤੇ ਗੈਰਕਾਨੂੰਨੀ ਸਰਗਰਮੀਆਂ ਦੇ ਝੂਠੇ ਦੋਸ਼ਾਂ ਤਹਿਤ ਲੰਮੇਂ ਸਮੇਂ ਦੀਆਂ ਸਜ਼ਾਵਾਂ ਦਿਵਾ ਕੇ ਜੇਹਲਾਂ 'ਚ ਡੱਕਣਾ ਹੈ। ਸਾਡੇ ਮੁਲਕ ਦੀ ਗੈਰ ਜਮਹੂਰੀ, ਜਾਬਰ, ਤਰਕਹੀਣ ਅਤੇ ਲਮਕਵੀਂ ਨਿਆਂ ਪ੍ਰਣਾਲੀ 'ਚ ਕਿਸੇ ਵੀ ਨਿਰਦੋਸ਼ ਵਿਅਕਤੀ ਸਿਰ ਦੇਸ਼ਧ੍ਰੋਹ ਅਤੇ ਗੈਰਕਾਨੂੰਨੀ ਸਰਗਰਮੀਆਂ ਦੇ ਝੂਠੇ ਦੋਸ਼ ਲਾਕੇ ਅਤੇ ਝੂਠੇ ਗਵਾਹ ਖੜੇ ਕਰਕੇ, ਉਸਨੂੰ ਪੱਚੀ-ਤੀਹ ਸਾਲ ਜੇਹਲ 'ਚ ਬੰਦ ਕੀਤਾ ਜਾ ਸਕਦਾ ਹੈ ਅਤੇ ਉਸਦੀ ਸਮੁੱਚੀ ਜ਼ਿੰਦਗੀ ਬਰਬਾਦ ਕੀਤੀ ਜਾ ਸਕਦੀ ਹੈ। ਮਾਰੂਤੀ ਸਾਯੂਕੀ ਦੇ ਮਜ਼ਦੂਰ, ਭਾਰਤੀ ਪੁਲਾੜ ਖੋਜ ਸੰਸਥਾ ਦੇ ਵਿਗਿਆਨੀ ਅਤੇ ਜਮਹੂਰੀ ਲਹਿਰ ਦੇ ਅਨੇਕਾਂ ਕਾਰਕੁਨ ਇਸ ਦੀਆਂ ਉੱਘੜਵੀਆਂ ਮਿਸਾਲਾਂ ਹਨ। ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਜਾਬਰ ਸਰਕਾਰੀ ਮਸ਼ੀਨਰੀ ਦੀ ਵਰਤੋਂ ਦੇ ਨਾਲ ਧਾਰਮਿਕ ਕੱਟੜਤਾ ਨੂੰ ਉਤਸ਼ਾਹਤ ਕੀਤਾ ਹੈ। ਜਿਵੇਂ ਕਿ ਕੁਲਬਰਗੀ , ਡਾ ਦਬੋਲਕਰ, ਪਨਸਾਰੇ ਤੇ ਗੌਰੀ ਲੰਕੇਸ਼ ਦੇ ਕਤਲ ਤੋਂ ਸਪਸ਼ਟ ਹੈ। ਫਿਰਕੂ ਹਿੰਦੂ ਰਾਸਟਰ ਦੇ ਸਿਧਾਂਤ ਤਹਿਤ ਇਸ ਨੇ ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ ਵਿਰੁੱਧ ਕਾਤਲਾਨਾ ਅਤੇ ਉਹਨਾਂ ਦੇ ਆਰਥਕ ਸ੍ਰੋਤਾਂ ਦੀ ਤਬਾਹੀ ਲਈ ਮੁਹਿੰਮਾਂ ਚਲਾ ਰੱਖੀਆਂ ਹਨ ਜਿਵੇਂ ਕਦੇ ਸਹਾਰਨਪੁਰ (ਯੂ ਪੀ), ਕਦੇ ਗੁਜਰਾਤ, ਕਦੇ ਰਾਜਸਥਾਨ, ਕਦੇ ਭੀਮਾ ਕੋਰੇਗਾਓਂ ਆਦਿ। ਭੀਮਾ-ਕੋਰੇਗਾਓਂ ਵਿਚ ਦਲਿਤ ਵਿਰੋਧੀ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਬਚਾਉਣਾ ਅਤੇ ਕਬੀਰ ਕਲਾ ਮੰਚ ਦੇ ਕਲਾਕਾਰਾਂ ਅਤੇ ਦਲਿਤ ਲੋਕਾਂ ਨੂੰ ਜੇਲ੍ਹਾਂ ਅੰਦਰ ਸੁੱਟਣਾ ਇਸੇ ਹਮਲੇ ਦੀ ਇਕ ਕੜੀ ਹੈ।

ਮੋਦੀ ਸਰਕਾਰ ਯਾਨੀ ਆਰ ਐਸ ਐਸ ਦੀ ਵਿਚਾਰਧਾਰਾ ਹਿਟਲਰ ਅਤੇ ਮੁਸੋਲੀਨੀ ਦੀ ਮੁਰੀਦ ਹੈ ਜਿਹੜੀ ਆਪਣੇ ਨਾਗਰਿਕਾਂ ਦੇ ਇੱਕ ਹਿੱਸੇ ਨੂੰ ਬੇਗਾਨੇ ਕਰਾਰ ਦਿੰਦੀ ਹੈ ਅਤੇ ਉਹਨਾਂ ਪ੍ਰਤੀ ਬੇਹੱਦ ਅਸਹਿਨਸ਼ੀਲ ਹੈ। ਅਤੇ ਕਾਰਪੋਰਟ ਸਰਮਾਏ ਦੇ ਥਾਪੜੇ ਨਾਲ ਹਰ ਵਿਰੋਧ ਨੂੰ ਕੁਚਲਣ ਦੇ ਰਾਹ ਪਈ ਹੋਈ ਹੈ। ਔਰਤਾਂ ਦੀ ਰਖਵਾਲੀ ਲਈ ਜ਼ੁੰਮੇਵਾਰ ਸੱਤਾ ਵੱਲੋਂ ਧਾਰਮਿਕ ਕੱਟੜਤਾ ਵਾਲੀ ਮੱਧਯੁੱਗੀ ਮਾਨਸਿਕਤਾ ਨੂੰ ਪੱਠੇ ਪਾਉਣ ਦੀ ਕੋਈ ਕਸਰ ਨਹੀਂ ਛੱਡੀ ਰਹੀ। ਬੱਚੀਆਂ ਦੇ ਬਲਾਤਕਾਰੀਆਂ ਨੂੰ ਬਚਾਉਣ ਲਈ ਦੇਸ਼ ਭਗਤੀ ਅਤੇ ਫਿਰਕੂ ਚਾਲਾਂ ਚੱਲਣ ਵਿੱਚ ਕੋਈ ਸ਼ਰਮ ਮਹਿਸੂਸ ਨਹੀਂ ਕੀਤੀ ਜਾ ਰਹੀ। ਇਉ ਜਾਪਦਾ ਹੈ ਕਿ ਮਨੂੰ ਸਮ੍ਰਿਤੀ ਦੀ ਮਾਨਸਿਕਤਾ ਵਾਲਾ ਹਕੂਮਤੀ ਢਾਂਚਾ ਮੁੜ ਆ ਰਿਹਾ ਹੈ। ਆਸਾਮ ਦੇ 40 ਲੱਖ ਲੋਕਾਂ ਨੂੰ ਨਾਗਰਿਕਤਾ ਵਿਹੂਣੇ ਕਰਨ ਦੇ ਕਦਮ ਪੁੱਟ ਲਏ ਹਨ ਅਤੇ ਮੌਤ ਤੋਂ ਬਚਾਅ ਲਈ ਆਏ ਰੋਹਿੰਗਿਆ ਮੁਸਲਮਾਨ ਸ਼ਰਨਾਰਥੀਆਂ ਨੂੰ ਮਾਨਵਤਾ ਵਿਰੁੱਧ ਅਤੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਉਲਟ ਜਾ ਕੇ ਵਾਪਸ ਮੌਤ ਦੇ ਮੂੰਹ ਧਕੀਆ ਜਾ ਰਿਹਾ ਹੈ ਕਿਉਂ ਕਿ ਉਹ ਮੁਸਲਮਾਨ ਹਨ।

ਇਕ ਵਰਤਾਰਾ ਇਹ ਵੀ ਹੈ ਕਿ ਸਾਰੀਆਂ ਸੰਸਥਾਵਾਂ ਨੂੰ ਜਿਵੇਂ ਕਿ ਯੂਨੀਵਰਸੀਟੀਆਂ ਵਰਗੇ ਵਿਦਿਅਕ ਅਦਾਰੇ, ਨਿਆਪਾਲਕਾ, ਸੀ ਬੀ ਆਈ, ਆਰ ਬੀ ਆਈ, ਭਾਰਤੀ ਮੈਡੀਕਲ ਕੌਂਸਲ, ਯੂ ਜੀ ਸੀ ਵਰਗੇ ਅਦਾਰਿਆਂ ਦੇ ਆਜ਼ਾਦਾਨਾ ਕਾਰਵਿਹਾਰ ਨੂੰ ਖਤਮ ਕੀਤਾ ਜਾ ਰਿਹਾ ਹੈ। ਸੰਘ ਪਰਿਵਾਰ ਦੇ ਅਖੌਤੀ ਸੁਰੱਖਿਆ ਮਾਹਰ, ਹਿਟਲਰ ਦੀ ਖ਼ੁਫ਼ੀਆ ਏਜੰਸੀ ਗੈਸਟਾਪੋ ਵਾਂਗ, ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਲਈ, ਉਹਨਾਂ ਦੀ ਰੋਜ਼-ਮਰਾ ਦੀ ਜ਼ਿੰਦਗੀ 'ਤੇ ਨਿਗਾਹ ਰੱਖਣ ਲਈ ਨਵੇਂ ਨਵੇਂ ਢੰਗ ਘੜ ਰਹੇ ਹਨ। ਪਹਿਚਾਣ ਦੇ ਸਬੂਤ ਵਜੋਂ ਸ਼ੁਰੂ ਕੀਤਾ ਆਧਾਰ ਕਾਰਡ, ਲੋਕਾਂ ਦੀ ਨਿੱਜੀ ਜ਼ਿੰਦਗੀ 'ਤੇ ਨਿਗਾਹ ਰੱਖਣ ਅਤੇ ਉਹਨਾਂ ਦੀ ਨਿਰੰਤਰ ਜਾਸੂਸੀ ਕਰਨ ਦਾ ਸੰਦ ਬਣ ਗਿਆ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਦੀ ਨਿੱਜਤਾ ਅਤੇ ਵਿਚਾਰ ਪ੍ਰਗਟਾਵੇ 'ਤੇ ਕੰਟਰੋਲ ਕਰਨ ਲਈ ਉੱਚ ਤਕਨੀਕ ਨਾਲ ਲੈਸ ਖ਼ੁਫ਼ੀਆ ਸੰਸਥਾਵਾਂ ਕਾਇਮ ਕੀਤੀਆਂ ਜਾ ਰਹੀਆਂ ਹਨ।

ਪੁਰਾਤਨ ਪੰਥੀ ਧਰਮ ਗੁਰੂਆਂ ਅਤੇ ਵੇਲਾ ਵਿਹਾ ਚੁੱਕੇ ਧਾਰਮਿਕ ਸੰਸਕਾਰਾਂ ਨੂੰ ਜਿਊਂਦੇ ਰੱਖਣ ਲਈ ਲੋਕਾਂ 'ਚ ਵਿਗਿਆਨ ਅਤੇ ਤਰਕਸੰਗਤ ਵਿਚਾਰਾਂ ਦਾ ਸੰਚਾਰ ਹੋਣ ਤੋਂ ਰੋਕਣ ਲਈ ਈਸ਼ ਨਿੰਦਾ ਅਤੇ ਧਾਰਮਿਕ ਬੇਅਦਬੀ ਦੇ ਕਾਨੂੰਨਾਂ ਨੂੰ ਹੋਰ ਵੱਧ ਮਾਰੂ ਬਣਾਇਆ ਜਾ ਰਿਹਾ ਹੈ। ਧਾਰਾ 295ਏਏ ਤਹਿਤ ਪੰਜਾਬ ਵਿਚ ਧਾਰਮਿਕ ਬੇਅਦਬੀ ਦੀ ਸਜ਼ਾ ਤਿੰਨ ਸਾਲ ਦੀ ਕੈਦ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ ਗਈ ਹੈ। ਬੇਅਦਬੀ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗਣ ਦੇ ਕਿਸੇ ਠੋਸ ਪੈਮਾਨੇ ਦੀ ਅਣਹੋਂਦ 'ਚ ਇਸ ਕਾਨੂੰਨ ਦੇ ਤਹਿਤ ਕਿਸੇ ਨੂੰ ਵੀ ਜੇਲ 'ਚ ਸੁੱਟਿਆ ਜਾ ਸਕਦਾ ਹੈ। ਗੱਲ ਕੀ ਲੋਕਾਂ ਦੇ ਵਿਚਾਰ ਪ੍ਰਗਟਾਉਣ, ਜਥੇਬੰਦ ਹੋਣ ਅਤੇ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ ਅਨੁਸਾਰ ਆਵਦੀ ਬੇਹਤਰ ਜ਼ਿੰਦਗੀ ਲਈ ਸੰਘਰਸ਼ ਕਰਨ ਦੇ ਅਧਿਕਾਰਾਂ ਨੂੰ ਹਕੂਮਤ ਆਪਣੇ ਜਾਬਰ ਪੈਰਾਂ ਹੇਠ ਕੁਚਲ ਰਹੀ ਹੈ। ਸਮਾਜ ਨੂੰ ਇਕ ਨਿਆਂ ਪੂਰਕ ਤਰੀਕੇ ਨਾਲ ਚਲਾਉਣ ਦੇ ਉਲਟ ਜਜਬਾਤਾਂ ਨਾਲ ਚਲਾਉਣ ਦਾ ਚਲਣ ਬੇ ਨਿਆਂਈ ਹੈ, ਮਨੁੱਖੀ ਹੱਕਾਂ ਦਾ ਘਾਣ ਹੈ। ਕਿਉਂਕਿ ਜ਼ਜਬਾਤ ਤਾਂ ਜਿਆਦਾ ਮਜਬੂਤ ਅੰਧਵਿਸ਼ਵਾਸੀ ਦੇ ਹੁੰਦੇ ਹਨ। ਇਹ ਹੈ ਭੀੜ ਤੰਤਰ ਰਾਹੀਂ ਸਮਾਜ ਨੂੰ ਮੱਧ ਵਰਗੀ ਅੰਧੇਰ ਵਿਚ ਧੱਕਣਾ ਤੇ ਕਾਰਪੋਰਟੀ ਲੁੱਟ ਨੂੰ ਪਰਦੇ ਹੇਠ ਰਖਣਾ।

ਪੰਜਾਬ ਸਰਕਾਰ ਵੀ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਛਲ ਕਪਟ ਅਤੇ ਜਬਰ ਦੀ ਨੀਤੀ ਅਪਨਾ ਰਹੀ ਹੈ। ਜਿਥੇ ਇਕ ਪਾਸੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿਚ ਗਰਕ ਕਰਨ ਵਿੱਚ ਹਿੱਸੇਦਾਰ ਹੈ, ਦੂਜੇ ਪਾਸੇ ਥਰਮਲ ਬੰਦ ਕਰਨ ਦੇ ਲੋਕ ਵਿਰੋਧੀ ਕਦਮਾਂ ਤੋਂ ਅੱਗੇ ਮੁਲਾਜਮਾਂ, ਮਜ਼ਦੂਰਾਂ ਅਤੇ ਕਿਸਾਨਾਂ ਪ੍ਰਤੀ ਆਪਣੇ ਚੋਣ ਵਾਅਦਿਆਂ ਤੋਂ ਭੱਜ ਕੇ ਹੁਣ ਅਧਿਆਪਕਾਂ ਉਪਰ ਜਬਰ ਦਾ ਹੱਲਾ ਵਿੱਢਿਆ ਹੋਇਆ ਹੈ। ਸਰਕਾਰੀ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ ਦੀ ਵਰਤੋਂ ਕਰਕੇ ਲੋਕ ਲਹਿਰਾਂ ਦੇ ਲੀਡਰਾਂ 'ਤੇ ਹਮਲੇ ਕਰਨ ਦੀ ਨੀਤੀ ਦੇ ਸਪੱਸ਼ਟ ਸੰਕੇਤ ਆ ਰਹੇ ਹਨ। ਸਰਕਾਰ ਅਧਿਆਪਕਾਂ ਦੀਆਂ ਤਨਖਾਹਾਂ ਘਟਾਉਣ, ਕਾਮਿਆਂ ਨੂੰ ਕੰਪਨੀਆਂ ਦਾ ਚਾਰਾ ਬਨਾਉਣ 'ਤੇ ਉਤਰੀ ਹੋਈ ਹੈ। ਕਸ਼ਮੀਰੀ ਵਿਦਿਆਰਥੀਆਂ ਨੂੰ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਇਸ ਤਰਾਂ ਪੰਜਾਬ ਸਰਕਾਰ ਕੇਂਦਰੀ ਸਰਕਾਰ ਦੀਆਂ ਇਹਨਾਂ ਨੀਤੀਆਂ ਨਾਲ ਇਕ ਸੁਰ ਹੀ ਹੈ।

**ਚੁਣੌਤੀਆਂ ਸਰ ਕਰਨ ਦਾ ਇੱਕੋ ਇੱਕ ਰਾਹ- ਜਮਹੂਰੀ ਸਮਝ ਵਿਚ ਵਾਧਾ, ਵਿਸ਼ਾਲ ਏਕਾ, ਲਾਮਬੰਦੀ ਅਤੇ ਸੰਘਰਸ਼**

ਪੰਜਾਬ ਦੀ ਜਮਹੂਰੀ ਲਹਿਰ ਨੂੰ ਇਸ ਗੱਲ ਦਾ ਮਾਣ ਹੈ ਕਿ ਜਿਓਂ ਹੀ ਸਰਕਾਰ ਨੇ ਇਹ ਹਮਲਾ ਸ਼ੁਰੂ ਕੀਤਾ ਇਥੋਂ ਦੇ ਸੰਘਰਸ਼ਸ਼ੀਲ ਲੋਕ ਤੁਰੰਤ ਹਰਕਤ ਵਿਚ ਆਏ। ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਅਤੇ ਇਥੋਂ ਤੱਕ ਕਿ ਕੁੱਝ ਪਿੰਡਾਂ 'ਚ ਵੀ ਵੱਖ ਵੱਖ ਜਥੇਬੰਦੀਆਂ ਨੇ ਭਰਵੇਂ ਰੋਸ ਪ੍ਰਦਰਸ਼ਨ ਕੀਤੇ। ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਹੇਠ 5 ਸਤੰਬਰ ਨੂੰ ਗਿਆਰਾਂ ਜ਼ਿਲ੍ਹਿਆਂ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ। 13 ਸਤੰਬਰ 2018 ਨੂੰ ਜਮਹੂਰੀ ਅਧਿਕਾਰ ਸਭਾ ਪੰਜਾਬ ਸਮੇਤ 40 ਤੋਂ ਵੱਧ ਜਥੇਬੰਦੀਆਂ ਨੇ ਇਹਨਾਂ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਹਜ਼ਾਰਾਂ ਦੀ ਗਿਣਤੀ 'ਚ ਚੰਡੀਗੜ੍ਹ ਦੀਆਂ ਸੜਕਾਂ 'ਤੇ ਪ੍ਰਦਰਸ਼ਨ ਕੀਤਾ. ਪੰਜਾਬ ਦੇ ਲਗਭੱਗ ਪੌਣੇ ਦੋ ਸੌ ਲੇਖਕਾਂ, ਵਕੀਲਾਂ, ਅਧਿਆਪਕਾਂ, ਸੇਵਾ ਮੁਕਤ ਅਧਿਕਾਰੀਆਂ, ਨਾਟਕਕਾਰਾਂ, ਪੱਤਰਕਾਰਾਂ ਅਤੇ ਕਲਮਕਾਰਾਂ ਨੇ ਇਹਨਾਂ ਬੁੱਧੀਜੀਵੀਆਂ ਦੀ ਗ੍ਰਿਫ਼ਤਾਰੀ ਨੂੰ ਜਮਹੂਰੀ ਲਹਿਰ ਤੇ ਗੰਭੀਰ ਹਮਲਾ ਦੱਸਦਿਆਂ, ਉਹਨਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਦੀ ਰਿਹਾਈ ਦੀ ਮੰਗ ਕੀਤੀ। ਸੋਸ਼ਲ ਸਾਈਟਾਂ (ਫੇਸਬੁੱਕ, ਵਟਸਐਪ ਆਦਿ) 'ਤੇ ਵੀ ਇਹ ਮਸਲਾ ਜ਼ੋਰ ਨਾਲ ਉਭਾਰਿਆ ਗਿਆ।

ਅੱਜ ਦੀਆਂ ਹਾਲਤਾਂ ਅਤੇ ਨੀਤੀਆਂ ਤੰਦਰੁਸਤ ਸਮਾਜ ਲਈ ਸੰਘਰਸ਼ ਕਰ ਰਹੀਆਂ ਜਮਹੂਰੀ ਅਤੇ ਤਬਦੀਲੀ ਪਸੰਦ ਸ਼ਕਤੀਆਂ ਲਈ ਚੁਣੌਤੀ ਭਰਪੂਰ ਹਨ। ਸੱਤਾ ਨੇ ਸਾਰੇ ਵਸੀਲੇ ਅਤੇ ਸੰਦ ਕਾਰਪੋਰੇਟੀ ਸਰਮਾਏ ਦੇ ਹੱਕ ਵਿੱਚ ਝੋਕ ਦਿੱਤੇ ਹਨ। ਇਹ ਹਮਲਾ ਕਿਸੇ ਇਕੱਲੇ ਦੁਕੱਲੇ ਬੁੱਧੀਜੀਵੀ ਜਾਂ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਉੱਤੇ ਨਹੀਂ ਸਗੋਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਆਮ ਲੋਕਾਈ ਨੂੰ ਜਾਗਰੂਕ ਅਤੇ ਜਥੇਬੰਦ ਕਰਕੇ ਸੰਘਰਸ਼ ਕਰਨ ਵਾਲੀ ਸਮੁੱਚੀ ਲਹਿਰ ਵਿਰੁੱਧ ਹੈ ਅਤੇ ਕਾਰਪੋਰੇਟੀ ਸਰਮਾਏ ਦੀ ਮਾਰ ਹੇਠ ਆਏ ਸਾਰੇ ਤਬਕੇ ਮਿਲ ਕੇ ਹੀ ਇਸ ਜਾਬਰ ਹਮਲੇ ਦਾ ਮੁਕਾਬਲਾ ਵਿਸ਼ਾਲ ਜਮਹੂਰੀ ਲਾਮਬੰਦੀ ਨਾਲ ਹੀ ਕਰ ਸਕਦੇ ਹਨ।

ਆਓ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ ਇਸ ਫਾਸ਼ੀਵਾਦੀ ਹਮਲੇ ਨੂੰ ਪਛਾੜਨ ਲਈ ਵਿਸ਼ਾਲ ਜਾਗਰੂਕਤਾ ਮੁਹਿੰਮ ਲਾਮਬੰਦ ਕਰੀਏ ਅਤੇ ਸਮੂਹ ਜਮਹੂਰੀ, ਇਨਸਾਫ਼ਪਸੰਦ ਤਾਕਤਾਂ ਦੇ ਮੋਢੇ ਨਾਲ ਮੋਢਾ ਜੋੜਕੇ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਂਦੇ ਹੋਏ ਮੰਗ ਕਰੀਏ:

-ਕਿ ਜਮਹੂਰੀ ਕਾਰਕੁਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ, ਵਿਚਾਰ ਪ੍ਰਗਟ ਕਰਨ ਅਤੇ ਜਥੇਬੰਦ ਹੋਣ ਦੇ ਹੱਕ ਉਪਰ ਹਮਲੇ ਬੰਦ ਕੀਤੇ ਜਾਣ।

-ਆਪਣੀ ਜ਼ਿੰਦਗੀ ਦੀ ਬਿਹਤਰੀ, ਅਤੇ ਆਪਣੇ ਜਿਉਣ ਦੇ ਵਸੀਲਿਆਂ ਅਤੇ ਮਾਣ-ਸਨਮਾਨ ਲਈ ਲੜਨ ਵਾਲਿਆਂ ਖਿਲਾਫ਼ ਦਰਜ ਝੂਠੇ ਕੇਸ ਅਤੇ ਝੂਠੀਆਂ ਸਜ਼ਾਵਾਂ ਰੱਦ ਕੀਤੀਆਂ ਜਾਣ ਅਤੇ ਗ੍ਰਿਫ਼ਤਾਰ ਲੋਕ ਤੁਰੰਤ ਰਿਹਾ ਕੀਤਾ ਜਾਣ।

-ਯੂ ਏ ਪੀ ਏ, ਪਬਲਿਕ ਸੇਫਟੀ ਐਕਟ, ਅਫਸਪਾ, ਧਾਰਾ 295 ਏ, 295ਏਏ ਅਤੇ ਸਰਕਾਰੀ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਆਦਿ ਕਾਲੇ ਕਾਨੂੰਨ ਰੱਦ ਕੀਤੇ ਜਾਣ।

-ਲੋਕਾਂ ਲਈ ਮੁਫ਼ਤ ਵਿਦਿਆ ਤੇ ਸਿਹਤ ਸਹੂਲਤਾਂ, ਅਤੇ ਰੁਜਗਾਰ ਦਾ ਪ੍ਰਬੰਧ ਕੀਤਾ ਜਾਵੇ

**ਵੱਲੋਂ : ਸੂਬਾ ਕਮੇਟੀ,**
**ਜਮਹੂਰੀ ਅਧਿਕਾਰ ਸਭਾ, ਪੰਜਾਬ**
**ਜਾਰੀ ਕਰਤਾ : ਪ੍ਰੋਫੈਸਰ ਜਗਮੋਹਨ ਸਿੰਘ**

### ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਨਵੰਬਰ ਮਹੀਨੇ ਦੀ ਮੀਟਿੰਗ ਵਿੱਚ ਪ੍ਰਸਿੱਧ ਕਹਾਣੀਕਾਰ ਜਤਿੰਦਰ ਹਾਂਸ ਦਾ ਕਹਾਣੀ ਸਗ੍ਰਹਿ

# 'ਜਿਊਣਾ ਸੱਚ ਬਾਕੀ ਝੂਠ' ਹੋਇਆ ਲੋਕ ਅਰਪਣ





- ਜੋਰਾਵਰ ਬਾਂਸਲ -

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮੀਟਿੰਗ ਦਾ ਆਗਾਜ਼ ਕਰਦਿਆ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਦੇ ਨਾਲ-ਨਾਲ ਦਿਲਾਵਰ ਸਿੰਘ ਸਮਰਾ, ਨਾਮਵਰ ਸ਼ਾਇਰਾ ਸੁਰਿੰਦਰ ਗੀਤ ਤੇ ਸਭਾ ਦੇ ਮੀਤ ਪ੍ਰਧਾਨ ਤੇ ਕਹਾਣੀਕਾਰ ਦਵਿੰਦਰ ਮਲਹਾਂਸ ਨੂੰ ਸੱਦਾ ਦਿੱਤਾ। ਸ਼ੋਕ ਮਤੇ ਸਾਂਝੇ ਕਰਦਿਆਂ ਭਾਵੁਕ ਸ਼ਬਦਾਂ ਨਾਲ ਰਣਜੀਤ ਸਿੰਘ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਕੈਲਗਰੀ ਵਿੱਚ ਰਹਿ ਰਹੇ ਉਦਮੀ ਵਲੰਟੀਅਰ ਮਿਲਣਸਾਰ ਇਨਸਾਨ ਰਮੇਸ਼ ਆਨੰਦ ਬੀਤੀ ਸੱਤ ਨਵੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਨਾਵਲਕਾਰ ਬਸੰਤ ਕੁਮਾਰ ਰਤਨ ਜੀ ਅਤੇ ਉਰਦੂ ਗਲਪ ਦੇ ਵੱਡੇ ਲੇਖਕ ਕਾਜੀ ਅਬਦੁੱਲ ਸਤਾਰ ਜੀ 20 ਅਕਤੂਬਰ ਸੰਸਾਰ ਨੂੰ ਅਲਵਿਦਾ ਆਖ ਗਏ। ਜਿਨ੍ਹਾ ਅਣਗਿਣਤ ਕਿਤਾਬਾਂ ਸਾਹਿਤ ਜਗਤ ਦੀ ਝੋਲੀ ਪਾਈਆਂ ਤੇ ਬਹੁਤ ਸਾਰੇ ਸਨਮਾਨ ਹਾਸਿਲ ਕੀਤੇ।

ਅਗਲੀ ਕਾਰਵਾਈ ਸ਼ੁਰੂ ਕਰਦਿਆ ਜਨਰਲ ਸਕੱਤਰ ਰਣਜੀਤ ਸਿੰਘ ਨੇ ਹਰਕੀਰਤ ਧਾਲੀਵਾਲ ਨੂੰ ਸੱਦਾ ਦਿਤੱਾ ਜਿੰਨ੍ਹਾ ਖੂਬਸ਼ੂਰਤ ਕਵਿਤਾ 'ਮੈਂ ਮਾਰ ਕੇ ਆਪੇ ਨੂੰ' ਸੁਣਾਈ। ਮਹਿੰਦਰ ਪਾਲ ਜੀ ਨੇ ਅਰਥ ਭਰਪੂਰ ਗਜ਼ਲ 'ਛੱਡ ਹੋਰਾਂ ਤੇ ਤੋਹਮਤ' ਤੇ ਨਜ਼ਮ 'ਚੋਣ ਨਿਸ਼ਾਨ' ਸੁਣਾਈ। ਸਰੂਪ ਸਿੰਘ ਮੰਡੇਰ ਤੇ ਜਸਵੰਤ ਸੇਖੋਂ ਨੇ 'ਇੱਕ ਅਜ਼ਾਦੀ ਖਾਤਿਰ' ਕਵਿਸ਼ਰੀ ਬੁਲੰਦ ਅਵਾਜ਼ਾ ਵਿੱਚ ਸੁਣਾਈ। ਪਹਿਲੀ ਵਾਰ ਪੰਜਾਬੀ ਲਿਖਾਰੀ ਸਭਾ ਵਿੱਚ ਸ਼ਿਰਕਤ ਕਰਨ ਵਾਲੇ ਗੁਰਤੇਜ ਸਿੰਘ ਨੇ ਆਪਣੇ ਪਿਛੋਕੜ ਬਾਰੇ ਦੱਸਿਆ ਤੇ ਇੱਕ ਨਜ਼ਮ 'ਨਕਾਬ' ਸੁਣਾਈ। ਜਤਿੰਦਰ ਹਾਂਸ ਦੇ ਤੀਸਰੇ ਕਹਾਣੀ ਸੰਗ੍ਰਹਿ 'ਜਿਊਣਾ ਸੱਚ ਬਾਕੀ ਝੂਠ' ਬਾਰੇ ਗੱਲ ਕਰਦਿਆਂ ਦਵਿੰਦਰ ਮਲਹਾਂਸ ਨੇ ਸਾਰੀਆਂ ਕਹਾਣੀਆਂ ਦੇ ਨਾਮ ਤੇ ਵਿਸ਼ੇ ਬਾਰੇ ਬਹੁਤ ਦਿਲਚਸਪ ਸ਼ਬਦਾਂ ਨਾਲ ਪਰਚਾ ਪੜ੍ਹਿਆ ਜਿਸ ਨਾਲ ਕਿਤਾਬ ਪੜ੍ਹਨ ਵਾਲਿਆ ਦੀ ਉਤਸੁਕਤਾ ਵਧੀ। ਜਤਿੰਦਰ ਹਾਂਸ ਦੇ ਸੁਭਾਅ ਤੇ ਉਹਨਾਂ ਦੀ ਲਿਖਣ ਦੀ ਜੁਗਤ ਵੀ ਸਾਂਝੀ ਕੀਤੀ। ਜਿਸ ਨੂੰ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੇ ਅੱਗੇ ਤੋਰਦਿਆ ਦੱਸਿਆ ਕਿ ਜਤਿੰਦਰ ਹਾਂਸ ਦੀ ਕਹਾਣੀ 'ਤੱਖੀ' ਤੇ ਇਸ ਕਿਤਾਬ ਦੀਆਂ ਦੋ ਕਹਾਣੀਆਂ 'ਲੁਤਰੋ' ਤੇ 'ਰਸ-ਰੰਗ' 'ਤੇ ਵੀ ਖੂਬਸੂਰਤ ਫਿਲਮਾਂ ਬਣ ਚੁੱਕੀਆਂ ਹਨ ਜੋ ਯੂ ਟਿਊਬ ਤੇ ਉਪਲਬਧ ਹਨ। ਜਤਿੰਦਰ ਹਾਂਸ ਦੀ ਸਿਫਤ ਵਿੱਚ ਉਹਨਾਂ ਕਿਹਾ ਕਿ ਉਹ ਨਿਚੋੜੇ ਹੋਏ ਨਿੰਬੂ ਵਿੱਚੋਂ ਵੀ ਰਸ ਕੱਢਣ ਵਾਂਗ ਸ਼ਬਦਾਂ ਤੇ ਵਿਸ਼ਿਆਂ ਦਾ ਧਨੀ ਲੇਖਕ ਹੈ। ਰਣਜੀਤ ਸਿੰਘ ਨੇ ਇਸ ਕਿਤਾਬ ਬਾਰੇ ਲਿਖੇ ਪ੍ਰਸਿੱਧ ਲੇਖਕਾਂ ਦੇ ਵਿਚਾਰ ਵੀ ਸਾਂਝੇ ਕੀਤੇ। ਫਿਰ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਪੂਰੀ ਟੀਮ ਅਤੇ ਜਤਿੰਦਰ ਹਾਂਸ ਦੇ ਪਰਿਵਾਰਿਕ ਮੈਬਰਾਂ ਤੇ ਦੋਸਤਾਂ ਵਲੋਂ ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ 'ਜਿਊਣਾ ਸੱਚ ਬਾਕੀ ਝੂਠ' ਲੋਕ ਅਰਪਣ ਕੀਤੀ ਗਈ। ਰਜਿੰਦਰ ਕੌਰ ਚੋਹਕਾ ਨੇ ਪੰਜਾਬੀ ਮਾਂ ਬੋਲੀ ਦੇ ਇਤਿਹਾਸ ਤੇ ਇਸ ਦੇ ਭਵਿੱਖ ਬਾਰੇ ਗੱਲ ਕੀਤੀ। ਜਗਦੀਸ਼ ਸਿੰਘ ਚੋਹਕਾ ਨੇ ਅਸਲ 'ਜੁੰਗਨੀ' ਦੇ ਇਤਿਹਾਸ ਬਾਰੇ ਦੱਸਿਆ, ਜੋ ਸੰਨ 1907 ਵਿੱਚ ਦੋ ਸਾਧਾਰਣ ਕਿਸਾਨਾਂ (ਇੱਕ ਸਿੱਖ ਤੇ ਇੱਕ ਮੁਸਲਮਾਨ) ਵਲੋਂ ਅੰਗਰੇਜ਼ ਸਾਮਰਾਜ ਦੀਆਂ ਗਲਤ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਨ ਦਾ ਹੌਂਸਲਾ ਕੀਤਾ ਸੀ ਤੇ ਅੱਜ ਦੇ ਗਾਇਕਾਂ ਵਲੋਂ ਗਾਈ ਜਾਂਦੀ ਬੇ-ਅਰਥ 'ਜੁੰਗਨੀ' ਦੀ ਗੱਲ ਕੀਤੀ। ਹਰੀਪਾਲ ਨੇ ਕੈਲਗਰੀ ਵਿੱਚ ਬਣ ਰਹੇ ਝੁੱਗੀਆ (ਟਾਈਨੀ ਹੋਮਜ਼) ਵਰਗੇ ਘਰਾਂ ਤੇ ਟਿੱਪਣੀ ਕੀਤੀ ਤੇ ਅਗਾਂਹ ਵਧੂ ਸੋਚ ਵਾਲੀ ਕਵਿਤਾ 'ਆਓ ਸੁਪਨਾ ਲਈਏ' ਸੁਣਾਈ। ਸੁਰਿੰਦਰ ਗੀਤ ਨੇ ਵਿਅੰਗਮਈ ਕਵਿਤਾ 'ਬਾਬਾ ਨਾਨਕ', ਸੁਖਵਿੰਦਰ ਸਿੰਘ ਤੂਰ ਨੇ 'ਲੋਕੀਂ ਕੀ ਕਹਿਣਗੇ' ਗੀਤ, ਸਭਾ ਦੇ ਖਜਾਨਚੀ ਮੰਗਲ ਚੱਠਾ ਨੈ ਨਵੰਬਰ 84 ਨੂੰ ਯਾਦ ਕਰਦਿਆ 'ਹੱਸਦੇ ਪੰਜਾਬ ਨੂੰ ਵੈਣਾਂ ਵਿੱਚ ਪਾ ਦਿੱਤਾ?' ਨਵ ਰੰਧਾਵਾ ਨੇ ਆਪਣੀ ਗਜ਼ਲ ਦੇ ਸ਼ੇਅਰ ਤੇ ਦਿਲਾਵਰ ਸਿੰਘ ਸਮਰਾ ਤੇ ਸੁਖਪਾਲ ਪਰਮਾਰ ਨੇ ਕੁਝ ਵਿਚਾਰਾਂ ਨਾਲ ਆਪਣੀ ਹਾਜ਼ਰੀ ਲਵਾਈ। ਜਸ ਚਾਹਲ (ਕੈਲਸਾ)ਨੇ ਆਪਣੇ ਰੇਡੀ-1 ਪ੍ਰਗਰਾਮ ਦੀ ਸੂਚਨਾ ਸਾਂਝੀ ਕੀਤੀ। ਇਸ ਮੌਕੇ ਰਿਸ਼ੀ ਨਾਗਰ (ਰੇਡੀਓ ਰੈੱਡ ਐਫ ਐਮ), ਜਸਮੀਤ ਧਾਮੀ (ਅਜੀਤ ਅਖਬਾਰ), ਗੁਰਦੀਪ ਕੌਰ ਪਰਹਾਰ (ਸਿੱਖ ਵਿਰਸਾ ਮੈਗਜੀਨ), ਬਲਵੀਰ ਗੋਰਾ, ਦਲਜੀਤ ਸੰਧੂ (ਗਾਇਕ) ਮਨਜੀਤ ਕੌਰ, ਰੌਬਿਨ ਸੰਘਾ, ਸਰਬਜੀਤ ਸਿੰਘ, ਸੁਖਦਰਸ਼ਨ ਜੱਸਲ, ਸ਼ਿਵ ਕੁਮਾਰ ਸ਼ਰਮਾ, ਬਲਵਿੰਦਰ ਸਿੰਘ ਜੌਹਲ, ਲਖਵਿੰਦਰ ਸਿੰਘ ਜੌਹਲ, ਗੁਰਦਿਆਲ ਸਿੰਘ ਖਹਿਰਾ, ਪਰਸ਼ੋਤਮ ਦਾਸ ਭਾਰਦਵਾਜ, ਅਮਰੀਕ ਸਿੰਘ ਚੀਮਾ, ਸਰਵਣ ਸਿੰਘ, ਜੋਰਾਵਰ ਬਾਂਸਲ, ਪਵਨਦੀਪ ਬਾਂਸਲ, ਜਰਨੈਲ ਸਿੰਘ ਤੱਗੜ, ਗੁਰਮੀਤ ਸਿੰਘ, ਜਸਵੀਰ ਮਲਹਾਂਸ, ਸੁਖਪਾਲ, ਲਵਕੇਸ਼, ਜਗਤਾਰ ਸਿੱਧੂ, ਦਿਲਬਾਗ ਸਿੰਘ, ਹਰਜੋਤ ਕੌਰ, ਸੁਖਵਿੰਦਰ ਸਿੰਘ ਮਲਹਾਂਸ, ਨਰਿੰਦਰ ਸਿੰਘ ਹਾਜ਼ਰ ਸਨ। ਅਖੀਰ ਵਿੱਚ ਸਭਾ ਦੇ ਪ੍ਰਧਾਨ ਬਲਜਿੰਦਰ ਸਿੰਘ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ 16 ਦਸੰਬਰ ਨੂੰ ਦਪਿਹਰ ਦੋ ਵਜੇ ਕੋਸੋ ਦੇ ਹਾਲ ਵਿੱਚ ਆਉਣ ਲਈ ਸਭ ਨੂੰ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 4036803212 ਅਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 4037146848 ਤੇ ਸੰਪਰਕ ਕੀਤਾ ਜਾ ਸਕਦਾ ਹੈ।

B & B AUTO REPAIRS
All Makes & Models
Complete Mechanical Service & Tires Tune-Ups, Breaks, Oil Changes, Etc.
WE ALWAYS STOCK ENGINES, TRANSMISSIONS & REAR AXLES
LUCKY KULDIP
OPEN 7 DAYS A WEEK (9am)
46 Racine Road, Etobicoke, ON M9W 2Z3
Tel 416-745-7745 • 416-745-4000

SHAHEED BHAGAT SINGH BOOK CENTRE
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo

MAXVALUE REALTY LTD
To Sell and Buy Real Estate is a Big Decision to Make
It is important to have Knowledgeable Experienced Professional Real Estate Associate on your side call
Call Dan Sidhu
Real Estate Broker With 20 Years Experinced
e-mail:dansidhu@gmail.com 403-560-6300

PUNJABI SWEETS House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# HOMELIFE SILVERCITY
REALTY INC.,BROKERAGE

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 450 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



# ਸਮੂੰਹੀ ਲੋਕਾਈ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਲੱਖ ਲੱਖ ਵਧਾਈਆਂ

**$500,000 Cash Values Plan extended till Dec. 31,2018**
DON'T MISS THIS LIFETIME OPPORTUNITY

GUARANTEED

Punjab Insurance Inc

**$500,000 Cash Values Plan extended till Dec. 31,2018**
DON'T MISS THIS LIFETIME OPPORTUNITY

GUARANTEED

# $ 500,000

# CASH VALUES

*SOME CONDITIONS APPLY

## VALUE AT THE AGE OF 65 WITH LIFE INSURANCE OF MILLION DOLLAR

$200,000 Insurance - 100,000 Cash Value
Male - Non Smoker (whole life pay 20)

| Age | Monthly/p | Annual/p | Total (20 yrs.) |
|---|---|---|---|
| 30 | 188 | 2090 | 41,800 |
| 31 | 196 | 2188 | 43,760 |
| 32 | 205 | 2286 | 45,720 |
| 33 | 214 | 2384 | 47,680 |
| 34 | 223 | 2482 | 49,640 |
| 35 | 232 | 2580 | 51,600 |
| 36 | 239 | 2660 | 53,200 |
| 37 | 246 | 2740 | 54,800 |
| 38 | 253 | 2820 | 56,400 |
| 39 | 261 | 2900 | 58,000 |
| 40 | 268 | 2980 | 59,600 |

Guranteed Cash Value at Age 65 - $ 100,000

$200,000 Insurance - 100,000 Cash Value
Male - Non Smoker (whole life pay 20)

| Age | Monthly/p | Annual/p | Total (20 yrs.) |
|---|---|---|---|
| 41 | 283 | 3148 | 62,960 |
| 42 | 298 | 3316 | 66,320 |
| 43 | 313 | 3484 | 69,680 |
| 44 | 328 | 3652 | 73,040 |
| 45 | 343 | 3820 | 76,400 |
| 46 | 358 | 3984 | 79,680 |
| 47 | 374 | 4156 | 83,120 |
| 48 | 390 | 4336 | 86,720 |
| 49 | 407 | 4524 | 90,480 |
| 50 | 424 | 4720 | 94,400 |

Guranteed Cash Value at Age 65 - $ 100,000
Age 45+ will get after 20 yrs. of the policy

$200,000 Insurance - 100,000 Cash Value
Female (whole life pay 20)

| Age | Monthly/p | Annual/p | Total (20 yrs.) |
|---|---|---|---|
| 30 | 167 | 1860 | 37,200 |
| 31 | 174 | 1934 | 38,680 |
| 32 | 180 | 2008 | 40,160 |
| 33 | 187 | 2082 | 41,640 |
| 34 | 194 | 2156 | 43,120 |
| 35 | 200 | 2230 | 44,600 |
| 36 | 208 | 2320 | 46,400 |
| 37 | 217 | 2412 | 48,240 |
| 38 | 225 | 2502 | 50,040 |
| 39 | 233 | 2594 | 51,880 |
| 40 | 241 | 2684 | 53,680 |

Guranteed Cash Value at Age 65 - $ 100,000

$200,000 Insurance - 100,000 Cash Value
Female (whole life pay 20)

| Age | Monthly/p | Annual/p | Total (20 yrs.) |
|---|---|---|---|
| 41 | 251 | 2794 | 55,880 |
| 42 | 261 | 2900 | 58,000 |
| 43 | 271 | 3012 | 60,240 |
| 44 | 280 | 3120 | 62400 |
| 45 | 290 | 3230 | 64,600 |
| 46 | 302 | 3362 | 67,200 |
| 47 | 315 | 3500 | 70,000 |
| 48 | 327 | 3644 | 72,880 |
| 49 | 341 | 3794 | 75,880 |
| 50 | 355 | 3950 | 79,000 |

Guranteed Cash Value at Age 65 - $ 100,000
Age 45+ will get after 20 yrs. of the policy

## Successful team of Punjab Insurance



SHERJANG SINGH RANA
416-910-9000



HARPREET K. RANA
416-871-3571

$1 Millon coverage get $500,000 cash value at age 65
Male age 30, Non-Smoker whole life (Pay 20)

| GUARANTEED CASH VALUE COMPARISON AT AGE 65 | |
|---|---|
| Company A | $ 1,80,154 |
| Company B | $ 1,97,215 |
| Company C | $ 2,02,301 |
| Company D | $ 2,29,020 |
| Company E | $ 2,39,025 |
| Company F | $ 2,44,942 |
| Company G | $ 3,35,000 |
| Company H | $ 3,46,100 |
| Company I | $ 3,58,800 |
| ☑ UL MUTUAL | $ 5,00,000 |

$ 5,00,000

*source of comparison life guide



RASHMI AHUJA
905-906-2862



SANDEEP AHUJA
416-660-1010



MANJINDER FLORA
416-414-7734



PRIYA MANN
416-455-4040

**5 ਲੱਖ ਕੈਸ਼ VALUE**

WWW.PUNJABINSURANCE.CA

*Magical Offers Await...*



SARBJIT GANDHAM
416-799-4343



HARPREET PURI
416-543-9000

**Visit Our nearest Location before Dec. 31, 2018 to avail this Golden Opportunity**

TORONTO 416-996-6464 BRAMPTON NORTH 416-996-6464 BRAMPTON WEST 416-885-7373 MISSISSAUGA 416-738-6565
STONEY CREEK 905-975-5050 BRANTFORD 416-553-3636 KITCHENER 519-577-5151 WOODBRIDGE 416-998-8686

This policy is offered by UL Mutual. Everyone may not be eligible for this policy. Smaller face amounts of Life Insurance also available. Our licensed advisors do comprehensive life insurance and financial needs analysis. Tax applicable at the time of withdrawal. In the case of Death, Benefits are tax-free.

# FIVE STAR INSURANCE

**Save up to 51%**

• Auto • Home
• Business

Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca
*With qualified discounts

Call: Harman Pandher

**905.459.0555**

270 Orenda Rd., Unit # 200 Brampton, ON L6T 4X6